**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
Jassi Gill
CA DRE# 00966763

**Hardeep S. Rai**
ਇੰਮੀਗਰੇਸ਼ਨ ਵਕੀਲ Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO TEL: 415.693.9131 FAX. 415.693.9135
rai@hsrai.com www.hsrai.com
SAN JOSE TEL: 408.280.1111 FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 12, Issue 18, April 30, 2011 20451 N Plum Grove Rd. Palatine, IL 60074 Ph:847-359-0746, Fax:847-705-9388


## ਕਾਂਗਰਸ ਤੇ ਡੀ.ਐਮ.ਕੇ. ਵਿਚਾਲੇ ਮੁੜ ਖੜਕਣ ਦੇ ਆਸਾਰ

**ਨਵੀਂ ਦਿੱਲੀ:** ਡੀ.ਐਮ.ਕੇ. ਨੇ ਕਾਂਗਰਸ ਨੂੰ ਮੁੜ 'ਧਰਮ ਸੰਕਟ' 'ਚ ਪਾ ਦਿੱਤਾ ਹੈ। ਦਿੱਲੀ ਦੀ ਵਿਸ਼ੇਸ਼ ਅਦਾਲਤ ਨੇ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ. ਕਰੁਣਾਨਿਧੀ ਦੀ ਧੀ ਤੇ ਡੀ.ਐਮ.ਕੇ. ਸੰਸਦ ਮੈਂਬਰ ਕਨੀਮੋੜੀ ਤੇ ਚਾਰ ਹੋਰਾਂ ਨੂੰ 2-ਜੀ ਸਪੈਕਟ੍ਰਮ ਕੇਸ ਵਿਚ ਬਤੌਰ ਮੁਲਜ਼ਮ ਛੇ ਮਈ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਹਨ ਤੇ ਕਿਹਾ ਹੈ ਕਿ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਨ ਦੇ ਪੁਖਤਾ ਸਬੂਤ ਹਨ। ਉਧਰ ਇਸ ਨਵੇਂ ਘਟਨਾਕ੍ਰਮ ਤੋਂ ਬਾਅਦ ਸਭ ਦੀਆਂ ਨਿਗਾਹਾਂ ਕਰੁਨਾਨਿਧੀ 'ਤੇ ਹਨ ਜੋ ਪਹਿਲਾਂ ਹੀ ਆਪਣੀ ਭਾਈਵਾਲ ਪਾਰਟੀ ਕਾਂਗਰਸ ਨਾਲ ਸਾਬਕਾ ਦੂਰ ਸੰਚਾਰ ਮੰਤਰੀ ਏ ਰਾਜਾ ਦੇ ਮਾਮਲੇ ਨੂੰ ਲੈ ਕੇ ਖ਼ਫ਼ਾ ਹੈ। ਭਾਵੇਂ ਅਜੇ ਤੱਕ ਕਰੁਣਾਨਿਧੀ ਨੇ ਇਸ 'ਤੇ ਆਪਣਾ ਮੂੰਹ ਨਹੀਂ ਖੋਲ੍ਹਿਆ ਪਰ ਆਉਣ ਵਾਲੇ ਸਮੇਂ 'ਚ ਕੇਂਦਰ ਵਿਚਲੀ ਯੂ.ਪੀ.ਏ. ਸਰਕਾਰ ਲਈ ਮੁੜ ਸੰਕਟ ਖੜ੍ਹਾ ਹੋਣ ਦੇ ਸੰਕੇਤ ਹਨ।


ਕਨੀਮੋੜੀ

ਜ਼ਿਕਰਯੋਗ ਹੈ ਕਿ 25 ਅਪਰੈਲ ਨੂੰ ਅਦਾਲਤ ਨੇ ਕਲਾਇਗਨਾਰ ਟੀ.ਵੀ. ਦੇ ਪ੍ਰਬੰਧਕੀ ਨਿਰਦੇਸ਼ਕ ਸ਼ਰਦ ਪਵਾਰ ਤੇ ਸਿਨੇਯੁਗ ਮੀਡੀਆ ਐਂਡ ਐਂਟਰਟੇਨਮੈਂਟ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਕਰੀਮ ਮੋਰਾਨੀ ਨੂੰ ਵੀ ਛੇ ਮਈ ਲਈ ਸੰਮਨ ਜਾਰੀ ਕੀਤੇ ਹਨ। ਇਨ੍ਹਾਂ ਤਿੰਨਾਂ ਨੂੰ ਹਾਲੇ ਤਕ ਗ੍ਰਿਫਤਾਰ ਨਹੀਂ ਕੀਤਾ ਗਿਆ। ਵਿਸ਼ੇਸ਼ ਜੱਜ ਓ.ਪੀ. ਸੈਣੀ ਨੇ ਕਿਹਾ ਹੈ ਕਿ ਮੁਲਜ਼ਮਾਂ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਰਿਕਾਰਡ 'ਤੇ ਲੋੜੀਂਦੀ ਠੋਸ ਸਮੱਗਰੀ ਮੌਜੂਦ


(ਬਾਕੀ ਸਫਾ 6 'ਤੇ)


## ਰਾਸ਼ਟਰਮੰਡਲ ਖੇਡ ਘੁਟਾਲਾ:ਸੁਰੇਸ਼ ਕਲਮਾਡੀ ਚੁਫੇਰਿਓਂ ਘਿਰਿਆ

### ਪਾਰਟੀ ਨੇ ਸਾਥ ਛੱਡਿਆ, ਸੀ.ਬੀ.ਆਈ. ਨੇ ਸ਼ਿਕੰਜਾ ਕੱਸਿਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਰਾਸ਼ਟਰਮੰਡਲ ਖੇਡਾਂ ਦੀ ਪ੍ਰਬੰਧਕ ਕਮੇਟੀ ਦਾ ਬਰਖ਼ਾਸਤ ਚੇਅਰਮੈਨ ਸੁਰੇਸ਼ ਕਲਮਾਡੀ ਆਖ਼ਰ ਕਾਬੂ ਆ ਹੀ ਗਿਆ। ਰਾਸ਼ਟਰਮੰਡਲ ਖੇਡ ਘੁਟਾਲੇ 'ਚ ਚੁਫੇਰਿਓਂ ਘਿਰੇ ਕਲਮਾਡੀ ਦਾ ਸਾਥ ਪਾਰਟੀ ਨੇ ਵੀ ਛੱਡ ਦਿੱਤਾ ਜਿਸ ਕਰਕੇ ਸੀ.ਬੀ.ਆਈ. ਨੇ ਉਸ ਦੁਆਲੇ ਆਪਣਾ ਸ਼ਿਕੰਜਾ ਹੋਰ ਕੱਸ ਦਿੱਤਾ। ਸੀ.ਬੀ.ਆਈ. ਨੇ 25 ਅਪਰੈਲ ਨੂੰ ਕਲਮਾਡੀ ਤੇ ਉਸ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਅਦਾਲਤ ਨੇ ਉਸ ਨੂੰ ਪੁੱਛ-ਪੜਤਾਲ ਲਈ ਅੱਠ ਦਿਨਾਂ ਲਈ ਸੀ.ਬੀ.ਆਈ. ਦੀ ਹਿਰਾਸਤ 'ਚ ਭੇਜ ਦਿੱਤਾ।

ਉਧਰ ਕਲਮਾਡੀ ਦੀ ਗ੍ਰਿਫ਼ਤਾਰੀ ਤੋਂ ਚੰਦ ਘੰਟੇ ਬਾਅਦ ਹੀ ਕਾਂਗਰਸ ਨੇ ਇਸ ਵਿਵਾਦਗ੍ਰਸਤ ਐਮ.ਪੀ. ਨੂੰ ਪਾਰਟੀ 'ਚੋਂ ਮੁਅੱਤਲ ਕਰ ਦਿੱਤਾ। ਸੀਨੀਅਰ ਆਗੂ ਏ.ਕੇ. ਐਂਟਨੀ ਦੀ ਅਗਵਾਈ ਵਾਲੀ ਪਾਰਟੀ ਦੀ ਜ਼ਾਬਤਾ ਕਮੇਟੀ ਨੇ ਮੁਅੱਤਲੀ ਦਾ ਫ਼ੈਸਲਾ ਕੀਤਾ। ਮਈ 2009 ਦੀਆਂ ਚੋਣਾਂ ਤੋਂ ਬਾਅਦ ਕਾਂਗਰਸ ਵੱਲੋਂ ਆਪਣੇ ਪਹਿਲੇ ਐਮ.ਪੀ. ਨੂੰ ਮੁਅੱਤਲ ਕੀਤਾ ਗਿਆ।

ਕਲਮਾਡੀ 'ਤੇ ਰਾਸ਼ਟਰਮੰਡਲ ਖੇਡਾਂ ਦਾ ਠੇਕਾ ਮਹਿੰਗੇ ਭਾਅ 141 ਕਰੋੜ ਰੁਪਏ ਵਿਚ ਸਵਿਸ ਕੰਪਨੀ ਨੂੰ ਦਿਵਾਉਣ ਦੇ ਦੋਸ਼ ਹਨ ਜਿਸ ਕਰਕੇ ਸਰਕਾਰੀ ਖ਼ਜ਼ਾਨੇ ਨੂੰ 95 ਕਰੋੜ ਰੁਪਏ ਦਾ ਘਾਟਾ ਪਿਆ। ਖੇਡਾਂ ਦੇ ਸਮੇਂ-ਅੰਕ-ਨਤੀਜੇ (ਟੀ. ਐਸ. ਆਰ.) ਦਾ ਠੇਕਾ ਸਵਿਸ ਟਾਈਮਕੀਪਿੰਗ ਨੂੰ ਦੇਣ 'ਚ ਵੱਡੀਆਂ ਬੇਨੇਮੀਆਂ ਬਾਰੇ ਪਿਛਲੇ ਸਾਲ ਦਸੰਬਰ ਤੋਂ ਹੁਣ ਤੱਕ ਉਨ੍ਹਾਂ ਤੋਂ ਚੌਥੀ ਵਾਰ ਪੁੱਛ-ਪੜਤਾਲ ਕੀਤੀ ਗਈ ਹੈ। ਸੀ.ਬੀ.ਆਈ. ਨੇ ਕਲਮਾਡੀ ਨੂੰ ਸਵਿਟਜ਼ਰਲੈਂਡ ਦੀ ਪ੍ਰਾਈਵੇਟ ਫਰਮ ਨੂੰ 141 ਕਰੋੜ ਰੁਪਏ ਦਾ ਠੇਕਾ ਦਿਵਾ ਕੇ ਲਾਹਾ ਪਹੁੰਚਾਉਣ ਦੀ ਸਾਜ਼ਿਸ਼ ਰਚਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੇ ਨਾਲ ਖੇਡ ਪ੍ਰਬੰਧਕ ਕਮੇਟੀ ਦੇ ਦੋ ਹੋਰ



ਅਧਿਕਾਰੀਆਂ ਸੁਰਜੀਤ ਲਾਲ ਤੇ ਏ.ਐਸ.ਵੀ. ਪ੍ਰਸਾਦ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਲਲਿਤ ਭਨੋਟ ਤੇ ਡਾਇਰੈਕਟਰ ਜਨਰਲ ਵੀ.ਕੇ. ਵਰਮਾ ਪਹਿਲਾਂ


(ਬਾਕੀ ਸਫਾ 6 'ਤੇ)


## ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਸਿਆਸੀ ਹਿੱਲਜੁਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਪੰਜਾਬ ਦੀ ਸਿਆਸਤ 'ਚ ਇਸ ਵੇਲੇ ਪੂਰੀ ਤਰ੍ਹਾਂ ਉਬਾਲ ਆਇਆ ਹੋਇਆ ਹੈ। ਜਿੱਥੇ ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਚੋਣਾਂ ਛੇਤੀ ਕਰਾਉਣ ਲਈ ਕੇਂਦਰ ਸਰਕਾਰ 'ਤੇ ਜ਼ੋਰ ਪਾਇਆ ਜਾ ਰਿਹਾ ਹੈ ਉਥੇ ਕਾਂਗਰਸ ਪਾਰਟੀ ਇਹ ਚੋਣਾਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਕਰਾਉਣ ਦੇ ਹੱਕ ਵਿਚ ਨਜ਼ਰ ਆ ਰਹੀ ਹੈ।

ਸੱਤਾਧਾਰੀ ਅਕਾਲੀ ਦਲ ਨੇ ਕੇਂਦਰ ਸਰਕਾਰ 'ਤੇ ਚੋਣਾਂ ਦੀ ਤਾਰੀਖ਼ ਦਾ ਐਲਾਨ ਕਰਨ 'ਚ ਟਾਲਮਟੋਲ ਕਰਨ ਦੇ ਦੋਸ਼ ਲਾਏ ਹਨ ਪਰ ਹੋਰ ਸਿੱਖ ਜਥੇਬੰਦੀਆਂ ਨੇ ਸੱਤਾਧਾਰੀ ਪਾਰਟੀ 'ਤੇ ਜਾਅਲੀ ਵੋਟਾਂ ਬਣਾਉਣ ਦਾ ਦੋਸ਼ ਲਾ ਕੇ ਇਹ ਮਾਮਲਾ ਕੇਂਦਰ ਸਰਕਾਰ ਕੋਲ ਉਠਾਇਆ ਹੈ। ਅਕਾਲੀ ਦਲ (1920), ਅਕਾਲੀ ਦਲ (ਲੌਂਗੋਵਾਲ), ਸਿੱਖ ਸਟੂਡੈਂਟਸ ਫੈਡਰੇਸ਼ਨ (ਭੋਮਾ) ਤੇ ਖਾਲਸਾ ਐਕਸ਼ਨ ਕਮੇਟੀ ਨੇ ਗੁਰਦੁਆਰਾ ਚੋਣ ਕਮਿਸ਼ਨਰ ਤੋਂ ਮੰਗ ਕੀਤੀ ਹੈ ਕਿ ਜਾਅਲੀ ਵੋਟਾਂ ਕੱਟੀਆਂ ਜਾਣ ਅਤੇ ਵੋਟਰਾਂ ਨੂੰ ਸ਼ਨਾਖਤੀ ਕਾਰਡ ਜਾਰੀ ਕੀਤੇ ਜਾਣ। ਉਨ੍ਹਾਂ ਇਹ ਵੀ ਕਿਹਾ ਹੈ ਕਿ ਇਸ ਵਾਰ ਇਹ ਬੰਦੋਬਸਤ ਯਕੀਨੀ ਬਣਾਏ ਜਾਣ ਕਿ ਜਾਅਲੀ ਵੋਟਾਂ ਨਾ ਪੈ ਸਕਣ। ਉਂਜ ਪਿਛਲੀ


(ਬਾਕੀ ਸਫਾ 6 'ਤੇ)



**REAL ESTATE & HOME LOANS**
Low Interest Rate
3.5% Down Payment
Free Credit Report
Free Pre-Approval
Successful Shortsale
AMAN HUNDAL
Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja SWEETS & CATERING**
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
All kinds of Sweets • Snacks & Food • Chaat & Tikki Stall • Pani Poori Stall • Bhel Poori / Pav Bhaji • Falooda Kulfi
Wedding Ceremonies • Receptions • Birthday Parties • Religious Gatherings • Corporate Events • Picnics / Bar-b-que
Warmers • Chaffing Dishes • China & Silverware • Linen Rental • Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# Pacific Coast Law Firm P.C.

Lance V Friel, Attorney at Law    Kirandeep K Sihota, Attorney at Law

*Over 10 Years of experience*

## ਸਭਨਾਂ ਨੂੰ ਵਿਸਾਖੀ ਮੁਬਾਰਕ

> Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
> Bankruptcy (Ch 7) ਬੈਂਕਰਪਸੀ (ਚੈਪਟਰ 7)
> Family Law (Divorce, Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ



*Kirandeep K Sihota and Lance V Friel*

Unlawful Detainer/Eviction ਕਿਰਾਏਦਾਰ ਦਾ ਕਬਜ਼ਾ/ਬੇਦਖਲੀ
Probate (Wills & Trusts) ਪਰੋਬੇਟ (ਵਸੀਅਤਾਂ ਅਤੇ ਟਰੱਸਟ)


Business Formation and Tax (installment agreement)
ਬਿਜਨਸ ਦੀ ਸਥਾਪਨਾ ਅਤੇ ਟੈਕਸ (ਕਿਸ਼ਤਨਾਮਾ)

*Free Consultation ਮੁਫਤ ਸਲਾਹ-ਮਸ਼ਵਰਾ*

**Ph.209-475-6001**

2351 W. March Lane Suite A,
Stockton, CA 95207






## ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਕਮਰ, ਡਿਸਕ ਅਤੇ ਰੀਹ ਦੀ ਦਰਦ ਦੇ ਮਰੀਜ ਸਾਵਧਾਨ

**ਸਟਾਕਟਨ, ਕੈਲੀਫੋਰਨੀਆ:** ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਹੜੇ ਲੋਕਾਂ ਨੂੰ ਜੋੜਾਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਲਈ ਜਿਉਣਾ ਮੁਹਾਲ ਹੋ ਜਾਂਦਾ ਹੈ। ਬੈਠਿਆਂ ਦਰਦ ਹੁੰਦੀ ਹੈ, ਖੜੋਤਿਆਂ, ਦੌੜਦਿਆਂ, ਤੁਰਦਿਆਂ, ਉਠਦਿਆਂ, ਗੱਡੀ ਚਲਾਉਂਦਿਆਂ ਅਤੇ ਕਈਆਂ ਨੂੰ ਤਾਂ ਲੇਟਿਆਂ ਵੀ ਦਰਦ ਹੁੰਦੀ ਹੈ। ਬੰਦਾ ਫਿਕਰਾਂ 'ਚ ਪੈ ਜਾਂਦਾ ਹੈ, ਇਸ ਦਰਦ ਤੋਂ ਕਦੀ ਛੁਟਕਾਰਾ ਵੀ ਮਿਲੇਗਾ? ਭਾਂਤ-ਭਾਂਤ ਦੇ ਇਲਾਜ ਅਜ਼ਮਾ ਚੁਕੇ ਲੋਕਾਂ ਨੂੰ ਜਾਪਣ ਲੱਗਦਾ ਹੈ ਕਿ ਜਿੰਨੇ ਮਰਜੀ ਇਲਾਜ ਕਰਵਾ ਲਵੋ, ਦਰਦ ਤੋਂ ਛੁਟਕਾਰਾ ਹੁਣ ਨਹੀਂ ਮਿਲਣਾ।

ਸਭ ਕੁਝ ਅਜ਼ਮਾ ਚੁਕੇ ਹੋ ਤੇ ਕਾਸੇ ਨਾਲ ਵੀ ਫਰਕ ਨਹੀਂ ਪਿਆ!

ਸੋਜ ਘਟਾਉਣ ਵਾਲੀਆਂ ਦਵਾਈਆਂ, ਕਾਇਰੋਪ੍ਰੈਕਟਿਸ, ਯੋਗਾ, ਕਸਰਤ, ਫਿਜ਼ੀਲਕ ਥੈਰਪੀ, ਸਟ੍ਰੈਚਿੰਗ, ਦਵਾਈਆਂ, ਸਰਜ਼ਰੀ, ਲੱਕ ਦੀਆਂ ਪੇਟੀਆਂ, ਨੈਚੁਰਲ ਸਪਲੀਮੈਂਟ, ਕਿਤਾਬਾਂ, ਦੇਸੀ ਨੁਸਖੇ, ਸੇਕ, ਰੀਡ ਦੀ ਹੱਡੀ 'ਚ ਇੰਜੈਕਸ਼ਨ, ਬਰਫ, ਗੱਲ ਕੀ ਹਰ ਸ਼ੈਅ ਅਜ਼ਮਾ ਚੁਕੇ ਹੋ ਪਰ ਕੋਈ ਫਰਕ ਨਹੀਂ ਪਿਆ ਤਾਂ ਇਕ ਵਾਰੀ **ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ** ਨੂੰ ਕਾਲ ਜ਼ਰੂਰ ਕਰੋ ਉਹ ਅਗਲੇ 72 ਘੰਟੇ ਲਈ ਆਪਣਾ ਮਾਹਿਰਾਨਾ ਮਸ਼ਵਰਾ ਬਿਲਕੁਲ ਮੁਫਤ ਦੇਣਗੇ। ਬਸ, ਸਾਰੀਆਂ ਅਪੁਆਇੰਟਮੈਂਟਾਂ ਬੁੱਕ ਹੋ ਜਾਣ ਤੋਂ ਪਹਿਲਾਂ ਪਹਿਲਾਂ ਕਾਲ ਕਰ ਲਓ। ਡਾ. ਜਗਜੀਤ ਸਿੰਘ ਸਿਹੋਤਾ, ਡੀ.ਸੀ. ਨੇ ਆਪਣਾ ਮਾਹਿਰਾਨਾ ਮਸ਼ਵਰਾ ਬਿਨਾ ਕਿਸੇ ਫੀਸ ਅਤੇ ਬਿਨਾ ਕਿਸੇ ਬੰਦਿਸ਼ ਦੇ ਦੇਣ ਦਾ ਫੈਸਲਾ ਸਟਾਕਟਨ ਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕਾਂ ਦੀ ਕਮਰ ਦਰਦ, ਡਿਸਕ ਅਤੇ ਗਰਦਨ ਦੀ ਦਰਦ ਨੂੰ ਮੁੱਖ ਰੱਖਦਿਆਂ ਕੀਤਾ ਹੈ।

ਇਸ ਡਾਕਟਰ ਵਲੋਂ ਕਮਰ, ਡਿਸਕ ਅਤੇ ਗਰਦਨ ਦੇ ਦਰਦ ਦੇ ਕੀਤੇ ਜਾਂਦੇ ਇਲਾਜ ਦਾ ਮਰੀਜਾਂ ਨੂੰ ਏਨਾ ਫਾਇਦਾ ਹੋਇਆ ਹੈ ਕਿ ਇਨ੍ਹਾਂ ਦਰਦਾਂ ਤੋਂ ਪ੍ਰੇਸ਼ਾਨ ਲੋਕ ਉਸ ਦੀ ਕਲੀਨਿਕ ਵੱਲ ਵਹੀਰਾਂ ਘੱਤ ਕੇ ਤੁਰੇ ਆ ਰਹੇ ਹਨ। ਉਸ ਨੇ ਉਨ੍ਹਾਂ ਲੋਕਾਂ ਨੂੰ ਆਸ ਦੀ ਇਕ ਸੱਚੀ ਕਿਰਨ ਦਿਖਾਈ ਹੈ ਜੋ ਜੋੜਾਂ ਦੇ ਦਰਦ ਲਈ ਸਭੋ ਕੁਝ ਅਜ਼ਮਾ ਚੁਕੇ ਹਨ ਪਰ ਕੋਈ ਫਾਇਦਾ ਨਹੀਂ ਹੋਇਆ। ਉਸ ਦੀ ਇਲਾਜ ਪ੍ਰਣਾਲੀ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਕੋਈ ਦਵਾਈ ਨਹੀਂ ਦਿੱਤੀ ਜਾਂਦੀ, ਕੋਈ ਸਰਜ਼ਰੀ ਨਹੀਂ ਕੀਤੀ ਜਾਂਦੀ ਅਤੇ ਕੋਈ ਇੰਜੈਕਸ਼ਨ ਨਹੀਂ ਦਿੱਤੇ ਜਾਂਦੇ। ਇਸ ਤੋਂ ਉਪਰ ਇਹ ਵੀ ਕਿ ਇਹ ਇਲਾਜ ਪ੍ਰਣਾਲੀ ਉਚ ਤਕਨੀਕ 'ਤੇ ਆਧਾਰਤ ਹੈ ਅਤੇ ਬਹੁਤ ਹੀ ਸੁਖਾਵੀਂ ਵੀ ਹੈ।

ਡਾ. ਸਿਹੋਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਦੇ ਦਰਦ ਦਾ ਇਲਾਜ ਉਨ੍ਹਾਂ ਦੀ ਇਲਾਜ ਪ੍ਰਣਾਲੀ ਨਾਲ ਹੀ ਸੌਖਿਆਂ ਹੋ ਸਕਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਕਿੰਨੇ ਲੋਕਾਂ ਨੂੰ ਉਨ੍ਹਾਂ ਦੇ ਮਸ਼ਵਰੇ ਅਤੇ ਧਿਆਨ ਦੀ ਲੋੜ ਹੈ, ਇਸੇ ਕਰਕੇ ਉਹ ਦਿੱਤੇ ਜਾਣ ਵਾਲੇ ਮਸ਼ਵਰਿਆਂ ਦੀ ਗਿਣਤੀ ਸੀਮਤ ਕਰਨ ਲਈ ਮਜ਼ਬੂਰ ਹਨ ਤਾਂ ਕਿ ਹਰ ਮਰੀਜ਼ ਨੂੰ ਨਿੱਜੀ ਤੌਰ 'ਤੇ ਧਿਆਨ ਦਿਤਾ ਜਾ ਸਕੇ। ਜੇ ਤੁਸੀਂ ਇਹ ਲੇਖ ਛਪਣ ਦੇ 72 ਘੰਟੇ ਦੇ ਅੰਦਰ ਅੰਦਰ ਕਾਲ ਕਰੋ ਤਾਂ ਡਾ. ਸਿਹੋਤਾ ਦੀ ਗਾਰੰਟੀ ਹੈ ਕਿ ਉਹ ਆਪਣੀ ਕਲੀਨਿਕ ਲਈ ਅਪੁਆਇੰਟਮੈਂਟ ਜ਼ਰੂਰ ਦੇਣਗੇ। ਸੋ ਅੱਜ ਹੀ ਸਟਾਕਟਨ ਸਵੀਅਰ ਬੈਕ ਐਂਡ ਨੈਕ ਪੇਨ ਹਾਟਲਾਈਨ 'ਤੇ ਕਾਲ ਕਰੋ:

**209 464 7738**

ਇਸ ਸਲਾਹ-ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਗੱਲ ਨਿਰੀ ਪੈਸੇ ਦੀ ਵੀ ਨਹੀਂ, ਤੁਹਾਨੂੰ ਇਸ ਗੱਲ ਦਾ ਭਰੋਸਾ ਮਿਲਦਾ ਹੈ ਕਿ ਤੁਹਾਡੀ ਕਮਰ, ਡਿਸਕ ਜਾਂ ਗਰਦਨ ਦੀ ਦਰਦ ਦਾ ਕੋਈ ਇਲਾਜ ਸੰਭਵ ਹੈ। **ਸੋ, ਕਮਰ, ਹਰਨੀਆ, ਸਲਿਪ ਡਿਸਕ, ਰੀਹ, ਅਰਥਰਾਈਟਸ, ਚੂਲੇ ਦੀ ਜਾਂ ਲੱਤ ਦੀ-ਕੋਈ ਵੀ ਦਰਦ** ਹੈ ਤਾਂ ਇਲਾਜ ਦਾ ਇਹ ਮੌਕਾ ਹੱਥੋਂ ਜਾਣ ਨਾ ਦਿਓ। ਫੌਰੀ ਕਾਲ ਕਰੋ


**209 464 7738**

ਸਾਡੀ ਕਲੀਨਿਕ **2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ।
**ਨੋਟ (1):**ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 7 ਮਈ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।



ਮੈਂ ਪਿਛਲੇ 12 ਸਾਲਾਂ ਤੋਂ ਕਮਰ ਦਰਦ ਤੋਂ ਪ੍ਰੇਸ਼ਾਨ ਸਾਂ। ਮੈਂ ਟਰੱਕ ਡਰਾਈਵਰ ਹਾਂ ਅਤੇ ਪਿਛਲੇ ਕਈ ਸਾਲਾਂ ਤੋਂ ਟਰੱਕ ਚਲਾ ਰਿਹਾ ਹਾਂ। ਇਸ ਅਰਸੇ ਦੌਰਾਨ ਮੇਰੀ ਲੱਕ ਪੀੜ ਲਗਾਤਾਰ ਵਧਦੀ ਚਲੀ ਗਈ।

ਮੈਂ ਡਾ. ਸਿਹੋਤਾ ਦੀ ਕਲੀਨਿਕ ਵਿਚ ਪਿਛਲੇ 5 ਹਫਤਿਆਂ ਤੋਂ ਆ ਰਿਹਾ ਹਾਂ ਅਤੇ ਮੈਨੂੰ ਲੱਕ ਪੀੜ ਤੋਂ 60% ਤੱਕ ਆਰਾਮ ਹੈ। ਇਲਾਜ ਬਿਲਕੁਲ ਵੀ ਤਕਲੀਫਦੇਹ ਨਹੀਂ ਹੈ। ਮੈਂ ਉਨ੍ਹਾਂ ਸਭ ਸੱਜਣਾਂ ਨੂੰ ਕਹਾਂਗਾ ਕਿ ਉਹ ਇਸ ਕਲੀਨਿਕ ਵਿਚ ਆਉਣ ਜਿਹੜੇ ਕਮਰ ਦਰਦ ਤੋਂ ਪ੍ਰੇਸ਼ਾਨ ਹਨ। ਮੈਂ ਡਾ. ਸਿਹੋਤਾ ਦਾ ਧੰਨਵਾਦੀ ਹਾਂ। ***-ਭੁਪਿੰਦਰ (ਉਮਰ 39 ਸਾਲ, ਟਰੱਕ ਡਰਾਈਵਰ)***



ਮੈਨੂੰ ਪਿਛਲੇ 10 ਸਾਲ ਤੋਂ ਕਮਰ ਦੀ ਦਰਦ ਸੀ। ਮੇਰੀ ਕਮਰ ਵਿਚ ਇੰਡੀਆ ਵਾਲੀਬਾਲ ਖੇਡਦਿਆਂ ਸੱਟ ਲੱਗ ਗਈ ਸੀ। ਮੈਂ ਪਹਿਲਾਂ ਇੰਡੀਆ ਅਤੇ ਫਿਰ ਅਮਰੀਕਾ ਆ ਕੇ ਇਸ ਦਰਦ ਤੋਂ ਦੁਖੀ ਰਿਹਾ ਹਾਂ। ਮੈਂ ਟਰੱਕ ਚਲਾਉਂਦਾ ਹਾਂ। ਪੀੜ ਤੋਂ ਨਿਜਾਤ ਪਾਉਣ ਲਈ ਮੈਂ ਦਵਾਈਆਂ ਖਾਂਦਾ ਸੀ ਅਤੇ ਮਾਲਿਸ਼ ਵਗੈਰਾ ਕਰਵਾਉਂਦਾ ਸੀ ਪਰ ਕੋਈ ਆਰਾਮ ਨਹੀਂ ਸੀ। ਪਿਛਲੇ ਸਾਲ ਮੇਰੀ ਕਮਰ ਅਤੇ ਲੱਤਾਂ ਵਿਚ ਬਹੁਤ ਜ਼ਿਆਦਾ ਦਰਦ ਹੋਣ ਲੱਗ ਪਈ ਅਤੇ ਮੈਂ ਤੁਰਨੋਂ ਤੇ ਗੱਡੀ ਚਲਾਉਣ ਤੋਂ ਵੀ ਆਰੀ ਹੋ ਗਿਆ।

ਮੇਰੇ ਇਕ ਦੋਸਤ ਨੇ ਡਾ. ਸਿਹੋਤਾ ਦੇ ਪ੍ਰੋਗਰਾਮ ਬਾਰੇ ਦੱਸਿਆ। ਮੈਂ ਨਵੰਬਰ 2010 ਵਿਚ ਇਲਾਜ ਸ਼ੁਰੂ ਕੀਤਾ ਅਤੇ ਸਿਰਫ ਦੋ ਹਫਤਿਆਂ ਦੇ ਅੰਦਰ ਹੀ ਮੈਨੂੰ ਪੀੜ ਤੋਂ ਕਾਫੀ ਆਰਾਮ ਮਹਿਸੂਸ ਹੋਇਆ। ਹੁਣ ਜਦੋਂ ਕਿ ਇਲਾਜ ਮੁਕੰਮਲ ਹੋ ਚੁਕਾ ਹੈ, ਮੈਂ ਪਹਿਲਾਂ ਦੇ ਮੁਕਾਬਲੇ 80-85% ਬਿਹਤਰ ਮਹਿਸੂਸ ਕਰਦਾਂ। ਮੈਨੂੰ ਕੋਈ ਦਰਦ ਨਹੀਂ ਅਤੇ 8 ਤੋਂ 12 ਘੰਟੇ ਰੋਜ਼ ਗੱਡੀ ਚਲਾਉਂਦਾ ਹਾਂ। ਮੈਂ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਦਾ ਧੰਨਵਾਦੀ ਹਾਂ। ***-ਸੁਰਿੰਦਰ ਸਿੰਘ (ਟਰੱਕ ਡਰਾਈਵਰ)***

Copyright © 2009 CMC, LLC

# ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਦਾ ਪ੍ਰੋਗਰਾਮ ਸਪਸ਼ਟ ਕੀਤਾ ਜਾਏ-ਮਾਨ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਸਾਬਕਾ ਮੈਂਬਰ ਅਤੇ ਕੈਲੀਫੋਰਨੀਆ ਸਿੱਖ ਆਰਗੇਨਾਈਜੇਸ਼ਨ ਦੇ ਬੁਲਾਰੇ ਸ. ਗੁਰਚਰਨ ਸਿੰਘ ਮਾਨ ਨੇ ਮੌਜੂਦਾ ਸੁਪਰੀਮ ਕੌਂਸਲ ਦਾ ਧਿਆਨ ਉਸ ਦੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਵੱਲ ਦਿਵਾਉਂਦੇ ਹੋਏ ਮੰਗ ਕੀਤੀ ਹੈ ਕਿ ਸਾਲ 2012 ਦੀਆਂ ਸੁਪਰੀਮ ਕੌਂਸਲ ਚੋਣਾਂ ਲਈ ਵੋਟਰ ਸੂਚੀਆਂ ਬਣਾਉਣ ਦੇ ਪ੍ਰੋਗਰਾਮ ਬਾਰੇ ਸੰਗਤਾਂ ਨੂੰ ਛੇਤੀ ਤੋਂ ਛੇਤੀ ਦੱਸਿਆ ਜਾਵੇ। ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਗੁਰੂ ਘਰ ਨਾਲ ਸਬੰਧਤ ਸਭ ਧਿਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਵੋਟਾਂ ਬਣਾਉਣ ਦਾ ਸਮਾਂ ਕੀ ਹੈ? ਵੋਟਰ ਲਿਸਟ ਕਦੋਂ ਤਿਆਰ ਹੋਣੀ ਹੈ ਅਤੇ ਉਮੀਦਵਾਰਾਂ ਨੂੰ ਕਦੋਂ ਮਿਲਣੀ ਹੈ? ਸ. ਮਾਨ ਨੇ ਇਹ ਵੀ ਚਿਤਾਵਨੀ ਦਿੱਤੀ ਕਿ ਜੇ ਪਿਛਲੀਆਂ ਚੋਣਾਂ ਵਾਂਗ ਇਸ ਵਾਰ ਵੀ ਵੋਟਰ ਸੂਚੀਆਂ ਬਾਰੇ ਬੇਨਿਯਮੀਆਂ ਕੀਤੀਆਂ ਗਈਆਂ ਤਾਂ ਚੋਣ ਤੋਂ ਪਹਿਲਾਂ ਹੀ ਅਦਾਲਤ ਦਾ ਦਰਵਾਜ਼ਾ ਖਟਖਟਾਇਆ ਜਾਏਗਾ।

ਬਿਆਨ ਵਿਚ ਸ. ਮਾਨ ਨੇ ਆਖਿਆ ਕਿ ਅਸੀਂ ਸਮਝਦੇ ਹਾਂ ਕਿ ਸੰਗਤ ਗੁਰੂ ਘਰਾਂ ਦੇ ਮਾਮਲੇ ਅਦਾਲਤਾਂ ਵਿਚ ਲਿਜਾਏ ਜਾਣ ਨੂੰ ਠੀਕ ਨਹੀਂ ਸਮਝਦੀ ਪਰ ਜੇ ਧਾਰਮਿਕ ਅਸਥਾਨ ਉਪਰ ਹੀ ਪ੍ਰਬੰਧਕ ਗੁਰੂ ਦਾ ਡਰ ਭੁਲਾ ਕੇ ਸਿਰਫ ਚੋਣਾਂ ਜਿੱਤਣ ਲਈ ਨਿਯਮਾਂ ਦੀ ਉਲੰਘਣਾ ਕਰਨ ਤਾਂ ਅਦਾਲਤ ਦਾ ਦਰਵਾਜ਼ਾ ਖੜਕਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਦਾ। ਉਨ੍ਹਾਂ ਕਿਹਾ ਕਿ ਸੰਗਤ ਪਿਛਲੀਆਂ ਚੋਣਾਂ ਦੌਰਾਨ ਮੌਜੂਦਾ ਪ੍ਰਬੰਧਕਾਂ ਵਲੋਂ ਪਾਰਕਿੰਗ ਲਾਟ ਅਤੇ ਅਪਾਰਟਮੈਂਟ ਬਿਲਡਿੰਗ ਬਣਾਉਣ ਸਬੰਧੀ ਦਿਖਾਏ ਗਏ ਸਬਜਬਾਗ ਬਾਰੇ ਵੀ ਸੱਚ ਜਾਣਨਾ ਚਾਹੁੰਦੀ ਹੈ ਕਿ ਉਹ ਵਾਅਦੇ ਕਿੱਥੇ ਗਏ? ਉਨ੍ਹਾਂ ਆਖਿਆ ਕਿ ਇਹ ਪੰਜਾਬ ਨਹੀਂ ਕਿ ਨੀਂਹ ਪੱਥਰ ਰੱਖ ਕੇ ਭੁੱਲ ਜਾਓ। ਘੱਟੋ ਘੱਟ ਗੁਰਦੁਆਰਾ ਸਾਹਿਬ ਵਿਚ ਦਿਆਨਤਦਾਰੀ ਦਿਖਾਉਣੀ ਚਾਹੀਦੀ ਹੈ।

ਗੁਰਦੁਆਰਾ ਸਾਹਿਬ ਅੰਦਰ ਚਲਦੇ ਖਾਲਸਾ ਸਕੂਲ ਦਾ ਜ਼ਿਕਰ ਕਰਦਿਆਂ ਸ. ਮਾਨ ਨੇ ਕਿਹਾ ਕਿ ਇਸ ਸਮੇਂ ਇਸ ਸਕੂਲ ਵਿਚ ਬੱਚਿਆਂ ਦੀ ਗਿਣਤੀ ਬਹੁਤ ਘਟ ਗਈ ਹੈ। ਸਵਾਲ ਹੈ ਕਿ ਕਿਉਂ? ਸੰਗਤ ਦਾ ਆਮ ਕਹਿਣਾ ਹੈ ਕਿ ਪ੍ਰਬੰਧਕ ਜੋ ਕਹਿੰਦੇ ਹਨ, ਉਹ ਕਰਦੇ ਨਹੀਂ।

ਮੌਜੂਦਾ ਸੁਪਰੀਮ ਕੌਂਸਲ ਵਿਚ ਇਸ ਸਮੇਂ ਅੰਦਰ ਹੀ ਅੰਦਰ ਚੱਲ ਰਹੀ ਖਿੱਚੋਤਾਣ ਵੱਲ ਇਸ਼ਾਰਾ ਕਰਦਿਆਂ ਸ. ਮਾਨ ਨੇ ਕਿਹਾ ਕਿ ਇਸ ਸਮੇਂ ਅਫਵਾਹ ਹੈ ਕਿ ਕੁਝ ਸੁਪਰੀਮ ਕੌਂਸਲ ਮੈਂਬਰਾਂ ਨੇ ਅਸਤੀਫੇ ਦੇ ਦਿੱਤੇ ਹਨ। ਉਨ੍ਹਾਂ ਮੰਗ ਕੀਤੀ ਕਿ ਪ੍ਰਬੰਧਕ ਇਸ ਸਬੰਧੀ ਸਥਿਤੀ ਸਪਸ਼ਟ ਕਰਨ ਅਤੇ ਜੇ ਸਚਮੁੱਚ ਅਸਤੀਫੇ ਦਿੱਤੇ ਗਏ ਹਨ ਤਾਂ ਉਹ ਪਰਵਾਨ ਕਰਕੇ ਸੰਗਤਾਂ ਨੂੰ ਇਸ ਬਾਰੇ ਦੱਸਿਆ ਜਾਵੇ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਵਿਧਾਨ ਦੇ ਆਰਟੀਕਲ 8 ਵਿਚ ਸੁਪਰੀਮ ਕੌਂਸਲ ਮੈਂਬਰ ਦੀਆਂ ਜ਼ਿੰਮੇਵਾਰੀਆਂ ਅਤੇ ਫਰਜ਼ ਲਿਖੇ ਹੋਏ ਹਨ, ਉਨ੍ਹਾਂ ਦਾ ਪਾਲਣ ਹੋਣਾ ਚਾਹੀਦਾ ਹੈ। ਸੰਗਤ ਨੂੰ ਭੁਲੇਖੇ ਵਿਚ ਰੱਖ ਕੇ ਚਲਾਕੀਆਂ ਕਰਨਾ ਕਿਸੇ ਧਾਰਮਿਕ ਅਸਥਾਨ ਦੇ ਪ੍ਰਬੰਧਕਾਂ ਨੂੰ ਸ਼ੋਭਾ ਨਹੀਂ ਦਿੰਦਾ।

# ਸੈਨ ਹੋਜ਼ੇ ਵਿਸਾਖੀ ਮੇਲੇ ਦੀਆਂ ਤਿਆਰੀਆਂ ਮੁਕੰਮਲ

**ਸੈਨ ਹੋਜ਼ੇ (ਬਿਊਰੋ):** ਇਥੇ 30 ਅਪਰੈਲ ਸਨਿਚਰਵਾਰ ਨੂੰ ਗੁਰਦੁਆਰਾ ਸਾਹਿਬ ਦੇ ਬਿਲਕੁਲ ਨਜ਼ਦੀਕ ਐਵਰਗਰੀਨ ਹਾਈ ਸਕੂਲ (3300 ਕੁਇੰਬੀ ਰੋਡ) ਦੀਆਂ ਖੁੱਲੀਆਂ ਗਰਾਊਂਡਾਂ ਵਿਚ ਹੋ ਰਹੇ ਵਿਸਾਖੀ ਮੇਲੇ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਸ ਮੇਲੇ ਦੇ ਪ੍ਰਬੰਧਕਾਂ ਜਸਵਿੰਦਰ ਸਿੰਘ ਸੋਹਲ, ਸੁਰਜੀਤ ਸਿੰਘ ਸੋਹਲ, ਸਤਵਿੰਦਰ ਸਿੰਘ ਸਰਾਂ, ਜਸਵੀਰ ਸਿੰਘ ਪਵਾਰ (ਰਾਜੂ), ਇੰਦਰਜੀਤ ਸਿੰਘ ਥਿੰਦ, ਬਲਜਿੰਦਰ ਸਿੰਘ ਕੈਲੇ, ਸਰਬਜੋਤ ਸਿੰਘ ਸਵੱਦੀ, ਗੁਰਬਖਸ਼ ਸਿੰਘ ਢਿੱਲੋ ਅਤੇ ਪਰਮਜੀਤ ਸਿੰਘ ਥਿੰਦ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪਰਿਵਾਰਕ ਮੇਲੇ ਵਿਚ ਯੂ ਐਸ ਏ ਕਬੱਡੀ ਫੈਡਰੇਸ਼ਨ ਦੀ ਸਰਪ੍ਰਸਤੀ ਹੇਠ ਕਬੱਡੀ ਦੇ ਦਿਲ ਖਿਚਵੇਂ ਮੈਚ ਹੋਣਗੇ। ਇਨ੍ਹਾਂ ਮੈਚਾਂ ਵਿਚ ਨਾਮਵਰ ਕਬੱਡੀ ਟੀਮਾਂ ਹਿੱਸਾ ਲੈਣਗੀਆ। ਇਸ ਤੋਂ ਇਲਾਵਾ ਦਰਸ਼ਕਾਂ ਦੇ ਮਨੋਰੰਜਨ ਲਈ ਨਾਮਵਰ ਲੋਕ ਕਲਾਕਾਰ-ਸਤਵਿੰਦਰ ਬਿੱਟੀ, ਬਲਜੀਤ ਮਾਲਵਾ, ਸੁਖਦੇਵ ਸਾਹਿਲ, ਜਤਿੰਦਰ ਜਰਗੀਆ ਅਤੇ ਮੈਨੀ ਦਿਉਲ ਗੀਤ ਸੰਗੀਤ ਦਾ ਪ੍ਰੋਗਰਾਮ ਪੇਸ਼ ਕਰਨਗੇ। ਇਸ ਤੋਂ ਇਲਾਵਾ ਹੋਰ ਵੀ ਕਲਾਕਾਰ ਅਤੇ ਗਿੱਧੇ ਭੰਗੜੇ ਦੀਆਂ ਟੀਮਾਂ ਹਿੱਸਾ ਲੈਣਗੀਆਂ। ਇਸ ਮੇਲੇ ਵਿਚ ਸਟੇਜ਼ ਸੰਚਾਲਨ ਜਸਵੰਤ ਸਿੰਘ ਸ਼ਾਦ ਕਰਨਗੇ ਅਤੇ ਕਬੱਡੀ ਦੀ ਕੁਮੈਂਟਰੀ ਸੁਖਵਿੰਦਰ ਸਿੰਘ ਸੰਘੇੜਾ ਅਤੇ ਕਾਲਾ ਕਰਨਗੇ।

ਪ੍ਰਬੰਧਕਾਂ ਅਨੁਸਾਰ ਸੁਕਿਉਰਿਟੀ ਦੇ ਸਖਤ ਪ੍ਰਬੰਧ ਕੀਤੇ ਗਏ ਹਨ। ਕਾਰ ਪਾਰਕਿੰਗ ਦੂਰ ਹੋਣ ਕਰਕੇ ਸ਼ਟਲ ਸਰਵਿਸ ਮੁਹਈਆ ਕੀਤੀ ਗਈ ਹੈ। ਲੋੜ ਪੈਣ 'ਤੇ ਗੁਰਦੁਆਰਾ ਸਾਹਿਬ ਦੀ ਕਾਰ ਪਾਰਕਿੰਗ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਪ੍ਰਬੰਧਕਾਂ ਨੇ ਸਮੂਹ ਪੰਜਾਬੀਆਂ ਨੂੰ ਇਸ ਮੇਲੇ ਵਿਚ ਹੁਮ-ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਜਸਵਿੰਦਰ ਸੋਹਲ ਫੋਨ 408-391-7013 ਤੋਂ ਲਈ ਜਾ ਸਕਦੀ ਹੈ।

## ਸ਼ਿਕਾਇਤ ਮਿਲਣ 'ਤੇ ਹੰਸਪਾਲ ਵਿਰੁਧ ਕਾਰਵਾਈ: ਜਥੇਦਾਰ

**ਅੰਮ੍ਰਿਤਸਰ:** ਭਾਰਤੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਐਚ.ਐਸ. ਹੰਸਪਾਲ 'ਤੇ ਲੱਗੇ ਦੋਸ਼ਾਂ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਜੇਕਰ ਇਸ ਬਾਰੇ ਉਨ੍ਹਾਂ ਕੋਲ ਕੋਈ ਲਿਖਤੀ ਸ਼ਿਕਾਇਤ ਪੁੱਜੀ ਤਾਂ ਇਹ ਮਾਮਲਾ ਵਿਚਾਰਿਆ ਜਾਵੇਗਾ। ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਸ੍ਰੀ ਹੰਸਪਾਲ 'ਤੇ ਲਾਏ ਗਏ ਦੋਸ਼ਾਂ ਬਾਰੇ ਫਿਲਹਾਲ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੋਈ ਸ਼ਿਕਾਇਤ ਨਹੀਂ ਪੁੱਜੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਬਾਰੇ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਸਿੰਘ ਸਾਹਿਬਾਨ ਵੱਲੋਂ ਜ਼ਰੂਰ ਵਿਚਾਰ ਕੀਤਾ ਜਾਵੇਗਾ।

ਉਧਰ ਪੰਥਕ ਹਲਕਿਆਂ ਵਲੋਂ ਇਹ ਕਿਹਾ ਜਾ ਰਿਹਾ ਹੈ ਕਿ ਨਾਮਧਾਰੀ ਸੰਪਰਦਾ ਨਾਲ ਸਬੰਧਤ ਹੋਣ ਕਾਰਨ ਸ੍ਰੀ ਹੰਸਪਾਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਹੀਂ ਸੱਦਿਆ ਜਾ ਸਕਦਾ। ਇਥੇ ਜ਼ਿਕਰਯੋਗ ਹੈ ਕਿ ਦਿੱਲੀ ਕਤਲੇਆਮ ਇਕ ਔਰਤ ਵੱਲੋਂ ਸ੍ਰੀ ਹੰਸਪਾਲ 'ਤੇ ਕਾਂਗਰਸੀ ਆਗੂ ਸੱਜਣ ਕੁਮਾਰ ਖਿਲਾਫ਼ ਅਦਾਲਤ ਵਿਚ ਚਲ ਰਹੇ ਕੇਸ ਵਿਚ ਗਵਾਹੀ ਤੋਂ ਪਿੱਛੇ ਹਟਣ ਲਈ ਰਿਸ਼ਵਤ ਦੇਣ ਦਾ ਦੋਸ਼ ਲਾਇਆ ਗਿਆ ਹੈ। ਇਹ ਮਾਮਲਾ ਪੰਥਕ ਹਲਕਿਆਂ ਵਿਚ ਵੱਡੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।


**ਰੇਡੀਓ ਚੜ੍ਹਦੀ ਕਲਾ ਸੁਣੋ**

**ਯੂਬਾ ਸਿਟੀ ਇਲਾਕੇ ਵਿਚ ਆਪਣੇ ਘਰਾਂ ਵਿਚ ਪਏ ਪੁਰਾਣੇ ਰੇਡੀਓ ਸੈਟਾਂ ਉਪਰ**

***ਪੂਰੇ ਅਮਰੀਕਾ ਦੇ ਕਿਸੇ ਵੀ ਸ਼ਹਿਰ ਜਾਂ ਪਿੰਡ ਵਿਚ ਰੇਡੀਓ ਚੜ੍ਹਦੀ ਕਲਾ ਸੁਣਨ ਲਈ ਅੱਜ ਹੀ ਰੇਡੀਓ ਖਰੀਦਣ ਲਈ ਫੋਨ ਕਰੋ***

**ਗੁਰਚਰਨ ਸਿੰਘ ਮਾਨ, 510-557-0061**
**ਲਖਵੀਰ ਸਿੰਘ, 510-768-9882**




ਬੇਏਰੀਆ ਵਿਚ Santa Cruz, San Jose, Santa Clara, Fremont, Union City ਅਤੇ ਆਸ-ਪਾਸ ਦੇ ਸਾਰੇ ਸ਼ਹਿਰਾਂ ਵਿਚ

> ਇੰਟਰਨੈਟ ਉਪਰ WWW.RADIOCK.COM ਦੁਨੀਆਂ ਭਰ ਵਿਚ ਸੁਣੋ
> ਗੁਰਬਾਣੀ ਵਿਚਾਰ ਪ੍ਰੋਗਰਾਮ ਸਵੇਰੇ 7 ਵਜੇ ਤੋਂ 10 ਵਜੇ ਤੱਕ
> ਪ੍ਰੋ. ਸਰਬਜੀਤ ਸਿੰਘ ਗੋਵਿੰਦਪੁਰੀ ਦਾ ਸਟੂਡੀਓ ਤੋਂ ਲਾਈਵ ਪ੍ਰੋਗਰਾਮ
> ਸੈਨ ਹੋਜ਼ੇ ਗੁਰੂ ਘਰ ਤੋਂ ਰਹਿਰਾਸ, ਗੁਰਬਾਣੀ ਕਥਾ ਤੇ ਕੀਰਤਨ ਦਾ ਸਿੱਧਾ ਪ੍ਰਸਾਰਣ
> ਬਾਕੀ ਪ੍ਰੋਗਰਾਮ- ਟਾਕ ਸ਼ੋਅ, ਬੁਝਾਰਤਾਂ, ਡਾਕਟਰ ਦੀ ਸਲਾਹ, ਖਬਰਾਂ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਸਿੱਧੇ ਪ੍ਰਸਾਰਿਤ ਹੁੰਦੇ ਹਨ।

*ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com*
***Radio CK, PO Box 296, Fremont, CA 94537***



# Gas Station For Sale

**Once in a life time opportunity. Very profitable Gas Station with property for sale in Ohio. Doing inside store sales $90,000 to $95,000 per month and $60,000 gallons fuel outside. Absentee owner.**

**If interested call with confidence**
**Ph:734-756-7463 or 734-660-2721**

**or contact via e-mail: ABRENTERPRISE@LIVE.COM**




**ਓਹਾਇਓ ਵਿਚ ਬਹੁਤ ਹੀ ਵਧੀਆ ਮੁਨਾਫਾ ਦੇਣ ਵਾਲਾ ਗੈਸ ਸਟੇਸ਼ਨ ਪ੍ਰਾਪਰਟੀ ਸਮੇਤ ਵਿਕਾਊ ਹੈ। ਬਹੁਤ ਵੀ ਬਿਜ਼ੀ ਹਾਈਵੇ ਲੋਕੇਸ਼ਨ। ਬੀਅਰ, ਵਾਈਨ ਅਤੇ ਲਿੱਕਰ ਦੇ ਲਾਈਸੈਂਸ ਸਮੇਤ।**

**ਅੰਦਰ ਦੀ ਸੇਲ 90 ਤੋਂ 95 ਹਜ਼ਾਰ ਡਾਲਰ, ਗੈਸ ਦੀ ਸੇਲ 60 ਹਜ਼ਾਰ ਗੈਲਨ**

***ਕਾਲ ਕਰੋ:734-756-7463 ਜਾਂ 734-660-2721***



# Law Offices of Gill & Heridis

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas
- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 940-6065, (408) 736-5203**

**Email: gill@ghfirm.com Web: www.ghfirm.com**
**830 Stewart Drive, Suite#231, Sunnyvale, CA 94085**



**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.

**Credit card** terminals -Verifone, Hypercom...

Transfer existing CC processing to us for **lower rates.**

*99% approved same day.* We specialize in high risk businesses.

ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with **NO collateral** or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: **773-416-8526**
or 773-935-VISA, SagarATM@yahoo.com




**www.GoldCoastATM.com**

# ਵਿਸਾਖੀ ਨੂੰ ਸਮਰਪਿਤ ਕਵੀ ਤੇ ਢਾਡੀ ਦਰਵਾਰ ਸਫਲ ਰਿਹਾ

**ਐਲ ਸਬਰਾਂਟੇ (ਬਿਊਰੋ):** ਵਿਸਾਖੀ ਦੇ ਮੌਕੇ ਖਾਲਸਾ ਪ੍ਰਗਟ ਦਿਵਸ ਨੂੰ ਸਮਰਪਿਤ ਪੰਜਾਂ ਕਕਾਰਾਂ ਦੀ ਮਹੱਤਤਾ ਸਬੰਧੀ ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਵੱਲੋਂ ਲੰਘੇ ਐਤਵਾਰ ਨੂੰ ਗੁਰਦੁਆਰਾ ਐਲ ਸਬਰਾਂਟੇ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਾਇਆ ਗਿਆ ਕਵੀ ਤੇ ਢਾਡੀ ਦਰਬਾਰ ਬੇਹਦ ਸਫਲ ਹੋ ਨਿਬੜਿਆ। ਨਾਭੇ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਤੋਂ ਇਲਾਵਾ ਕਵੀ ਅਤੇ ਪੰਥਕ ਬੁਲਾਰੇ ਵੱਡੀ ਗਿਣਤੀ ਵਿਚ ਪ੍ਰੋਗਰਾਮ 'ਚ ਹਿੱਸਾ ਲੈਣ ਲਈ ਪਹੁੰਚੇ। ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਵੀ ਗੁਰੂ ਘਰ ਦੀ ਹਦੂਦ ਅੰਦਰ ਪੰਥਕ ਰਚਨਾਵਾਂ ਸੁਣਨ-ਸੁਣਾਉਣ ਲਈ ਲੰਮੇ ਸਮੇਂ ਤੱਕ ਮਹਿਫਲ ਜੁੜੀ ਰਹੀ। ਸੰਗਤਾਂ ਵਿਚ ਇਸ ਪ੍ਰੋਗਰਾਮ ਲਈ ਇਤਨਾ ਉਤਸ਼ਾਹ ਸੀ ਕਿ ਦੀਵਾਨ ਹਾਲ, ਲੰਗਰ ਹਾਲ, ਬਾਲਕੋਨੀ ਭਰਨ ਤੋਂ ਬਾਅਦ ਸੰਗਤਾਂ ਬਾਹਰ ਖੜ੍ਹ/ਬੈਠ ਕੇ ਵੀ ਪ੍ਰੋਗਰਾਮ ਦਾ ਅਨੰਦ ਮਾਣ ਰਹੀਆਂ ਸਨ। ਉਤਰ-ਦੱਖਣ-ਪੂਰਬ ਪੱਛਮ ਦੇ ਤਕਰੀਬਨ 150 ਮੀਲ ਦੇ ਘੇਰੇ 'ਚੋਂ ਸੰਗਤਾਂ ਪਹੁੰਚੀਆਂ ਹੋਈਆਂ ਸਨ। ਭਾਈ ਘਨਈਆ ਸੁਸਾਇਟੀ ਨੇ ਲੰਗਰ ਦੀ ਸੇਵਾ 'ਚ ਅਹਿਮ ਯੋਗਦਾਨ ਪਾਇਆ।

ਇਸ ਮੌਕੇ ਅਕਾਲ ਤਖਤ ਸਾਹਿਬ ਵੱਲੋਂ ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਭੇਜਿਆ ਗਿਆ ਵਧਾਈ ਪੱਤਰ ਜਾਰੀ ਕੀਤਾ ਗਿਆ, ਹਿੰਦੁਸਤਾਨ ਅੰਦਰ ਹਿੰਦੂ ਅਤਿਵਾਦ ਨਾਲ ਸਬੰਧਤ ਯੂ ਟਿਊਬ 'ਤੇ ਪਾਈਆਂ ਗਈਆਂ ਫਿਲਮਾਂ ਦੀ ਲਿਸਟ ਤੋਂ ਇਲਾਵਾ 1699 ਦੀ ਵਿਸਾਖੀ ਨੂੰ ਗੁਰੂ ਦਰਬਾਰ 'ਚ ਕੀ ਵਾਪਰਿਆ ਸੀ ਬਾਰੇ ਔਰੰਗਜੇਬ ਦੇ ਜਾਸੂਸ ਦੀ ਆਖਰੀ ਰਿਪੋਰਟ ਜਾਰੀ ਕੀਤੀ ਗਈ। ਇਸ ਤੋਂ ਬਿਨਾ ਦਲ ਖਾਲਸਾ ਅਲਾਇੰਸ ਵੱਲੋਂ 14 ਮਾਰਚ 2011 ਨੂੰ ਯੂ.ਐਨ.ਓ. ਵਿਚ ਦਿੱਤਾ ਗਿਆ ਮੈਮੋਰੰਡਮ ਵੀ ਜਾਰੀ ਕੀਤਾ ਗਿਆ।

ਇਸ ਸਮਾਗਮ ਦੌਰਾਨ ਸੁਸਾਇਟੀ ਦਾ ਪਹਿਲਾ ਨਿਊਜ਼ ਲੈਟਰ "ਫਰੀਡਮ ਪੋਸਟ" ਜਾਰੀ ਕੀਤਾ ਗਿਆ ਅਤੇ ਪ੍ਰੋ. ਸੁਰਜੀਤ ਸਿੰਘ ਨਨੂੰਆ ਵੱਲੋਂ, ਸਿੱਖਾਂ 'ਚ ਚਲ ਰਹੀ ਅਲੱਗ ਅਲੱਗ ਰਹਿਤ ਮਰਿਯਾਦਾ 'ਤੇ ਲਿਖੀ ਗਈ ਪੁਸਤਕ ਰਿਲੀਜ਼ ਕੀਤੀ ਗਈ। ਭਰੂਣ ਹੱਤਿਆ ਦੇ ਖਿਲਾਫ ਮਨਾਈ ਗਈ ਧੀਆਂ ਦੀ ਲੋਹੜੀ ਦੀ ਮੂਵੀ ਰਿਲੀਜ਼ ਕੀਤੀ ਗਈ। ਬਾਬਾ ਮੱਖਣ ਸ਼ਾਹ ਲੁਬਾਣਾ ਮੈਮੋਰੀਅਲ ਅਵਾਰਡ ਪ੍ਰੋ. ਸੁਰਜੀਤ ਸਿੰਘ ਨਨੂੰਆ ਨੂੰ ਦੇ ਕੇ ਸਨਮਾਨਿਤ ਕੀਤਾ ਗਿਆ। ਭਾਈ ਘਨਈਆ ਸੁਸਾਇਟੀ ਦੇ ਸਮੂਹ ਸੇਵਾਦਾਰਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਆ ਗਿਆ। ਕੈਲੀਫੋਰਨੀਆ ਗਤਕਾ ਦਲ, ਐਲ ਸਬਰਾਂਟੇ ਯੂਨਿਟ ਦੇ ਜਥੇਦਾਰ ਭਾਈ ਦੀਦਾਰ ਸਿੰਘ ਤੋਂ ਇਲਾਵਾ ਢਾਡੀ ਜਥੇ, ਕਵੀ ਜਨਾਂ ਅਤੇ ਸਮੂਹ ਬੁਲਾਰਿਆਂ ਨੂੰ ਸਨਮਾਨ ਚਿੰਨ ਦਿੱਤੇ ਗਏ।

ਨਾਭੇ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਗਾ ਕੇ ਸੰਗਤਾਂ ਨੂੰ ਸਿੱਖ ਇਤਿਹਾਸ ਦੇ ਸ਼ਾਨਾਂਮੱਤੇ ਪਤਰਿਆਂ ਦੀ ਯਾਦ ਤਾਜ਼ਾ ਕਰਵਾਈ। ਵਿਚਾਰਾਂ ਦੀ ਸਾਂਝ ਪਾਉਣ ਵਾਲਿਆਂ ਵਿਚ ਸ. ਰਾਮ ਸਿੰਘ, ਪ੍ਰੋ. ਸੁਰਜੀਤ ਸਿੰਘ ਨਨੂੰਆ, ਸ. ਸੁਲਤਾਨ ਸਿੰਘ ਅਖਤਰ, ਮਾਸਟਰ ਰਿੰਕੂ, ਪਰਮਜੀਤ ਸਿੰਘ ਦਾਖਾ, ਸ. ਗੁਰਬਚਨ ਸਿੰਘ ਜੌਹਲ, ਸ. ਝਿਰਮਲ ਸਿੰਘ ਵਾਹਲਾ, ਸ. ਰਵਿੰਦਰ ਸਿੰਘ ਬਾਠ, ਬੀਬੀ ਕੁਲਵੰਤ ਕੌਰ ਮੱਲ੍ਹੀ, ਸ. ਸੁਖਵਿੰਦਰ ਸਿੰਘ ਤਲਵੰਡੀ ਖੁਰਦ, ਬੀਬੀ ਜਸਪਾਲ ਕੌਰ, ਸ. ਸੇਵਾ ਸਿੰਘ ਬੈਨਾਪੁਰੀ, ਸ. ਸੁਖਦੇਵ ਸਿੰਘ, ਡਾ. ਆਲਾ ਸਿੰਘ, ਸ. ਚਰਨਜੀਤ ਸਿੰਘ ਪੰਨੂ, ਸ. ਪਰਮਿੰਦਰ ਸਿੰਘ

ਪਰਵਾਨਾ, ਸ. ਤਾਰਾ ਸਿੰਘ ਸਾਗਰ, ਬੀਬੀ ਨੀਲਮ ਸੈਣੀ, ਸ. ਤਰਸੇਮ ਸਿੰਘ ਸੁਮਨ, ਸ. ਕੁਲਦੀਪ ਸਿੰਘ ਢੀਂਡਸਾ, ਸ. ਬਚਿੱਤਰ ਸਿੰਘ ਟਾਇਗਰ, ਪ੍ਰੋ. ਗੁਰਮੁਖ ਸਿੰਘ ਗਿੱਲ, ਸ. ਈਸ਼ਰ ਸਿੰਘ ਮੋਮਨ ਅਤੇ ਸ. ਗੁਰਮੇਲ ਸਿੰਘ ਦੇ ਨਾਂ ਸ਼ਾਮਲ ਹਨ। ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਦਲ ਖਾਲਸਾ ਅਲਾਇੰਸ, ਅਮੈਰਕਿਨ ਗੁਰਦੁਆਰਾ ਕੌਂਸਲ, ਕੌਂਸਲ ਆਫ ਖਾਲਿਸਤਾਨ, ਅਕਾਲੀ ਦਲ, ਅੰਮ੍ਰਿਤਸਰ (ਅਮਰੀਕਾ ਰੀਜ਼ਨ), ਸਿੱਖ ਸਪੋਰਟਸ ਐਸੋਸੀਏਸ਼ਨ, ਸਿੱਖ ਐਜੂਕੇਸ਼ਨਲ ਟਰਸਟ ਕੈਨੇਡਾ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਬੇ ਏਰੀਆ ਯੂਨਿਟ) ਅਤੇ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਹੋਰ ਜਾਣਕਾਰੀ ਸੁਸਾਇਟੀ ਨਾਲ ਫੋਨ 510-774-5909 'ਤੇ ਸੰਪਰਕ ਕੀਤਾ ਜਾ ਸਕਦਾ ਹੈ।





# ਸੱਤਿਆ ਸਾਈਂ ਬਾਬਾ ਨਹੀਂ ਰਹੇ

**ਨਵੀਂ ਦਿੱਲੀ:** ਲੰਮੀ ਬਿਮਾਰੀ ਪਿੱਛੋਂ 24 ਅਪਰੈਲ ਨੂੰ ਸੱਤਿਆ ਸਾਈਂ ਬਾਬਾ ਸੁਰਗਵਾਸ ਹੋ ਗਏ। ਉਹ 85 ਵਰ੍ਹਿਆਂ ਦੇ ਸਨ। ਸੱਤਿਆ ਸਾਈਂ ਬਾਬਾ ਪਿਛਲੇ ਕਾਫ਼ੀ ਸਮੇਂ ਤੋਂ ਬਿਮਾਰ ਸਨ ਤੇ ਬੀਤੀ 28 ਮਾਰਚ ਨੂੰ ਉਨ੍ਹਾਂ ਨੂੰ ਸਥਾਨਕ ਸੁਪਰ ਸਪੈਸ਼ਲਿਟੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ ਤੇ ਹੁਣ ਉਨ੍ਹਾਂ ਦੇ ਕਈ ਅੰਗਾਂ ਨੇ ਬਿਲਕੁਲ ਕੰਮ ਕਰਨਾ ਬੰਦ ਕਰ ਦਿੱਤਾ ਸੀ।

ਹਸਪਤਾਲ ਵੱਲੋਂ ਜਾਰੀ ਬਿਆਨ ਅਨੁਸਾਰ 24 ਅਪਰੈਲ ਨੂੰ ਸਵੇਰੇ 7.40 ਵਜੇ ਸਾਈਂ ਬਾਬਾ ਨੇ ਆਖ਼ਰੀ ਸਾਹ ਲਿਆ ਤੇ ਇਸ ਤੋਂ ਪਹਿਲਾਂ ਉਨ੍ਹਾਂ ਦੇ ਦਿਲ ਨੇ ਵੀ ਕੰਮ ਛੱਡ ਦਿੱਤਾ ਸੀ ਤੇ ਸਾਹ ਕਿਰਿਆ ਬਹੁਤ ਹੌਲੀ ਹੋ ਗਈ ਸੀ। ਪਿਛਲੇ ਦਿਨਾਂ ਤੋਂ ਉਨ੍ਹਾਂ ਦੀ ਹਾਲਤ ਨਾਜ਼ੁਕ ਹੋਣ ਕਾਰਨ ਉਨ੍ਹਾਂ ਦੇ ਦੇਸ਼-ਵਿਦੇਸ਼ ਵੱਸਦੇ ਪੈਰੋਕਾਰ ਇੱਥੇ ਪੁੱਜਣੇ ਸ਼ੁਰੂ ਹੋ ਗਏ ਸਨ। ਸੱਤਿਆ ਸਾਈਂ ਬਾਬਾ ਦਾ ਅਸਲ ਨਾਂ ਸੱਤਿਆ ਨਰਾਇਣ ਰਾਜੂ ਸੀ। ਉਨ੍ਹਾਂ ਦਾ ਜਨਮ 23 ਨਵੰਬਰ 1926 ਨੂੰ ਪੁੱਟਾਪਾਰਥੀ ਵਿਚ ਹੋਇਆ ਸੀ ਤੇ 1940 ਤੋਂ ਉਹ ਧਾਰਮਿਕ ਗੁਰੂ ਬਣ ਗਏ ਸਨ। ਉਨ੍ਹਾਂ ਵੱਲੋਂ ਬਣਾਏ ਗਏ ਸੱਤਿਆ ਸਾਈਂ ਬਾਬਾ ਟਰੱਸਟ ਵੱਲੋਂ ਅਤਿ ਆਧੁਨਿਕ ਇਲਾਜ ਸੇਵਾਵਾਂ ਵਾਲੇ ਹਸਪਤਾਲ, ਕਾਲਜ ਤੇ 160 ਦੇਸ਼ਾਂ ਵਿਚ ਗ਼ਰੀਬਾਂ ਦੀ ਸੇਵਾ ਲਈ ਸੰਸਥਾਵਾਂ ਚਲਾਈਆਂ ਜਾ ਰਹੀਆਂ ਹਨ। ਸੱਤਿਆ ਸਾਈਂ ਬਾਬਾ ਦੇ ਸਵਰਗਵਾਸ ਹੋਣ 'ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਸੀਨੀਅਰ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਤੇ ਹੋਰ ਕਈ ਉੱਚ ਸ਼ਖ਼ਸੀਅਤਾਂ ਨੇ ਗਹਿਰੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ।

ਸੱਤਿਆ ਸਾਈਂ ਬਾਬਾ ਦੇ ਸਵਰਗਵਾਸ ਹੋਣ ਦੀ ਖ਼ਬਰ ਨੇ ਬਾਲੀਵੁੱਡ ਸਿਤਾਰਿਆਂ ਨੂੰ ਵੀ ਗ਼ਮਗੀਨ ਕਰ ਦਿੱਤਾ। ਪ੍ਰਸਿੱਧ ਪਿੱਠਵਰਤੀ ਗਾਇਕਾ ਆਸ਼ਾ ਭੌਂਸਲੇ ਤੇ ਆਰ. ਮਾਧਵਨ ਨੇ ਕਿਹਾ ਕਿ ਅਸੀਂ ਇਸ ਨੂੰ ਮੌਤ ਨਹੀਂ ਮੰਨ ਸਕਦੇ ਸਗੋਂ ਇਹ ਕਹਾਂਗੇ ਕਿ ਸਾਈਂ ਬਾਬਾ ਨੇ ਸਮਾਧੀ ਲਈ ਹੈ। ਫ਼ਿਲਮਸਾਜ਼ ਮਧੁਰ ਭੰਡਾਰਕਰ, ਅਦਾਕਾਰ ਜੈਕੀ ਸ਼ਰਾਫ਼, ਅਨੁਪਮ ਖ਼ੇਰ ਤੇ ਹੋਰ ਵੀ ਸਿਤਾਰਿਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਬੇਸ਼ੱਕ ਰਾਸ਼ਟਰਪਤੀ ਅਹੁਦੇ ਤਕ ਦੇ ਲੋਕ ਸੱਤਿਆ ਸਾਈਂ ਬਾਬਾ ਦੇ ਸ਼ਰਧਾਲੂ ਸਨ ਪਰ ਉਨ੍ਹਾਂ ਦੇ ਨਾਲ ਕਈ ਵਿਵਾਦ ਵੀ ਜੁੜੇ ਰਹੇ। ਉਨ੍ਹਾਂ ਦੇ ਆਸ਼ਰਮ ਵਿਚ ਘਪਲਿਆਂ ਤੋਂ ਲੈ ਕੇ ਸਰੀਰਕ ਸ਼ੋਸ਼ਣ ਦੇ ਮਾਮਲੇ ਵੀ ਉੱਠੇ ਪਰ ਸ਼ਰਧਾਲੂਆਂ ਨੇ ਇਸ ਨੂੰ ਵਿਰੋਧੀਆਂ ਦੀ ਸਾਜ਼ਿਸ਼ ਕਹਿ ਕੇ ਖ਼ਾਰਜ ਕਰ ਦਿੱਤਾ। 6 ਜੂਨ 1993 ਨੂੰ ਸਾਈਂ ਬਾਬਾ ਦੇ ਸਹਿਯੋਗੀਆਂ ਨੇ ਹੀ ਉਨ੍ਹਾਂ 'ਤੇ ਕਾਤਲਾਨਾ ਹਮਲਾ ਕਰ ਦਿੱਤਾ ਸੀ ਤੇ ਇਸ ਵਿਚ ਛੇ ਲੋਕ ਮਾਰੇ ਗਏ ਸਨ।

ਯੂਬਾ ਸਿਟੀ ਵਿਚ ਤੁਹਾਡੀ ਆਪਣੀ
ਟਾਇਰ ਅਤੇ ਆਟੋ ਰਿਪੇਅਰ ਸ਼ਾਪ

Lucky Tire & Auto Repair

ਤੁਹਾਡੀ ਸੇਵਾ ਲਈ
ਦੋ ਲੋਕੇਸ਼ਨਾਂ
909 Garden Hwy
660 Culussa Hwy




ਟਾਇਰ ਸਪੈਸ਼ਲ $99/-

ਆਇਲ ਚੇਂਜ਼
ਸਪੈਸ਼ਲ
$24.99+ਲੇਬਰ
ਅਤੇ ਡਿਸਪੋਜ਼ਲ
ਫੀਸ

ਫਰੰਟ ਐਕਸਲ
ਬਰੇਕ ਜਾਬ
ਸਪੈਸ਼ਲ $44.95
(ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

ਫੋਨ:530-755-4037, 530-673-4001

ਇੰਡੀਅਨ ਰੈਸਟੋਰੈਂਟ ਅਤੇ
ਗਰੌਸਰੀ ਸਟੋਰ ਵਿਕਾਊ ਹੈ

**Indian Restaurant &
Grocery Store
For Sale in Turlock, CA**

ਟਰਲਕ, ਕੈਲੀਫੋਰਨੀਆ ਵਿਚ ਬਹੁਤ ਹੀ
ਵਧੀਆ ਲੋਕੇਸ਼ਨ 'ਤੇ ਰੈਸਟੋਰੈਂਟ ਅਤੇ
ਇੰਡੀਅਨ ਗਰੌਸਰੀ ਸਟੋਰ ਵਿਕਾਊ ਹੈ।

(Beer & Wine License Available)

***Lease Month to Month or Year to Year.**
***No Water Bill, No Triple Net.**
***No Waste Management Bill.**

ਚਾਹਵਾਨ ਸੱਜਣ ਸੰਪਰਕ ਕਰ ਸਕਦੇ ਹਨ

Call: Ashwani

209-535-8642, 209-667-6205

www.premindiancuisine.com

# ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੀਆਂ ਟੀਮਾਂ ਸਭ ਖੇਡ ਮੇਲਿਆਂ 'ਚ ਖੇਡਣ ਲਈ ਤਿਆਰ

**ਫਰੀਮਾਂਟ (ਬਿਊਰੋ):** ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਨਾਲ ਸਬੰਧਤ ਸਾਰੀਆਂ ਕੱਬਡੀ ਟੀਮਾਂ ਬੁਲਾਏ ਜਾਣ 'ਤੇ ਹਰ ਟੂਰਨਾਮੈਂਟ ਵਿਚ ਖੇਡਣਗੀਆਂ ਅਤੇ ਇਸ ਦੇ ਨਾਲ ਹੀ ਫੈਡਰੇਸ਼ਨ ਆਪਣੇ ਟੂਰਨਾਮੈਂਟ ਵਿਚ ਖੇਡਣ ਲਈ ਹਰ ਕਬੱਡੀ ਟੀਮ ਨੂੰ ਸੱਦਾ ਦੇਵੇਗੀ ਤਾਂ ਜੋ ਸਹੀ ਅਰਥਾਂ ਵਿਚ ਪੰਜਾਬ ਦੀ ਮਾਂ ਖੇਡ ਕਬੱਡੀ ਨੂੰ ਵਿਦੇਸ਼ਾਂ ਦੀ ਧਰਤੀ ਉਤੇ ਉਤਸ਼ਾਹਿਤ ਕੀਤਾ ਜਾ ਸਕੇ।

ਇਸ ਸਬੰਧੀ ਇਕ ਮਤਾ ਇਥੇ ਫੈਡਰੇਸ਼ਨ ਦੀ ਹੋਈ ਇਕ ਮੀਟਿੰਗ ਵਿਚ ਲਿਆ ਗਿਆ ਜਿਸ ਵਿਚ ਫੈਡਰੇਸ਼ਨ ਦੇ ਚੇਅਰਮੈਨ ਬਲਜੀਤ ਸਿੰਘ ਸੰਧੂ, ਪ੍ਰਧਾਨ ਸੁਰਿੰਦਰ ਸਿੰਘ ਅਟਵਾਲ, ਨਾਜਰ ਸਿੰਘ ਸਹੋਤਾ, ਸਕੱਤਰ ਗੁਰਦਾਵਰ ਸਿੰਘ ਮਹੇੜੂ, ਖਜ਼ਾਨਚੀ ਦਿਲਬਾਗ ਸਿੰਘ ਸੰਧੂ ਤੋਂ ਇਲਾਵਾ ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ, ਪ੍ਰਧਾਨ ਬਲਬੀਰ ਸਿੰਘ ਭਾਟੀਆ, ਹੈਡ ਕੋਚ ਪਰਮਜੀਤ ਸਿੰਘ ਸੰਧੂ, ਜੋਗਾ ਸਿੰਘ ਸੰਧੂ, ਗੁਰਦਿਆਲ ਸਿੰਘ ਢਿੱਲੋਂ ਅਤੇ ਹੋਰ ਕਈ ਸੱਜਣ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਫੈਡਰੇਸ਼ਨ ਅਤੇ ਬੇਏਰੀਆ ਸਪੋਰਟਸ ਕਲੱਬ ਦੇ ਚੇਅਰਮੈਨ ਸ. ਬਲਜੀਤ ਸਿੰਘ ਸੰਧੂ ਨੇ ਕਿਹਾ ਕਿ ਅਸੀਂ ਕਮਿਊਨਿਟੀ ਦੇ ਸਾਂਝੇ ਸਾਧਨਾਂ ਨਾਲ ਹੋਣ ਵਾਲੇ ਸਾਰੇ ਟੂਰਨਾਮੈਂਟਾਂ ਉਤੇ ਜਾਣ ਲਈ ਤਿਆਰ ਹਾਂ ਅਤੇ ਇਹ ਸਾਡੀ ਕਬੱਡੀ ਫੈਡਰੇਸ਼ਨ ਦਾ ਮੁਢਲਾ ਸਿਧਾਂਤ ਹੈ। ਅਗਰ ਇਥੇ ਬਣੀ ਦੂਜੀ ਕਬੱਡੀ ਫੈਡਰੇਸ਼ਨ ਇਹ ਸ਼ਰਤ ਲਾਉਂਦੀ ਹੈ ਕਿ ਅਸੀਂ ਪੇਪਰਾਂ ਉਤੇ ਸਾਈਨ ਕਰੀਏ ਕਿ ਅਸੀਂ ਬਾਕੀ ਮੇਲਿਆਂ 'ਤੇ ਨਹੀਂ ਖੇਡਾਂਗੇ ਤਾਂ ਸਾਨੂੰ ਇਹ ਪਰਵਾਨ ਨਹੀਂ। ਅਜਿਹੀਆਂ ਸ਼ਰਤਾਂ ਮੰਨਣ ਨਾਲ ਜਿਥੇ ਦਰਸ਼ਕ ਚੰਗੇ ਮੈਚ ਦੇਖਣ ਤੋਂ ਵਾਂਝੇ ਰਹਿ ਜਾਣਗੇ, ਉਥੇ ਕਬੱਡੀ ਦੀ ਖੇਡ ਨੂੰ ਵੀ ਨੁਕਸਾਨ ਪਹੁੰਚੇਗਾ। ਇਹ ਸ਼ਰਤ ਮੰਨੇ ਜਾਣ ਨਾਲ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿਚ ਬੈਠੇ ਕਬੱਡੀ ਖਿਡਾਰੀ ਆਪਣੇ ਲੋਕਲ ਮੈਚਾਂ ਤੋਂ ਵੀ ਬਾਹਰ ਰਹਿ ਜਾਣਗੇ।

ਮੀਟਿੰਗ ਵਿਚ ਇਸ ਸਾਲ ਫੈਡਰੇਸ਼ਨ ਦੇ ਪਰਚਮ ਥੱਲੇ ਕਰਵਾਏ ਜਾਣ ਵਾਲੇ ਟੂਰਨਾਮੈਂਟਾਂ ਦਾ ਵੀ ਵੇਰਵਾ ਉਲੀਕਿਆ ਗਿਆ। ਇਸ ਵੇਰਵੇ ਅਨੁਸਾਰ ਮਈ ਮਹੀਨੇ ਫਰਿਜ਼ਨੋ, ਟਰੇਸੀ ਅਤੇ ਫੇਅਰਫੀਲਡ ਵਿਚ ਟੂਰਨਾਮੈਂਟ ਕਰਵਾਏ ਜਾਣਗੇ। ਜੂਨ ਮਹੀਨੇ ਸੈਨ ਹੋਜ਼ੇ ਵਿਚ, ਜੁਲਾਈ ਮਹੀਨੇ ਮਾਡੈਸਟੋ ਅਤੇ ਯੂਨੀਅਨ ਸਿਟੀ, ਅਗਸਤ ਮਹੀਨੇ ਸੈਕਰਾਮੈਂਟੋ ਅਤੇ ਸਤੰਬਰ ਮਹੀਨੇ ਹੇਵਰਡ ਵਿਚ ਕਬੱਡੀ ਕੱਪ ਕਰਵਾਇਆ ਜਾਏਗਾ। ਸਹੀ ਤਰੀਕਾਂ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ। ਫੈਡਰੇਸ਼ਨ ਦੇ ਪ੍ਰਧਾਨ ਸ. ਸੁਰਿੰਦਰ ਸਿੰਘ ਅਟਵਾਲ ਨੇ ਪੰਜਾਬੀ ਭਾਈਚਾਰੇ ਤੋਂ ਮਿਲੇ ਸਹਿਯੋਗ ਲਈ ਇਸ ਦਾ ਉਚੇਚਾ ਧੰਨਵਾਦ ਕੀਤਾ। ਹੋਰ ਜਾਣਕਾਰੀ ਲਈ ਸ. ਅਟਵਾਲ ਨਾਲ ਫੋਨ 209-321-5476 ਜਾਂ ਸ. ਬਲਜੀਤ ਸਿੰਘ ਸੰਧੂ ਨਾਲ ਫੋਨ 510-881-6969 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


## ਕੈਸ਼ੀਅਰ ਅਤੇ ਹੋਰ ਸਟਾਫ ਦੀ ਲੋੜ ਹੈ

ਓਕਲਹੋਮਾ ਵਿਚ ਗੈਸ ਸਟੇਸ਼ਨ ਉਤੇ ਕੰਮ ਕਰਨ ਲਈ ਕੈਸ਼ੀਅਰ ਦੀ ਲੋੜ ਹੈ। ਇਸ ਤੋਂ ਬਿਨਾ ਪੰਜਾਬੀ ਢਾਬੇ ਉਤੇ ਕੰਮ ਕਰਨ ਲਈ ਕੁਕ ਅਤੇ ਵੇਟਰ ਸਟਾਫ ਦੀ ਲੋੜ ਹੈ।

**ਕਾਲ ਕਰੋ:**

**832-512-7172**


## ਲੋਗਨ ਹਾਈ ਸਕੂਲ ਵਿਚ ਵਿਸਾਖੀ ਮਨਾਈ

**ਫ਼ਰੀਮਾਂਟ:** ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਵਿਚ ਪੰਜਾਬੀ ਕਲਾਸ ਦੇ ਵਿਦਿਆਰਥੀਆਂ ਨੇ ਗੁਰਦੁਆਰਾ ਫ਼ਰੀਮਾਂਟ ਦੇ ਸਹਿਯੋਗ ਨਾਲ ਆਪਣੇ ਅਧਿਆਪਕ ਸ. ਹਰਪਾਲ ਸਿੰਘ ਰਾਣਾ ਦੀ ਅਗਵਾਈ ਹੇਠ ਲੰਘੇ ਸ਼ੁਕਰਵਾਰ ਨੂੰ ਵਿਸਾਖੀ ਮਨਾਈ। ਹਰ ਸਾਲ ਇਸ ਮੌਕੇ ਤੇ ਪੰਜਾਬੀ ਕਲਾਸ ਦੇ ਵਿਦਿਆਰਥੀ ਆਪਣੇ ਅਧਿਆਪਕਾਂ ਨੂੰ ਦੁਪਹਿਰ ਦਾ ਭੋਜਨ ਛਕਾਉਂਦੇ ਹਨ ਜੋ ਗੁਰਦੁਆਰਾ ਫ਼ਰੀਮਾਂਟ ਦੀ ਕਮੇਟੀ ਦੇ ਸਹਿਯੋਗ ਨਾਲ ਵਿਦਿਆਰਥੀ ਖੁਦ ਤਿਆਰ ਕਰਦੇ ਹਨ।

ਇਸ ਵੇਰਾਂ ਵਿਦਿਆਰਥੀਆਂ ਨੇ ਇਹ ਦਿਨ "ਅਸੀਂ ਸਾਰੇ ਸਿੱਖ ਹਾਂ" ਕਰਕੇ ਅਮਰੀਕਨ ਸਿੱਖ ਡੇ ਮਨਾਇਆ। ਮਨਪ੍ਰੀਤ ਬੜੈਚ, ਇੰਦਰਦੀਪ ਸੰਧਰ, ਅੰਜਲੀਕਾ ਲਾਲ ਤੇ ਸਮੀਤ ਝੱਜ ਨੇ ਸਟੇਜ ਤੋਂ ਵਿਸਾਖੀ ਦੀ ਮਹਾਨਤਾ ਬਾਰੇ ਦਸਿਆ। ਨਾਲ ਹੀ ਉਨ੍ਹਾਂ ਨੇ ਸਿੱਖ ਵਿਦਿਆਰਥੀਆਂ ਨੂੰ ਸਕੂਲਾਂ ਵਿਚ ਆ ਰਹੀਆਂ ਮੁਸ਼ਕਲਾਂ ਦੀ ਗੱਲ ਕੀਤੀ। ਗੁਰਦੁਆਰਾ ਫਰੀਮਾਂਟ ਦੇ ਕਮੇਟੀ ਮੈਂਬਰਾਂ ਨੇ ਵੀ ਹਾਜਰੀ ਭਰੀ। ਸ. ਜਸਵਿੰਦਰ ਸਿੰਘ ਜੰਡੀ ਨੇ ਕਮੇਟੀ ਵਲੋਂ ਟੀਚਰਾਂ ਅਤੇ ਸਟਾਫ਼ ਦਾ ਸਹਿਯੋਗ ਲਈ ਧੰਨਵਾਦ ਕੀਤਾ। ਬੱਚਿਆਂ ਨੇ ਸਿੱਖੀ ਬਾਰੇ ਅਤੇ ਦੂਜੀਆਂ ਕੌਮਾਂ ਤੋਂ ਮਿਲ ਰਹੇ ਸਹਿਯੋਗ ਬਾਰੇ ਕੁਝ ਵੀਡਿਉ ਫਿਲਮਾਂ ਦਿਖਾਈਆਂ। ਸਟੇਜ ਸੰਚਾਲਨ ਅਮਨਪ੍ਰੀਤ ਫ਼ਲੋਰਾ ਤੇ ਵੀਡਿਉ ਦੀ ਸੇਵਾ ਜਸ਼ਨਪ੍ਰੀਤ ਸਿੰਘ, ਗਨੀਮਤ ਸਿੰਘ ਸਮਰਾ ਅਤੇ ਜਸਮੀਤ ਸਿੰਘ ਨੇ ਨਿਭਾਈ। ਬੱਚਿਆਂ ਨੇ ਗਿਧੇ-ਭੰਗੜੇ ਪਾ ਕੇ ਵੀ ਸਾਰੇ ਦਰਸ਼ਕਾਂ ਨੂੰ ਖੁਸ਼ ਕੀਤਾ।

ਸ. ਹਰਪਾਲ ਸਿੰਘ ਨੇ ਦਸਿਆ ਕਿ ਅਧਿਆਪਕਾਂ ਅਤੇ ਸਟਾਫ਼ ਨੇ ਸਿੱਖੀ ਬਾਰੇ ਜਾਣਕਾਰੀ ਦੇਣ ਵਾਸਤੇ ਪੰਜਾਬੀ ਕਲਾਸ ਦੇ ਬੱਚਿਆਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਵਿਸ਼ਵਾਸ ਦਿਵਾਇਆ ਕਿ ਬੱਚਿਆਂ ਦੇ ਹਕਾਂ ਦੀ ਰਾਖੀ ਲਈ ਉਹ ਹਰ ਕਿਸਮ ਦੀ ਮਦਦ ਕਰਨਗੇ। ਅਧਿਆਪਕ ਇਹ ਵੀ ਮਹਿਸੂਸ ਕਰਦੇ ਹਨ ਕਿ ਦੂਜੇ ਧਰਮਾਂ ਦੇ ਮੁਕਾਬਲੇ ਸਾਨੂੰ ਅਜੇ ਵੀ ਕਿਤੇ ਹੋਰ ਜਿਆਦਾ ਹੀਲੇ ਦੀ ਲੋੜ ਹੈ। ਲੋਗਨ ਸਕੂਲ ਵਿਚ ਚੀਨੀ ਭਾਸ਼ਾ ਪੰਜਾਬੀ ਸ਼ੁਰੂ ਹੋਣ ਤੋਂ ਬਾਦ ਲਾਗੂ ਕੀਤੀ ਗਈ ਸੀ। ਅਜ ਚੀਨੀ ਭਾਸ਼ਾ ਦੇ ਤਿੰਨ ਤੋਂ ਵਧਕੇ ਛੇ ਸੈਕਸ਼ਨ ਹਨ, ਪਰ ਪੰਜਾਬੀ ਦੇ ਕੇਵਲ ਤਿੰਨ ਸੈਕਸ਼ਨ ਹੀ ਚਲੇ ਆ ਰਹੇ ਹਨ ਹਾਲਾਂ ਕਿ ਪਿਛਲੇ ਦੋ ਸਾਲਾਂ ਤੋਂ ਸਕੂਲ ਦੀ ਪ੍ਰਿੰਸੀਪਲ ਖੁਦ ਗੁਰਦੁਆਰੇ ਜਾ ਕੇ ਅਪੀਲ ਕਰਕੇ ਆਈ ਹੈ।

## ਬੱਚਿਆਂ ਨਾਲ ਬਦਫੈਲੀ ਕਰਨ ਦਾ ਦੋਸ਼ੀ ਗ੍ਰਿਫਤਾਰ

**ਟੋਰਾਂਟੋ:** ਟੋਰਾਂਟੋ ਪੁਲਿਸ ਨੇ ਕੈਲੀਫੋਰਨੀਆ ਵਾਸੀ ਤੇਜਿੰਦਰ ਸਿੰਘ ਬੇਦੀ ਨਾਂ ਦੇ ਇਕ 38 ਸਾਲਾ ਵਿਅਕਤੀ ਨੂੰ ਬਰੈਂਪਟਨ ਦੇ ਇਕ ਘਰ ਤੋਂ ਗ੍ਰਿਫਤਾਰ ਕੀਤਾ ਹੈ ਜਿਸ ਉਪਰ ਬੱਚਿਆਂ ਨਾਲ ਬਦਫੈਲੀ ਕਰਨ ਦੇ ਦੋਸ਼ ਹਨ ਅਤੇ ਉਹ ਐਫ ਬੀ ਆਈ ਮਾਰਚ ਮਹੀਨੇ ਤੋਂ ਉਸ ਦੀ ਤਲਾਸ਼ ਵਿਚ ਸੀ।

ਪੁਲਿਸ ਸੂਤਰਾਂ ਅਨੁਸਾਰ ਬੇਦੀ ਨੂੰ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਬਦਫੈਲੀ ਕਰਨ ਦੇ ਦੋ ਮਾਮਲਿਆਂ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਕੈਲੀਫੋਰਨੀਆ ਦੀ ਕੌਂਟਰਾ ਕੋਸਟਾ ਕਾਊਂਟੀ ਦਾ ਦੋਸ਼ ਸੀ ਕਿ ਸਜਾ ਸੁਣਾਏ ਜਾਣ ਤੋਂ ਪਹਿਲਾਂ ਹੀ ਉਹ ਟੋਰਾਂਟੋ ਭੱਜ ਗਿਆ। ਬੇਦੀ ਹੁਣ ਟੋਰਾਂਟੋ ਜੇਲ੍ਹ ਵਿਚ ਹੈ ਅਤੇ ਉਸ ਨੂੰ ਅਮਰੀਕਾ ਹਵਾਲੇ ਕੀਤਾ ਜਾਵੇਗਾ।


***To Advertise with us call: 847-359-0746***





## Guaranteed Save $5,000!

**On Your Home Purchase or I will Pay You $1,000 Cash**

Call 24hr for free information 1-888-450-6603, ID 4008

Priority Access to Hot New Listing. Visit www.FreeHotListings.net

**Amardeep Singh, Realtor/Loan Broker (DRE # 01357217) Ph:(916) 712-2735**



**$169,000**
**ANATOLIA - $645 Payment**
Quite street!. Bright living & family room. Perfect home. Private Shaded backyard. Cozy fireplace. Beautiful
**FREE INFO: 1-888-450-6603**
ID # 4230



**$165,000**
**NATOMAS - $630 Payment**
Why Rent? Starter Home. Open Floor Plan.Bright Living Rooms. Cozy Den, Comfortable. Eat in Kitchen.
**FREE INFO: 1-888-450-6603**
ID # 4231



**$148,000**
**ANTELOPE - $562 Payment**
Great Investment! Wonderful Area. Best schools. Walking distance to parks. Family home. Private back yard.
**FREE INFO: 1-888-450-6603**
ID # 4232



**$109,000**
**CALVINE - $416 Payment**
Location–Lively. Comfortable. Safe Neighborhood. Don't Miss. What A Deal.Easy access to Hwy 99 and College
**FREE INFO: 1-888-450-6603,**
ID # 4233



**$155,000**
**VINTAGE - $591 Payment**
Great Opportunity. First time home buyer. Walking distance to school, park, and shopping. Clean. Safe Area.
**FREE INFO: 1-888-450-6603**
ID # 4234



**$189,900**
**Natomas - $721 Payment**
Bank Owned. New Home. Excellent School District. Family room. Bright living room. Cozy den. Granite Counters
**FREE INFO: 1-888-450-6603**
ID # 4235



**$119,000**
**SACRAMENTO - $454 Payment**
Safe Neighborhood. Desirable Location. Private Yard. Open Layout. Family Beautiful Home
**FREE INFO: 1-888-450-6603,**
ID # 4236



**$229,000**
**ANATOLIA - $874 Payment**
New community. Good Schools. Walking distance to park. One Bed and one bath down stairs. Fire Place. Shaded Backyard.
**FREE INFO: 1-888-450-6603**
ID # 4237



**$240,000**
**ELK GROVE - $916 Payment**
Great School District. Cul de sac Location. Wooden and Tile Floor. Maintained landscaped. Upgrade kitchen. 4 Bed.
**FREE INFO: 1-888-450-6603**
ID # 4238



**$229,000**
**ROCKLIN - $874 Payment**
Beautiful home on a corner lot. Open floor plan with large family room. Upgraded kitchen. First time buyer delight.
**FREE INFO: 1-888-450-6603**
ID # 4239



**$210,000**
**ELK GROVE - $802 Payment**
Lovely home. 4 bedroom. Great schools. Private yard. Perfect for family. Quite Street.Wonderful Area. Desirable.
**FREE INFO: 1-888-450-6603**
ID #4240




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਸਿਆਸੀ ਹਿੱਲਜੁਲ

ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਿਆਦ 30 ਅਗਸਤ 2009 ਨੂੰ ਖ਼ਤਮ ਹੋ ਗਈ ਸੀ ਪਰ ਸਿਆਸੀ ਗਿਣਤੀ-ਮਿਣਤੀ ਕਾਰਨ ਚੋਣ ਕਰਾਉਣ ਦਾ ਮਾਮਲਾ ਲਗਾਤਾਰ ਟਲਦਾ ਆ ਰਿਹਾ ਹੈ।

ਗੁਰਦੁਆਰਾ ਚੋਣ ਕਮਿਸ਼ਨ ਨੇ ਕੇਂਦਰੀ ਗ੍ਰਹਿ ਮੰਤਰਾਲੇ ਕੋਲ 29 ਮਈ ਨੂੰ ਚੋਣ ਕਰਾਉਣ ਦੀ ਸਿਫਾਰਸ਼ ਕੀਤੀ ਸੀ ਪਰ ਇਸ ਤਾਰੀਖ਼ ਨੂੰ ਚੋਣ ਹੋਣ ਦੇ ਆਸਾਰ ਨਜ਼ਰ ਨਹੀਂ ਆ ਰਹੇ। ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਤਿੰਨ ਹਫ਼ਤੇ ਪਹਿਲਾਂ ਚੋਣਾਂ ਦੀ ਸੰਭਾਵਤ ਤਾਰੀਖ ਲਈ ਭੇਜੇ ਪੱਤਰ ਬਾਰੇ ਕੇਂਦਰ ਸਰਕਾਰ ਨੇ ਅਜੇ ਕੋਈ ਫੈਸਲਾ ਨਹੀਂ ਲਿਆ। ਕੇਂਦਰੀ ਗ੍ਰਹਿ ਮੰਤਰਾਲੇ ਦੇ ਸੂਤਰਾਂ ਦਾ ਕਹਿਣਾ ਹੈ ਕਿ ਨੇੜ ਭਵਿੱਖ ਵਿਚ ਇਸ ਮੁੱਦੇ 'ਤੇ ਕੋਈ ਮੀਟਿੰਗ ਨਹੀਂ ਰੱਖੀ ਗਈ। ਗੁਰਦੁਆਰਾ ਚੋਣ ਕਮਿਸ਼ਨ ਨੇ ਕੇਂਦਰ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਇਹ ਦੂਜਾ ਪੱਤਰ ਲਿਖਿਆ ਹੈ। ਇਸ ਤੋਂ ਪਹਿਲਾਂ ਕਮਿਸ਼ਨ ਨੇ ਚੋਣਾਂ ਲਈ 8 ਮਈ ਦੀ ਤਾਰੀਖ ਮੰਗੀ ਸੀ ਪਰ ਗ੍ਰਹਿ ਮੰਤਰਾਲੇ ਨੇ ਉਸ ਵੇਲੇ ਕੁਝ ਸਿੱਖ ਜਥੇਬੰਦੀਆਂ ਦੇ ਇਤਰਾਜ ਦੂਰ ਕਰਨ ਦੀ ਸਲਾਹ ਦੇ ਕੇ ਚੋਣਾਂ ਦੀ ਤਾਰੀਖ ਦੇਣ ਤੋਂ ਟਾਲਾ ਵੱਟ ਲਿਆ ਸੀ। ਜ਼ਿਕਰਯੋਗ ਹੈ ਕਿ ਚੋਣਾਂ ਤੋਂ 45 ਦਿਨ ਪਹਿਲਾਂ ਨੋਟੀਫਿਕੇਸ਼ਨ ਜਾਰੀ ਕੀਤਾ ਜਾਂਦਾ ਹੈ।

ਦੂਜੇ ਪਾਸੇ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਕਮੇਟੀ ਦੀਆਂ ਚੋਣਾਂ ਲਈ ਆਪਣੇ ਪੱਧਰ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਕਮਿਸ਼ਨ ਵੱਲੋਂ ਡਿਪਟੀ ਕਮਿਸ਼ਨਰਾਂ ਤੇ ਹੋਰ ਅਧਿਕਾਰੀਆਂ ਨੂੰ ਚੋਣਾਂ ਲਈ ਤਿਆਰ ਰਹਿਣ ਦਾ ਪੱਤਰ ਮੁੜ ਤੋਂ ਲਿਖਿਆ ਗਿਆ ਹੈ। ਕਮਿਸ਼ਨ ਮੁਤਾਬਕ ਚੋਣਾਂ ਲਈ ਰਾਜ ਭਰ ਵਿਚ 11 ਹਜ਼ਾਰ ਬੂਥ ਬਣਾਏ ਗਏ ਹਨ ਜਦੋਂਕਿ 120 ਸੀਟਾਂ ਲਈ ਵੋਟਾਂ ਪੈਣਗੀਆਂ। ਇਸ ਵਾਰ ਕਮੇਟੀ ਦੀਆਂ ਚੋਣਾਂ ਵਿਚ 56 ਲੱਖ ਦੇ ਕਰੀਬ ਵੋਟਰ ਆਪਣੇ ਹੱਕ ਦਾ ਇਸਤੇਮਾਲ ਕਰਨਗੇ।

ਉਧਰ ਜਾਅਲੀ ਵੋਟਾਂ ਬਣਾਉਣ, ਤਸਵੀਰ ਵਾਲੇ ਸ਼ਨਾਖ਼ਤੀ ਕਾਰਡ ਨਾ ਬਣਾਉਣ ਤੇ ਹਿੰਦੂਆਂ ਤੇ ਈਸਾਈਆਂ ਦੇ ਨਾਂ ਵੋਟਰ ਸੂਚੀਆਂ ਵਿਚ ਸ਼ਾਮਲ ਕਰਨ ਵਿਰੁਧ ਸਿੱਖ ਜਥੇਬੰਦੀਆਂ ਦੇ ਡੇਢ ਦਰਜਨ ਸਿੱਖ ਆਗੂਆਂ ਨੇ ਗੁਰਦਵਾਰਾ ਚੋਣ ਕਮਿਸ਼ਨ ਅੰਦਰ ਧਰਨਾ ਦਿੱਤਾ, ਨਾਹਰੇ ਲਾਏ ਤੇ ਚੀਫ਼ ਕਮਿਸ਼ਨਰ ਹਰਫੂਲ ਸਿੰਘ ਬਰਾੜ ਨਾਲ ਬਹਿਸ ਕੀਤੀ। ਇਨ੍ਹਾਂ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਵੱਲੋਂ ਉਠਾਏ ਇਤਰਾਜ਼ਾਂ 'ਤੇ ਪੋਚਾ-ਪਾਚੀ ਹੀ ਕਰਨੀ ਹੈ ਤਾਂ ਉਹ ਸੱਤਾਧਾਰੀ ਅਕਾਲੀ ਦਲ ਨਾਲ ਚੋਣ ਕਮਿਸ਼ਨ ਦੀ ਗੰਢਤੁੱਪ ਦਾ ਪਰਦਾਫ਼ਾਸ਼ ਕਰ ਕੇ ਮਾਮਲਾ ਸਿੱਖਾਂ ਦੀ ਕਚਹਿਰੀ ਵਿਚ ਲਿਜਾਣਗੇ। ਉਨ੍ਹਾਂ ਵੱਲੋਂ ਸਖ਼ਤ ਇਤਰਾਜ਼ ਉਠਾਏ ਗਏ ਕਿ ਗੁਰਦਵਾਰਾ ਚੋਣ ਕਮਿਸ਼ਨ ਨੇ ਸਿੱਖ ਜਥੇਬੰਦੀਆਂ ਦੀਆਂ ਲਿਖਤੀ ਸ਼ਿਕਾਇਤਾਂ ਤੇ ਮੰਗਾਂ 'ਤੇ ਸਿਰਫ ਪੋਚਾ-ਪਾਚੀ ਹੀ ਕੀਤੀ ਹੈ।

## ਕਲਕੱਤਾ ਵੱਲੋਂ ਪ੍ਰਧਾਨ ਮੰਤਰੀ ਕੋਲ ਪਹੁੰਚ

ਉਧਰ ਸ਼੍ਰੋਮਣੀ ਕਮੇਟੀ ਚੋਣਾਂ ਦੀ ਪ੍ਰਕ੍ਰਿਆ ਵਿਚ ਪਾਈਆਂ ਜਾ ਰਹੀਆਂ ਤਰੁੱਟੀਆਂ ਨੂੰ ਲੈ ਕੇ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਗੁਰਦੁਆਰਾ ਚੋਣਾਂ ਨੂੰ ਆਜ਼ਾਦਾਨਾ ਤੇ ਪਾਰਦਰਸ਼ੀ ਬਣਾਉਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਜ਼ਰੂਰੀ ਹਦਾਇਤਾਂ ਦਿੱਤੀਆਂ ਜਾਣ। ਸ. ਕਲਕੱਤਾ ਅਨੁਸਾਰ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਫਾਰਮ ਜਾਰੀ ਹੋਣ, ਅਖੀਰਲੇ ਸੱਤ ਦਿਨਾਂ ਵਿਚ 36 ਲੱਖ ਵੋਟਰ ਫਾਰਮ ਜਮ੍ਹਾ ਕੀਤੇ ਜਾਣ ਤੇ ਤਰੁੱਟੀਆਂ ਭਰਪੂਰ ਵੋਟਰ ਸੂਚੀਆਂ ਜਾਰੀ ਕੀਤੇ ਜਾਣ ਬਾਰੇ ਉਨ੍ਹਾਂ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਨੂੰ ਪੱਤਰ ਲਿਖੇ ਹਨ ਪਰ ਚੋਣ ਕਮਿਸ਼ਨ ਨੇ ਇਨ੍ਹਾਂ ਦੀ ਪਰਵਾਹ ਨਹੀਂ ਕੀਤੀ। ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਵੱਲੋਂ ਕੋਈ ਜਵਾਬ ਨਾ ਦਿੱਤੇ ਜਾਣ ਤੇ ਲੋੜੀਂਦੀ ਕਾਰਵਾਈ ਨਾ ਕੀਤੇ ਜਾਣ 'ਤੇ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਵੀ ਪੱਤਰ ਲਿਖੇ ਹਨ ਪਰ ਅਜੇ ਤੱਕ ਕੋਈ ਕਾਰਵਾਈ ਸਾਹਮਣੇ ਨਹੀਂ ਆਈ। ਸ. ਕਲਕੱਤਾ ਨੇ ਸਪੱਸ਼ਟ ਲਿਖਿਆ ਹੈ ਕਿ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਅਕਾਲੀ-ਭਾਜਪਾ ਸਰਕਾਰ ਤੇ ਆਰ.ਐਸ.ਐਸ. ਦੇ ਪ੍ਰਭਾਵ ਹੇਠ ਹਨ।



ਸ. ਕਲਕੱਤਾ ਨੇ ਪ੍ਰਧਾਨ ਮੰਤਰੀ ਨੂੰ ਲਿਖਿਆ ਹੈ ਕਿ ਮੁੱਖ ਚੋਣ ਕਮਿਸ਼ਨਰ ਦੇ ਇਕਪਾਸੜ ਵਤੀਰੇ ਤੋਂ ਤੰਗ ਆ ਕੇ ਪੰਜਾਬ ਦੀਆਂ ਵੱਖ ਵੱਖ ਪੰਥਕ ਜਥੇਬੰਦੀਆਂ ਨੇ ਉਸ ਵਿਰੁਧ ਬੇਭਰੋਸਗੀ ਦਾ ਮਤਾ ਪਾਸ ਕਰ ਦਿੱਤਾ ਹੈ। ਉਨ੍ਹਾਂ ਪ੍ਰਧਾਨ ਮੰਤਰੀ 'ਤੇ ਜ਼ੋਰ ਦਿੱਤਾ ਹੈ ਕਿ ਗੁਰਦੁਆਰਾ ਚੋਣਾਂ ਪਾਰਦਰਸ਼ੀ ਤੇ ਅਜ਼ਾਦਾਨਾ ਕਰਾਉਣ ਦਾ ਇਕੋ ਇਕ ਹੱਲ ਵੋਟਰਾਂ ਲਈ ਫੋਟੋ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਣਾ ਹੈ ਪਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਮਨਜੀਤ ਸਿੰਘ ਕਲਕੱਤਾ ਦੀ ਆਲੋਚਨਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਲਈ ਬਣਨ ਵਾਲੀਆਂ ਵੋਟਾਂ ਲਈ ਵਰਤੇ ਵੋਟਰ ਫਾਰਮ ਉਹ ਹੀ ਹਨ ਜੋ 1960 ਤੋਂ 2004 ਤੱਕ ਹੋਈਆਂ ਚੋਣਾਂ ਲਈ ਵਰਤੇ ਸਨ।

# ਸੁਰੇਸ਼ ਕਲਮਾਡੀ ਚੁਫੇਰਿਓਂ ਘਿਰਿਆ

*(ਸਫਾ ਇਕ ਦੀ ਬਾਕੀ)*

ਹੀ ਇਸ ਕੇਸ 'ਚ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਸੀ.ਬੀ.ਆਈ. ਨੇ ਦੋਸ਼ ਲਾਇਆ ਹੈ ਕਿ ਰਾਸ਼ਟਰਮੰਡਲ ਖੇਡ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੇ ਸਵਿਟਜ਼ਰਲੈਂਡ ਦੀ ਪ੍ਰਾਈਵੇਟ ਫਰਮ ਦੇ ਨੁਮਾਇੰਦਿਆਂ ਨਾਲ ਗੰਢ-ਤੁੱਪ ਕਰਕੇ ਹੋਰਾਂ ਸਪਲਾਇਰਾਂ ਨੂੰ ਮੁਕਾਬਲੇ ਤੋਂ ਲਾਂਭੇ ਕਰਕੇ ਟੀ.ਐਸ.ਆਰ. ਦਾ ਠੇਕਾ ਗ਼ਲਤ ਤੇ ਗਿਣੇਮਿਥੇ ਢੰਗ ਰਾਹੀਂ ਦਿੱਤਾ ਸੀ। ਜਾਂਚ ਤੋਂ ਪਤਾ ਚੱਲਿਆ ਹੈ ਕਿ ਟੀ.ਐਸ.ਆਰ. ਦੇ ਸੰਭਾਵੀ ਬੋਲੀਕਾਰਾਂ ਨੂੰ ਸੂਚੀਬੱਧ ਕਰਨ ਲਈ ਬਣੀ ਕਮੇਟੀ ਵਿਚ ਚਹੇਤੇ ਅਫ਼ਸਰ ਪਾਏ ਗਏ ਸਨ।

ਰਾਸ਼ਟਰਮੰਡਲ ਖੇਡ ਪ੍ਰਾਜੈਕਟਾਂ 'ਚ ਘਪਲਿਆਂ ਬਾਰੇ ਸੀ.ਬੀ.ਆਈ. ਨੇ ਹੁਣ ਤੱਕ ਅੱਠ ਕੇਸ ਦਰਜ ਕੀਤੇ ਹਨ ਜਿਨ੍ਹਾਂ 'ਚੋਂ ਤਿੰਨ ਖੇਡ ਸਥਲਾਂ ਦੀ ਮੁਰੰਮਤ ਨਾਲ ਸਬੰਧਤ ਹਨ, ਦੋ ਕੇਸ ਕੁਈਨਜ਼ ਬੈਟਨ ਰਿਲੇਅ ਨਾਲ, ਇਕ-ਇਕ ਕੇਸ ਵਾਧੂ ਕਾਰਜਾਂ, ਸਵਿਸ ਟਾਈਮ ਕੀਪਿੰਗ ਨੂੰ ਠੇਕਾ ਦੇਣ ਤੇ ਖੇਡਾਂ ਦੀ ਕਵਰੇਜ ਲਈ ਐਸ.ਆਈ.ਐਸ. ਲਾਈਵ ਨੂੰ ਠੇਕਾ ਦੇਣ ਨਾਲ ਸਬੰਧਤ ਹਨ।

ਕਲਮਾਡੀ ਤੋਂ ਪਿਛਲੇ ਸਾਲ ਦਸੰਬਰ ਵਿਚ ਉਸ ਦੀ ਰਿਹਾਇਸ਼ 'ਤੇ ਪਹਿਲੀ ਵਾਰ ਪੁੱਛ-ਪੜਤਾਲ ਹੋਈ ਸੀ ਤੇ ਫਿਰ 5 ਜਨਵਰੀ ਨੂੰ ਸੀ.ਬੀ.ਆਈ. ਹੈਡਕੁਆਰਟਰਜ਼ ਤੇ ਤੀਜੀ ਵਾਰ 10 ਮਾਰਚ ਨੂੰ ਕੀਤੀ ਗਈ ਸੀ। ਕਲਮਾਡੀ ਨੇ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਫ਼ੈਸਲੇ ਲੈਣ ਦੇ ਅਮਲ ਵਿਚ ਉਹ ਇਕੱਲਾ ਨਹੀਂ ਸੀ। ਕੁਈਨ ਬੈਟਨ ਰਿਲੇਅ ਨਾਲ ਸਬੰਧਤ ਕੇਸ ਦੀ ਜਾਂਚ ਲਈ ਸੀ.ਬੀ.ਆਈ. ਦੀ ਦੋ ਮੈਂਬਰੀ ਟੀਮ ਲੰਡਨ ਗਈ ਹੋਈ ਹੈ।

## ਕਾਂਗਰਸ ਤੇ ਡੀ. ਐਮ. ਕੇ. 'ਚ ਮੁੜ ਖੜਕਣ ਦੇ ਆਸਾਰ

*(ਸਫਾ ਇਕ ਦੀ ਬਾਕੀ)*

ਹੈ। ਉਂਜ ਜਾਂਚ ਏਜੰਸੀ ਨੇ ਆਪਣੀ ਪੂਰਕ ਚਾਰਜਸ਼ੀਟ ਵਿਚ ਕਰੁਣਾਨਿਧੀ ਦੀ ਪਤਨੀ ਦਿਆਲੂ ਅਮਾਲ ਦਾ ਨਾਂ ਨਹੀਂ ਲਿਆ ਜਿਨ੍ਹਾਂ ਦਾ ਨਾਂ ਪਹਿਲਾਂ ਜਾਂਚ ਦੌਰਾਨ ਆਇਆ ਸੀ। ਇਹ ਅਦਾਲਤੀ ਸੰਮਨ 25 ਅਪਰੈਲ ਨੂੰ ਸੀ.ਬੀ.ਆਈ. ਵੱਲੋਂ 2-ਜੀ ਸਪੈਕਟ੍ਰਮ ਕੇਸ ਵਿਚ ਦੂਜੀ ਚਾਰਜਸ਼ੀਟ ਦਾਇਰ ਕਰਨ ਤੋਂ ਬਾਅਦ ਜਾਰੀ ਕੀਤੇ ਗਏ। ਅਦਾਲਤ ਨੇ ਸੀ.ਬੀ.ਆਈ. ਨੂੰ ਸਵੈਨ ਟੈਲੀਕਾਮ ਦੇ ਪ੍ਰਮੋਟਰ ਸ਼ਾਹਿਦ ਉਸਮਾਨ ਬਲਵਾ ਦੇ ਚਚੇਰੇ ਭਰਾ ਆਸਿਫ ਬਲਵਾ ਤੇ ਕੁਸੇਗਾਓਂ ਫਰੂਟਸ ਐਂਡ ਵੈਜੀਟੇਬਲਜ਼ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਰਾਜੀਵ ਅਗਰਵਾਲ ਨੂੰ ਪੇਸ਼ ਕਰਨ ਦੀ ਹਦਾਇਤ ਕੀਤੀ ਹੈ। ਚਾਰਜਸ਼ੀਟ ਵਿਚ ਕਨੀਮੋਝੀ ਦੇ ਨਾਲ ਇਨ੍ਹਾਂ ਦੋਵਾਂ ਦੇ ਨਾਂ ਵੀ ਸ਼ਾਮਲ ਹਨ ਤੇ ਕੁਸੇਗਾਓਂ ਫਰਮ ਦੇ ਦੋਵੇਂ ਡਾਇਰੈਕਟਰ ਇਸ ਵੇਲੇ ਨਿਆਂਇਕ ਹਿਰਾਸਤ ਵਿਚ ਹਨ।

ਸੀ.ਬੀ.ਆਈ. ਨੇ ਕਨੀਮੋਝੀ ਖ਼ਿਲਾਫ਼ ਹੋਰਾਂ ਮੁਲਜ਼ਮਾਂ ਨਾਲ ਰਲ ਕੇ ਮੁਜ਼ਰਮਾਨਾ ਸਾਜ਼ਿਸ਼ ਰਚਣ ਤੇ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਦੀ ਧਾਰਾ 7 ਤੇ 11 ਤਹਿਤ ਦੋਸ਼ ਆਇਦ ਕੀਤੇ ਹਨ। ਚਾਰਜਸ਼ੀਟ ਅਨੁਸਾਰ ਕੇਸ ਦੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਪੈਸਾ ਡੀ.ਬੀ. ਰਿਅਲਿਟੀ ਤੋਂ ਕਲਾਇਗਨਾਰ ਟੀ.ਵੀ. ਨੂੰ ਭਿਜਵਾਇਆ ਗਿਆ ਸੀ। ਇਸ ਟੀ.ਵੀ. ਚੈਨਲ ਵਿਚ ਕਨੀਮੋਝੀ, ਦਿਆਲੂ ਅਮਾਲ ਤੇ ਸ਼ਰਦ ਕੁਮਾਰ ਦੇ ਕ੍ਰਮਵਾਰ 20, 60 ਤੇ 20 ਫੀਸਦੀ ਸ਼ੇਅਰ ਹਨ।

# ਅਫਸਰਸ਼ਾਹੀ ਦਾ ਰੁਖ਼ ਹੁਣ ਸਿਆਸਤ ਵੱਲ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪ੍ਰਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ ਤੇ ਪੰਜਾਬ ਪੁਲਿਸ ਦੇ ਮੁਖੀ ਪਰਮਦੀਪ ਸਿੰਘ ਗਿੱਲ ਵੀ ਪੰਜਾਬ ਦੀ ਸਰਗਰਮ ਸਿਆਸਤ 'ਚ ਕਿਸਮਤ ਅਜ਼ਮਾਉਣ ਲਈ ਤਿਆਰ ਬਰ ਤਿਆਰ ਹਨ ਤੇ ਸਿਆਸਤ ਦਾ ਸਵਾਦ ਚਖ਼ਣ ਲਈ ਇਹ ਅਗਲੇ ਵਰ੍ਹੇ ਹੋ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਜ਼ੋਰ ਅਜ਼ਮਾਇਸ਼ ਕਰਨਗੇ। ਭਾਵੇਂ ਚੋਣ ਲੜਨ ਬਾਰੇ ਹਾਕਮ ਸ਼੍ਰੋਮਣੀ ਅਕਾਲੀ ਦਲ ਨੇ ਅਜੇ ਤੱਕ ਰਸਮੀ ਐਲਾਨ ਨਹੀਂ ਕੀਤਾ ਪਰ ਇਨ੍ਹਾਂ ਦੋਵਾਂ ਅਧਿਕਾਰੀਆਂ ਦੀਆਂ ਸਰਗਰਮਆਂ ਸਪੱਸ਼ਟ ਸੰਕੇਤ ਦੇ ਰਹੀਆਂ ਹਨ ਕਿ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਗੁਰੂ ਆਪਣੇ ਇਲਾਕੇ ਵਿਚਲੇ ਹੀ ਰਾਖਵੇਂ ਹਲਕੇ ਭਦੌੜ ਅਤੇ ਡੀ.ਜੀ.ਪੀ. ਗਿੱਲ ਮੋਗਾ ਜਾਂ ਬਾਘਾਪੁਰਾਣਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹੋਣਗੇ।

ਸਿਆਸਤ ਵਿਚ ਆਉਣ ਲਈ ਭਾਵੇਂ ਸੇਵਾਮੁਕਤ ਹੋ ਚੁੱਕੇ ਤੇ ਕੁਰਸੀਆਂ 'ਤੇ ਬਿਰਾਜਮਾਨ ਕਈ ਹੋਰ ਅਫਸਰ ਵੀ ਤਰਲੋ-ਮੱਛੀ ਹੋ ਰਹੇ ਹਨ ਪਰ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਸੀਨੀਅਰ ਆਗੂਆਂ ਨੇ ਆਪਣਾ ਨਾਂ ਗੁਪਤ ਰੱਖਦਿਆਂ ਗੁਰੂ ਤੇ ਗਿੱਲ ਨੂੰ ਚੋਣ ਲੜਾਏ ਜਾਣ ਦੀ ਪੁਸ਼ਟੀ ਕੀਤੀ ਹੈ। ਇਹ ਵੱਖਰੀ ਗੱਲ ਹੈ ਕਿ ਇਹ ਦੋਵੇਂ ਅਧਿਕਾਰੀ ਅਜੇ ਖੁੱਲ੍ਹ ਕੇ ਕੁਝ ਨਹੀਂ ਕਹਿ ਰਹੇ। ਅਕਾਲੀ ਦਲ ਦੇ ਉਚ ਸੂਤਰਾਂ ਦਾ ਕਹਿਣਾ ਹੈ ਕਿ ਭਦੌੜ ਤੋਂ ਪਾਰਟੀ ਦੇ ਮੌਜੂਦਾ ਵਿਧਾਇਕ ਬਲਬੀਰ ਸਿੰਘ ਘੁੰਨਸ ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਇਸ਼ਾਰਾ ਕੀਤਾ ਜਾ ਚੁੱਕਿਆ ਹੈ ਕਿ ਉਹ ਭਦੌੜ ਦੀ ਥਾਂ ਨਵੇਂ ਬਣੇ ਰਾਖਵੇਂ ਹਲਕੇ ਮਹਿਲ ਕਲਾਂ ਵਿਚ ਆਪਣੀਆਂ ਰਾਜਸੀ ਸਰਗਰਮੀਆਂ ਚਲਾਉਣ। ਪਾਰਟੀ ਹਲਕਿਆਂ ਮੁਤਾਬਕ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਨੇ ਵੀ ਸ੍ਰੀ ਗੁਰੂ ਨੂੰ ਉਮੀਦਵਾਰ ਬਣਾਉਣ ਬਾਰੇ ਆਪਣੀ ਸਹਿਮਤੀ ਦੇ ਦਿੱਤੀ ਹੈ। ਪਾਰਟੀ ਦਾ ਮੰਨਣਾ ਹੈ ਕਿ ਭਦੌੜ ਵਿਧਾਨ ਸਭਾ ਹਲਕੇ ਦਾ ਚਿਹਰਾ ਮੋਹਰਾ ਬਦਲਣ ਤੋਂ ਬਾਅਦ ਅਕਾਲੀ ਦਲ ਨੂੰ ਨਵਾਂ ਉਮੀਦਵਾਰ ਲਿਆਉਣਾ ਪੈਣਾ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਿਛਲੇ ਮਹੀਨਿਆਂ ਦੌਰਾਨ ਭਦੌੜ ਹਲਕੇ ਵਿਚ ਸੰਗਤ ਦਰਸ਼ਨ ਪ੍ਰੋਗਰਾਮਾਂ ਮੌਕੇ ਸ੍ਰੀ ਗੁਰੂ ਨੂੰ ਲਗਾਤਾਰ ਆਪਣੇ ਨਾਲ ਰੱਖਿਆ। ਮਹੱਤਵਪੂਰਨ ਤੱਥ ਇਹ ਹੈ ਕਿ ਹੋਰੀਂ ਥਾਈਂ ਸ੍ਰੀ ਗੁਰੂ ਕਦੇ ਵੀ ਸੰਗਤ ਦਰਸ਼ਨ ਪ੍ਰੋਗਰਾਮਾਂ ਵਿਚ ਮੁੱਖ ਮੰਤਰੀ ਦੇ ਨਾਲ ਨਹੀਂ ਜਾਂਦੇ। ਇਸ ਤੋਂ ਬਾਅਦ ਬਰਨਾਲਾ ਜ਼ਿਲ੍ਹੇ ਵਿਚ ਸ੍ਰੀ ਗੁਰੂ ਦੀਆਂ ਸਰਗਰਮੀਆਂ 'ਚ ਵੀ ਚੋਖਾ ਵਾਧਾ ਹੋਇਆ ਹੈ। ਇਸ ਆਈ.ਏ.ਐਸ. ਅਧਿਕਾਰੀ ਦਾ ਪਿੰਡ ਖੁੱਡੀ ਖੁਰਦ, ਭਦੌੜ ਵਿਧਾਨ ਸਭਾ ਹਲਕੇ ਵਿਚ ਹੀ ਪੈਂਦਾ ਹੈ।

ਇਥੇ ਜ਼ਿਕਰਯੋਗ ਹੈ ਕਿ ਆਈ.ਏ.ਐਸ. ਵਿਚ ਆਉਣ ਤੋਂ ਪਹਿਲਾਂ ਸ੍ਰੀ ਦਰਬਾਰਾ ਸਿੰਘ ਗੁਰੂ ਆਪਣੇ ਪਿੰਡ ਦੀ ਪੰਚਾਇਤ ਦੇ ਮੈਂਬਰ ਰਹਿ ਚੁੱਕੇ ਹਨ। ਉਨ੍ਹਾਂ ਨੇ ਮਈ 2012 ਵਿਚ ਸੇਵਾਮੁਕਤ ਹੋਣਾ ਹੈ। ਉਨ੍ਹਾਂ ਦੇ ਕਰੀਬੀਆਂ ਦਾ ਕਹਿਣਾ ਹੈ ਕਿ ਅਕਤੂਬਰ ਜਾਂ ਨਵੰਬਰ ਦੇ ਮਹੀਨੇ ਉਹ ਅਹੁਦੇ ਤੋਂ ਅਸਤੀਫ਼ਾ ਦੇ ਕੇ ਰਾਜਸੀ ਪਿੜ ਵਿਚ ਕੁੱਦ ਪੈਣਗੇ। ਡੀ.ਜੀ.ਪੀ. ਪਰਮਦੀਪ ਸਿੰਘ ਗਿੱਲ ਵੀ ਇਕ ਰਾਜਨੀਤਕ ਪਰਿਵਾਰ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਦੇ ਪਿਤਾ ਨਛੱਤਰ ਸਿੰਘ ਗਿੱਲ ਤੇ ਮਾਸੜ ਜਗਰਾਜ ਸਿੰਘ ਗਿੱਲ ਮੋਗਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਰਹੇ। ਡੀ.ਜੀ.ਪੀ. ਨੇ ਪਿਛਲੇ 6 ਮਹੀਨਿਆਂ ਤੋਂ ਮੋਗਾ ਵਿਧਾਨ ਸਭਾ ਹਲਕੇ ਵਿਚ ਸਗਰਮੀਆਂ ਵਧਾਈਆਂ ਹੋਈਆਂ ਹਨ। ਸ੍ਰੀ ਗਿੱਲ ਮੋਗਾ ਜ਼ਿਲ੍ਹੇ ਦੇ ਕੰਮਾਂ ਨਾਲ ਵਿਸ਼ੇਸ਼ ਦਿਲਚਸਪੀ ਲੈਂਦੇ ਹਨ ਤੇ ਉਸ ਇਲਾਕੇ ਦੇ ਸਮਾਜਿਕ-ਧਾਰਮਿਕ ਸਮਾਗਮਾਂ ਵਿਚ ਵੀ ਖੁੱਲ੍ਹ ਕੇ ਸ਼ਿਰਕਤ ਕਰਦੇ ਹਨ। ਉਨ੍ਹਾਂ ਨੇ ਇਸੇ ਸਾਲ ਸਤੰਬਰ ਮਹੀਨੇ ਸੇਵਾ-ਮੁਕਤ ਹੋਣਾ ਹੈ।

ਇਸ ਤੋਂ ਇਲਾਵਾ ਸੇਵਾ ਮੁਕਤ ਹੋ ਚੁੱਕੇ ਕਈ ਪੁਲਿਸ ਅਧਿਕਾਰੀਆਂ ਜਿਨ੍ਹਾਂ ਵਿਚ ਤਿੰਨ ਰਿਟਾਇਰਡ ਡੀ.ਜੀ.ਪੀ. ਸਰਬਦੀਪ ਸਿੰਘ ਵਿਰਕ, ਇਜ਼ਹਾਰ ਆਲਮ ਤੇ ਚੰਦਰ ਸ਼ੇਖਰ ਤੋਂ ਇਲਾਵਾ, ਹਰਿੰਦਰਪਾਲ ਸਿੰਘ ਚਾਹਲ, ਸੁਖਦੇਵ ਸਿੰਘ ਬਰਾੜ ਵੱਲੋਂ ਵੀ ਵਿਧਾਨ ਸਭਾ ਚੋਣਾਂ ਸਮੇਂ ਪਾਰਟੀ ਟਿਕਟਾਂ ਹਾਸਲ ਕਰਨ ਖਾਤਰ ਰਾਜਸੀ ਲੋਕਾਂ ਦੀ ਚੌਕੀ ਭਰੀ ਜਾ ਰਹੀ ਹੈ। ਸ੍ਰੀ ਚਾਹਲ ਤੇ ਸ੍ਰੀ ਬਰਾੜ ਨੇ ਤਾਂ ਪਿਛਲੇ ਦਿਨਾਂ ਦੌਰਾਨ ਆਪਣੇ ਜੱਦੀ ਇਲਾਕਿਆਂ ਵਿਚ ਲੋਕਾਂ ਦਾ ਭਾਰੀ ਇਕੱਠ ਕਰਕੇ ਸ਼ਕਤੀ ਪ੍ਰਦਰਸ਼ਨ ਦੇ ਜ਼ਰੀਏ ਰਾਜਸੀ ਪਾਰਟੀਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਵੀ ਕੀਤੀ। ਉਂਜ ਪੰਜਾਬ ਵਿਚ ਅਫਸਰਾਂ ਦੇ ਸਿਆਸਤ ਅੰਦਰ ਆਉਣ ਦਾ ਕੋਈ ਨਵਾਂ ਰੁਝਾਨ ਵੀ ਨਹੀਂ ਹੈ। ਜ਼ਿਆਦਾਤਰ ਅਫ਼ਸਰ ਤਾਂ ਸੇਵਾ-ਮੁਕਤੀ ਤੋਂ ਬਾਅਦ ਹੀ ਆਏ। ਰੌਚਕ ਤੱਥ ਇਹ ਵੀ ਹੈ ਕਿ ਪੰਜਾਬ ਵਿਚ ਹੁਣ ਤੱਕ ਬਹੁਤ ਘੱਟ ਅਫ਼ਸਰ ਸਿਆਸਤ 'ਚ ਕਾਮਯਾਬ ਹੋਏ ਹਨ। ਆਈ.ਏ.ਐਸ. ਸੋਮ ਪ੍ਰਕਾਸ਼ ਨੇ ਅਹੁਦੇ ਤੋਂ ਅਸਤੀਫਾ ਦੇ ਕੇ ਸਾਲ 2009 ਦੀ ਲੋਕ ਸਭਾ ਚੋਣ ਹੁਸ਼ਿਆਰਪੁਰ ਹਲਕੇ ਤੋਂ ਭਾਜਪਾ ਉਮੀਦਵਾਰ ਵਜੋਂ ਲੜੀ ਪਰ ਹਾਰ ਗਏ। ਡਾ. ਸਵਰਨ ਸਿੰਘ ਆਈ.ਏ.ਐਸ. ਨੇ ਕਾਂਗਰਸ ਦੀ ਟਿਕਟ ਦੀ ਝਾਕ ਵਿਚ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਸੀ। ਪੰਜਾਬ ਪੁਲਿਸ ਦੇ ਸਾਬਕਾ ਮੁਖੀ ਪ੍ਰੀਤਮ ਸਿੰਘ ਭਿੰਡਰ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਗੁਰਦਾਸਪੁਰ ਤੋਂ ਕਾਂਗਰਸ ਦੇ ਉਮੀਦਵਾਰ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਡੇਰਾ ਸਿਰਸਾ ਨੇ ਨਵੀਂ ਸਿਆਸੀ ਰਣਨੀਤੀ ਘੜੀ

## ਪਾਰਟੀ ਦੀ ਬਜਾਏ ਉਮੀਦਵਾਰਾਂ ਮੁਤਾਬਕ ਹੋਵੇਗੀ ਹਮਾਇਤ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਅਗਲੇ ਵਰ੍ਹੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਸਾਰੀਆਂ ਸਿਆਸੀ ਪਾਰਟੀਆਂ ਦੀ ਸਰਗਰਮੀ ਤੇ ਜ਼ੋਰ ਅਜ਼ਮਾਇਸ਼ ਭਾਵੇਂ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਅਹੁਦਾ ਛੱਡ ਦੇਣ ਨਾਲ ਹੀ ਸ਼ੁਰੂ ਹੋ ਗਈ ਸੀ ਪਰ ਹੁਣ ਇਨ੍ਹਾਂ ਚੋਣਾਂ ਲਈ ਜੋ ਹਾਲਾਤ ਬਣ ਰਹੇ ਹਨ ਉਸ ਵਿਚ ਸਾਰੀਆਂ ਹੀ ਪਾਰਟੀਆਂ ਡੇਰਾ ਸਿਰਸਾ ਨਾਲ ਆਪਣੀ ਸਿਆਸੀ ਪੀਂਘ ਪਾਉਣਾ ਚਾਹੁੰਦੀਆਂ ਹਨ।



*ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਸਿਰਸਾ ਡੇਰਾ 'ਚ ਹਾਜ਼ਰੀ ਭਰਦੇ ਹੋਏ। (ਫਾਈਲ ਫੋਟੋ)*

ਡੇਰਾ ਸਿਰਸਾ ਦੇ ਸ਼ਰਧਾਲੂਆਂ ਵੱਲੋਂ ਪਹਿਲਾਂ ਵੀ ਭਾਵੇਂ ਸਿੱਧੇ ਤੌਰ 'ਤੇ ਕਿਸੇ ਪਾਰਟੀ ਨਾਲ ਇਕਜੁੱਟਤਾ ਨਹੀਂ ਦਿਖਾਈ ਪਰ ਪਿਛਲੀਆਂ ਚੋਣਾਂ ਵਿਚ ਜਿਵੇਂ ਮਾਲਵੇ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਸੀ, ਉਸ ਨਾਲ ਇਹ ਸਾਫ ਹੋ ਗਿਆ ਸੀ ਕਿ ਡੇਰਾ ਸਿਰਸਾ ਦੇ ਸ਼ਰਧਾਲੂਆਂ ਦੀਆਂ ਵੋਟਾਂ ਕਿਸੇ ਉਮੀਦਵਾਰ ਦੀ ਹਰ ਜਿੱਤ ਵਿਚ ਭੂਮਿਕਾ ਨਿਭਾ ਸਕਦੀਆਂ ਹਨ। ਇਹੀ ਕਾਰਨ ਹੈ ਕਿ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਬਠਿੰਡਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਹਰਸਿਮਰਤ ਕੌਰ ਬਾਦਲ ਲਈ ਅਕਾਲੀਆਂ ਵੱਲੋਂ ਡੇਰਾ ਸਿਰਸਾ ਦੀਆਂ ਵੋਟਾਂ ਦਾ ਪ੍ਰਬੰਧ ਕੀਤਾ ਗਿਆ ਸੀ। ਹੁਣ ਵੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਡੇਰਾ ਸਿਰਸਾ ਦੇ ਪ੍ਰਬੰਧਕਾਂ ਨਾਲ ਮੁਲਾਕਾਤ ਕੀਤੀ ਜਾ ਚੁੱਕੀ ਹੈ। ਇਸ ਵਾਰ ਡੇਰਾ ਸਿਰਸਾ ਵੱਲੋਂ ਕਿਸੇ ਇਕ ਪਾਰਟੀ ਦੀ ਹਮਾਇਤ ਬਾਰੇ ਸੰਕੇਤ ਦੇਣ ਦੀ ਬਜਾਏ ਹਰ ਵਿਧਾਨ ਸਭਾ ਸੀਟ ਮੁਤਾਬਕ ਉਮੀਦਵਾਰ ਨੂੰ ਹਮਾਇਤ ਕਰਨ ਬਾਰੇ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ।

ਡੇਰਾ ਸਿਰਸਾ ਦੇ ਸੂਤਰਾਂ ਅਨੁਸਾਰ ਚੋਣਾਂ ਦੌਰਾਨ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਪੰਜਾਬ ਪੀਪਲਜ਼ ਪਾਰਟੀ ਦੇ ਉਮੀਦਵਾਰਾਂ ਨੂੰ ਧਿਆਨ 'ਚ ਰੱਖ ਕੇ ਹਮਾਇਤ ਕੀਤੀ ਜਾਵੇਗੀ। ਡੇਰਾ ਸਿਰਸਾ ਦੇ ਰਾਜਨੀਤਕ ਵਿੰਗ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਭਰ ਦੇ ਕਈ ਵਿਧਾਨ ਸਭਾ ਹਲਕਿਆਂ ਦੇ ਦੌਰੇ ਕੀਤੇ ਜਾ ਚੁੱਕੇ ਹਨ ਤੇ ਇਨ੍ਹਾਂ ਦੌਰਿਆਂ ਰਾਹੀਂ ਉਹ ਚੋਣਾਂ ਵਿਚ ਖੜ੍ਹੇ ਹੋਣ ਵਾਲੇ ਉਮੀਦਵਾਰਾਂ ਬਾਰੇ ਡੇਰੇ ਦੇ ਪ੍ਰੇਮੀਆਂ ਤੋਂ ਫੀਡਬੈਕ ਲੈ ਰਹੇ ਹਨ। ਕਾਂਗਰਸ ਵੱਲੋਂ ਸੰਗਰੂਰ ਦੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਤੇ ਵਿਧਾਇਕ ਹਰਮਹਿੰਦਰ ਸਿੰਘ ਜੱਸੀ ਜੋ ਡੇਰਾ ਸਿਰਸਾ ਦੇ ਕਾਫੀ ਨੇੜੇ ਹਨ, ਡੇਰੇ ਨਾਲ ਸੰਪਰਕ ਬਣਾ ਰਹੇ ਹਨ।

ਕੁਝ ਦਿਨ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਡੇਰਾ ਪ੍ਰਬੰਧਕਾਂ ਨਾਲ ਬੈਠਕ ਵੀ ਕੀਤੀ ਜਾ ਚੁੱਕੀ ਹੈ। ਅਕਾਲੀ ਦਲ ਵੱਲੋਂ ਕੁਝ ਸੀਟਾਂ ਲਈ ਤਾਂ ਜੱਸੀ ਦੀ ਮਦਦ ਲਈ ਜਾ ਰਹੀ ਹੈ ਤੇ ਉਂਝ ਅਕਾਲੀ ਉਮੀਦਵਾਰਾਂ ਦੀ ਹਮਾਇਤ ਲਈ ਪੰਜਾਬ ਦੇ ਸੀਨੀਅਰ ਪੁਲਿਸ ਅਧਿਕਾਰੀ ਨੂੰ ਡੇਰਾ ਸਿਰਸਾ ਨਾਲ ਤਾਲਮੇਲ ਬਣਾਉਣ ਲਈ ਡਿਊਟੀ ਲਾਈ ਹੋਈ ਹੈ। ਮਾਲਵੇ ਵਿਚ ਹੀ ਆਪਣਾ ਵਧੇਰੇ ਪ੍ਰਭਾਵ ਰੱਖਣ ਵਾਲੇ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਵੀ ਡੇਰਾ ਸਿਰਸਾ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ। ਮਾਲਵੇ ਵਿਚ ਮਨਪ੍ਰੀਤ ਸਿੰਘ ਬਾਦਲ ਵੱਲੋਂ ਇਕ ਵੱਖਰਾ ਧੜਾ ਬਣਾਉਣ ਨਾਲ ਹੁਣ ਇਹ ਆਸਾਰ ਬਣਦੇ ਨਜ਼ਰ ਆ ਰਹੇ ਹਨ ਕਿ ਜਿਸ ਵੀ ਪਾਰਟੀ ਜਾਂ ਉਮੀਦਵਾਰ ਨੂੰ ਡੇਰਾ ਸਿਰਸਾ ਦੀ ਹਮਾਇਤ ਮਿਲ ਜਾਵੇਗੀ, ਉਹ ਆਪਣੇ ਵਿਰੋਧੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਟੱਕਰ ਦੇ ਸਕੇਗਾ। ਇਹ ਵੀ ਕਿਹਾ ਜਾ ਰਿਹਾ ਹੈ ਕਿ ਕਈ ਕਾਂਗਰਸੀ ਆਗੂ ਮਾਲਵੇ ਵਿਚ ਆਪਣੇ ਹੀ ਵਿਰੋਧੀ ਕਾਂਗਰਸੀ ਉਮੀਦਵਾਰ ਆਗੂਆਂ ਨੂੰ ਹਰਵਾਉਣ ਲਈ ਉਨ੍ਹਾਂ ਥਾਵਾਂ 'ਤੇ ਅਕਾਲੀ ਦਲ ਨੂੰ ਡੇਰਾ ਸਿਰਸਾ ਦੀ ਹਮਾਇਤ ਕਰਵਾਉਣ ਵਿਚ ਭੂਮਿਕਾ ਨਿਭਾ ਰਹੇ ਹਨ। ਜਦੋਂਕਿ ਡੇਰਾ ਸਿਰਸਾ ਦੇ ਉਨ੍ਹਾਂ ਸ਼ਰਧਾਲੂਆਂ ਵੱਲੋਂ ਵੀ ਕਈ ਥਾਵਾਂ 'ਤੇ ਅਕਾਲੀ ਉਮੀਦਵਾਰਾਂ ਦੀ ਹਮਾਇਤ ਕਰਨ ਦੀ ਸਿਫਾਰਿਸ਼ ਡੇਰਾ ਪ੍ਰਬੰਧਕਾਂ ਨੂੰ ਕੀਤੀ ਜਾ ਰਹੀ ਹੈ ਜਿਥੇ ਅਕਾਲੀ ਆਗੂਆਂ ਨੇ ਡੇਰਾ ਸਿਰਸਾ ਦੇ ਸ਼ਰਧਾਲੂਆਂ ਦੀ ਮਦਦ ਕੀਤੀ ਹੈ। ਕੁਝ ਭਾਜਪਾ ਦੇ ਉਮੀਦਵਾਰਾਂ ਵੱਲੋਂ ਵੀ ਡੇਰੇ ਸਿਰਸਾ ਨਾਲ ਆਪਣਾ ਤਾਲਮੇਲ ਬਣਾਇਆ ਹੋਇਆ ਹੈ।

# ਕਾਂਗਰਸੀ ਵਿਧਾਇਕ ਰਿਪਜੀਤ ਬਰਾੜ ਖ਼ਿਲਾਫ਼ ਗ੍ਰਿਫਤਾਰੀ ਵਾਰੰਟ ਜਾਰੀ

**ਚੰਡੀਗੜ੍ਹ:** ਕੌਮੀ ਕਰਜ਼ਾ ਟ੍ਰਿਬਿਊਨਲ ਨੇ ਕੋਟਕਪੂਰਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਤੇ ਜਗਮੀਤ ਸਿੰਘ ਬਰਾੜ ਦੇ ਭਰਾ ਰਿਪਜੀਤ ਬਰਾੜ ਵਿਰੁੱਧ ਪੰਜਾਬ ਐਂਡ ਸਿੰਧ ਬੈਂਕ ਤੋਂ ਲਿਆ ਕਰਜ਼ਾ ਨਾ ਮੋੜਨ ਦੇ ਦੋਸ਼ ਵਿਚ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹਨ। ਉਨ੍ਹਾਂ ਨੇ ਇਹ ਕਰਜ਼ਾ 15 ਵਰ੍ਹੇ ਪਹਿਲਾਂ ਚੰਡੀਗੜ੍ਹ ਵਿਚ ਲਾਈ ਫੈਕਟਰੀ ਲਈ ਲਿਆ ਸੀ। ਸ. ਬਰਾੜ ਨੇ ਬੈਂਕ ਨੂੰ 1.46 ਕਰੋੜ ਰੁਪਏ ਮੋੜਨੇ ਸਨ। ਕੌਮੀ ਕਰਜ਼ਾ ਟ੍ਰਿਬਿਊਨਲ ਵਿਚ ਪੰਜਾਬ ਐਂਡ ਸਿੰਧ ਬੈਂਕ ਤੇ ਫੈਕਟਰੀ ਦਰਮਿਆਨ ਕੇਸ ਚੱਲ ਰਿਹਾ ਸੀ।

ਭਾਵੇਂ ਸ. ਬਰਾੜ ਕੋਟਕਪੂਰਾ ਹਲਕੇ ਤੋਂ ਵਿਧਾਇਕ ਚੁਣੇ ਗਏ ਹਨ ਪਰ ਉਹ ਮੁਕਤਸਰ ਨਾਲ ਸਬੰਧ ਰੱਖਦੇ ਹਨ। ਮੁਕਤਸਰ ਦੇ ਪੁਲੀਸ ਮੁਖੀ ਇੰਦਰ ਮੋਹਨ ਸਿੰਘ ਅਨੁਸਾਰ ਮੁਕਤਸਰ ਪੁਲੀਸ ਨੂੰ ਸ. ਬਰਾੜ ਦੀ ਗ੍ਰਿਫਤਾਰੀ ਦੇ ਵਾਰੰਟ ਮਿਲੇ ਹਨ। ਉਨ੍ਹਾਂ ਕਿਹਾ ਕਿ ਪੁਲੀਸ ਉਨ੍ਹਾਂ ਦੀ ਭਾਲ ਕਰ ਰਹੀ ਹੈ ਪਰ ਅਜੇ ਤੱਕ ਉਨ੍ਹਾਂ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ। ਸ. ਬਰਾੜ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਉਹ 1993-94 ਦੌਰਾਨ ਕੰਪਨੀ ਦੇ ਡਾਇਰੈਕਟਰਾਂ ਵਿਚੋਂ ਇਕ ਸਨ। ਉਨ੍ਹਾਂ ਦੀ ਜਾਣਕਾਰੀ ਮੁਤਾਬਕ ਬੈਂਕ ਨੂੰ ਫੈਕਟਰੀ ਦੇ ਕੰਮਕਾਜ ਨਾਲ ਸਬੰਧਤ ਕੁਝ ਦਸਤਾਵੇਜ਼ ਮੁਹੱਈਆ ਨਹੀਂ ਕਰਵਾਏ ਗਏ ਜਿਸ ਕਾਰਨ ਇਹ ਵਿਵਾਦ ਪੈਦਾ ਹੋਇਆ ਹੈ। ਉਨ੍ਹਾਂ ਕਿਹਾ ਕਿ ਉਹ 26 ਅਪਰੈਲ ਨੂੰ ਦਿੱਲੀ ਵਿਚ ਟ੍ਰਿਬਿਊਨਲ ਸਾਹਮਣੇ ਪੇਸ਼ ਹੋਣਗੇ ਤੇ ਮਸਲੇ ਦਾ ਹੱਲ ਕੱਢਣ ਦਾ ਯਤਨ ਕਰਨਗੇ। ਉਨ੍ਹਾਂ ਨੂੰ ਅਜੇ ਤੱਕ ਟ੍ਰਿਬਿਊਨਲ ਤੋਂ ਨਾ ਤਾਂ ਕੋਈ ਨੋਟਿਸ ਪ੍ਰਾਪਤ ਹੋਇਆ ਹੈ ਤੇ ਨਾ ਹੀ ਗ੍ਰਿਫਤਾਰੀ ਬਾਰੇ ਸੰਮਨ ਮਿਲੇ ਹਨ।

# ਜਗਬੀਰ ਬਰਾੜ ਵੱਲੋਂ ਵੀ ਵਿਧਾਨ ਸਭਾ ਤੋਂ ਅਸਤੀਫ਼ਾ

**ਜਲੰਧਰ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਆਗੂ ਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਸਾਥੀ ਤੇ ਜਲੰਧਰ ਛਾਉਣੀ ਤੋਂ ਅਕਾਲੀ ਵਿਧਾਇਕ ਜਗਬੀਰ ਸਿੰਘ ਬਰਾੜ ਨੇ ਪੰਜਾਬ ਵਿਧਾਨ ਸਭਾ ਦੀ ਮੈਂਬਰਸ਼ਿਪ ਤੋਂ ਆਪਣਾ ਅਸਤੀਫਾ ਦੇ ਦਿੱਤਾ ਹੈ। ਸ. ਬਰਾੜ ਨੇ ਕਿਹਾ ਹੈ ਕਿ ਉਨ੍ਹਾਂ ਨੇ ਆਪਣਾ ਅਸਤੀਫਾ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਨੂੰ ਫੈਕਸ ਜ਼ਰੀਏ ਭੇਜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਮਨਪ੍ਰੀਤ ਬਾਦਲ ਦੀ ਸੋਚ ਦਾ ਉਦੋਂ ਤੋਂ ਹੀ ਸਾਥ ਦੇਣਾ ਸ਼ੁਰੂ ਕਰ ਦਿੱਤਾ ਸੀ ਜਦੋਂ ਉਹ ਪੰਜਾਬ ਵਿਚ ਆ ਰਹੀ ਆਰਥਿਕ ਗਿਰਾਵਟ ਤੋਂ ਸੂਬੇ ਨੂੰ ਬਚਾਉਣ ਲਈ ਉੱਠ ਖੜ੍ਹੇ ਸਨ।



ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਮੰਤਰੀਆਂ ਤੇ ਅਫਸਰਾਂ ਨੂੰ ਤਾਂ ਵਿੱਤੀ ਤੌਰ 'ਤੇ ਸੌਖਿਆਂ ਰੱਖਿਆ ਪਰ ਆਮ ਆਦਮੀ ਦੀ ਗੱਲ ਇਸ ਨੇ ਕਦੇ ਨਹੀਂ ਕੀਤੀ। ਸ. ਬਰਾੜ ਨੇ ਕਿਹਾ ਕਿ ਉਹ ਹਲਕਾ ਜਲੰਧਰ ਛਾਉਣੀ ਦੇ ਵੋਟਰਾਂ ਤੇ ਸਮਰਥਕਾਂ ਦੇ ਹਮੇਸ਼ਾਂ ਧੰਨਵਾਦੀ ਰਹਿਣਗੇ ਜਿਨ੍ਹਾਂ ਨੇ ਉਨ੍ਹਾਂ ਨੂੰ 17 ਹਜ਼ਾਰ ਵੋਟਾਂ ਦੇ ਵੱਡੇ ਫਰਕ ਨਾਲ ਜੇਤੂ ਬਣਾਇਆ ਸੀ।ਸ. ਬਰਾੜ ਨੇ ਇਹ ਵੀ ਐਲਾਨ ਕੀਤਾ ਕਿ ਹੁਣ ਭਾਵੇਂ ਜ਼ਿਮਨੀ ਚੋਣ ਹੋਵੇ ਜਾਂ ਆਮ ਚੋਣ, ਉਹ ਜਲੰਧਰ ਛਾਉਣੀ ਤੋਂ ਹੀ ਚੋਣ ਲੜਨਗੇ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



Short Sale Specialist

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans

*Call: Sohanpreet 'Sam' Chahal*

@916-612-5773

Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਗਦਰ ਕਾਨਫਰੰਸ ਅਤੇ ਸ਼ਤਾਬਦੀ ਲਈ ਤਿਆਰੀਆਂ ਵਾਸਤੇ ਕਮੇਟੀਆਂ ਕਾਇਮ



*ਮੀਟਿੰਗ ਵਿਚ ਹਾਜ਼ਰ ਵੱਖ ਵੱਖ ਜਥੇਬੰਦੀਆਂ ਦੇ ਨੁਮਾਇੰਦੇ*

**ਸੈਕਰਾਮੈਂਟੋ:** ਗ਼ਦਰ ਮੈਮੋਰੀਅਲ ਫਾਊਂਡੇਸ਼ਨ ਵਲੋਂ ਜੁਲਾਈ ਮਹੀਨੇ ਕਰਵਾਈ ਜਾ ਰਹੀ ਗਦਰ ਕਾਨਫਰੰਸ ਅਤੇ ਅਗਲੇ ਸਾਲ ਮਨਾਈ ਜਾ ਰਹੀ ਗਦਰ ਲਹਿਰ ਦੀ ਸ਼ਤਾਬਦੀ ਲਈ ਤਿਆਰੀਆਂ ਵਜੋਂ ਸਲਾਹਕਾਰਾਂ ਬੋਰਡ ਦੇ ਅਧੀਨ ਪੰਜ ਕਮੇਟੀਆਂ ਦਾ ਖਾਕਾ ਉਲੀਕਿਆ ਗਿਆ ਹੈ। ਇਨ੍ਹਾਂ ਵਿਚ ਪ੍ਰਚਾਰ ਕਮੇਟੀ, ਸਭਿਆਚਾਰਕ ਪ੍ਰੋਗਰਾਮ ਕਮੇਟੀ, ਈਵੈਂਟ ਕਮੇਟੀ ਅਤੇ ਵਿਤ ਕਮੇਟੀ ਸ਼ਾਮਲ ਹਨ। ਇਨ੍ਹਾਂ ਕਮੇਟੀਆਂ ਦੇ ਰਸਮੀ ਗਠਨ ਦਾ ਐਲਾਨ ਆਉਂਦੀ 22 ਮਈ ਨੂੰ ਕੀਤਾ ਜਾਵੇਗਾ।

ਇਸ ਸਬੰਧੀ ਫੈਸਲਾ ਗਦਰ ਫਾਊਂਡੇਸ਼ਨ ਦੇ ਪ੍ਰਧਾਨ ਚਰਨ ਸਿੰਘ ਜੱਜ ਦੇ ਘਰ ਹੋਈ ਇਕ ਮੀਟਿੰਗ ਵਿਚ ਲਿਆ ਗਿਆ ਜਿਸ ਵਿਚ ਵੱਖ ਵੱਖ ਉਸਾਰੂ ਸੋਚ ਵਾਲੀਆਂ ਭਰਾਤਰੀ ਜਥੇਬੰਦੀਆਂ ਨੇ ਵੀ ਹਿੱਸਾ ਲਿਆ। ਇਨ੍ਹਾਂ ਵਿਚ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਬੇ-ਏਰੀਆ, ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ-ਯੂਬਾ ਸਿਟੀ, ਇੰਡੀਅਨ ਐਜੂਕੈਸ਼ਨ ਐਸੋਸੀਏਸ਼ਨ ਯੂਬਾ ਸਿਟੀ, ਇੰਡੋ ਅਮਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ, ਕੂਲ ਪੰਜਾਬੀ ਵਿਰਸਾ ਗਰੁਪ ਸਟਾਕਟਨ ਅਤੇ ਗ਼ਦਰ ਮੈਮੋਰੀਅਲ ਫਾਊਂਡੇਸ਼ਨ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਮੀਟਿੰਗ ਡਾ. ਪ੍ਰਗਟ ਸਿੰਘ, ਲੇਖਿਕਾ ਪ੍ਰੋ. ਜੋਤੀ ਸਿੰਘ ਤੇ ਸਾਬਕਾ ਮੁਲਾਜ਼ਮ ਆਗੂ ਮੁਲਖ ਰਾਜ਼ ਸ਼ਰਮਾ ਦੇ ਪ੍ਰਧਾਨਗੀ ਮੰਡਲ ਦੀ ਪ੍ਰਧਾਨਗੀ ਹੇਠ ਹੋਈ।

ਹਾਜ਼ਰ ਮੈਂਬਰਾਂ ਖੁਲ੍ਹਾ ਵਿਚਾਰ ਵਟਾਂਦਰਾ ਕੀਤਾ। ਇਹ ਵਿਚਾਰ ਹੋਈ ਕਿ ਗ਼ਦਰ ਮੈਮੋਰੀਅਲ ਫਾਊਂਡੇਸ਼ਨ ਨੂੰ ਸਾਲ 'ਚ ਇਕ ਤੋਂ ਵਧ ਪ੍ਰੋਗਰਾਮ ਕਰਨੇ ਚਾਹੀਦੇ ਹਨ ਤਾਂ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਯਾਦ ਨੂੰ ਤਾਜ਼ਾ ਰਖਿਆ ਜਾ ਸਕੇ। ਇਸ ਦੇ ਨਾਲ ਨਾਲ ਗਦਰ ਲਹਿਰ ਦਾ ਸੁਨੇਹਾ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਬੱਚਿਆਂ ਤਕ ਲਿਜਾਇਆ ਜਾਏ। ਬੱਚਿਆਂ ਦੇ ਸਹੀਦਾਂ ਦੀਆਂ ਕੁਰਬਾਨੀਆਂ ਬਾਰੇ ਇਨਾਮੀ ਭਾਸ਼ਣ ਮੁਕਾਬਲੇ ਕਰਵਾਉਣ ਦਾ ਫੈਸਲਾ ਲਿਆ ਗਿਆ। ਸਭ ਨੇ ਮਹਿਸੂਸ ਕੀਤਾ ਕਿ ਆਪਣੀ ਵਿਰਾਸਤ ਸੰਭਾਲਣਾ ਬੇਹੱਦ ਜ਼ਰੂਰੀ ਹੋ ਗਿਆ ਹੈ। ਇਹ ਵੀ ਵਿਚਾਰ ਹੋਇਆ ਕਿ ਔਰਤਾਂ ਦੀ ਸ਼ਮੂਲੀਅਤ ਦਾ ਖਾਸ ਧਿਆਨ ਰਖਿਆ ਜਾਵੇ।

ਮੀਟਿੰਗ ਵਿਚ ਅਵਤਾਰ ਸਿੰਘ, ਸਰਪੰਚ ਮਹਿੰਗਾ ਸਿੰਘ, ਮੱਖਣ ਸਿੰਘ ਬਾਸੀ, ਮਾਸਟਰ ਮਲਕੀਅਤ ਸਿੰਘ, ਸਰਪੰਚ ਕੁਲਦੀਪ ਸਿੰਘ ਯੂਬਾ ਸਿਟੀ, ਪਰਮਜੀਤ ਸਿੰਘ ਤੇ ਰੇਨੂੰ ਸਟਾਕਟਨ, ਡਾਇਰੈਕਟਰ ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ ਮਰਸਡ, ਉਜਾਗਰ ਸਿੰਘ ਡੀ.ਈ.ਓ. ਪ੍ਰੋ.ਹਰਪਾਲ ਸਿੰਘ, ਪ੍ਰਿੰ. ਹਰਜਿੰਦਰ ਸਿੰਘ ਮੱਟੂ, ਇੰਦਰਜੀਤ ਸਿੰਘ ਗਿੱਲ, ਕੰਵਰ ਕਸ਼ਮੀਰ ਸਿੰਘ, ਜਨਕ ਰਾਜ ਸਿੰਧਰਾ, ਸੁਖਦੇਵ ਸਿੰਘ ਗਿੱਲ, ਸਤਿੰਦਰਬੀਰ ਸਿੰਘ ਸਰਹੱਦੀ, ਜਰਨੈਲ ਸਿੰਘ ਮੰਡੇਰ, ਜਗਜੀਤ ਸਿੰਘ ਕੰਦੋਲਾ ਤੇ ਮਾਸਟਰ ਮਹਿੰਦਰ ਸਿੰਘ ਸ਼ਾਮਲ ਹੋਏ। ਹਰ ਮੇਲੇ ਅਤੇ ਕਾਨਫਰੰਸ 'ਤੇ ਹਰ ਜਥੇਬੰਦੀ ਦੇ ਮੈਂਬਰ ਨੇ ਆਪਣੇ ਨਾਲ ਵੱਧ ਤੋਂ ਵੱਧ ਹੋਰ ਲੋਕ ਲੈ ਪੁਹੰਚਣ ਦਾ ਵਾਅਦਾ ਕੀਤਾ।

## ਗੁਰਦੁਆਰਾ ਰੀਓਲਿੰਡਾ 'ਚ ਵਿਸਾਖੀ ਦਿਹਾੜਾ ਮਨਾਇਆ

**ਸੈਕਰਾਮੈਂਟੋ (ਬਿਊਰੋ):** ਇਥੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਰੀਓਲਿੰਡਾ ਵਿਖੇ ਸੰਗਤਾਂ ਵਲੋਂ ਵਿਸਾਖੀ ਦਾ ਦਿਹਾੜਾ ਉਤਸ਼ਾਹ ਨਾਲ ਮਨਾਇਆ ਗਿਆ। ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਿਆ ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵਿੰਦਰ ਸਿੰਘ ਅਤੇ ਭਾਈ ਅਮਰਜੀਤ ਸਿੰਘ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਗੁਰੂ ਚਰਨਾਂ ਨਾਲ ਜੋੜਿਆ। ਉਨ੍ਹਾਂ ਦੱਸਿਆ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਵਾਲੇ ਦਿਨ ਵਾਪਰੇ ਜਲਿਆਂ ਵਾਲਾ ਬਾਗ ਸਾਕੇ ਦੇ ਸ਼ਹੀਦਾਂ ਨੂੰ ਵੀ ਚੇਤੇ ਕੀਤਾ। ਉਪਰੰਤ ਸ੍ਰੀ ਜੀਵਨ ਰੱਤੂ ਨੇ ਇਕ ਧਾਰਮਿਕ ਗੀਤ ਰਾਹੀਂ ਸੰਗਤਾਂ ਨਾਲ ਸਾਂਝ ਪਾਈ। ਗੁਰੂ ਘਰ ਦੇ ਸਾਬਕਾ ਪ੍ਰਧਾਨ ਸ੍ਰੀ ਸਤਨਾਮ ਬਸਰਾ ਨੇ ਸੰਗਤਾਂ ਨੂੰ ਵਿਸਾਖੀ ਦੀ ਵਧਾਈ ਦਿੰਦਿਆਂ ਕਿਹਾ ਕਿ ਅਗਰ ਉਨ੍ਹਾਂ ਤੋਂ ਆਪਣੇ ਕਾਰਜ ਕਾਲ ਦੌਰਾਨ ਕੋਈ ਭੁੱਲ ਹੋ ਗਈ ਹੋਵੇ ਤਾਂ ਸੰਗਤ ਬਖਸ਼ਣਹਾਰ ਹੈ। ਉਨ੍ਹਾਂ ਆਉਣ ਵਾਲੇ ਸਮੇਂ ਵਿਚ ਵੀ ਗੁਰੂ ਘਰ ਦੀ ਸੇਵਾ ਵਿਚ ਯਥਾ ਸ਼ਕਤੀ ਹਿੱਸਾ ਪਾਉਣ ਦਾ ਭਰੋਸਾ ਦਿੱਤਾ।







ਸਿੰਘ ਜੀ ਨੇ ਖਾਲਸਾ ਪੰਥ ਸਾਜ ਕੇ ਊਚ ਨੀਚ, ਜਾਤ-ਪਾਤ ਦੇ ਸਭ ਭਿੰਨ ਭੇਦ ਮਿਟਾ ਦਿੱਤੇ।

ਗੁਰੂ ਘਰ ਦੇ ਸਟੇਜ ਸਕੱਤਰ ਸ੍ਰੀ ਸਤੀਸ਼ ਰੱਲ੍ਹ ਨੇ ਸੰਗਤਾਂ ਨੂੰ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ ਅਤੇ ਵਿਸਾਖੀ ਦਿਹਾੜੇ ਦੀ ਮਹੱਤਤਾ ਉਤੇ ਚਾਨਣਾ ਪਾਇਆ। ਉਨ੍ਹਾਂ 13 ਅਪਰੈਲ 1919 ... ਉਨ੍ਹਾਂ ਕਿਹਾ ਕਿ ਗੁਰੂ ਘਰ ਦੀ ਨਵੀਂ ਇਮਾਰਤ ਬਣਾਏ ਜਾਣ ਦੀ ਸੂਰਤ ਵਿਚ ਉਹ 15,000 ਡਾਲਰ ਦੀ ਸੇਵਾ ਕਰਨਗੇ। ਅਖੀਰ ਵਿਚ ਸਕੱਤਰ ਸ੍ਰੀ ਸਤੀਸ਼ ਰੱਲ੍ਹ ਨੇ ਸੰਗਤਾਂ ਨੂੰ ਡਾ. ਭੀਮ ਰਾਓ ਅੰਬੇਦਕਰ ਦੇ ਜਨਮ ਦਿਨ ਦੀ ਵਧਾਈ ਦਿੱਤੀ। ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿਚ ਇਕ ਗ੍ਰਿਫਤਾਰ

**ਫਰਿਜ਼ਨੋ:** ਇਥੋਂ ਦੇ ਇਕ 42 ਸਾਲਾ ਬਿਜਨਸਮੈਨ ਦਲਜੀਤ ਸਿੰਘ ਮੁਲਤਾਨੀ ਨੂੰ ਆਪਣੇ ਇਕ ਸਾਬਕਾ ਬਿਜਨਸ ਪਾਰਟਨਰ ਰਮਾ ਕਾਂਤ ਡਾਵਰ ਨੂੰ ਕਤਲ ਕਰਾਉਣ ਲਈ ਇਕ ਅੰਡਰ ਕਵਰ ਪੁਲਿਸ ਅਫਸਰ ਨਾਲ ਸੌਦੇਬਾਜ਼ੀ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਡਾਵਰ ਇਕ ਸਥਾਨਕ ਰੀਅਲ ਅਸਟੇਟ ਏਜੰਟ ਹੈ ਅਤੇ ਸਿਟੀ ਪਲਾਨਿੰਗ ਕਮਿਸ਼ਨ ਦਾ ਮੈਂਬਰ ਹੈ।

ਪੁਲਿਸ ਅਨੁਸਾਰ ਕੋਈ 2 ਮਹੀਨੇ ਦੀ ਪੁਲਿਸ ਤਫਤੀਸ਼ ਪਿਛੋਂ ਦਲਜੀਤ ਸਿੰਘ ਮੁਲਤਾਨੀ ਦੀ ਗ੍ਰਿਫਤਾਰੀ ਹੋਈ। ਮੁਲਤਾਨੀ ਪਾਸ ਫਰਿਜ਼ਨੋ ਵਿਚ ਦੋ ਬਿਜਨਸ-ਮੁਲਤਾਨੀ ਟੋਅ ਅਤੇ ਲਿਮੋਜ਼ ਬਾਈ ਮੁਲਤਾਨੀ ਹਨ। ਪੁਲਿਸ ਅਨੁਸਾਰ ਮੁਲਤਾਨੀ ਅਤੇ ਡਾਵਰ ਆਪਸ ਵਿਚ ਵਿਗੜ ਜਾਣ ਤੋਂ ਪਹਿਲਾਂ ਬਿਜਨਸ ਪਾਰਟਨਰ ਹੋਇਆ ਕਰਦੇ ਹਨ। ਦੋਨਾਂ ਵਿਚ ਮੁਕੱਦਮੇਬਾਜ਼ੀ ਵੀ ਹੋਈ ਜਿਸ ਵਿਚ ਡਾਵਰ ਜਿੱਤ ਗਿਆ। ਪੁਲਿਸ ਅਨੁਸਾਰ ਇਸ ਵਾਰਦਾਤ ਪਿਛੇ ਇਹ ਮੁਕੱਦਮੇਬਾਜ਼ੀ ਵੀ ਹੋ ਸਕਦੀ ਹੈ। ਡਾਵਰ ਦਾ ਕਹਿਣਾ ਹੈ ਕਿ ਉਸ ਨੂੰ ਸਮਝ ਨਹੀਂ ਆਉਂਦੀ ਕਿ ਮੁਲਤਾਨੀ ਨੂੰ ਅਜਿਹਾ ਕਰਨ ਦੀ ਲੋੜ ਕਿਉਂ ਪਈ। ਪੁਲਿਸ ਅਨੁਸਾਰ ਮੁਲਤਾਨੀ ਨੇ ਪੁਲਿਸ ਦੇ ਇਕ ਸੂਹੀਏ ਨੂੰ ਕਿਹਾ ਕਿ ਉਹ ਡਾਵਰ ਨੂੰ ਮਰਾਉਣਾ ਚਾਹੁੰਦਾ ਹੈ। ਇਸ ਖਾਤਰ ਪੈਸਾ ਅਤੇ ਇਕ ਚੋਰੀ ਦਾ ਹਥਿਆਰ ਦਿੱਤਾ ਗਿਆ। ਇਸ ਯੋਜਨਾ ਅਨੁਸਾਰ ਡਾਵਰ ਨੂੰ ਪਿਛਲੇ ਹਫਤੇ ਕਤਲ ਕੀਤਾ ਜਾਣਾ ਸੀ। ਮੁਲਤਾਨੀ ਹੁਣ ਜੇਲ੍ਹ ਵਿਚ ਹੈ ਅਤੇ ਉਸ ਦੀ ਜ਼ਮਾਨਤ ਇਕ ਮਿਲੀਅਨ ਡਾਲਰ ਰੱਖੀ ਗਈ ਹੈ।

Rising Sun Transport Roanoke, VA

ਟਰੱਕ ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ

ਈਸਟ ਕੋਸਟ ਤੋਂ ਵੈਸਟ ਕੋਸਟ



ਡਰਾਈ ਅਤੇ ਰੀਫਰ ਲੋਡ
ਲੋਡ ਚੱਕਣ ਲਈ ਕੋਈ
ਇੰਤਜ਼ਾਰ ਨਹੀਂ
ਕਾਗਜ਼ ਪੂਰੇ ਕਰਨ 'ਤੇ
ਤੁਰਤ ਭੁਗਤਾਨ

ਡੀਜ਼ਲ ਮਕੈਨਿਕ ਦੀ ਵੀ ਲੋੜ ਹੈ

ਕਾਲ ਕਰੋ:540-632-3671

SYAN VIDEO PRODUCTION, INC.

Professional HD Video & Digital Photo Production

Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)



734-261-0936 / 734-890-1767
E-mail: raj@syanvideo.com
or visit at: www.syanvideo.com

SV PRODUCTION

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440

FARMERS INSURANCE GROUP
Symbol of Superior Service

# FARMERS®

**181 Metro Drive, Suite 290, San Jose, CA 95110**

**ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।**

*"Call for a review of any of your insurance policies or to get a quote"*
*Totally Free and No Obligation to buy from us!!*



**Satwant Singh**
**Insurance Agent**
License # OH11256

***Auto *Home *Life *Business**
***Workers Compensation**

**Call for consultation**

**Ph: 408-771-2438**

***408-580-6063, 408-687-7566***

**Fax: 408-573-3829**

**ssingh6@farmeragent.com**

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।

***Call us to know about special discounts for nurses, teachers, engineers, pharmacists, doctors and more professionals to get low prices.****

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**
**ਗੁਰਬੰਸ ਸਿੰਘ ਗਿੱਲ ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

**We Specialize in Bankowned, Foreclosure and Short Sale Homes**

**ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ**

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



**Gurbans Singh Gill**
**Realtor**
**13 Years Experiance in Real Estate**
**e-mail: gurbans@gotracy.com**

**Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ**

REALTY WORLD®
Millennium

**Fax: 209-836-0706**
**www.gotracy.com**

**Gurbans Gill 209-815-1869**



**ਪੰਜਾਬੀ ਰੇਡੀਓ ਯੂਐਸਏ ਦੀ ਟੀਮ ਰੇਡੀਓ ਸੈਟ ਲੈ ਕੇ ਪਹੁੰਚ ਰਹੀ ਹੈ**

**1 ਮਈ 2011 ਦਿਨ ਐਤਵਾਰ**


**ਗੁਰਦੁਆਰਾ ਸਾਹਿਬ, ਟਰਲਕ**
**ਗੁਰਦੁਆਰਾ ਸਾਹਿਬ, ਲੋਡਾਈ**

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*

**ਛੋਟੇ ਰੇਡੀਓ ਦੀ ਕੀਮਤ $25 ਵੱਡੇ ਰੇਡੀਓ ਦੀ ਕੀਮਤ $35 ਇੰਟਰਨੈਟ ਰੇਡੀਓ (ਦੁਨੀਆਂ 'ਚ ਕਿਤੇ ਵੀ) $99**

# PUNJABI RADIO USA

**ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ I-Phone ਤੇ Android Application ਤੁਸੀਂ ਕਿਸੇ ਸਮੇਂ ਵੀ ਮੁਫ਼ਤ ਡਾਊਨਲੋਡ ਕਰ ਸਕਦੇ ਹੋ।**



**ਪੰਜਾਬੀ ਰੇਡੀਓ ਦੇ ਪ੍ਰੋਗਰਾਮ**

- ਸਵੇਰੇ 4 ਤੋਂ 9 ਵਜੇ : ਅੰਮ੍ਰਿਤ ਵੇਲਾ ਸਚ ਨਾਉ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਪ੍ਰਸਾਰਣ
- ਸਵੇਰੇ 9.30 ਵਜੇ : ਪੰਜਾਬੀ ਅਤੇ ਅੰਗਰੇਜ਼ੀ ਵਿਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਹੁਕਮਨਾਮੇ ਦੀ ਵਿਆਖਿਆ
- ਚੰਡੀਗੜ੍ਹ, ਮੁਕਤਸਰ ਸਾਹਿਬ, ਲਾਹੌਰ ਤੇ ਨਿਊ ਜਰਸੀ ਤੋਂ ਖ਼ਬਰਾਂ ਹਰ ਦੋ ਘੰਟੇ ਬਾਅਦ
- ਸਵੇਰੇ 10 ਤੋਂ 11 ਵਜੇ : ਆਤਮਿਕ ਆਨੰਦ ਪ੍ਰੋਗਰਾਮ – ਕੁਲਬੀਰ ਸਿੰਘ
- ਬਾਅਦ ਦੁਪਹਿਰ 1 ਤੋਂ 2 ਵਜੇ : ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- ਸ਼ਾਮ 4 ਤੋਂ 6 ਵਜੇ : ਕੁਝ ਗੱਲਾਂ ਕੁਝ ਗੀਤ (ਗੁਰਜਸਪਾਲ ਸਿੰਘ ਤੇ ਰਾਜਕਰਨਬੀਰ ਸਿੰਘ)
- ਸ਼ਾਮ 6 ਤੋਂ 7 ਵਜੇ : ਸਰਬ ਸਾਂਝੀ ਗੁਰਬਾਣੀ – ਰਹਿਰਾਸ ਸਾਹਿਬ ਤੇ ਕੀਰਤਨ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ
- ਰਾਤ 7 ਤੋਂ 8 ਵਜੇ ਤੱਕ : ਕਥਾ ਭਾਈ ਪਿੰਦਰਪਾਲ ਸਿੰਘ (Live Coverage)
- ਰਾਤ 8 ਤੋਂ 9 ਵਜੇ : ਭਖਦੇ ਮਸਲਿਆਂ 'ਤੇ ਲਾਈਵ ਟਾਕ ਸ਼ੋਅ (ਸੁਸ਼ੀਲ ਦੋਸਾਂਝ, ਪਰਵਿੰਦਰ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬਿੱਟਾ)
- ਰਾਤ 9 ਤੋਂ 10 ਵਜੇ : ਮਨੋਰੰਜਕ ਪ੍ਰੋਗਰਾਮ - ਦੋ ਆਰ ਦੀਆਂ ਦੋ ਪਾਰ ਦੀਆਂ - ਗੁਰਪ੍ਰੀਤ ਸਿੰਘ ਤੇ ਸਿਮਰਨ, ਲਹਿੰਦੇ ਪੰਜਾਬ ਦੀਆਂ ਬਾਂਗਾਂ - ਮਸੂਦ ਮੱਲੀ, ਖਬਰ ਤੇ ਨਜ਼ਰ ਪਰਮਿੰਦਰ ਸਿੰਘ ਟਿਵਾਣਾ

ਸ਼ੁੱਕਰਵਾਰ : ਸ਼ਾਮ 3 ਤੋਂ 4 ਵਜੇ : ਦੇਸੋ ਪਰਦੇਸ – ਪਾਲ ਧਾਲੀਵਾਲ • ਰਾਤ 8 ਤੋਂ 10 ਵਜੇ : ਸ਼ਾਨ ਪੰਜਾਬ ਦੀ – ਗੁਰਦੀਪ ਸਿੰਘ ਸ਼ੇਰਗਿੱਲ
ਸ਼ਨਿਚਰਵਾਰ : ਸ਼ਾਮ 3 ਤੋਂ 4 ਵਜੇ : ਝਿਲਮਿਲ ਤਾਰੇ – ਬੱਚਿਆਂ ਲਈ ਪ੍ਰੋਗਰਾਮ– ਦਿਲਪ੍ਰੀਤ ਸਿੰਘ ਖਾਲਸਾ ਤੇ ਮਨਪ੍ਰੀਤ ਕਾਲਰਾ • ਰਾਤ 8 ਤੋਂ 10 ਵਜੇ : ਇਕ ਖ਼ਾਸ ਮੁਲਾਕਾਤ – ਹਰਵਿੰਦਰ ਸਿੰਘ ਕੰਗ

ਹੋਰ ਜਾਣਕਾਰੀ ਲਈ **408.722.7698**

Listen LIVE
**www.punjabiradiousa.com**

**Email: info@punjabiradiousa.com**
**3750 McKee Road, # B, San Jose CA 95127**

# ਵਿਧਾਇਕ ਦੇ ਭਤੀਜੇ ਵੱਲੋਂ ਜਲੰਧਰ ਦੇ ਹੋਟਲ ਮਾਲਕ ਦਾ ਕਤਲ

**ਜਲੰਧਰ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦੇ ਆਦਮਪੁਰ ਤੋਂ ਵਿਧਾਇਕ ਸਰਬਜੀਤ ਸਿੰਘ ਮੱਕੜ ਦੇ ਸੱਤਾ ਦੇ ਨਸ਼ੇ 'ਚ ਅੰਨ੍ਹੇ ਹੋਏ ਭਤੀਜੇ ਤੇ ਜਲੰਧਰ ਦੇ ਕੌਂਸਲਰ ਰਾਮ ਸਿਮਰਨ ਸਿੰਘ ਮੱਕੜ ਉਰਫ਼ ਪ੍ਰਿੰਸ ਮੱਕੜ ਨੇ ਜਲੰਧਰ ਦੇ ਹੋਟਲ ਸੇਖੋਂ ਗਰੈਂਡ ਦੇ ਮਾਲਕ ਗੁਰਕੀਰਤ ਸਿੰਘ ਸੇਖੋਂ ਉਰਫ਼ ਗਿੱਕੀ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ।

ਪ੍ਰਿੰਸ ਮੱਕੜ ਤੇ 31 ਸਾਲਾ ਗੁਰਕੀਰਤ ਸਿੰਘ ਦੋਵੇਂ ਬਚਪਨ ਦੇ ਦੋਸਤ ਸਨ। ਦੋਵਾਂ ਨੇ ਇਕੱਠਿਆਂ ਹੀ ਸੇਂਟ ਜੋਸਫ ਕਾਨਵੈਂਟ ਸਕੂਲ ਤੇ ਏ.ਪੀ.ਜੇ. ਸਕੂਲ 'ਚੋਂ ਪੜ੍ਹਾਈ ਕੀਤੀ ਸੀ। ਗੁਰਕੀਰਤ ਤੇ ਪ੍ਰਿੰਸ ਮੱਕੜ ਵਿਚਕਾਰ ਪਿਛਲੇ ਕੁਝ ਮਹੀਨਿਆਂ ਤੋਂ ਹੋਟਲ 'ਤੇ ਛਾਪੇ ਮਰਵਾਉਣ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ। ਸੇਖੋਂ ਗਰੈਂਡ ਹੋਟਲ 'ਤੇ ਪਿਛਲੇ ਕੁਝ ਮਹੀਨੇ ਪਹਿਲਾਂ ਪਏ ਛਾਪੇ ਬਾਰੇ ਗੁਰਕੀਰਤ ਨੂੰ ਸ਼ੱਕ ਸੀ ਕਿ ਇਸ ਪਿੱਛੇ ਪ੍ਰਿੰਸ ਮੱਕੜ ਦਾ ਹੱਥ ਹੈ।

ਮ੍ਰਿਤਕ ਦੇ ਪਿਤਾ ਰਾਜਬੀਰ ਸਿੰਘ ਸੇਖੋਂ ਨੇ ਦੱਸਿਆ ਕਿ 20 ਅਪਰੈਲ ਨੂੰ ਜਦੋਂ ਦੇਰ ਰਾਤ ਤੱਕ ਗੁਰਕੀਰਤ ਗਾਰਡਨ ਕਾਲੋਨੀ ਸਥਿਤ ਆਪਣੇ ਘਰ ਨਾ ਪਰਤਿਆ ਤਾਂ ਉਨ੍ਹਾਂ ਨੂੰ ਚਿੰਤਾ ਲੱਗ ਗਈ। ਜਦੋਂ ਉਹ ਮਾਡਲ ਟਾਊਨ ਦੇ ਬਾਬਾ ਰਸੋਈ ਨਾਂ ਦੇ ਢਾਬੇ ਕੋਲ ਪਹੁੰਚੇ ਤਾਂ ਉਥੇ ਉਥੇ ਗੁਰਕੀਰਤ ਸਿੰਘ ਨਾਲ ਚਾਰ ਵਿਅਕਤੀ ਉਲਝ ਰਹੇ ਸਨ। ਇਨ੍ਹਾਂ 'ਚ ਪ੍ਰਿੰਸ ਮੱਕੜ, ਸੰਨੀ ਸਚਦੇਵਾ, ਪ੍ਰਿੰਸ ਨਰੂਲਾ ਤੇ ਜਸਦੀਪ ਜੱਸੂ ਸ਼ਾਮਲ ਸਨ। ਇਨ੍ਹਾਂ 'ਚੋਂ ਪ੍ਰਿੰਸ ਮੱਕੜ ਨੇ ਗੁਰਕੀਰਤ ਸਿੰਘ ਦੇ ਪਿੱਠ 'ਚ ਗੋਲੀ ਮਾਰ ਦਿੱਤੀ। ਜਦੋਂ ਉਸ ਨੂੰ ਹਸਪਤਾਲ ਲਿਜਾਣ ਲੱਗੇ ਤਾਂ ਰਸਤੇ ਵਿਚ ਹੀ ਉਸ ਨੇ ਦਮ ਤੋੜ ਦਿੱਤਾ। ਜਸਦੀਪ ਜੱਸੂ ਵੀ ਇਕ ਹੋਟਲ ਮਾਲਕ ਦਾ ਪੁੱਤਰ ਹੈ ਤੇ ਪ੍ਰਿੰਸ ਮੱਕੜ ਵੀ ਜਲੰਧਰ ਵਿਚ ਇਕ ਹੋਟਲ ਚਲਾ ਰਿਹਾ ਹੈ। ਮ੍ਰਿਤਕ ਆਪਣੇ ਪਿੱਛੇ ਅੱਠ ਮਹੀਨਿਆਂ ਦੀ ਧੀ ਤੇ ਤਿੰਨ ਸਾਲ ਦਾ ਪੁੱਤਰ ਛੱਡ ਗਿਆ ਹੈ।



ਪੁਲਿਸ ਕੋਲ ਆਤਮ ਸਮਰਪਣ ਕਰਦਾ ਹੋਇਆ ਵਿਧਾਇਕ ਦਾ ਭਤੀਜਾ।

ਦੌਰਾਨ ਗੁਰਕੀਰਤ ਸਿੰਘ ਸੇਖੋਂ ਨੂੰ ਆਪਣੇ ਭਤੀਜੇ ਵਾਂਗ ਹੀ ਦੱਸਦਿਆਂ ਵਿਧਾਇਕ ਸਰਬਜੀਤ ਸਿੰਘ ਮੱਕੜ ਨੇ ਕਿਹਾ ਹੈ ਕਿ ਮੱਕੜ ਪਰਿਵਾਰ ਸੇਖੋਂ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੈ। ਉਨ੍ਹਾਂ ਕਿਸੇ ਵੀ ਤਰ੍ਹਾਂ ਦੀ ਦਖ਼ਲਅੰਦਾਜ਼ੀ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਆਖਿਆ ਕਿ ਉਹ ਚਾਹੁੰਦੇ ਹਨ ਕਿ ਇਸ ਮਾਮਲੇ ਵਿਚ ਨਾਮਜ਼ਦ ਸਾਰੇ ਨੌਜਵਾਨਾਂ ਨੂੰ ਪੁਲਿਸ ਸਾਹਮਣੇ ਪੇਸ਼ ਕਰਕੇ ਜੋ ਸਚਾਈ ਹੋਵੇ ਉਹ ਸਾਹਮਣੇ ਲਿਆਂਦੀ ਜਾਵੇ ਤੇ ਕਾਨੂੰਨ ਅਨੁਸਾਰ ਇਨਸਾਫ਼ ਹੋਵੇ।

ਗਿੱਕੀ ਸੇਖੋਂ ਦੇ ਕਤਲ ਦੇ ਦੋਸ਼ਾਂ 'ਚ ਨਾਮਜ਼ਦ ਕੀਤੇ ਪ੍ਰਿੰਸ ਮੱਕੜ ਤੇ ਉਸ ਦੇ ਤਿੰਨ ਸਾਥੀਆਂ ਨੇ ਅਗਲੇ ਦਿਨ ਹੀ ਅਦਾਲਤ ਵਿਚ ਆਤਮ ਸਮਰਪਣ ਕਰ ਦਿੱਤਾ। ਅਦਾਲਤ ਨੇ ਚਾਰਾਂ ਨੂੰ ਜੁਡੀਸ਼ਲ ਹਿਰਾਸਤ ਵਿਚ ਭੇਜ ਦਿੱਤਾ। ਦੋ ਮੁਲਜ਼ਮਾਂ ਜਸਦੀਪ ਜੱਸੂ ਤੇ ਪ੍ਰਿੰਸ ਨਰੂਲਾ ਨੇ ਡਿਊਟੀ ਮੈਜਿਸਟਰੇਟ ਸਿਵਲ ਜੱਜ ਜੂਨੀਅਰ ਡਿਵੀਜ਼ਨ ਜਸਬੀਰ ਕੌਰ ਦੀ ਅਦਾਲਤ ਵਿਚ ਦੁਪਹਿਰੇ ਆਤਮ ਸਮਰਪਣ ਕੀਤਾ ਜਦਕਿ ਪ੍ਰਿੰਸ ਮੱਕੜ ਤੇ ਸਨੀ ਸਚਦੇਵਾ ਨੇ ਦੁਪਹਿਰ ਬਾਅਦ ਅਦਾਲਤ ਵਿਚ ਆਤਮ ਸਮਰਪਣ ਕੀਤਾ।

ਪੁਲਿਸ ਸੂਤਰਾਂ ਅਨੁਸਾਰ ਮੀਡੀਆ ਵੱਲੋਂ ਬਣਾਏ ਦਬਾਅ ਕਰਕੇ ਮੁਲਜ਼ਮਾਂ ਦੇ ਪਰਿਵਾਰਕ ਮੈਂਬਰਾਂ ਨੇ ਵੀ ਉਨ੍ਹਾਂ ਨੂੰ ਆਤਮ ਸਮਰਪਣ ਕਰਨ ਲਈ ਮਨਾਇਆ ਤਾਂ ਜੋ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸਰਬਜੀਤ ਮੱਕੜ ਦੇ ਅਕਸ ਨੂੰ ਹੋਰ ਦਾਗ਼ਦਾਰ ਹੋਣ ਤੋਂ ਬਚਾਇਆ ਜਾ ਸਕੇ। ਸੂਤਰਾਂ ਅਨੁਸਾਰ ਅਕਾਲੀ ਲੀਡਰਸ਼ਿਪ ਚਾਹੁੰਦੀ ਸੀ ਕਿ ਵਿਧਾਇਕ ਮੱਕੜ ਸਾਰੇ ਮੁਲਜ਼ਮਾਂ ਤੋਂ ਜਲਦੀ ਤੋਂ ਜਲਦੀ ਆਤਮ ਸਮਰਪਣ ਕਰਵਾ ਦੇਣ ਤਾਂ ਜੋ ਲੋਕਾਂ ਵੱਲੋਂ ਤੇ ਮੀਡੀਆ ਵੱਲੋਂ ਆ ਰਹੇ ਨਾਂਹਪੱਖੀ ਪ੍ਰਭਾਵਾਂ ਨੂੰ ਘਟਾਇਆ ਜਾ ਸਕੇ।

## ਵਿਧਾਇਕ ਮੱਕੜ ਦੀ ਵਿਵਾਦਾਂ ਨਾਲ ਪੱਕੀ 'ਯਾਰੀ'


**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਆਦਮਪੁਰ ਤੋਂ ਵਿਧਾਇਕ ਸਰਬਜੀਤ ਸਿੰਘ ਮੱਕੜ ਦਾ ਵਿਵਾਦਾਂ ਨੇ ਤਕਰੀਬਨ ਪੰਜ ਸਾਲ ਪਿੱਛਾ ਨਹੀਂ ਛੱਡਿਆ ਤੇ ਉਹ ਕਿਸੇ ਨਾ ਕਿਸੇ ਵਿਵਾਦ ਨੂੰ ਲੈ ਕੇ ਹਮੇਸ਼ਾ ਚਰਚਾ ਵਿਚ ਰਿਹਾ ਹੈ। ਟਕਸਾਲੀ ਅਕਾਲੀ ਆਗੂ ਜਥੇਦਾਰ ਕੁਲਦੀਪ ਸਿੰਘ ਵਡਾਲਾ ਦੇ ਜਵਾਈ ਅਰਵਿੰਦਰ ਸਿੰਘ ਬੈਂਸ ਜੋ ਪੁੱਡਾ 'ਚ ਮੁੱਖ ਪ੍ਰਸ਼ਾਸਕ ਸਨ, ਨਾਲ ਮੱਕੜ ਦਾ ਵਿਵਾਦ ਚੱਲਦਾ ਰਿਹਾ ਹੈ। ਸ. ਬੈਂਸ ਨੇ ਜਦੋਂ ਵਿਧਾਇਕ ਮੱਕੜ ਦਾ ਗੈਰ ਕਾਨੂੰਨੀ ਕੰਮ ਕਰਨ ਤੋਂ ਨਾ ਕਰ ਦਿੱਤੀ ਤਾਂ ਉਹ ਉਸ ਨਾਲ ਉਲਝ ਪਏ ਤੇ ਆਖ਼ਰ ਉਸ ਦੀ ਜਲੰਧਰ ਤੋਂ ਬਦਲੀ ਕਰਵਾ ਦਿੱਤੀ ਗਈ। ਦਸੰਬਰ 2008 ਵਿਚ ਕੜਿਆਣਾ ਪਿੰਡ ਦੇ ਪ੍ਰਾਇਮਰੀ ਸਕੂਲ ਦੀ ਪਸਵਕ ਕਮੇਟੀ 'ਚ ਦਖ਼ਲਅੰਦਾਜ਼ੀ ਨੂੰ ਲੈ ਕੇ ਵੀ ਬਲਾਕ ਸਿੱਖਿਆ ਅਫ਼ਸਰ ਨਾਲ ਮੱਕੜ ਦੀ ਖਹਿਬਾਜ਼ੀ ਚੱਲਦੀ ਰਹੀ। ਕਪੂਰਥਲਾ ਦੇ ਭਾਜਪਾ ਆਗੂ ਨੂੰ ਆਪਣੇ ਵਿਧਾਨ ਸਭਾ ਦੇ ਲੈਟਰਹੈੱਡ 'ਤੇ ਇਹ ਲਿਖ ਕੇ ਦਿੱਤਾ ਹੋਇਆ ਸੀ ਕਿ ਭਾਜਪਾ ਆਗੂ ਵੱਲੋਂ ਚਲਾਈਆਂ ਜਾ ਰਹੀਆਂ ਗੱਡੀਆਂ ਨੂੰ ਕੋਈ ਵੀ ਟਰਾਂਸਪੋਰਟ ਵਿਭਾਗ ਦਾ ਅਫ਼ਸਰ ਨਾ ਰੋਕੇ ਕਿਉਂਕਿ ਉਹ ਉਸ ਦਾ ਰਿਸ਼ਤੇਦਾਰ ਹੈ। ਇਹ ਮਾਮਲਾ ਵੀ ਕਾਫ਼ੀ ਸੁਰਖ਼ੀਆਂ ਵਿਚ ਰਿਹਾ ਸੀ। ਭੱਠਿਆਂ ਦਾ ਵੀ ਕਾਰੋਬਾਰ ਕਰਦੇ ਵਿਧਾਇਕ ਮੱਕੜ ਨੇ ਸਰਕਾਰੀ ਜ਼ਮੀਨ ਤੋਂ ਮਿੱਟੀ ਪੁੱਟ ਲਈ ਸੀ ਜਿਸ ਨਾਲ 'ਸਰਕਾਰ ਦੀ ਮਿੱਟੀ' ਪਲੀਤ ਹੋਈ ਸੀ।



ਮੱਕੜ-ਕਾਲੀਆ ਵਿਵਾਦ ਵੀ ਚਰਚਾ ਦਾ ਵਿਸ਼ਾ ਰਿਹਾ ਕਿ ਵਿਧਾਇਕ ਨੇ ਕਿਵੇਂ ਆਪਣੀ ਕਾਰੋਬਾਰੀ ਬਹੁਮੰਜ਼ਲੀ ਇਮਾਰਤ ਵਿਚ ਸਥਾਨਕ ਸਰਕਾਰਾਂ ਵਿਭਾਗ ਤੋਂ ਲੱਖਾਂ ਦਾ ਲਾਭ ਲਿਆ ਸੀ। ਜ਼ਿਕਰਯੋਗ ਹੈ ਕਿ ਆਦਮਪੁਰ ਹਲਕੇ ਤੋਂ ਅਕਸਰ ਹੀ ਬਹੁਤ ਸਾਰੇ ਜਥੇਦਾਰਾਂ ਵੱਲੋਂ ਇਹ ਸ਼ਿਕਾਇਤਾਂ ਆਉਂਦੀਆਂ ਰਹਿੰਦੀਆਂ ਹਨ ਕਿ ਪੁਲਿਸ ਉਨ੍ਹਾਂ ਨੂੰ ਵਿਧਾਇਕ ਦੇ ਕਹਿਣ 'ਤੇ ਤੰਗ-ਪ੍ਰੇਸ਼ਾਨ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਆਦਮਪੁਰ ਹਲਕਾ ਰਾਖਵਾਂ ਹੋਣ ਕਰਕੇ ਮੱਕੜ ਕਪੂਰਥਲਾ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਦੇ ਇੱਛੁਕ ਦੱਸੇ ਜਾਂਦੇ ਹਨ। ਕਪੂਰਥਲਾ 'ਚ ਕੀਤੀ ਸਰਗਰਮੀ ਦੌਰਾਨ ਵੀ ਉਥੋਂ ਦੇ ਅਕਾਲੀ ਆਗੂ ਤੇ ਸਾਬਕਾ ਟਰਾਂਸਪੋਰਟ ਮੰਤਰੀ ਰਘਬੀਰ ਸਿੰਘ ਤੇ ਉਸ ਦੇ ਹਮਾਇਤੀਆਂ ਨੇ ਮੱਕੜ ਦੀ ਜ਼ੋਰਦਾਰ ਵਿਰੋਧਤਾ ਕੀਤੀ ਸੀ। ਆਦਮਪੁਰ ਹਲਕੇ ਵਿਚ ਅਕਾਲੀ ਆਗੂ ਪਵਨ ਕੁਮਾਰ ਟੀਨੂੰ ਵਿਰੁੱਧ ਉੱਠ ਰਹੀਆਂ ਵਿਰੋਧੀ ਸੁਰਾਂ ਪਿੱਛੇ ਵੀ ਮੱਕੜ ਦਾ ਹੀ ਹੱਥ ਦੱਸਿਆ ਜਾ ਰਿਹਾ ਹੈ। ਬੀਤੀ ਦਿਨੀਂ ਹੋਏ ਕਤਲ 'ਚ ਮੱਕੜ ਦੇ ਭਤੀਜੇ ਦੀ ਸ਼ਮੂਲੀਅਤ ਹੋਣ ਕਾਰਨ ਮੱਕੜ ਇਕ ਵਾਰ ਫਿਰ ਵਿਵਾਦਾਂ ਵਿਚ ਹਨ।

## ਸੈਨ ਹੋਜ਼ੇ ਗੁਰੂਘਰ ਨੂੰ ਉਲਝਣਾਂ ਤੋਂ ਬਚਾਇਆ ਜਾਵੇ-ਗਾਖਲ

**ਵਾਟਸਨਵਿਲ (ਬਿਊਰੋ):** ਪੰਜਾਬੀ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖ਼ਸੀਅਤ ਅਤੇ ਉਘੇ ਖੇਡ ਪਰਮੋਟਰ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਹੈ ਕਿ ਸੈਨ ਹੋਜ਼ੇ ਗੁਰੂਘਰ ਦੇ ਉਸਾਰੀ ਪ੍ਰਾਜੈਕਟ ਦਾ ਮੁਕੰਮਲ ਹੋਣਾ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਜਿਥੇ ਸ਼ਰਧਾਲੂ ਸੰਗਤਾਂ ਨੇ ਦਿਲ ਖੋਲ੍ਹ ਕੇ ਇਸ ਪ੍ਰਾਜੈਕਟ ਲਈ ਮਾਇਆ ਦਿਤੀ, ਉਥੇ ਪ੍ਰਬੰਧਕਾਂ ਨੇ ਵੀ ਸਖ਼ਤ ਮਿਹਨਤ ਕਰ ਕੇ ਇਸ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਿਆ। ਇਸ ਗੁਰੂਘਰ ਨੂੰ ਕਿਸੇ ਵੀ ਕਾਨੂੰਨੀ ਵਾਦ-ਵਿਵਾਦ ਤੋਂ ਪਰੇ ਰਖਣਾ ਸਾਡਾ ਸਾਰਿਆਂ ਦਾ ਫਰਜ਼ ਹੈ।



ਇਥੇ ਜਾਰੀ ਇਕ ਬਿਆਨ ਵਿਚ ਸ. ਗਾਖਲ ਨੇ ਆਖਿਆ ਕਿ ਪਿਛਲੇ ਹਫਤੇ ਦੇ ਪੰਜਾਬ ਟਾਈਮਜ਼ ਵਿਚ ਜੋ ਕੁਝ ਪੜ੍ਹਿਆ, ਉਸਨੂੰ ਵੇਖ ਕੇ ਮੈਂ ਇਹ ਜਰੂਰੀ ਸਮਝਿਆ ਕਿ ਆਪਾਂ ਇਸ ਗੱਲ ਤੋਂ ਚੁਕੰਨੇ ਹੋਈਏ ਕਿ ਜਿਨ੍ਹਾਂ ਗੱਲਾਂ ਕਰ ਕੇ ਗੁਰਦੁਆਰਾ ਫਰੀਮਾਂਟ ਸਮੇਤ ਹੋਰ ਬਹੁਤ ਸਾਰੇ ਗੁਰੂਘਰਾਂ ਦੇ ਲੱਖਾਂ ਡਾਲਰ ਕਚਹਿਰੀਆਂ ਵਿਚ ਫਜ਼ੂਲ ਖਰਚੇ ਗਏ, ਉਸ ਤੋਂ ਬਚਿਆ ਜਾਵੇ। ਅਗਰ ਗੱਲ ਕੋਰਟਾਂ ਵਿਚ ਜਾਂਦੀ ਹੈ ਤਾਂ ਭਾਈਚਾਰੇ ਦੇ ਆਹਮੋ-ਸਾਹਮਣੇ ਹੋਣ ਨਾਲ ਪੈਸਾ ਵੀ ਭਾਈਚਾਰੇ ਦਾ ਹੀ ਜਾਂਦਾ ਹੈ। ਜੋ ਲੋਕਤੰਤਰ ਦਾ ਅਸੂਲ ਹੈ, ਉਸ ਨੂੰ ਮੰਨਣਾ ਪੈਂਦਾ ਹੈ। ਜੋ ਫਰੀਮਾਂਟ ਵਿਚ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ ਹੋਇਆ, ਉਸ ਤੋਂ ਆਪਾਂ ਸਭ ਨੂੰ ਸਬਕ ਸਿੱਖਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਕੋਲ ਹੋਰ ਬਹੁਤ ਸਾਰੇ ਮਸਲੇ ਹਨ, ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ। ਅੱਧਾ ਪੰਜਾਬ ਕੈਂਸਰ ਦਾ ਮਰੀਜ਼ ਹੋਇਆ ਪਿਆ ਹੈ। ਕਚਹਿਰੀਆਂ ਦੇ ਲੇਖੇ ਲਾਇਆ ਜਾਣ ਵਾਲਾ ਕੈਂਸਰ ਦੇ ਮਰੀਜ਼ਾਂ ਲਈ ਖਰਚਿਆ ਜਾ ਸਕਦਾ ਹੈ।

# ਪੰਜਾਬ 'ਚ ਹਰ ਦੋ ਦਿਨਾਂ 'ਚ ਹੁੰਦੇ ਨੇ ਪੰਜ ਕਤਲ

## ਪਿਛਲੇ ਵਰ੍ਹੇ ਹੋਏ 907 ਕਤਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਖਾੜਕੂਵਾਦ ਦੇ ਦੌਰ ਤੋਂ ਬਾਅਦ ਭਾਵੇਂ ਪੰਜਾਬ 'ਚ ਅਮਨ-ਸ਼ਾਂਤੀ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਇਸ ਵੇਲੇ ਹਰ ਦੋ ਦਿਨਾਂ 'ਚ ਪੰਜ ਕਤਲ ਹੋਣ ਤੇ ਪੰਜ ਬੰਦਿਆਂ 'ਤੇ ਕਾਤਲਾਨਾ ਹਮਲਾ ਹੋਣ ਦੀਆਂ ਘਟਨਾਵਾਂ ਵਾਪਰਦੀਆਂ ਹਨ ਜਦੋਂਕਿ ਕਤਲਾਂ ਦੇ 50 ਫੀਸਦੀ ਦੇ ਕਰੀਬ ਮਾਮਲਿਆਂ ਦੇ ਮੁਲਜ਼ਮ ਅਦਾਲਤਾਂ ਵਿਚੋਂ ਬਰੀ ਹੋ ਜਾਂਦੇ ਹਨ ਤੇ ਕਾਤਲਾਨਾ ਹਮਲਾ ਕਰਨ ਵਾਲੇ 64 ਫੀਸਦੀ ਸਜ਼ਾ ਤੋਂ ਬਚ ਜਾਂਦੇ ਹਨ।

ਪੰਜਾਬ ਪੁਲਿਸ ਦੇ ਅੰਕੜਿਆਂ ਅਨੁਸਾਰ ਪਿਛਲੇ ਵਰ੍ਹੇ ਰਾਜ ਵਿਚ 907 ਕਤਲ ਹੋਏ ਜਿਨ੍ਹਾਂ ਵਿਚੋਂ ਪੁਲਿਸ 777 (85.67 ਫੀਸਦੀ) ਕਤਲ ਹੱਲ ਕਰਨ ਵਿਚ ਕਾਮਯਾਬ ਹੋਈ ਸੀ। ਪੁਲਿਸ ਨੇ ਇਨ੍ਹਾਂ ਮਾਮਲਿਆਂ ਵਿਚ ਬਕਾਇਦਾ 704 ਚਲਾਨ ਵੀ ਅਦਾਲਤਾਂ ਵਿਚ ਪੇਸ਼ ਕੀਤੇ ਸਨ ਪਰ ਇਸ ਦੇ ਬਾਵਜੂਦ 333 ਕਤਲਾਂ ਦੇ ਮਾਮਲਿਆਂ ਵਿਚ ਹੀ ਮੁਲਜ਼ਮਾਂ ਨੂੰ ਸਜ਼ਾ ਹੋਈ ਹੈ ਤੇ ਸਜ਼ਾ ਹੋਣ ਦੀ ਦਰ ਸਿਰਫ 52.28 ਫੀਸਦੀ ਹੈ। ਦੂਸਰੇ ਪਾਸੇ ਇਨ੍ਹਾਂ ਵਿਚੋਂ 304 ਮਾਮਲਿਆਂ ਦੇ ਮੁਲਜ਼ਮ ਬਰੀ ਹੋ ਚੁੱਕੇ ਹਨ। ਪਿਛਲੇ ਵਰ੍ਹੇ ਹੋਏ ਕੁੱਲ 907 ਕਤਲਾਂ ਵਿਚੋਂ 130 ਹਾਲੇ ਵੀ ਭੇਤ ਬਣੇ ਹੋਏ ਹਨ।

ਸਾਲ 2009 ਦੌਰਾਨ ਰਾਜ ਵਿਚ 853 ਕਤਲ ਹੋਏ ਸਨ ਜਿਨ੍ਹਾਂ ਵਿਚੋਂ ਪੁਲਿਸ 731 ਹੀ ਹੱਲ ਕਰ ਸਕੀ ਸੀ। ਇਨ੍ਹਾਂ ਵਿਚੋਂ ਫਿਲਹਾਲ 49.43 ਫੀਸਦੀ ਮਾਮਲਿਆਂ ਵਿਚ ਹੀ ਮੁਲਜ਼ਮਾਂ ਨੂੰ ਸਜ਼ਾ ਹੋਈ ਹੈ। ਦੂਸਰੇ ਪਾਸੇ ਸਾਲ 2010 ਦੌਰਾਨ ਰਾਜ ਵਿਚ 994 ਵਿਅਕਤੀਆਂ ਉਪਰ ਕਾਤਲਾਨਾ ਹਮਲੇ ਹੋਏ ਹਨ। ਇਨ੍ਹਾਂ ਵਿਚੋਂ ਪੁਲਿਸ 965 ਮਾਮਲੇ ਹੀ ਹੱਲ ਕਰ ਸਕੀ ਹੈ। ਪੁਲਿਸ ਨੇ ਇਨ੍ਹਾਂ ਵਿਚੋਂ 789 ਮਾਮਲਿਆਂ 'ਚ ਵੱਖ-ਵੱਖ ਅਦਾਲਤਾਂ ਵਿਚ ਚਲਾਨ ਪੇਸ਼ ਕੀਤੇ ਸਨ ਜਦੋਂ ਕਿ ਹਾਲੇ ਕੇਵਲ 233 ਮਾਮਲਿਆਂ ਵਿਚ ਹੀ ਮੁਲਜ਼ਮਾਂ ਨੂੰ ਸਜ਼ਾ ਹੋ ਸਕਦੀ ਹੈ। ਇਰਾਦਾ ਕਤਲ ਦੇ 418 ਮਾਮਲਿਆਂ ਨਾਲ ਸਬੰਧਤ ਮੁਲਜ਼ਮ ਬਰੀ ਹੋ ਚੁੱਕੇ ਹਨ। ਸਿਰਫ 35.79 ਫੀਸਦੀ ਮਾਮਲਿਆਂ ਵਿਚ ਹੀ ਮੁਲਜ਼ਮਾਂ ਨੂੰ ਸਜ਼ਾ ਹੋਈ ਹੈ। ਦੂਸਰੇ ਪਾਸੇ ਸਾਲ 2009 ਦੌਰਾਨ ਪੰਜਾਬ ਵਿਚ ਇਰਾਦਾ ਕਤਲ (307) ਦੇ 1014 ਮਾਮਲੇ ਦਰਜ ਕੀਤੇ ਗਏ ਸਨ ਤੇ ਇਨ੍ਹਾਂ ਵਿਚੋਂ ਕੇਵਲ 199 ਮਾਮਲਿਆਂ ਨਾਲ ਸਬੰਧਤ ਮੁਲਜ਼ਮਾਂ ਨੂੰ ਹੀ ਸਜ਼ਾ ਹੋਈ ਸੀ ਜਦੋਂਕਿ 415 ਮਾਮਲਿਆਂ ਦੇ ਮੁਲਜ਼ਮ ਬਰੀ ਹੋ ਗਏ ਸਨ।

ਪਿਛਲੇ ਵਰ੍ਹੇ ਪੰਜਾਬ ਵਿਚ ਅਗਵਾ ਦੇ 407 ਮਾਮਲੇ ਦਰਜ ਹੋਏ ਸਨ ਜਿਨ੍ਹਾਂ ਵਿਚੋਂ ਪੁਲਿਸ 40 ਮਾਮਲੇ ਤਾਂ ਹੱਲ ਹੀ ਨਹੀਂ ਕਰ ਸਕੀ ਜਦੋਂ ਕਿ ਇਨ੍ਹਾਂ ਵਿਚੋਂ ਸਿਰਫ 199 ਮਾਮਲਿਆਂ ਦੇ ਹੀ ਚਲਾਨ ਪੇਸ਼ ਕੀਤੇ ਗਏ। ਇਨ੍ਹਾਂ ਵਿਚੋਂ ਸਿਰਫ 46 ਮਾਮਲਿਆਂ ਵਿਚ ਹੀ ਹਾਲੇ ਤੱਕ ਮੁਲਜ਼ਮਾਂ ਨੂੰ ਸਜ਼ਾ ਹੋਈ ਹੈ ਜਦੋਂਕਿ 112 ਮਾਮਲਿਆਂ ਨਾਲ ਸਬੰਧਤ ਮੁਲਜ਼ਮ ਵੱਖ-ਵੱਖ ਅਦਾਲਤਾਂ ਵਿਚੋਂ ਬਰੀ ਹੋ ਚੁੱਕੇ ਹਨ। ਹਾਲੇ ਤੱਕ ਪੁਲਿਸ ਅਗਵਾ ਦੇ 29.11 ਫੀਸਦੀ ਮਾਮਲਿਆਂ ਵਿੱਚ ਹੀ ਮੁਲਜ਼ਮਾਂ ਨੂੰ ਸਜ਼ਾ ਦਿਵਾਉਣ ਵਿਚ ਕਾਮਯਾਬ ਹੋਈ ਹੈ। ਸਾਲ 2009 ਦੌਰਾਨ ਰਾਜ ਵਿਚ ਅਗਵਾ ਦੇ 398 ਮਾਮਲੇ ਦਰਜ ਕੀਤੇ ਗਏ ਸਨ ਜਿਨ੍ਹਾਂ ਵਿਚੋਂ ਪੁਲਿਸ ਨੇ 336 ਮਾਮਲੇ ਹੱਲ ਕੀਤੇ ਹਨ ਪਰ ਸਿਰਫ 28 ਮਾਮਲਿਆਂ ਵਿਚ ਮੁਲਜ਼ਮਾਂ ਨੂੰ ਸਜ਼ਾ ਮਿਲੀ ਸੀ। ਸਾਲ 2009 ਦੌਰਾਨ ਤਾਂ ਪੁਲਿਸ ਅਗਵਾ ਦੇ ਸਿਰਫ 19.72 ਫੀਸਦੀ ਮਾਮਲਿਆਂ ਵਿਚ ਹੀ ਮੁਲਜ਼ਮਾਂ ਨੂੰ ਸਜ਼ਾ ਦਿਵਾ ਸਕੀ ਸੀ। ਇਸ ਤੋਂ ਇਲਾਵਾ ਪੰਜਾਬ ਵਿਚ ਹਰੇਕ ਦੋ ਦਿਨਾਂ ਦੌਰਾਨ ਤਿੰਨ ਬਲਾਤਕਾਰ ਹੋਣ ਦੀਆਂ ਘਟਨਾਵਾਂ ਵਾਪਰੀਆਂ ਹਨ। ਪਿਛਲੇ ਵਰ੍ਹੇ ਪੁਲਿਸ ਨੇ ਬਲਾਤਕਾਰ ਦੇ 546 ਮਾਮਲੇ ਦਰਜ ਕੀਤੇ ਸਨ ਤੇ ਇਨ੍ਹਾਂ ਵਿਚੋਂ 538 ਮਾਮਲੇ ਹੱਲ ਵੀ ਕਰ ਲਏ ਸਨ।

ਭਾਵੇਂ ਪੰਜਾਬ ਪੁਲਿਸ ਨੇ ਅਜਿਹੇ 451 ਮਾਮਲਿਆਂ ਦੀਆਂ ਅਦਾਲਤਾਂ ਵਿਚ ਚਾਰਜਸ਼ੀਟਾਂ ਵੀ ਦਾਇਰ ਕਰ ਦਿੱਤੀਆਂ ਸਨ ਪਰ ਹਾਲੇ ਤੱਕ ਅਜਿਹੇ 164 ਮਾਮਲਿਆਂ ਵਿਚ ਹੀ ਮੁਲਜ਼ਮਾਂ ਨੂੰ ਸਜ਼ਾ ਹੋਈ ਹੈ ਜਦੋਂਕਿ 338 ਮਾਮਲਿਆਂ ਨਾਲ ਸਬੰਧਤ ਮੁਲਜ਼ਮ ਬਰੀ ਹੋ ਚੁੱਕੇ ਹਨ। ਹਾਲੇ ਸਿਰਫ 32.67 ਫੀਸਦੀ ਮਾਮਲਿਆਂ ਨਾਲ ਸਬੰਧਤ ਬਲਾਤਕਾਰੀਆਂ ਨੂੰ ਹੀ ਸਜ਼ਾ ਮਿਲੀ ਹੈ। ਸਾਲ 2009 ਦੌਰਾਨ ਪੰਜਾਬ ਵਿਚ ਬਲਾਤਕਾਰ ਦੇ 511 ਮਾਮਲੇ ਸਾਹਮਣੇ ਆਏ ਸਨ ਤੇ ਇਨ੍ਹਾਂ ਵਿਚੋਂ 312 ਮਾਮਲਿਆਂ ਦੇ ਮੁਲਜ਼ਮ ਅਦਾਲਤਾਂ ਵਿਚੋਂ ਬਾਇੱਜ਼ਤ ਬਰੀ ਹੋ ਗਏ ਸਨ। ਇਨ੍ਹਾਂ ਵਿਚੋਂ ਕੇਵਲ 168 ਮਾਮਲਿਆਂ ਵਿਚ ਹੀ ਸਜ਼ਾ ਹੋਈ ਸੀ। ਸਾਲ 2009 ਵਿਚ ਵਾਪਰੀਆਂ ਬਲਾਤਕਾਰਾਂ ਦੀਆਂ ਘਟਨਾਵਾਂ ਵਿਚੋਂ ਕੇਵਲ 35 ਫੀਸਦੀ ਮਾਮਲਿਆਂ ਦੇ ਦੋਸ਼ੀਆਂ ਨੂੰ ਹੀ ਸਜ਼ਾ ਮਿਲੀ ਹੈ।

## ਕਰਨਲ ਸੰਧੂ ਨੇ ਹੁਣ ਸੁਮੇਧ ਸੈਣੀ ਖ਼ਿਲਾਫ਼ ਮੋਰਚਾ ਖੋਲ੍ਹਿਆ

**ਚੰਡੀਗੜ੍ਹ:** ਮਾਝਾ ਐਕਸ ਸਰਵਿਸਮੈਨ ਮਨੁੱਖੀ ਅਧਿਕਾਰ ਫਰੰਟ ਦੇ ਚੇਅਰਮੈਨ ਕਰਨਲ ਜੀ.ਐਸ. ਸੰਧੂ ਨੇ ਪੰਜਾਬ ਵਿਜੀਲੈਂਸ ਬਿਊਰੋ ਦੇ ਮੁਖੀ ਸੁਮੇਧ ਸਿੰਘ ਸੈਣੀ ਨੂੰ ਮੁਅੱਤਲ ਕਰਨ ਦੀ ਮੰਗ ਕਰਦਿਆਂ ਕਿਹਾ ਹੈ ਕਿ ਕਤਲ ਵਰਗੇ ਜੁਰਮ ਵਿਚ ਚਾਰਜਸ਼ੀਟ ਹੋ ਚੁੱਕੇ ਵਿਅਕਤੀ ਨੂੰ ਵੱਕਾਰੀ ਅਹੁਦੇ 'ਤੇ ਬਿਠਾਉਣਾ ਕਾਨੂੰਨ ਨਾਲ ਹੀ ਖਿਲਵਾੜ ਨਹੀਂ ਸਗੋਂ ਲੋਕਤੰਤਰ ਵਿਰੋਧੀ ਕਦਮ ਵੀ ਹੈ।

ਕਰਨਲ ਸੰਧੂ ਨੇ ਪੰਜਾਬ ਸੀ.ਆਈ.ਡੀ. ਦੇ ਮੁਖੀ ਸੁਰੇਸ਼ ਅਰੋੜਾ ਜੋ ਸੈਣੀ ਦੇ ਹੀ ਬੈਚ ਮੇਟ ਹਨ, 'ਤੇ ਵੀ ਨਿਸ਼ਾਨਾ ਸੇਧਿਆ। ਉਨ੍ਹਾਂ ਕਿਹਾ ਕਿ ਸ੍ਰੀ ਅਰੋੜਾ ਨੇ ਆਪਣੇ ਸਾਥੀ ਦੀ ਚਮੜੀ ਬਚਾਉਣ ਲਈ ਆਈ.ਬੀ. ਨੂੰ ਪੱਤਰ ਲਿਖ ਕੇ ਲੁਧਿਆਣਾ ਦੇ ਸੈਣੀ ਪਰਿਵਾਰ ਜਿਨ੍ਹਾਂ ਦੇ ਤਿੰਨ ਜੀਅ ਮਾਰਨ ਦਾ ਦੋਸ਼ ਸ੍ਰੀ ਸੈਣੀ 'ਤੇ ਲੱਗਾ ਹੈ, ਦੇ ਸਬੰਧ ਖਾੜਕੂਆਂ ਨਾਲ ਸਾਬਤ ਕਰਨ ਦਾ ਯਤਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਅਰੋੜਾ ਵਰਗੇ ਅਧਿਕਾਰੀਆਂ ਵੱਲੋਂ ਕੇਂਦਰੀ ਖੁਫੀਆ ਏਜੰਸੀਆਂ ਨੂੰ ਗਲਤ ਜਾਣਕਾਰੀ ਦੇ ਕੇ ਵੱਡਾ ਅਪਰਾਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੀ.ਆਈ.ਡੀ. ਦੇ ਮੁਖੀ ਦੀ ਇਹ ਕਾਰਵਾਈ ਇਕ ਅਪਰਾਧੀ ਨੂੰ ਬਚਾਉਣ ਵਾਲੀ ਸਾਬਤ ਹੋ ਰਹੀ ਹੈ। ਕਰਨਲ ਸੰਧੂ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਕੇਂਦਰੀ ਵਿਜੀਲੈਂਸ ਕਮਿਸ਼ਨ ਦੇ ਤਤਕਾਲੀਨ ਮੁਖੀ ਪੀ.ਜੇ. ਥਾਮਸ ਨੂੰ ਅਹੁਦੇ ਤੋਂ ਲਾਹ ਕੇ ਸਾਬਤ ਕੀਤਾ ਸੀ ਕਿ ਅਜਿਹੇ ਵੱਕਾਰੀ ਅਹੁਦਿਆਂ 'ਤੇ ਅਧਿਕਾਰੀ ਕਾਬਲ, ਕਿੱਤਾਮੁਖੀ ਪਹੁੰਚ ਵਾਲੇ, ਪਾਰਦਰਸ਼ੀ, ਲੋਕ ਹਿੱਤੂ ਤੇ ਭਰੋਸੇਯੋਗ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੈਣੀ ਉਕਤ ਸ਼ਰਤਾਂ ਵਿਚੋਂ ਕੋਈ ਵੀ ਪੂਰੀ ਨਹੀਂ ਕਰਦਾ ਕਿਉਂਕਿ ਖਾੜਕੂਵਾਦ ਦੇ ਖ਼ਾਤਮੇ ਦੀ ਆੜ ਹੇਠ ਇਸ ਅਧਿਕਾਰੀ ਨੇ ਬੇਕਸੂਰਾਂ ਦੀਆਂ ਜਾਨਾਂ ਲਈਆਂ ਹਨ। ਉਨ੍ਹਾਂ ਕਿਹਾ ਕਿ ਤਿੰਨ ਕਤਲ ਕੇਸਾਂ ਵਿਚ ਇਹ ਪੁਲਿਸ ਅਧਿਕਾਰੀ ਚਾਰਜਸ਼ੀਟ ਹੋ ਚੁੱਕਿਆ ਹੈ।



ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੇ ਇਸ ਦਾਗੀ ਅਧਿਕਾਰੀ ਨੂੰ ਵਿਜੀਲੈਂਸ ਦੇ ਅਹੁਦੇ 'ਤੇ ਇਸ ਲਈ ਲਾਇਆ ਹੈ ਤਾਂ ਜੋ ਰਾਜਨੀਤਕ ਵਿਰੋਧੀਆਂ 'ਤੇ ਕੇਸ ਦਰਜ ਕੀਤੇ ਜਾ ਸਕਣ। ਇਸ ਦਾ ਸਬੂਤ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਡੀ.ਜੀ.ਪੀ. ਸਰਬਦੀਪ ਸਿੰਘ ਵਿਰਕ 'ਤੇ ਦਰਜ ਹੋਏ ਮਾਮਲਿਆਂ ਤੋਂ ਮਿਲਦਾ ਹੈ।

# ਗੁਰਦੁਆਰਾ ਸੁਧਾਰ ਕਮੇਟੀ ਵਲੋਂ ਸੈਨ ਹੋਜ਼ੇ ਗੁਰੂ ਘਰ ਦੇ ਵਿਧਾਨ ਵਿਚ ਸੋਧਾਂ ਦਾ ਵਿਰੋਧ

**ਸੈਨ ਹੋਜ਼ੇ (ਬਿਊਰੋ):** ਨਵ ਗਠਿਤ "ਗੁਰਦੁਆਰਾ ਸੁਧਾਰ ਕਮੇਟੀ" ਨੇ ਗੁਰਦੁਆਰਾ ਸੈਨ ਹੋਜ਼ੇ ਦੇ ਸੰਵਿਧਾਨ ਵਿਚ ਕੀਤੀਆਂ ਗਈਆਂ ਤਬਦੀਲੀਆਂ ਨੂੰ ਮੂਲੋਂ ਰੱਦ ਕਰਦਿਆਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਤੋਂ ਮੰਗ ਕੀਤੀ ਹੈ ਕਿ ਚਾਰ ਹਫਤਿਆਂ ਦੇ ਵਿਚ ਵਿਚ ਸੰਵਿਧਾਨ ਵਿਚ ਤਬਦੀਲੀਆਂ ਕਰਨ ਲਈ ਲਿਖਤੀ ਤੌਰ 'ਤੇ ਚਿਠੀਆਂ ਪਾ ਕੇ ਅਤੇ ਏਜੰਡੇ ਦੀ ਕਾਪੀ ਭੇਜ ਕੇ ਜਨਰਲ ਬਾਡੀ ਦੀ ਅਸਲੀ ਮੀਟਿੰਗ ਸੱਦੀ ਜਾਏ। ਜੇ ਅਜਿਹਾ ਨਹੀਂ ਕੀਤਾ ਜਾਂਦਾ ਅਤੇ ਭਵਿੱਖ ਵਿਚ ਜਨਰਲ ਬਾਡੀ ਦੀਆਂ ਮੀਟਿੰਗਾਂ ਬਾਰੇ ਰਜਿਸਟਰਡ ਮੈਂਬਰਾਂ ਨੂੰ ਲਿਖਤੀ ਤੌਰ 'ਤੇ ਸੂਚਿਤ ਨਹੀਂ ਕੀਤਾ ਜਾਂਦਾ ਅਤੇ ਸੰਗਤਾਂ ਦੀ ਇਸ ਸ਼ਿਕਾਇਤ ਦਾ ਇਕ ਹਫਤੇ ਵਿਚ ਕੋਈ ਜੁਆਬ ਨਹੀਂ ਦਿੱਤਾ ਜਾਂਦਾ ਤਾਂ "ਗੁਰਦੁਆਰਾ ਸੁਧਾਰ ਕਮੇਟੀ" ਇਨ੍ਹਾਂ ਤਕਲੀਫਾਂ ਦਾ ਹੱਲ ਲੱਭਣ ਲਈ ਕੋਈ ਵੀ ਕਨੂੰਨੀ ਅਤੇ ਨਿਆਂ ਉਚਿਤ ਕਾਰਵਾਈ ਕਰ ਸਕਦੀ ਹੈ।

ਇਸ ਨਵ ਗਠਿਤ ਕਮੇਟੀ ਵਲੋਂ ਜਾਰੀ ਇਕ ਬਿਆਨ ਵਿਚ ਦੋਸ਼ ਲਾਇਆ ਗਿਆ ਹੈ ਕਿ ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਨਰਲ ਬਾਡੀ (ਰਜਿਸਟਰਡ ਵੋਟਰਾਂ) ਨੂੰ ਲਿਖਤੀ ਤੌਰ 'ਤੇ ਸੂਚਿਤ ਕੀਤੇ ਬਿਨਾ ਗਲਤ ਤਰੀਕੇ ਨਾਲ ਸੰਵਿਧਾਨ ਵਿਚ ਤਬਦੀਲੀਆਂ ਕਰ ਕੇ ਆਪਣੇ ਆਪ ਨੂੰ ਪੰਜ ਸਾਲਾਂ ਲਈ ਦੁਬਾਰਾ ਨਿਯੁਕਤ ਕਰ ਲਿਆ ਹੈ ਜਿਸ ਪ੍ਰਤੀ ਸੰਗਤਾਂ ਵਿਚ ਭਾਰੀ ਰੋਸ ਹੈ ਕਿਉਂਕਿ ਕਥਿਤ ਤੌਰ 'ਤੇ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੀ ਰਾਇ ਲਏ ਬਿਨਾ ਹੀ ਆਪਣੇ ਬੰਦਿਆਂ ਨੂੰ ਇਕ ਕਮਰੇ ਵਿਚ ਸੱਦ ਕੇ ਸੰਵਿਧਾਨ ਵਿਚ ਅਹਿਮ ਤਬਦੀਲੀਆਂ ਕਰ ਲਈਆਂ ਹਨ। ਬਿਆਨ ਅਨੁਸਾਰ ਸੰਗਤਾਂ ਵਿਚ ਇਸ ਦਾ ਇਤਨਾ ਪ੍ਰਤੀਕ੍ਰਮ ਹੋਇਆ ਹੈ ਕਿ ਇਸ ਬੇਇਨਸਾਫੀ ਦਾ ਮੁਕਾਬਲਾ ਕਰਨ ਲਈ ਪਿਛਲੇ ਕੁਝ ਹੀ ਦਿਨਾਂ ਵਿਚ ਹੀ ਇਕ ਨਵੀਂ ਜਥੇਬੰਦੀ "ਗੁਰਦੁਆਰਾ ਸੁਧਾਰ ਕਮੇਟੀ" ਉਭਰ ਕੇ ਸਾਹਮਣੇ ਆ ਗਈ ਹੈ। ਦਾਅਵਾ ਕੀਤਾ ਗਿਆ ਹੈ ਕਿ ਇਸ ਜਥੇਬੰਦੀ ਨੂੰ ਹਰ ਪਾਸਿਉਂ ਬਹੁਤ ਹੀ ਵਧੀਆ ਹੁੰਗਾਰਾ ਮਿਲ ਰਿਹਾ ਹੈ।



*ਗੁਰਦੁਆਰਾ ਸੁਧਾਰ ਕਮੇਟੀ ਸੈਨ ਹੋਜ਼ੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਨੂੰ ਸ਼ਿਕਾਇਤ ਪੱਤਰ ਦੇਣ ਉਪਰੰਤ*

ਵਿਰੋਧੀ ਧਿਰ ਅਤੇ ਸੰਗਤ ਦੇ ਉਹ ਮੈਂਬਰ ਜੋ ਕਿ ਅਕਸਰ ਪ੍ਰਬੰਧਕ ਕਮੇਟੀ ਦੇ ਹਮਾਇਤੀ ਸਮਝੇ ਜਾਂਦੇ ਸਨ, ਇਸ ਵਧੀਕੀ ਦੇ ਖਿਲਾਫ ਮੋਰਚੇ ਵਿਚ ਕੁੱਦ ਪਏ ਹਨ।

ਬਿਆਨ ਅਨੁਸਾਰ ਲੰਘੇ ਐਤਵਾਰ ਗੁਰਦੁਆਰਾ ਸੁਧਾਰ ਕਮੇਟੀ ਨੇ ਇਸ "ਬੇਇਨਸਾਫੀ" ਦਾ "ਪਰਦਾ ਫਾਸ਼" ਕਰਨ ਲਈ ਸੰਗਤਾਂ ਵਿਚ ਪੈਂਫਲਿਟ ਵੀ ਵੰਡੇ। ਕਮੇਟੀ ਦੇ ਪ੍ਰਤੀਨਿਧ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਿਲੇ ਅਤੇ ਚਾਰ ਸਫੇ ਦੀ ਨੋਟਿਸ ਰੂਪੀ ਚਿੱਠੀ ਪ੍ਰਧਾਨ ਸ. ਹਰਦੇਵ ਸਿੰਘ ਤੱਖਰ ਨੂੰ ਦਿੱਤੀ ਜਿਸ ਉਪਰ ਸੰਗਤ ਦੇ 11 ਮੈਂਬਰਾਂ ਦੇ ਦਸਤਖਤ ਸਨ ਜਿਨ੍ਹਾਂ ਵਿਚ ਦਲਜੀਤ ਸਿੰਘ, ਗੁਰਮੇਲ ਸਿੰਘ ਖਾਲਸਾ, ਜਗਜੀਤ ਸਿੰਘ ਮੰਡ, ਡਾ. ਤਰਲੋਚਨ ਸਿੰਘ ਨਾਹਲ, ਭੁਪਿੰਦਰ ਸਿੰਘ, ਕੁਲਵੰਤ ਸਿੰਘ, ਗੁਰਦਿਆਲ ਸਿੰਘ, ਜਗਜੀਤ ਸਿੰਘ, ਉਅੰਕਾਰ ਸਿੰਘ, ਬੀਬੀ ਕੁਲਵੰਤ ਕੌਰ ਚਾਹਲ ਅਤੇ ਸੁਖਦੀਪ ਸਿੰਘ ਦੇ ਨਾਮ ਸ਼ਾਮਲ ਹਨ। ਇਸ ਮੌਕੇ ਪ੍ਰਬੰਧਕ ਕਮੇਟੀ ਮੈਂਬਰਾਂ ਵਿਚੋਂ ਭੁਪਿੰਦਰ ਸਿੰਘ ਢਿੱਲੋਂ, ਸੁਖਦੇਵ ਸਿੰਘ ਬੈਣੀਵਾਲ, ਸੁਰਜੀਤ ਸਿੰਘ ਬੈਂਸ, ਕਿਰਪਾਲ ਸਿੰਘ ਅਟਵਾਲ, ਪ੍ਰੀਤਮ ਸਿੰਘ ਗਰੇਵਾਲ ਆਦਿ ਮੌਜੂਦ ਸਨ। ਗੁਰਦੁਆਰਾ ਸੁਧਾਰ ਕਮੇਟੀ ਦੇ ਨੁਮਾਇੰਦਿਆਂ ਵਿਚੋਂ ਗੁਰਮੇਲ ਸਿੰਘ ਖਾਲਸਾ, ਡਾ. ਨਾਹਲ, ਦਲਜੀਤ ਸਿੰਘ, ਡਾ. ਹਰਬੰਸ ਸਿੰਘ ਸਰਾਉਂ, ਭੁਪਿੰਦਰ ਸਿੰਘ, ਜਗਜੀਤ ਸਿੰਘ ਮੰਡ, ਕੁਲਵੰਤ ਸਿੰਘ ਆਦਿ ਮੌਜੂਦ ਸਨ।

ਇਸ ਮੌਕੇ ਡਾ. ਨਾਹਲ ਨੇ ਪ੍ਰਬੰਧਕ ਕਮੇਟੀ ਨੂੰ ਕਿਹਾ ਕਿ ਕਮੇਟੀ ਨੇ ਸੰਗਤਾਂ ਨਾਲ ਸਰਾਸਰ ਧੋਖਾ ਕੀਤਾ ਹੈ। ਸੰਵਿਧਾਨ ਉਸ ਦਿਨ ਬਦਲਿਆ ਗਿਆ ਜਦੋਂ ਬਹੁਤ ਸਾਰੀਆਂ ਸੰਗਤਾਂ ਸਟਾਕਟਨ ਦੇ ਵਿਸਾਖੀ ਨਗਰ ਕੀਰਤਨ ਵਿਚ ਭਾਗ ਲੈਣ ਲਈ ਗਈਆਂ ਹੋਈਆਂ ਸਨ ਅਤੇ ਬਾਕੀ ਸੰਗਤਾਂ ਭੋਗ ਪੈਣ ਉਪਰੰਤ ਘਰੋ ਘਰੀਂ ਜਾ ਚੁਕੀਆਂ ਸਨ। ਉਨ੍ਹਾਂ ਦੋਸ਼ ਲਾਇਆ ਕਿ ਕਮੇਟੀ ਨੇ ਤਕਰੀਬਨ 12.30 ਬਾਦ ਦੁਪਹਿਰ ਅਨਾਊਂਸਮੈਂਟ ਕਰ ਕੇ 2.30 ਵਜੇ ਇਕ ਕਮਰੇ ਵਿਚ ਆਪਣੇ ਹਮਾਇਤੀਆਂ ਨੂੰ ਸੱਦ ਕੇ, ਕਿਸੇ ਦੀ ਸ਼ਨਾਖਤ ਚੈਕ ਕੀਤੇ ਬਿਨਾ ਹੱਥ ਖੜ੍ਹੇ ਕਰਾ ਕੇ ਸੰਵਿਧਾਨ ਵਿਚ ਅਹਿਮ ਤਬਦੀਲੀਆਂ ਕਰ ਲਈਆਂ ਅਤੇ ਆਪਣੀ ਮਿਆਦ ਪੰਜ ਸਾਲ ਹੋਰ ਵਧਾ ਲਈ। ਕਮੇਟੀ ਦੇ ਨਵੇਂ ਮੈਂਬਰ ਭਰਤੀ ਕਰਨ ਅਤੇ ਹਟਾਉਣ ਦਾ ਅਧਿਕਾਰ ਵੀ ਆਪਣੇ ਕੋਲ ਹੀ ਸੁਰੱਖਿਅਤ ਰੱਖ ਲਿਆ ਹੈ ਜੋ ਕਿ ਸਰਾਸਰ ਗਲਤ ਹੈ।

# ਸਰਤਾਜ 'ਤੇ ਫਿਰ ਸਾਹਿਤਕ ਚੋਰੀ ਦਾ ਦੋਸ਼

**ਜੈਤੋ:** ਪੰਜਾਬੀ ਸ਼ਾਇਰ ਤਰਲੋਕ ਜੱਜ ਤੋਂ ਬਾਅਦ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ ਨੇ ਵੀ ਪੰਜਾਬੀ ਗਾਇਕ ਸਤਿੰਦਰ ਸਰਤਾਜ 'ਤੇ ਉਸ ਦੇ ਸ਼ਿਅਰਾਂ ਦੀ ਚੋਰੀ ਕਰਨ ਅਤੇ ਨਕਲ ਕਰਨ ਦਾ ਦੋਸ਼ ਲਾਇਆ ਹੈ ਤੇ ਸਤਿੰਦਰ ਸਰਤਾਜ ਨੂੰ ਪੰਜਾਬੀ ਸਰੋਤਿਆਂ/ਪਾਠਕਾਂ ਦੀ ਕਚਹਿਰੀ ਵਿਚ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਲਈ ਕਿਹਾ ਹੈ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਾਬਕਾ ਸਕੱਤਰ ਤੇ ਪੰਜਾਬੀ ਸਾਹਿਤ ਸਭਾ ਜੈਤੋ ਦੇ ਮੀਤ ਪ੍ਰਧਾਨ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ ਨੇ ਕਿਹਾ ਹੈ ਕਿ ਸਤਿੰਦਰ ਸਰਤਾਜ ਉਨ੍ਹਾਂ ਦੀ ਹਰਮਨ ਪਿਆਰੀ ਗ਼ਜ਼ਲ 'ਜ਼ਮੀਨਾਂ ਮਹਿੰਗੀਆਂ ਵਿਕੀਆਂ, ਜ਼ਮੀਰਾਂ ਸਸਤੀਆਂ ਵਿਕੀਆਂ, ਬੜੀ ਛੋਟੀ ਜਿਹੀ ਕੀਮਤ 'ਤੇ ਨੇ ਵੱਡੀਆਂ ਹਸਤੀਆਂ ਵਿਕੀਆਂ' ਦੇ ਸ਼ਿਅਰਾਂ ਨੂੰ ਆਪਣੀ ਲਿਖਤ ਬਣਾ ਕੇ ਗਾ ਰਿਹਾ ਹੈ। ਸਰਤਾਜ ਨੇ ਇਸ ਗ਼ਜ਼ਲ ਦੇ ਸ਼ਿਅਰ ਨੂੰ 'ਜ਼ਮੀਨਾਂ ਮਹਿੰਗੀਆਂ ਇਥੇ, ਜ਼ਮੀਰਾਂ ਸਸਤੀਆਂ ਨੇ, ਤੁਸੀਂ ਅਨੁਮਾਨ ਲਾਓ ਕੌਣ ਵੱਡੀਆਂ ਹਸਤੀਆਂ ਨੇ' ਬਣਾ ਲਿਆ ਹੈ।

## Matrimonials

### ਕੰਨਿਆ ਦੀ ਲੋੜ

Wanted US citizen girl for Kamboj Sikh boy, 25, 5'5", Bachelor in Architecture, raised in America went to school, college in New York, living with parents in New York and works with family business. Cast no bar. Call: 516.439.1208 or 347.920.9011

ਜੱਟ ਸਿੱਖ ਢਿੱਲੋਂ, ਸੁਨੱਖੇ, 22, 5'11", ਦਸ ਸਾਲ ਦੇ ਟੂਰਿਸਟ/ਬਿਜਨਸ ਵੀਜ਼ੇ 'ਤੇ ਅਮਰੀਕਾ ਆਪਣੇ ਪਿਤਾ ਪਾਸ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਫੋਨ 812-677-6206 ਜਾਂ ਈਮੇਲ: dhillon196315@yahoo.com

Wanted suitable match for Jatt Sikh US born, handsome, cleanshaven, 27/ 6'1", engineer (BSc. Engg.) boy, manager in a top US corporation. Educated, respected family, no demands. Contact: Sikh5family@gmail.com

Self-employed, handsome Sikh Khatri 48/5'7", living In bay area California, never married, looking for a life-partner. Divorcee also be considered, caste no bar. Contact:408-712-3454.

Seeking Jatt Sikh alliance for 27/5'-6" B.E, M.S girl. Placed with Bank of America, Contact:704-930-1734, ppsd32@gmail.com.

Indian Attorney in 60s, 5'-6", slim looking for a sincere, educated, God fearing, companion. Caste no bar. Serious inquiries only. Contact: Ph:323-573-9315, Email: singhb1@yahoo.com

### ਵਰ ਦੀ ਲੋੜ

ਖੂਬਸੂਰਤ ਕੰਬੋਜ਼ ਸਿੱਖ ਉਮਰ 24 ਸਾਲ ਕੱਦ 5'6" ਸਟੂਡੈਂਟ ਵੀਜ਼ੇ 'ਤੇ, ਕੈਨੇਡਾ ਰਹਿੰਦੀ ਰਜਿਸਟਰਡ ਪ੍ਰੈਕਟੀਕਲ ਨਰਸ ਅਮ੍ਰਿਤਧਾਰੀ ਲੜਕੀ ਲਈ ਗੁਰਸਿੱਖ ਵਰ ਚਾਹੀਦਾ ਹੈ। ਫੋਨ: 780-200-8082, 91-98146-47417

Sikh match for Parjapat Sikh female, 30, 5'- 6", working with US University on H1 visa, PhD (Molecular Biology) from US. Caste no bar, US/Canada preferred. Contact at 978-799-8948 (US), 91-98784-59056 (India), or piscean100@yahoo.com


**SUPER TRAVEL**

**847-676-9090, 773-465-5566**

*E-mail: supertravel2003@yahoo.com*

***Lowest Fares With Excellent Service***

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250



**MRP TRAVEL**

*Lowest International and Domestic Fares*

A·R·C FLY ANY AIRLINE OF YOUR CHOICE IATA

*Providing the lowest Airfare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133
*CST: 2097308-40*



Asiana Airlines, Emirates, SINGAPORE AIRLINES, CATHAY PACIFIC, KOREAN AIR, Lufthansa, CHINA AIRLINES

***We Also Offer Notary Service***






**Business Opportunity**

International Company looking for serious people to work from home-part time or full time. Great earning potential, full training and support provided. To attend training in your area and For more info. call:

**Surjit Singh or Satwant K. Takk Cell:**

**(416) 889-9886**

**Sukhpreet Kaur Indiana**

**Ph:317-884-3557**

*www.safeandeasyweightloss.com*
*e-mail:sstakk@hotmail.com*



FARMERS INSURANCE GROUP — Symbol of Superior Service

**FARMERS**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**

***Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਸਰਕਾਰੀ ਬੇਰੁਖ਼ੀ ਕਾਰਨ ਪੰਜਾਬ ਦਾ ਸਨਅਤੀ ਵਿਕਾਸ ਲੀਹੋਂ ਲੱਥਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਨਅਤੀਕਰਨ ਦੇ ਮਾਮਲੇ ਵਿਚ ਦਿਨ-ਬ-ਦਿਨ ਪਛੜਦਾ ਜਾ ਰਿਹਾ ਹੈ ਤੇ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਅਨੇਕਾਂ ਉਦਯੋਗ ਗੁਆਂਢੀ ਸੂਬਿਆਂ 'ਚ ਤਬਦੀਲ ਹੋ ਰਹੇ ਹਨ। ਪੰਜਾਬ ਦੇ ਸਨਅਤੀ ਵਿਕਾਸ ਪੱਖੋਂ ਪਛੜਨ ਦਾ ਮੁੱਖ ਕਾਰਨ ਸਰਕਾਰ ਦੀਆਂ ਕੰਮ ਚਲਾਊ ਨੀਤੀਆਂ ਹਨ ਜਿਨ੍ਹਾਂ 'ਚ ਦੂਰ ਅੰਦੇਸ਼ੀ ਦੀ ਬੇਹੱਦ ਘਾਟ ਹੈ। ਉਪਜਾਊ ਸੂਬਾ ਹੋਣ ਕਰਕੇ ਇਥੇ ਇਕ ਪਾਸੇ ਤਾਂ ਸਨਅਤਾਂ ਲਈ ਲੋੜੀਂਦੀ ਜ਼ਮੀਨ ਦੀ ਘਾਟ ਹੈ ਪਰ ਦੂਜੇ ਪ੍ਰਾਪਤ ਜ਼ਮੀਨ ਨੂੰ ਸਨਅਤਾਂ ਲਈ ਵਰਤਣ ਵਾਸਤੇ ਮਨਜ਼ੂਰੀ ਲੈਣ ਲਈ ਲੰਮੀ ਤੇ ਗੁੰਝਲਦਾਰ ਕਾਨੂੰਨੀ ਪ੍ਰਕਿਰਿਆ ਹੈ। ਇਸ ਤੋਂ ਇਲਾਵਾ ਬਿਜਲੀ ਦੀ ਘਾਟ ਤੇ ਸਰਕਾਰ ਦੀ ਉਦਾਸੀਨਤਾ ਕਾਰਨ ਸਨਅਤਕਾਰ ਇੱਥੇ ਨਿਵੇਸ਼ ਨਹੀਂ ਕਰ ਰਹੇ ਤੇ ਉਹ ਗੁਆਂਢੀ ਵੱਲ ਜ਼ਿਆਦਾ ਝੁਕਾਅ ਰੱਖ ਰਹੇ ਹਨ। ਪੰਜਾਬ ਲਈ ਮਾਰੂ ਗੱਲ ਇਹ ਹੈ ਕਿ ਪੰਜਾਬ ਵਿਚਲੇ ਬਹੁਤੇ ਸਨਅਤਕਾਰ ਆਪਣਾ ਕਾਰੋਬਾਰ ਵਧਾਉਣ ਲਈ ਹਰਿਆਣਾ,

### ਅਨੇਕਾਂ ਉਦਯੋਗ ਗੁਆਂਢੀ ਸੂਬਿਆਂ 'ਚ ਤਬਦੀਲ

ਮੱਧ ਪ੍ਰਦੇਸ਼, ਮਹਾਂਰਾਸ਼ਟਰ ਤੇ ਗੁਜਰਾਤ ਵੱਲ ਦੌੜ ਰਹੇ ਹਨ।

ਪਿਛਲੇ ਕੁਝ ਸਾਲਾਂ ਦੌਰਾਨ ਬਠਿੰਡਾ 'ਚ ਗੁਰੂ ਗੋਬਿੰਦ ਸਿੰਘ ਤੇਲ ਸੋਧਕ ਕਾਰਖਾਨੇ ਨੂੰ ਛੱਡ ਕੇ ਕੋਈ ਵੱਡੀ ਸਨਅਤ ਪੰਜਾਬ ਵਿਚ ਨਹੀਂ ਲੱਗੀ। ਪੰਜਾਬ ਵਿਚਲੇ ਵਰਧਮਾਨ ਗਰੁੱਪ ਤੇ ਟਰਾਈਡੈਂਟ ਵਰਗੇ ਵੱਡੇ ਸਨਅਤੀ ਘਰਾਣਿਆਂ ਨੇ ਸੂਬੇ ਵਿਚ ਜ਼ਮੀਨ ਮਹਿੰਗੀ ਹੋਣ ਕਾਰਨ ਕਰ ਰਿਆਇਤਾਂ ਵਾਲੇ ਹਿਮਾਚਲ ਪ੍ਰਦੇਸ਼, ਹਰਿਆਣਾ, ਮੱਧ ਪ੍ਰਦੇਸ਼, ਗੁਜਰਾਤ ਤੇ ਮਹਾਰਾਸ਼ਟਰ ਵੱਲ ਮੁਹਾਰ ਮੋੜ ਲਈ ਹੈ। ਪੰਜਾਬ ਦੇ ਕੁੱਲ ਘਰੇਲੂ ਉਤਪਾਦ ਵਿਚ ਸਨਅਤਾਂ ਦੀ ਹਿੱਸੇਦਾਰੀ ਕਾਫੀ ਘਟੀ ਹੈ। ਜਦਕਿ ਪੰਜਾਬ ਸਰਕਾਰ ਦਾਅਵਾ ਕਰ ਰਹੀ ਹੈ ਕਿ 2009-10 ਵਿਚ ਮੈਨੂਫੈਕਚਰਿੰਗ ਸੈਕਟਰ ਨੇ 11.99 ਫੀਸਦੀ ਨਾਲ ਵਿਕਾਸ ਕੀਤਾ ਹੈ। ਰਾਜ ਦੇ ਸਨਅਤੀਕਰਨ ਵਿਚ ਪਛੜਨ ਦਾ



ਮੁੱਖ ਕਾਰਨ ਜ਼ਮੀਨ ਦਾ ਨਾ ਮਿਲਣਾ ਹੈ ਜਦਕਿ ਪੰਜਾਬ ਸਰਕਾਰ ਦੀ ਨਵੀਂ ਸਨਅਤ ਨੀਤੀ ਵਿਚ ਸੌਖੇ ਢੰਗ ਨਾਲ ਜ਼ਮੀਨ ਮੁਹੱਈਆ ਕਰਾਉਣ ਦਾ ਵਾਅਦਾ ਕੀਤਾ ਗਿਆ ਸੀ। ਰਾਜ ਵਿਚ ਜਿੱਥੇ ਵੀ ਜ਼ਮੀਨ ਹੈ, ਉਹ ਬਹੁਤ ਮਹਿੰਗੀ ਹੈ।

ਸੀ.ਆਈ.ਆਈ. ਦੀ ਤਾਜ਼ਾ ਰਿਪੋਰਟ ਮੁਤਾਬਕ ਮੁਹਾਲੀ ਵਿਚ ਸਨਅਤ ਲਈ ਜ਼ਮੀਨ ਦਾ ਭਾਅ ਪ੍ਰਤੀ ਵਰਗ ਮੀਟਰ 35-42 ਡਾਲਰ, ਲੁਧਿਆਣਾ ਵਿਚ 17.71 ਡਾਲਰ ਤੇ ਅੰਮ੍ਰਿਤਸਰ ਵਿਚ 17.10 ਡਾਲਰ ਪ੍ਰਤੀ ਵਰਗ ਮੀਟਰ ਹੈ। ਇਸ ਤੋਂ ਇਲਾਵਾ ਹੋਰ ਕਰ ਵੱਖਰੇ ਹਨ। ਮੁਹਾਲੀ ਵਿਚ ਜ਼ਮੀਨ ਦਾ ਭਾਅ 3.50 ਕਰੋੜ ਰੁਪਏ ਪ੍ਰਤੀ ਏਕੜ ਹੈ।

ਭਾਵੇਂ ਰਾਜ ਸਰਕਾਰ ਦੀ ਵੱਖਰੇ ਤਰੀਕੇ ਨਾਲ ਜ਼ਮੀਨ ਅਲਾਟ ਕਰਨ ਦੀ ਨੀਤੀ ਹੈ ਪਰ ਸਨਅਤਕਾਰ ਇਸ ਨੀਤੀ ਵਿਚ ਪਾਰਦਰਸ਼ਤਾ ਚਾਹੁੰਦੇ ਹਨ। ਇਸ ਸਕੀਮ ਅਧੀਨ ਸਰਕਾਰ ਵੱਲੋਂ 2700 ਰੁਪਏ ਤੋਂ 10,000 ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਜ਼ਮੀਨ ਦਿੱਤੀ ਜਾਵੇਗੀ ਜਦਕਿ ਜ਼ਮੀਨ ਦੀ ਬਾਜ਼ਾਰੀ ਕੀਮਤ 15000 ਰੁਪਏ ਪ੍ਰਤੀ ਵਰਗ ਮੀਟਰ ਹੈ। ਉਧਰ ਮੱਧ ਪ੍ਰਦੇਸ਼ ਵਰਗੇ ਰਾਜ 5-10 ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਜ਼ਮੀਨ ਦੇ ਕੇ ਸਨਅਤਕਾਰਾਂ ਨੂੰ ਖਿੱਚ ਰਹੇ ਹਨ। ਪੰਜਾਬ ਸਨਅਤਾਂ ਦੇ ਮੁੱਖ ਸਕੱਤਰ ਐਸ.ਐਮ. ਚੰਨੀ ਦਾ ਕਹਿਣਾ ਹੈ ਕਿ ਜ਼ਮੀਨ ਦੀ ਵੱਧ ਕੀਮਤ ਤੇ ਕਮੀ ਕਾਰਨ ਪੰਜਾਬ ਵਿਚ ਸਨਅਤੀ ਨਿਵੇਸ਼ ਘੱਟ ਹੋ ਰਿਹਾ ਹੈ।

# ਬਿਜਲੀ ਤੇ ਹੁਨਰਮੰਦ ਕਾਮਿਆਂ ਦੀ ਘਾਟ ਨੇ ਪੰਜਾਬ ਨੂੰ ਪਛਾੜਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਉਦਯੋਗਿਕ ਨਿਵੇਸ਼ ਵਿਚ ਸੂਬੇ ਦੇ ਘਟਦੇ ਹਿੱਸੇ ਲਈ ਮੁੱਖ ਤੌਰ 'ਤੇ ਬਿਜਲੀ ਤੇ ਹੁਨਰਮੰਦ ਕਾਮਿਆਂ ਦੀ ਘਾਟ ਮੁੱਖ ਕਾਰਨ ਹਨ। ਪੰਜਾਬ ਵਿਚ ਬਿਜਲੀ ਦੇ ਅਣਐਲਾਨੇ ਕੱਟ ਤੇ ਉਦਯੋਗਾਂ ਲਈ ਬਿਜਲੀ ਦੇ ਨਿਯਮਤ ਕੱਟ ਲੱਗਣ ਤੇ ਹੁਨਰਮੰਦ ਕਾਮਿਆਂ ਦੀ ਭਾਰੀ ਘਾਟ ਦਾ ਉਦਯੋਗਿਕ ਵਿਕਾਸ 'ਤੇ ਮਾੜਾ ਅਸਰ ਪੈ ਰਿਹਾ ਹੈ। ਇਸ ਕਾਰਨ ਪੰਜਾਬ ਵਿਚ ਚਲ ਰਹੀਆਂ ਮੌਜੂਦਾ ਉਦਯੋਗਿਕ ਇਕਾਈਆਂ ਵੀ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਹੋਰ ਸੂਬਿਆਂ ਵਿਚ ਖੇਤਰਾਂ ਦੀ ਤਲਾਸ਼ ਵਿਚ ਹਨ।

ਇਸ ਬਾਰੇ ਜਲੰਧਰ ਦੇ ਚਮੜਾ ਉਦਯੋਗ ਦੇ ਉਦਮੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਬਿਜਲੀ ਤੇ ਕਾਮਿਆਂ ਦੀ ਬੇਹੱਦ ਘਾਟ ਹੈ। ਗਰਮੀ ਦੇ ਮਹੀਨਿਆਂ ਵਿਚ ਵਧੇਰੇ ਬਿਜਲੀ ਖੇਤੀਬਾੜੀ ਖੇਤਰ ਨੂੰ ਦਿੱਤੀ ਜਾਂਦੀ ਹੈ ਤੇ ਉਦਯੋਗ ਬਿਜਲੀ ਕੱਟਾਂ ਦਾ ਸਾਹਮਣਾ ਕਰਦੇ ਹਨ। ਬਿਜਲੀ ਦੀ ਘਾਟ ਕਾਰਨ ਲਾਗਤ ਖਰਚੇ ਵਧ ਜਾਂਦੇ ਹਨ। ਨਿੱਜੀ ਖੇਤਰ ਦੀ ਬਿਜਲੀ ਬੇਹੱਦ ਮਹਿੰਗੀ ਪੈਂਦੀ ਹੈ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ ਤੇ ਉੜੀਸਾ ਜਿੱਥੋਂ ਕਦੇ ਮਜ਼ਦੂਰ ਪੰਜਾਬ ਵਿਚ ਆਉਂਦੇ ਸਨ, ਹੁਣ ਇਨ੍ਹਾਂ ਰਾਜਾਂ ਵਿਚ ਨਰੇਗਾ ਯੋਜਨਾ ਦੇ ਕਾਮਯਾਬ ਹੋਣ ਨਾਲ ਮਜ਼ਦੂਰ ਆਪਣੇ ਘਰਾਂ ਨੂੰ ਛੱਡਣ ਲਈ ਤਿਆਰ ਨਹੀਂ ਹਨ। ਹੁਨਰਮੰਦ ਕਾਮਿਆਂ ਦੀ ਪੰਜਾਬ ਵਿਚ ਘਾਟ ਕਾਰਨ ਹੁਣ ਉਹ ਆਪਣਾ ਕਾਰੋਬਾਰ ਹਰਿਆਣਾ ਦੇ ਬਹਾਦਰਗੜ੍ਹ ਵਿਚ ਸ਼ੁਰੂ ਕਰ ਰਹੇ ਹਨ।

ਭਾਵੇਂ ਪੰਜਾਬ ਸਰਕਾਰ ਇਨ੍ਹਾਂ ਸਮੱਸਿਆਵਾਂ ਤੋਂ ਭਲੀਭਾਂਤ ਜਾਣੂ ਹੈ ਤੇ ਆਪਣੀ ਬਿਜਲੀ ਉਤਪਾਦਨ ਸਮਰੱਥਾ ਵਧਾਉਣ ਲਈ ਯਤਨਸ਼ੀਲ ਹੈ ਪਰ ਸਰਕਾਰ ਹੁਣ ਤਕ ਉਦਯੋਗਾਂ ਨੂੰ ਢੁਕਵੀਂ ਬਿਜਲੀ ਸਪਲਾਈ ਦੇਣ ਵਿਚ ਅਸਫਲ ਰਹੀ ਹੈ। ਭਾਵੇਂ ਸੂਬਾ ਸਰਕਾਰ ਨੇ ਉਦਯੋਗਾਂ ਨੂੰ ਨਿੱਜੀ ਖੇਤਰ ਤੋਂ ਬਿਜਲੀ ਖਰੀਦਣ ਦੀ ਖੁੱਲ੍ਹ ਦਿੱਤੀ ਹੈ ਪਰ ਬਹੁਤੇ ਉਦਯੋਗਪਤੀਆਂ ਦਾ ਮੰਨਣਾ ਹੈ ਕਿ ਇਸ ਨੀਤੀ ਨੂੰ ਸਰਕਾਰ ਵੱਲੋਂ ਉਤਸ਼ਾਹਤ ਨਹੀਂ ਕੀਤਾ ਗਿਆ।

ਅਪੈਕਸ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਦੇ ਪ੍ਰਧਾਨ ਪੀ.ਡੀ. ਸ਼ਰਮਾ ਦਾ ਕਹਿਣਾ ਹੈ, ਪੰਜਾਬ ਵਿਚ ਬਿਜਲੀ ਪ੍ਰਤੀ ਯੂਨਿਟ (5.28 ਪੈਸੇ) ਸਾਰੇ ਦੇਸ਼ ਨਾਲੋਂ ਮਹਿੰਗੀ ਹੈ। ਇਸ ਵਿਚ 13 ਫੀਸਦੀ ਬਿਜਲੀ ਕਰ ਵੀ ਜੋੜ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਜਨਰੇਟਰਾਂ ਰਾਹੀਂ ਬਿਜਲੀ ਵੀ ਬੇਹੱਦ ਮਹਿੰਗੀ ਪੈਂਦੀ ਹੈ ਕਿਉਂਕਿ ਡੀਜ਼ਲ 'ਤੇ ਵੀ ਵੈਟ ਲਾਗੂ ਹੈ ਜਿਸ ਕਰਕੇ ਇੱਥੇ ਉਦਯੋਗਪੱਖੀ ਮਾਹੌਲ ਨਹੀਂ ਹੈ। ਮਈ ਤੋਂ ਸਤੰਬਰ ਤਕ ਬਿਜਲੀ ਦੀ ਘਾਟ ਕਾਰਨ ਉਦਯੋਗਿਕ ਇਕਾਈਆਂ ਉਤਪਾਦਨ ਵਿਚ ਪਛੜ ਜਾਂਦੀਆਂ ਹਨ ਤੇ ਸਮੇਂ ਸਿਰ ਆਪਣੇ ਆਰਡਰ ਪੂਰੇ ਨਹੀਂ ਕਰ ਸਕਦੀਆਂ। ਇੰਜੀਨੀਅਰਿੰਗ ਐਕਸਪੋਰਟ ਪ੍ਰਮੋਸ਼ਨ ਕੌਂਸਲ ਦੇ ਖੇਤਰੀ ਚੇਅਰਮੈਨ ਐਸ.ਸੀ. ਰਲਹਾਨ ਵੀ ਇਸ ਗੱਲ ਨਾਲ ਸਹਿਮਤ ਹਨ ਕਿ ਬਿਜਲੀ ਦੀ ਮਾੜੀ ਸਪਲਾਈ ਕਾਰਨ ਪੰਜਾਬ ਦਾ ਇੰਜੀਨੀਅਰਿੰਗ ਵਸਤਾਂ ਦੇ ਉਤਪਾਦਨ 'ਚ ਹਿੱਸਾ ਸਿਰਫ਼ 37 ਫੀਸਦੀ ਰਹਿ ਗਿਆ ਹੈ ਜਦੋਂਕਿ ਦੇਸ਼ ਇੰਜੀਨੀਅਰਿੰਗ ਵਸਤਾਂ ਦੇ ਬਰਾਮਦ ਕਾਰੋਬਾਰ ਵਿਚ 85 ਫੀਸਦੀ 'ਤੇ ਪੁੱਜ ਚੁੱਕਾ ਹੈ।

ਪੰਜਾਬ ਸਰਕਾਰ ਵੱਲੋਂ ਬਿਜਲੀ ਸੰਕਟ ਨਾਲ ਨਜਿੱਠਣ 'ਚ ਅਸਫ਼ਲ ਰਹਿਣ ਕਾਰਨ ਸੂਬਾ ਉਦਯੋਗਿਕ ਵਿਕਾਸ ਵਿਚ ਖੜੋਤ ਦਾ ਸ਼ਿਕਾਰ ਹੋ ਚੁੱਕਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੂਬਾ ਸਰਕਾਰ ਨੂੰ ਵਾਧੂ ਬਿਜਲੀ ਵਾਲੇ ਸੂਬਿਆਂ ਕੋਲੋਂ ਬਿਜਲੀ ਖਰੀਦ ਕੇ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਜੋ ਉਦਯੋਗਿਕ ਵਿਕਾਸ ਹੋ ਸਕੇ।

ਬਿਜਲੀ ਦੀ ਮਾੜੀ ਸਪਲਾਈ ਸਬੰਧੀ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਕੇ.ਡੀ. ਚੌਧਰੀ ਦਾ ਕਹਿਣਾ ਹੈ ਕਿ ਰਾਜ ਦੀ ਸਮੁੱਚੀ ਬਿਜਲੀ ਉਤਪਾਦਨ ਸਮਰੱਥਾ 6600 ਮੈਗਾਵਾਟ ਹੈ ਪਰ ਸੂਬਾ ਸਰਕਾਰ ਪਹਿਲਾਂ ਹੀ ਤਿੰਨ ਨਵੇਂ ਪਾਵਰ ਪ੍ਰਾਜੈਕਟ ਤਲਵੰਡੀ ਸਾਬੋ (1980 ਮੈਗਾਵਾਟ), ਰਾਜਪੁਰਾ (1200 ਮੈਗਾਵਾਟ) ਤੇ ਗੋਇੰਦਵਾਲ (450 ਮੈਗਾਵਾਟ) ਨੂੰ ਮਨਜ਼ੂਰੀ ਦੇ ਚੁੱਕੀ ਹੈ। ਸਤੰਬਰ 2012 ਤਕ ਇਹ ਪ੍ਰਾਜੈਕਟ ਬਿਜਲੀ ਉਤਪਾਦਨ ਸ਼ੁਰੂ ਕਰ ਦੇਣਗੇ। ਇਸ ਨਾਲ ਸੂਬੇ ਵਿਚ ਬਿਜਲੀ ਉਤਪਾਦਨ ਵਧ ਜਾਵੇਗਾ ਤੇ ਉਦਯੋਗਾਂ ਨੂੰ ਪੂਰੀ ਬਿਜਲੀ ਦਿੱਤੀ ਜਾ ਸਕੇਗੀ।

# ਹੁਸ਼ਿਆਰਪੁਰ 'ਚ ਸਭ ਤੋਂ ਜ਼ਿਆਦਾ ਪੜ੍ਹੀਆਂ-ਲਿਖੀਆਂ ਔਰਤਾਂ

**ਚੰਡੀਗੜ੍ਹ:** ਜਲੰਧਰ, ਲੁਧਿਆਣਾ, ਮੁਹਾਲੀ ਤੇ ਹੁਸ਼ਿਆਰਪੁਰ ਦੀਆਂ ਔਰਤਾਂ ਦੀ ਪੜ੍ਹਨ ਲਿਖਣ ਪੱਖੋਂ ਪੂਰੇ ਪੰਜਾਬ ਵਿਚ ਝੰਡੀ ਬਰਕਰਾਰ ਹੈ। 'ਜਨਗਣਨਾ 2011' ਤੋਂ ਸਾਹਮਣੇ ਆਇਆ ਹੈ ਕਿ ਰਾਜ ਦੇ 20 ਜ਼ਿਲ੍ਹਿਆਂ ਦੀਆਂ ਔਰਤਾਂ 'ਚੋਂ ਉਪਰੋਕਤ 4 ਜ਼ਿਲ੍ਹਿਆਂ ਦੀਆਂ ਔਰਤਾਂ ਵਧੇਰੇ ਪੜ੍ਹੀਆਂ ਲਿਖੀਆਂ ਹਨ।



ਸਾਲ 2001 ਵਿਚ ਜਲੰਧਰ ਦੀਆਂ ਔਰਤਾਂ ਪੜ੍ਹਨ ਲਿਖਣ ਵਿਚ ਮੁਹਾਲੀ ਦੀਆਂ ਔਰਤਾਂ ਤੋਂ ਮੋਹਰੀ ਸਨ ਪਰ ਹੁਣ ਮੁਹਾਲੀ ਦੀਆਂ ਔਰਤਾਂ ਨੇ ਜਲੰਧਰ ਨੂੰ ਪਛਾੜ ਦਿੱਤਾ ਹੈ। ਪੜ੍ਹ ਲਿਖ ਸਕਣ ਵਾਲੀਆਂ ਔਰਤਾਂ ਪੱਖੋਂ ਹੁਸ਼ਿਆਰਪੁਰ ਦਾ ਪੂਰੇ ਪੰਜਾਬ 'ਚੋਂ ਪਹਿਲਾ ਸਥਾਨ ਹੈ ਤੇ ਜ਼ਿਲ੍ਹੇ ਵਿਚ 80 ਫੀਸਦੀ ਔਰਤਾਂ ਪੜ੍ਹੀਆਂ ਹਨ ਜਦਕਿ ਸਾਲ 2001 ਵਿਚ ਇਸ ਜ਼ਿਲ੍ਹੇ ਦੀਆਂ 75.3 ਫੀਸਦੀ ਔਰਤਾਂ ਪੜ੍ਹ ਲਿਖ ਸਕਦੀਆਂ ਸਨ। ਪੜ੍ਹਨ ਲਿਖਣ ਪੱਖੋਂ ਦੂਜੇ ਨੰਬਰ 'ਤੇ ਮੁਹਾਲੀ ਦੀਆਂ ਔਰਤਾਂ ਹਨ ਤੇ ਇਸ ਜ਼ਿਲ੍ਹੇ ਵਿਚ 80 ਫੀਸਦੀ ਮਹਿਲਾਵਾਂ ਪੜ੍ਹੀਆਂ ਲਿਖੀਆਂ ਹਨ ਜਦਕਿ 10 ਸਾਲ ਪਹਿਲਾਂ ਹੋਈ ਜਨਗਣਨਾ ਦੌਰਾਨ ਇਸ ਜ਼ਿਲ੍ਹੇ ਦੀਆਂ 71.5 ਫੀਸਦੀ ਮਹਿਲਾਵਾਂ ਹੀ ਪੜ੍ਹ ਲਿਖ ਸਕਦੀਆਂ ਸਨ। ਤੀਜੇ ਨੰਬਰ ਤੇ ਜਲੰਧਰ ਜ਼ਿਲ੍ਹੇ ਦੀਆਂ ਔਰਤਾਂ ਹਨ ਤੇ ਇਸ ਜ਼ਿਲ੍ਹੇ ਵਿਚ 78.3 ਫੀਸਦੀ ਔਰਤਾਂ ਪੜ੍ਹ ਲਿਖ ਸਕਦੀਆਂ ਹਨ। ਇਸ ਜ਼ਿਲ੍ਹੇ ਵਿਚ ਵੀ ਔਰਤਾਂ ਦੀ ਸਾਖਰਤਾ ਪੱਖੋਂ ਪਿਛਲੇ 10 ਸਾਲਾਂ ਵਿਚ ਕੇਵਲ 5 ਫੀਸਦੀ ਵਾਧਾ ਹੀ ਹੋਇਆ ਹੈ। ਲੁਧਿਆਣਾ ਦੀ ਗੱਲ ਕਰੀਏ ਤਾਂ ਇਹ ਜ਼ਿਲ੍ਹਾ ਭਾਵੇਂ 78.2 ਫੀਸਦੀ ਪੜ੍ਹ ਲਿਖ ਸਕਣ ਵਾਲੀਆਂ ਔਰਤਾਂ ਨਾਲ ਪੰਜਾਬ ਵਿਚ ਚੌਥੇ ਨੰਬਰ 'ਤੇ ਹੈ ਪਰ ਸਾਲ 2001 ਵਿਚ ਜਿੱਥੇ ਇਹ ਜ਼ਿਲ੍ਹਾ ਮੁਹਾਲੀ ਤੋਂ ਮੂਹਰੀ ਸੀ, ਉਥੇ ਹੁਣ ਇਹ ਵੀ ਮੁਹਾਲੀ ਤੋਂ 2 ਫੀਸਦੀ ਪੱਛੜ ਗਿਆ ਹੈ। ਰੋਪੜ ਪੰਜਵੇਂ ਨੰਬਰ 'ਤੇ ਹੈ ਜਿੱਥੇ 77.2 ਫੀਸਦੀ ਔਰਤਾਂ ਪੜ੍ਹ ਲਿਖ ਸਕਦੀਆਂ ਹਨ।

ਗੁਰਦਾਸਪੁਰ 75.7 ਫੀਸਦੀ ਦੀ ਦਰ ਨਾਲ 6ਵੇਂ ਸਥਾਨ 'ਤੇ ਹੈ। ਫਤਿਹਗੜ੍ਹ ਸਾਹਿਬ ਵਿਚ 75.5 ਫੀਸਦੀ ਤੇ ਕਪੂਰਥਲੇ ਵਿਚ 75.4 ਫੀਸਦੀ ਔਰਤਾਂ ਪੜ੍ਹ ਲਿਖ ਸਕਦੀਆਂ ਹਨ ਤੇ ਇਨ੍ਹਾਂ ਦੋਵਾਂ ਜ਼ਿਲ੍ਹਿਆਂ ਵਿਚ ਵੀ ਸਾਖਰ ਔਰਤਾਂ ਪੱਖੋਂ ਪਿਛਲੇ 10 ਸਾਲਾਂ ਵਿਚ ਕੇਵਲ 7 ਫੀਸਦੀ ਵਾਧਾ ਹੀ ਹੋ ਸਕਿਆ ਹੈ। ਪੰਜਾਬ ਵਿਚ 10ਵੇਂ ਨੰਬਰ 'ਤੇ ਅੰਮ੍ਰਿਤਸਰ ਦੀਆਂ ਔਰਤਾਂ ਹਨ ਜਿਥੇ 72.8 ਫੀਸਦੀ ਔਰਤਾਂ ਪੜ੍ਹ ਲਿਖ ਸਕਦੀਆਂ ਹਨ। ਸਾਲ 2001 ਵਿਚ ਇਸ ਜ਼ਿਲ੍ਹੇ ਦੀਆਂ 65.2 ਫੀਸਦੀ ਔਰਤਾਂ ਪੜ੍ਹ ਲਿਖ ਸਕਦੀਆਂ ਹਨ ਜਿਨ੍ਹਾਂ ਵਿਚ ਕੇਵਲ 7 ਫੀਸਦੀ ਵਾਧਾ ਹੀ ਹੋਇਆ ਹੈ। ਪਟਿਆਲੇ ਵਿਚ 70.5 ਫੀਸਦੀ, ਮੋਗੇ 'ਚ 67.4 ਫੀਸਦੀ, ਫਰੀਦਕੋਟ 'ਚ 64.8 ਫੀਸਦੀ, ਬਰਨਾਲੇ ਵਿਚ 64.1 ਫੀਸਦੀ, ਤਰਨਤਾਰਨ ਵਿਚ 62.9 ਫੀਸਦੀ, ਸੰਗਰੂਰ ਵਿਚ 62.9, ਬਠਿੰਡੇ ਵਿਚ 62.9 ਫੀਸਦੀ, ਫਿਰੋਜ਼ਪੁਰ ਵਿਚ 62.2 ਫੀਸਦੀ, ਮੁਕਤਸਰ ਵਿਚ 60 ਫੀਸਦੀ ਤੇ ਮਾਨਸਾ ਜ਼ਿਲ੍ਹੇ ਵਿਚ 56.4 ਫੀਸਦੀ ਮਹਿਲਾਵਾਂ ਪੜ੍ਹ ਲਿਖ ਸਕਦੀਆਂ ਹਨ।

## ਹਾਈਕੋਰਟ ਵੱਲੋਂ ਸ਼ੇਰਾ ਦੀ ਮੌਤ ਦੀ ਜਾਂਚ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਸਮਿੰਦਰ ਸ਼ੇਰਾ ਦੀ ਮੌਤ ਬਾਰੇ ਚੱਲ ਰਹੇ ਮਾਮਲੇ ਵਿਚ ਡੀ.ਐਸ.ਪੀ. ਵੱਲੋਂ ਹਲਫ਼ਨਾਮਾ ਦਾਇਰ ਕੀਤਾ ਗਿਆ। ਬਲਾਚੌਰ ਦੇ ਡੀ.ਐਸ.ਪੀ. ਸਤਿੰਦਰਪਾਲ ਸਿੰਘ ਵੱਲੋਂ ਇਸ ਹਲਫ਼ਨਾਮੇ ਰਾਹੀਂ ਦੱਸਿਆ ਕਿ ਸਮਿੰਦਰ ਸ਼ੇਰਾ 'ਤੇ 18 ਜਨਵਰੀ ਨੂੰ ਹੋਏ ਹਮਲੇ ਬਾਰੇ ਥਾਣਾ ਪੋਜੇਵਾਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਮੁਕੱਦਮਾ ਦਰਜ ਕਰ ਦਿੱਤਾ ਸੀ।

ਸ਼ੇਰੇ 'ਤੇ ਹਮਲੇ ਦੀ ਜਾਂਚ ਸਪੈਸ਼ਲ ਜਾਂਚ ਟੀਮ (ਐਸ.ਆਈ.ਟੀ.) ਕਰ ਰਹੀ ਹੈ ਜਿਸ ਦੀ ਅਗਵਾਈ ਰਣਬੀਰ ਸਿੰਘ ਸੁਪਰਡੈਂਟ ਆਫ਼ ਪੁਲਿਸ (ਹੈਡਕੁਆਟਰ) ਕਰ ਰਹੇ ਹਨ। ਇਸ ਐਸ.ਆਈ.ਟੀ. ਵਿਚ ਉਨ੍ਹਾਂ ਦੇ ਨਾਲ ਸਤਿੰਦਰਪਾਲ ਸਿੰਘ ਡੀ.ਐਸ.ਪੀ. ਤੇ ਗੁਰਦਿਆਲ ਸਿੰਘ ਐਸ.ਐਚ.ਓ. ਵੀ ਸ਼ਾਮਲ ਹਨ। ਸ਼ੇਰਾ 'ਤੇ ਹਮਲਾ ਕਰਨ ਵਾਲੇ ਚਾਰ ਦੋਸ਼ੀ ਜਿਨ੍ਹਾਂ ਵਿਚ ਚਮਨ ਲਾਲ ਉਰਫ਼ ਟੋਨੀ, ਨਰੇਸ਼ ਕੁਮਾਰ ਉਰਫ਼ ਨਿੱਕੂ, ਅਜੈ ਕੁਮਾਰ ਉਰਫ਼ ਅੱਜੂ ਤੇ ਨਰਿੰਦਰ ਕੁਮਾਰ ਉਰਫ਼ ਭੋਲਾ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ ਤੇ ਉਹ ਇਸ ਵੇਲੇ ਨਿਆਇਕ ਹਿਰਾਸਤ ਵਿਚ ਹਨ। ਕਾਰ ਦਾ ਡਰਾਈਵਰ ਮਨਜੋਤ ਸਿੰਘ ਫਰਾਰ ਹੈ।

ਹਾਈਕੋਰਟ ਵੱਲੋਂ ਉਸ ਦੀ ਗੁੰਮਸ਼ੁਦਗੀ ਬਾਰੇ ਖੁਦ ਨੋਟਿਸ ਲੈਂਦੇ ਹੋਏ ਪੰਜਾਬ ਪੁਲਿਸ ਨੂੰ ਉਸ ਦੀ ਭਾਲ ਕਰਕੇ ਪੇਸ਼ ਕਰਨ ਦੇ ਹੁਕਮ ਜਾਰੀ ਕੀਤੇ ਸਨ। ਹਾਈਕੋਰਟ ਵੱਲੋਂ ਪੁਲਿਸ ਫਾਇਲ ਜਾਂਚ ਪੜਤਾਲ ਲਈ ਆਪਣੇ ਕੋਲ ਰੱਖ ਲਈ ਹੈ ਅਤੇ ਮਾਮਲੇ ਦੀ ਸੁਣਵਾਈ 28 ਅਪਰੈਲ ਤੱਕ ਮੁਲਤਵੀ ਕਰ ਦਿੱਤੀ ਹੈ।

## ਪਰਵਾਸੀ ਭਾਰਤੀ ਨੂੰ ਹਵਾਈ ਅੱਡੇ ਤੋਂ ਦਬੋਚਿਆ

**ਅੰਮ੍ਰਿਤਸਰ:** ਪਰਵਾਸੀ ਭਾਰਤੀ ਨਿਰਮਲ ਸਿੰਘ ਸਿੱਧੂ ਨੂੰ ਮੋਗਾ ਪੁਲਿਸ ਨੇ ਉਸ ਵੇਲੇ ਗ੍ਰਿਫ਼ਤਾਰ ਕਰਕੇ ਵਿਦੇਸ਼ ਜਾਣੋਂ ਰੋਕ ਲਿਆ ਜਦੋਂ ਉਹ ਅੰਮ੍ਰਿਤਸਰ ਹਵਾਈ ਅੱਡੇ ਤੋਂ ਇਟਲੀ ਰਵਾਨਾ ਹੋਣ ਲਈ ਤਿਆਰ ਸੀ। ਪੁਲਿਸ ਸ. ਸਿੱਧੂ ਨੂੰ ਕਾਬੂ ਕਰਕੇ ਨਿਹਾਲ ਸਿੰਘ ਵਾਲਾ ਲੈ ਗਈ। ਸ. ਸਿੱਧੂ ਮੋਗਾ ਜ਼ਿਲ੍ਹੇ ਦੇ ਪਿੰਡ ਬੁਰਜ ਹਮੀਰਾ ਨਾਲ ਸਬੰਧਤ ਹਨ ਤੇ ਹੁਣ ਇਟਲੀ ਦੇ ਬਰੇਸ਼ੀਆ ਸ਼ਹਿਰ ਵਿਚ ਰਹਿ ਰਹੇ ਹਨ। ਉਸ ਨੇ ਦੋਸ਼ ਲਾਇਆ ਕਿ ਪੁਲੀਸ ਵੱਲੋਂ ਇਹ ਕਾਰਵਾਈ ਉਸ ਖਿਲਾਫ਼ ਦਰਜ ਕਰਵਾਏ ਗਏ ਨਾਜਾਇਜ਼ ਕੇਸ ਤਹਿਤ ਕੀਤੀ ਗਈ ਹੈ। ਉਸ 'ਤੇ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਪੈਸਾ ਠੱਗਣ ਦਾ ਦੋਸ਼ ਲਾਇਆ ਗਿਆ ਹੈ।

ਉਸ ਨੇ ਦੱਸਿਆ ਕਿ ਇਹ ਕੇਸ 12 ਅਗਸਤ 2010 ਨੂੰ ਦਰਜ ਕੀਤਾ ਗਿਆ ਸੀ ਤੇ ਇਸ ਕੇਸ ਵਿਚ ਉਸ ਨੂੰ ਭਗੌੜਾ ਕਰਾਰ ਦਿੱਤਾ ਹੋਇਆ ਹੈ ਜਦੋਂਕਿ ਉਸ ਨੂੰ ਇਸ ਕੇਸ ਬਾਰੇ ਕੋਈ ਜਾਣਕਾਰੀ ਹੀ ਨਹੀਂ ਹੈ। ਉਹ ਇਟਲੀ ਤੋਂ 8 ਮਾਰਚ ਨੂੰ ਇਥੇ ਆਇਆ ਸੀ ਤੇ 22 ਅਪਰੈਲ ਨੂੰ ਉਜ਼ਬੇਕਿਸਤਾਨ ਹਵਾਈ ਕੰਪਨੀ ਦੀ ਉਡਾਣ ਰਾਹੀਂ ਇਟਲੀ ਵਾਪਸ ਜਾਣਾ ਤੈਅ ਸੀ। ਉਸ ਦਾ ਭਾਰਤ ਦੌਰੇ ਦਾ ਮੁੱਖ ਮੰਤਵ ਆਪਣੀ ਠੇਕੇ 'ਤੇ ਦਿੱਤੀ ਜ਼ਮੀਨ ਨੂੰ ਨਾਜਾਇਜ਼ ਕਬਜ਼ੇ ਤੋਂ ਛੁਡਵਾਉਣਾ ਸੀ। ਇਸ ਬਾਰੇ ਕੇਸ ਫਿਲਹਾਲ ਅਦਾਲਤ ਦੇ ਵਿਚਾਰ ਅਧੀਨ ਹੈ ਤੇ ਉਸ ਨੇ ਅਦਾਲਤ ਕੋਲ ਇਸ ਮਾਮਲੇ ਵਿਚ ਸਟੇਅ ਪ੍ਰਾਪਤ ਕੀਤਾ ਹੋਇਆ ਹੈ। ਇਸ ਬਾਰੇ ਨਿਆਂ ਪ੍ਰਾਪਤੀ ਲਈ ਉਸ ਨੇ ਮੁੱਖ ਮੰਤਰੀ, ਡੀ.ਜੀ.ਪੀ., ਮਨੁੱਖੀ ਅਧਿਕਾਰ ਕਮਿਸ਼ਨ ਤੇ ਹੋਰਾਂ ਨੂੰ ਪੱਤਰ ਵੀ ਭੇਜੇ ਹੋਏ ਹਨ।

# Global Multi Services

## ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।

> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

**ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

**Financing Available For Buying Trucks**

High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant

DMV Lic No. 62822
Insurance Lic No. 0G73739





*Rajinder Singh*



*Manitpal Singh*

## ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ, ਫੋਨ 209-982-9996

**ਫੈਕਸ:209-982-9997**

ਪੰਜਾਬ ਟਾਈਮਜ਼

*ਸਨਿਚਰਵਾਰ, 30 ਅਪਰੈਲ 2011*

## ਸ਼੍ਰੋਮਣੀ ਕਮੇਟੀ ਦਾ ਸਿਆਸੀ ਅਖਾੜਾ

ਪਿਛਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਿਆਦ 30 ਅਗਸਤ 2009 ਨੂੰ ਖ਼ਤਮ ਹੋ ਗਈ ਸੀ ਅਤੇ ਉਸੇ ਦਿਨ ਤੋਂ ਨਵੀਂ ਕਮੇਟੀ ਲਈ ਅਮਲ ਵੀ ਸ਼ੁਰੂ ਹੋ ਗਿਆ ਸੀ। ਵੱਡੀ ਪੱਧਰ 'ਤੇ ਨਵੀਂਆਂ ਵੋਟਾਂ ਵੀ ਬਣਾਈਆਂ ਗਈਆਂ ਜਿਨ੍ਹਾਂ ਦੇ ਸਹੀ ਜਾਂ ਫ਼ਰਜ਼ੀ ਹੋਣ ਬਾਰੇ ਵੀ ਚਰਚਾ ਚੱਲੀ। ਵੋਟਾਂ ਦੇ ਅਖ਼ੀਰਲੇ ਸੱਤ ਦਿਨਾਂ ਵਿਚ 36 ਲੱਖ ਵੋਟਰ ਫ਼ਾਰਮ ਜਮ੍ਹਾਂ ਕਰਵਾਉਣ ਦਾ ਮਾਮਲਾ ਤਾਂ ਵਾਹਵਾ ਤੂਲ ਫੜ ਗਿਆ ਹੈ। ਇਸ ਤੋਂ ਇਲਾਵਾ ਤਰੁਟੀਆਂ ਭਰਪੂਰ ਵੋਟਰ ਸੂਚੀਆਂ ਜਾਰੀ ਕਰਨ ਬਾਰੇ ਗੁਰਦਵਾਰਾ ਚੋਣ ਕਮਿਸ਼ਨ ਨੂੰ ਕਈ ਪੱਤਰ ਲਿਖੇ ਗਏ। ਇਸ ਤੋਂ ਪਤਾ ਲਗਦਾ ਹੈ ਕਿ ਕਾਬਜ਼ ਧੜਾ ਆਪਣਾ ਕਬਜ਼ਾ ਬਰਕਰਾਰ ਰੱਖਣ ਖ਼ਾਤਿਰ ਕੀ ਕੁਝ ਕਰ ਸਕਣ ਦੇ ਸਮਰੱਥ ਹੁੰਦਾ ਹੈ। ਇਹ ਗੱਲ ਉਕਾ ਹੀ ਵੱਖਰੀ ਹੈ ਕਿ ਗੁਰਦਵਾਰਾ ਚੋਣ ਕਮਿਸ਼ਨ ਦੇ ਮੁਖੀ ਹਰਫੂਲ ਸਿੰਘ ਬਰਾੜ ਨੇ ਇਨ੍ਹਾਂ ਇਤਰਾਜ਼ਾਂ ਦੀ ਰੱਤੀ ਭਰ ਵੀ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਤਾਂ ਸਗੋਂ ਤੱਤੇ-ਤੱਤੇ ਘਾਹ ਦੋ ਵਾਰ, ਪਹਿਲਾਂ 8 ਮਈ ਅਤੇ ਫਿਰ 29 ਮਈ ਨੂੰ ਵੋਟਾਂ ਪੁਆਉਣ ਦਾ ਸੁਝਾਅ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਦੇ ਦਿੱਤਾ। ਕੇਂਦਰੀ ਗ੍ਰਹਿ ਮੰਤਰਾਲੇ ਨੂੰ ਚੋਣਾਂ ਕਰਵਾਉਣ ਦੀ ਕੋਈ ਕਾਹਲ ਨਹੀਂ ਜਾਪ ਰਹੀ ਅਤੇ ਫ਼ਿਲਹਾਲ ਇਸ ਨੇ ਚੋਣਾਂ ਲਈ ਕੋਈ ਤਾਰੀਖ਼ ਵੀ ਨਹੀਂ ਮਿੱਥੀ, ਨਾ ਹੀ ਨੇੜ ਭਵਿੱਖ ਵਿਚ ਅਜਿਹਾ ਕੋਈ ਸੰਕੇਤ ਹੀ ਦਿੱਤਾ ਹੈ। ਆਮ ਕਰਕੇ ਚੋਣਾਂ ਤੋਂ 45 ਦਿਨ ਪਹਿਲਾਂ ਨੋਟੀਫਿਕੇਸ਼ਨ ਜਾਰੀ ਕੀਤਾ ਜਾਂਦਾ ਹੈ। ਜ਼ਾਹਿਰ ਹੈ ਕਿ ਜੂਨ ਦੇ ਅੱਧ ਤੱਕ ਚੋਣਾਂ ਕਰਵਾਏ ਜਾਣ ਦਾ ਕੋਈ ਬੰਨ੍ਹ-ਸੁਬ ਅਜੇ ਨਹੀਂ ਬਣ ਰਿਹਾ। ਦਰਅਸਲ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਚੋਣਾਂ ਤੁਰੰਤ ਕਰਵਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਿਹਾ ਹੈ; ਕਿਉਂਕਿ ਵਿਧਾਨ ਸਭਾ ਚੋਣਾਂ ਸਿਰ ਉਤੇ ਹਨ ਅਤੇ ਸੱਤਾਧਾਰੀ ਅਕਾਲੀਆਂ ਨੂੰ ਐਤਕੀਂ ਵਿਧਾਨ ਸਭਾ ਚੋਣਾਂ ਵਿਚ ਚੰਗੀ ਕਾਰਗੁਜ਼ਾਰੀ ਦਾ ਭਰੋਸਾ ਨਹੀਂ ਹੈ, ਇਸ ਲਈ ਇਹ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਜਿੱਤ ਹਾਸਲ ਕਰਕੇ ਸਿਆਸੀ ਪੈਂਠ ਬਣਾਉਣ ਲਈ ਤਰਲੋ-ਮੱਛੀ ਹੋ ਰਹੇ ਹਨ।

ਦੂਜੇ ਬੰਨ੍ਹੇ, ਕਾਂਗਰਸ ਦਾ ਯਤਨ ਹੈ ਕਿ ਸ਼੍ਰੋਮਣੀ ਕਮੇਟੀ ਚੋਣਾਂ ਕਿਸੇ ਨਾ ਕਿਸੇ ਤਰ੍ਹਾਂ ਵਿਧਾਨ ਸਭਾ ਚੋਣਾਂ ਤੱਕ ਟਾਲੀਆਂ ਜਾਣ ਤਾਂ ਕਿ ਇਸ ਦਾ ਸਿਆਸੀ ਲਾਹਾ ਅਕਾਲੀ ਦਲ ਨਾ ਲੈ ਸਕੇ। ਹੋਰ ਪੰਥਕ ਧਿਰਾਂ ਵੋਟਾਂ ਦੇ ਮਾਮਲੇ ਵਿਚ ਸੱਤਾਧਾਰੀ ਅਕਾਲੀਆਂ ਦੀ ਕਥਿਤ ਧਾਂਦਲੀ ਦਾ ਮੁੱਦਾ ਲਗਾਤਾਰ ਉਭਾਰ ਰਹੀਆਂ ਹਨ। ਨਤੀਜਨ, ਉਹ ਵੀ ਚੋਣਾਂ ਲਈ ਕਾਹਲੀਆਂ ਨਹੀਂ ਹਨ। ਉਂਜ, ਐਤਕੀਂ ਸ਼੍ਰੋਮਣੀ ਕਮੇਟੀ ਚੋਣਾਂ ਇਨ੍ਹਾਂ ਪੰਥਕ ਧਿਰਾਂ ਲਈ ਵੱਕਾਰ ਦਾ ਸਵਾਲ ਬਣੀਆਂ ਹੋਈਆਂ ਹਨ। ਇਨ੍ਹਾਂ ਪੰਥਕ ਧਿਰਾਂ ਨੂੰ ਹੁਣ ਸ਼ਿੱਦਤ ਨਾਲ ਮਹਿਸੂਸ ਹੋਣ ਲੱਗ ਪਿਆ ਹੈ ਕਿ ਜਿੰਨੀ ਦੇਰ ਤੱਕ ਬਾਦਲਾਂ ਨੂੰ ਸ਼੍ਰੋਮਣੀ ਕਮੇਟੀ ਦੇ ਵਿਹੜੇ ਵਿਚੋਂ ਖਦੇੜਿਆ ਨਹੀਂ ਜਾਂਦਾ, ਸਿਆਸੀ ਪਿੜ ਵਿਚ ਉਨ੍ਹਾਂ ਦੇ ਪੈਰ ਨਹੀਂ ਲੱਗਣੇ। ਸ਼੍ਰੋਮਣੀ ਅਕਾਲੀ ਦਲ ਜੋ ਸਿਆਸਤ ਸ਼੍ਰੋਮਣੀ ਕਮੇਟੀ ਰਾਹੀਂ ਕਰਦਾ ਹੈ, ਉਸ ਦਾ ਕੋਈ ਵੀ ਤੋੜ ਫ਼ਿਲਹਾਲ ਨਾ ਤਾਂ ਕਾਂਗਰਸ ਕੋਲ ਹੈ ਅਤੇ ਨਾ ਹੀ ਦੂਜੀਆਂ ਪੰਥਕ ਧਿਰਾਂ ਕੋਲ। ਇਸੇ ਲਈ ਇਹ ਸ਼੍ਰੋਮਣੀ ਕਮੇਟੀ ਚੋਣਾਂ ਲੁਕਵੇਂ ਰੂਪ ਵਿਚ, ਅਗਲੇ ਸਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ਦਾ ਸਿਆਸੀ ਅਖਾੜਾ ਬਣ ਗਈਆਂ ਹਨ।

ਬਿਨਾ ਸ਼ੱਕ ਸ਼੍ਰੋਮਣੀ ਕਮੇਟੀ ਨੇ ਸ਼੍ਰੋਮਣੀ ਅਕਾਲੀ ਦਲ ਲਈ 'ਹਰਾਵਲ ਦਸਤੇ' ਦਾ ਕੰਮ ਕੀਤਾ ਹੈ। ਇਸ ਦਾ ਸਾਲਾਨਾ ਬਜਟ ਕਰੋੜਾਂ ਰੁਪਿਆਂ ਵਿਚ ਹੈ ਅਤੇ ਅਕਾਲੀ ਦਲ ਦੀ ਅੱਧਿਓਂ ਵੱਧ ਸਿਆਸਤ ਇਸ ਕਮੇਟੀ ਰਾਹੀਂ ਚੱਲਦੀ ਹੈ। ਹੁਣ ਇਹ ਕੋਈ ਲੁਕ-ਲੁਕਾਅ ਵਾਲੀ ਗੱਲ ਨਹੀਂ ਕਿ ਸ਼੍ਰੋਮਣੀ ਕਮੇਟੀ ਰਾਹੀਂ ਗੁਰੂ ਦੀ ਗੋਲਕ, ਧਾਰਮਿਕ ਫ਼ੰਡਾਂ, ਗੱਡੀਆਂ ਅਤੇ ਸੰਸਥਾ ਦੇ ਅਮਲੇ ਦੀ ਵਰਤੋਂ, ਕਾਬਜ਼ ਬਾਦਲ ਧੜਾ ਗਾਹੇ-ਬਗਾਹੇ ਬਹੁਤ ਵੱਡੇ ਪੱਧਰ 'ਤੇ ਕਰਦਾ ਆ ਰਿਹਾ ਹੈ। ਫੰਡਾਂ ਦੀ ਸਹੀ ਅਤੇ ਤਰਕ ਸੰਗਤ ਵਰਤੋਂ ਨਾ ਹੋਣ ਕਰਕੇ ਹੀ ਹਰਿਆਣਾ ਵਿਚ ਵੱਖਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਾਮਲਾ ਹੁਣ ਵੱਡੇ ਮਸਲੇ ਦਾ ਰੂਪ ਲੈ ਚੁੱਕਾ ਹੈ ਅਤੇ ਕਾਬਜ਼ ਧਿਰ ਦੇ ਇਸ ਮਾਮਲੇ 'ਤੇ ਕਿਤੇ ਵੀ ਪੈਰ ਨਹੀਂ ਅੜ ਰਹੇ। ਅਸਲ ਵਿਚ ਅਕਾਲੀ ਸਿਆਸਤ ਵਿਚ ਜਿਸ ਤਰ੍ਹਾਂ ਜਮਹੂਰੀ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇ ਦਿੱਤੀ ਗਈ ਹੈ, ਉਸ ਨਾਲ ਹਾਲਾਤ ਸਮਾਂ ਪਾ ਕੇ ਵਿਕਰਾਲ ਹੀ ਹੁੰਦੇ ਗਏ ਹਨ। ਸਭ ਤੋਂ ਮਾੜੀ ਗੱਲ ਇਹ ਹੈ ਕਿ ਗਲਤੀ ਨੂੰ ਸੁਧਾਰਨ ਲਈ ਕਿਸੇ ਪਾਸੇ ਕੋਈ ਯਤਨ ਵੀ ਨਹੀਂ ਕੀਤਾ ਜਾ ਰਿਹਾ। ਕਿਸੇ ਵੀ ਪਾਰਟੀ, ਸੰਸਥਾ ਜਾਂ ਅਦਾਰੇ ਦੀ ਲੰਮੀ ਉਮਰ ਅਤੇ ਇਸ ਦੀ ਸਹੀ ਦਿਸ਼ਾ ਲਈ ਜਮਹੂਰੀ ਕਦਰਾਂ-ਕੀਮਤਾਂ ਦੀ ਪਾਲਣਾ ਬਹੁਤ ਜ਼ਰੂਰੀ ਹੁੰਦੀ ਹੈ। ਜਮਹੂਰੀ ਕਦਰਾਂ-ਕੀਮਤਾਂ ਦਾ ਇਕ ਵਾਧਾ ਇਹ ਵੀ ਹੁੰਦਾ ਹੈ ਕਿ ਕਿਸੇ ਇਕ ਸ਼ਖ਼ਸੀਅਤ ਦੇ ਕੇਂਦਰ ਵਿਚ ਰਹਿਣ ਅਤੇ ਫਿਰ ਸਾਰਾ ਕੁਝ ਉਸ ਸ਼ਖ਼ਸੀਅਤ ਦੁਆਲੇ ਘੁੰਮੀ ਜਾਣ ਦੀ ਮਰਜ਼ ਤੋਂ ਵੀ ਬਚਾਅ ਰਹਿੰਦਾ ਹੈ। ਸਿੱਖੀ ਦਾ ਤਾਂ ਆਧਾਰ ਹੀ ਪੰਚ ਪ੍ਰਧਾਨੀ ਰਵਾਇਤ ਰਿਹਾ ਹੈ ਪਰ ਅੱਜ ਦਾ ਕੋਈ ਵੀ ਦਲ ਇਸ ਰਵਾਇਤ ਨੂੰ ਕਾਇਮ ਰੱਖਣ ਵਿਚ ਤਕਰੀਬਨ ਨਾਕਾਮ ਹੀ ਰਿਹਾ ਹੈ। ਇਸੇ ਕਰਕੇ ਜੇ ਰਵਾਇਤੀ ਅਕਾਲੀ ਦਲ ਉਤੇ ਇਕ ਖਾਸ ਪਰਿਵਾਰ ਦਾ ਹੀ ਕਬਜ਼ਾ ਹੋ ਗਿਆ ਹੈ, ਤਾਂ ਦੂਜੀਆਂ ਧਿਰਾਂ ਦੀ ਸਿਆਸਤ ਵੀ ਪੰਚ ਪ੍ਰਧਾਨੀ ਦੀ ਰਵਾਇਤ ਤੋਂ ਲਾਂਭੇ-ਲਾਂਭੇ ਹੀ ਲੰਘ ਰਹੀ ਹੈ। ਸਿਆਸੀ ਗਰਜ਼ਾਂ ਦੀ ਮਾਰ ਹੇਠ ਆਈ ਸਿੱਖ ਸਿਆਸਤ ਦੇ ਇਸ ਨੁਕਸਾਨ ਦਾ ਖਮਿਆਜ਼ਾ ਸੰਗਤ ਨੂੰ ਭੁਗਤਣਾ ਪੈ ਰਿਹਾ ਹੈ। ਇਸ ਵੇਲੇ ਸਿੱਖ ਸਿਆਸਤ ਜਿਸ ਤਰ੍ਹਾਂ ਦਿਸ਼ਾਹੀਣ ਹੋਈ ਚੌਰਾਹੇ ਵਿਚ ਖੜ੍ਹੀ ਹੈ, ਉਸ ਦਾ ਵੱਡਾ ਕਾਰਨ ਸੰਗਤ ਦੀ ਥਾਂ ਸਿਆਸਤ ਨੂੰ ਪਹਿਲ ਦੇਣਾ ਹੀ ਹੈ। ਇਸੇ ਕਰਕੇ ਹੀ, ਅਗਾਂਹ ਸੋਚੀ ਸਿਆਸਤ ਲਈ ਸ਼੍ਰੋਮਣੀ ਕਮੇਟੀ ਵਰਗੇ ਸ਼ਕਤੀਸ਼ਾਲੀ ਅਦਾਰੇ ਨੂੰ ਨਿਸ਼ੰਗ ਰੂਪ ਵਿਚ ਆਪਣੇ ਹਿੱਤਾਂ ਲਈ ਵਰਤਣ ਦੀ ਕੁਰੁਚੀ ਨੇ ਜਨਮ ਲਿਆ ਹੈ। ਸ਼੍ਰੋਮਣੀ ਕਮੇਟੀ ਦਾ ਆਪਣਾ, ਧਰਮ ਪ੍ਰਚਾਰ ਦਾ ਏਜੰਡਾ ਹੁਣ ਇੰਨਾ ਪਿਛਾਂਹ ਧੱਕ ਦਿੱਤਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਦਾ ਇਹ ਕਾਰਜ ਸੰਗਤ ਦੇ ਚੇਤੇ ਵਿਚੋਂ ਵਿੱਸਰ ਹੀ ਗਿਆ ਹੈ। ਹੁਣ ਸਮਾਂ, ਸਿਆਸਤ ਤੋਂ ਸੰਗਤ ਵੱਲ ਮੁੜਨ ਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਐਮ.ਐਲ.ਏ. ਕਿ ਡਿਕਟੇਟਰ?*

ਇਕ 'ਸਾਬ੍ਹ' ਨੇ ਧੌਂਸ ਪੁਗਾਈ ਇੰਦਾਂ, ਕਾਲੀ ਵੇਈਂ ਵਿਚ ਪਾਣੀ ਨਹੀਂ ਜਾਣ ਦਿੱਤਾ।
ਇਕ ਹੋਰ ਦਾ ਕਤਲ ਵਿਚ ਨਾਮ ਗੂੰਜੇ, ਉਸ ਨੇ ਪੁਲਿਸ ਨੂੰ ਨੇੜੇ ਨਹੀਂ ਆਣ ਦਿੱਤਾ।
ਟੱਬਰ ਇਨ੍ਹਾਂ ਦੇ ਚੌਧਰੀ ਬਣੇ ਫਿਰਦੇ, ਬੁਰਛਾਗਰਦੀ ਵੱਲ ਮੋੜ ਮੁਹਾਣ ਦਿੱਤਾ।
ਹੁਕਮ ਚਾੜ੍ਹਦੇ ਫੋਨ 'ਤੇ ਅਫਸਰਾਂ ਨੂੰ, ਕਰ ਕਾਇਦੇ-ਕਾਨੂੰਨ ਦਾ ਘਾਣ ਦਿੱਤਾ।
ਅੱਖਾਂ ਮੀਟ ਕੇ ਅਫਸਰ ਵਜਾਈ ਜਾਂਦੇ, ਆਉਂਦਾ ਹੁਕਮ ਜੋ 'ਸਾਲਿਆਂ-ਜੀਜਿਆਂ' ਤੋਂ।
ਕਿੰਦਾਂ ਜਾਨ ਬਚਾਏਗਾ ਆਮ ਬੰਦਾ? ਵਿਧਾਨਕਾਰਾਂ ਦੇ ਪੁੱਤ-ਭਤੀਜਿਆਂ ਤੋਂ!

# ਪੰਜਾਬ ਦੀ ਕਿਸਾਨ ਲਹਿਰ ਬੰਦ ਗਲੀ ਵਿਚ ਫਸੀ

***ਹਰੇ ਇਨਕਲਾਬ ਨੇ ਪੰਜਾਬ ਦੀ ਪੇਂਡੂ ਜਮਾਤੀ ਬਣਤਰ ਵਿਚ ਨਵੀਂ ਸਫਬੰਦੀ ਸਾਹਮਣੇ ਲਿਆਂਦੀ। ਮੰਡੀ ਲਈ ਖੇਤੀ ਪੈਦਾਵਾਰ ਵਿਚ ਹੋਏ ਅਥਾਹ ਵਾਧੇ ਅਤੇ ਪੇਂਡੂ ਖੇਤਰ ਵਿਚ ਉਭਰੀ ਧਨੀ ਕਿਸਾਨੀ ਕੋਲ ਵੇਚਣ ਲਈ ਵਾਧੂ ਪੈਦਾਵਾਰ ਸੀ। ਸਿੱਟੇ ਵਜੋਂ 1980ਵਿਆਂ ਦੌਰਾਨ ਖੇਤੀ ਉਤਪਾਦਨ ਦੇ ਭਾਅ ਕੀਮਤ ਸੂਚਕ ਅੰਕ ਨਾਲ ਜੋੜਨ ਦੀ ਮੰਗ ਉਭਰੀ। ਧਨੀ ਕਿਸਾਨੀ ਦੇ ਝੰਡੇ ਹੇਠ ਕਿਸਾਨੀ ਵੱਡੇ ਪੱਧਰ 'ਤੇ ਲਾਮਬੰਦ ਹੋਈ। 1984 ਤੋਂ ਬਾਅਦ ਚੱਲੇ ਕਾਲੇ ਦੌਰ ਨੇ ਕਿਸਾਨੀ ਲਹਿਰ ਨੂੰ ਇਕ ਤਰ੍ਹਾਂ ਸੀਨ ਤੋਂ ਪਾਸੇ ਹੀ ਕਰ ਦਿੱਤਾ। ਮੌਜੂਦਾ ਕਿਸਾਨ ਲਹਿਰ 1980ਵਿਆਂ ਦੇ ਸ਼ੁਰੂ ਵਿਚ ਉਭਰੀ ਕਿਸਾਨੀ ਲਹਿਰ ਦੇ ਵੰਡੇ ਹੋਏ ਟੁਕੜੇ ਹੀ ਹਨ।***

**ਨਰਦੇਵ ਸਿੰਘ**

ਪੰਜਾਬ ਦੀ ਖੇਤੀ ਅਤੇ ਕਿਸਾਨੀ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ। ਖ਼ੁਦਕੁਸ਼ੀਆਂ ਰੁਕ ਨਹੀਂ ਰਹੀਆਂ। ਕਰਜ਼ੇ ਦੀ ਸਮੱਸਿਆ ਆਪਣੀ ਜਗ੍ਹਾ ਬੇਹੱਦ ਗੰਭੀਰ ਹੈ। ਛੋਟੀ ਕਿਸਾਨੀ ਦਾ ਇਕ ਹਿੱਸਾ ਖੇਤੀ ਛੱਡਣ ਲਈ ਮਜਬੂਰ ਹੈ। ਵਧੀਆਂ ਖੇਤੀ ਲਾਗਤਾਂ, ਘਟਦੀ ਪੈਦਾਵਾਰ, ਪਾਣੀ ਦਾ ਖਤਰਨਾਕ ਹੱਦ ਤੱਕ ਡਿੱਗਦਾ ਪੱਧਰ, ਖੇਤੀ ਤੋਂ ਬਾਹਰ ਸੁੰਗੜਦੇ ਰੁਜ਼ਗਾਰ ਦੇ ਮੌਕੇ ਤੇ ਖੇਤੀ ਵਿਚ ਸਰਕਾਰੀ ਪੂੰਜੀ ਨਿਵੇਸ਼ ਦੀ ਘਾਟ-ਅਜਿਹੀਆਂ ਸਮੱਸਿਆਵਾਂ ਹਨ ਜਿਨ੍ਹਾਂ ਨੇ ਪੰਜਾਬ ਦੀ ਕਿਸਾਨੀ ਲਈ ਖੇਤੀ ਨੂੰ ਗੈਰ-ਲਾਹੇਵੰਦ ਧੰਦਾ ਬਣਾ ਦਿੱਤਾ ਹੈ। ਪੰਜਾਬ ਸਰਕਾਰ ਨੂੰ ਪੇਂਡੂ ਸਰਮਾਏਦਾਰਾਂ ਦੀ ਪ੍ਰਤੀਨਿਧ ਅਕਾਲੀ ਪਾਰਟੀ ਚਲਾ ਰਹੀ ਹੈ ਜਿਸ ਦਾ ਪੰਜਾਬ ਦੇ ਖੇਤੀ ਸੰਕਟ ਪ੍ਰਤੀ ਆਪਣਾ ਨਜ਼ਰੀਆ ਹੈ। ਉਹ ਪੰਜਾਬ ਦੇ ਗਰੀਬ ਅਤੇ ਦਰਮਿਆਨੇ ਕਿਸਾਨਾਂ ਦੀ ਕੋਈ ਵੀ ਪ੍ਰਵਾਹ ਕੀਤੇ ਬਿਨਾ ਹੀ ਖੇਤੀ ਦੇ ਕਾਰਪੋਰੇਟ ਮਾਡਲ ਨੂੰ ਲਾਗੂ ਕਰਨਾ ਚਾਹੁੰਦੀ ਹੈ। ਭਾਵੇਂ ਫ਼ਸਲਾਂ ਦੀ ਸਿੱਧੀ ਅਦਾਇਗੀ ਦਾ ਮਸਲਾ ਹੋਵੇ ਜਾਂ ਖੇਤੀ ਸਬਸਿਡੀਆਂ ਨੂੰ ਤਰਕਸੰਗਤ ਬਣਾਉਣ ਦਾ, ਉਹ ਸਾਫ ਤੌਰ 'ਤੇ ਵੱਡੇ ਪੇਂਡੂ ਸਰਮਾਏਦਾਰਾਂ ਤੋਂ ਬਣੇ ਆੜ੍ਹਤੀਏ ਤੋਂ ਧਨੀ ਕਿਸਾਨਾਂ ਦੇ ਹੱਕ ਵਿਚ ਖੜ੍ਹੀ ਹੈ। ਪੰਜਾਬ ਦੀ ਕਿਸਾਨ ਲਹਿਰ ਕਈ ਹਿੱਸਿਆਂ ਵਿਚ ਪਾਟ ਚੁੱਕੀ ਹੈ ਜੋ ਪੰਜਾਬ ਦੀ ਬਹੁ-ਗਿਣਤੀ ਛੋਟੀ ਅਤੇ ਗਰੀਬ ਕਿਸਾਨੀ ਤੇ ਖੇਤੀ ਨਾਲ ਜੁੜੇ ਪੇਂਡੂ ਮਜ਼ਦੂਰਾਂ ਲਈ ਕੋਈ ਢੁਕਵਾਂ ਬਦਲ ਪੇਸ਼ ਨਹੀਂ ਕਰ ਪਾ ਰਹੀ। ਸਿੱਟੇ ਵਜੋਂ ਪੰਜਾਬ ਦਾ ਪੇਂਡੂ ਸਮਾਜ, ਗਰੀਬੀ, ਬੇਰੁਜ਼ਗਾਰੀ ਤੇ ਤਿੱਖੇ ਜਮਾਤੀ ਟਕਰਾਅ ਵੱਲ ਵਧਦਾ ਜਾ ਰਿਹਾ ਹੈ।

ਪੰਜਾਬ ਦੀ ਕਿਸਾਨੀ ਨੇ ਹਮੇਸ਼ਾ ਪੰਜਾਬ ਦੀ ਸਿਆਸੀ ਸਰਗਰਮੀ ਵਿਚ ਅਹਿਮ ਰੋਲ ਅਦਾ ਕੀਤਾ ਹੈ। ਪਹਿਲਾਂ ਅੰਗਰੇਜ਼ਾਂ ਅਤੇ ਫਿਰ ਕੇਂਦਰੀ ਹਾਕਮਾਂ ਖ਼ਿਲਾਫ਼ ਪੰਜਾਬ ਦੇ ਹਿੱਤਾਂ ਨੂੰ ਲੈ ਕੇ ਅਕਾਲੀ ਦਲ ਦੀ ਅਗਵਾਈ ਵਿਚ ਕਿਸਾਨੀ ਨੇ ਭਾਰੀ ਕੁਰਬਾਨੀਆਂ ਕੀਤੀਆਂ ਹਨ। ਪੰਜਾਬੀ ਸੂਬਾ ਹੋਂਦ ਵਿਚ ਆਉਣ 'ਤੇ ਸੱਤਾ ਦਾ ਆਨੰਦ ਮਾਣਨ ਮਗਰੋਂ ਅਕਾਲੀ ਦਲ ਦਾ ਕੁਰਬਾਨੀਆਂ ਵਾਲਾ ਖਾਸਾ ਖੁਰਦਾ ਗਿਆ ਅਤੇ ਇਸ ਨੇ ਕੇਂਦਰ ਸਰਕਾਰ ਨਾਲ ਸਮਝੌਤੇ ਰਾਹੀਂ ਰਿਆਇਤਾਂ ਹਾਸਲ ਕਰਨ ਦਾ ਰਾਹ ਫੜ ਲਿਆ। ਆਨੰਦਪੁਰ ਸਾਹਿਬ ਦੇ ਮਤੇ ਤੋਂ ਲੈ ਕੇ ਅੱਜ ਤੱਕ ਜਦੋਂ ਵੀ ਇਹ ਸੱਤਾ ਤੋਂ ਬਾਹਰ ਹੁੰਦਾ ਹੈ ਤਾਂ ਪੰਜਾਬ ਦੀਆਂ ਮੰਗਾਂ ਦੀ ਗੱਲ ਕਰਦਾ ਹੈ ਅਤੇ ਜਦੋਂ ਕੁਰਸੀ 'ਤੇ ਹੁੰਦਾ ਹੈ ਤਾਂ ਸਭ ਕੁਝ ਭੁੱਲ-ਭੁਲਾ ਜਾਂਦਾ ਹੈ।

ਦੂਜੇ ਪਾਸੇ, ਪੰਜਾਬ ਦੀ ਮੁਜਾਰਾ ਲਹਿਰ ਨੂੰ ਕਿਸਾਨੀ ਦੀ ਅਹਿਮ ਜੱਦੋ-ਜਹਿਦ ਕਿਹਾ ਜਾ ਸਕਦਾ ਹੈ ਜੋ ਜਗੀਰਦਾਰਾਂ ਅਤੇ ਰਾਜ ਖ਼ਿਲਾਫ਼ ਵਿਰਾਟ ਆਧਾਰ ਵਾਲੀ ਲਹਿਰ ਸੀ। ਇਸ ਲਹਿਰ ਨੇ ਜਗੀਰਦਾਰਾਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰਕੇ ਮੁਜਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ ਪਰ ਇਹ ਮੁਜਾਰਾ ਲਹਿਰ ਸਿਰਫ ਜੱਟ ਕਿਸਾਨੀ ਨੂੰ ਜ਼ਮੀਨਾਂ 'ਤੇ ਕਬਜ਼ੇ ਕਰਵਾਉਣ ਤਕ ਸੀਮਤ ਰਹੀ। ਇਸ ਨੇ ਭਾਵੇਂ ਭਾਰੀ ਸਰਕਾਰੀ ਜਬਰ ਦਾ ਸਾਹਮਣਾ ਕੀਤਾ ਪਰ ਉਸ ਕੋਲ ਲੁੱਟ ਦੇ ਰਾਜ ਨੂੰ ਸਦਾ ਲਈ ਖ਼ਤਮ ਕਰਨ ਵਾਸਤੇ ਅਤੇ ਲੋਕਾਂ ਦਾ ਰਾਜ ਸਥਾਪਤ ਕਰਨ ਲਈ ਭਵਿੱਖ ਨਕਸ਼ੇ ਦੀ ਕਮੀ ਸੀ। ਇਸੇ ਕਰਕੇ, ਇਸ ਦੀ ਲੀਡਰਸ਼ਿਪ ਬਾਅਦ ਵਿਚ ਭਾਰਤ ਦੇ ਗਲੇ-ਸੜੇ ਚੋਣ ਪ੍ਰਬੰਧ ਦੇ ਚੁੰਗਲ ਵਿਚ ਫਸ ਗਈ ਅਤੇ ਅਥਾਹ ਕੁਰਬਾਨੀਆਂ ਕਰਨ ਵਾਲੀ ਲੀਡਰਸ਼ਿਪ ਨੂੰ ਵੀ ਹਾਰਾਂ ਦਾ ਮੂੰਹ ਵੇਖਣਾ ਪਿਆ। ਮੁਜਾਰੇ ਜ਼ਮੀਨ ਮਿਲਣ 'ਤੇ ਸੰਤੁਸ਼ਟ ਹੋ ਗਏ। ਰਾਜਨੀਤਕ ਚੇਤਨਾ ਦੀ ਘਾਟ ਕਾਰਨ, ਪੰਜਾਬ ਲਈ ਵੱਧ ਅਧਿਕਾਰਾਂ ਅਤੇ ਪੰਜਾਬੀ ਸੂਬੇ ਦੀ ਮੰਗ ਨੂੰ ਲੈ ਕੇ ਅਕਾਲੀ ਦਲ ਕਿਸਾਨੀ ਦੀ ਆਗੂ ਪਾਰਟੀ ਵਜੋਂ ਸਥਾਪਤ ਹੋ ਗਿਆ। 1967 ਵਿਚ ਭਾਰਤ ਵਿਚ ਉੱਠੀ ਨਕਸਲਬਾੜੀ ਲਹਿਰ ਦੀ ਪੰਜਾਬ ਇਕਾਈ ਨੇ ਭਾਵੇਂ ਅਥਾਹ ਤਸੀਹੇ ਝੱਲੇ ਅਤੇ ਕੁਰਬਾਨੀਆਂ ਕੀਤੀਆਂ ਪਰ ਉਹ ਪੰਜਾਬ ਦੀ ਕਿਸਾਨੀ ਦੇ ਅਸਲੀ ਮੁੱਦੇ ਪਛਾਣਨ ਅਤੇ ਜਮਾਤੀ ਵੰਡ ਨੂੰ ਸਮਝਣ ਵਿਚ ਨਾਕਾਮਯਾਬ ਰਹੀ। ਸਿੱਟੇ ਵਜੋਂ ਕਿਸਾਨੀ ਵਿਚ ਡੂੰਘੇ ਪੈਰ ਜਮਾਉਣ ਅਤੇ ਉਸ ਦੀ ਮੁਕਤੀ ਲਈ ਕੋਈ ਨਵਾਂ ਪੈਂਤੜਾ ਪੇਸ਼ ਕਰਨ ਵਿਚ ਅਸਫਲ ਰਹੀ।

ਹਰੇ ਇਨਕਲਾਬ ਨੇ ਪੰਜਾਬ ਦੀ ਪੇਂਡੂ ਜਮਾਤੀ ਬਣਤਰ ਵਿਚ ਨਵੀਂ ਸਫਬੰਦੀ ਸਾਹਮਣੇ ਲਿਆਂਦੀ। ਮੰਡੀ ਲਈ ਖੇਤੀ ਪੈਦਾਵਾਰ ਵਿਚ ਹੋਏ ਅਥਾਹ ਵਾਧੇ ਅਤੇ ਪੇਂਡੂ ਖੇਤਰ ਵਿਚ ਉਭਰੀ ਧਨੀ ਕਿਸਾਨੀ ਕੋਲ ਵੇਚਣ ਲਈ ਵਾਧੂ ਪੈਦਾਵਾਰ ਸੀ। ਸਿੱਟੇ ਵਜੋਂ 1980ਵਿਆਂ ਦੌਰਾਨ ਖੇਤੀ ਉਤਪਾਦਨ ਦੇ ਭਾਅ ਕੀਮਤ ਸੂਚਕ ਅੰਕ ਨਾਲ ਜੋੜਨ ਦੀ ਮੰਗ ਉਭਰੀ। ਧਨੀ ਕਿਸਾਨੀ ਦੇ ਝੰਡੇ ਹੇਠ ਕਿਸਾਨੀ ਵੱਡੇ ਪੱਧਰ 'ਤੇ ਲਾਮਬੰਦ ਹੋਈ। 1984 ਤੋਂ ਬਾਅਦ ਚੱਲੇ ਕਾਲੇ ਦੌਰ ਨੇ ਕਿਸਾਨੀ ਲਹਿਰ ਨੂੰ ਇਕ ਤਰ੍ਹਾਂ ਸੀਨ ਤੋਂ ਪਾਸੇ ਹੀ ਕਰ ਦਿੱਤਾ। ਮੌਜੂਦਾ ਕਿਸਾਨ ਲਹਿਰ 1980ਵਿਆਂ ਦੇ ਸ਼ੁਰੂ ਵਿਚ ਉਭਰੀ ਕਿਸਾਨੀ ਲਹਿਰ ਦੇ ਵੰਡੇ ਹੋਏ ਟੁਕੜੇ ਹੀ ਹਨ।

ਖੇਤੀ ਉਤਪਾਦਨ ਦੇ ਭਾਅ ਕੀਮਤ ਸੂਚਕ ਅੰਕ ਨਾਲ ਜੋੜਨ ਦੀ ਮੰਗ ਦਾ ਮਹੱਤਵ, ਕਿਸਾਨੀ ਦੇ ਵੱਖ-ਵੱਖ ਵਰਗਾਂ ਲਈ ਵੱਖ-ਵੱਖ ਹੈ। ਪੇਂਡੂ ਜਗੀਰਦਾਰਾਂ ਤੋਂ ਪੇਂਡੂ ਸਰਮਾਏਦਾਰਾਂ ਵਿਚ ਬਦਲੀ ਜਮਾਤ ਤੇ ਵੱਡੀ ਧਨੀ ਕਿਸਾਨੀ ਆਪਣੇ ਘੱਟ ਰਹੇ ਮੁਨਾਫੇ ਨੂੰ ਠੱਲ੍ਹਣ ਲਈ ਲੜਦੀ ਹੈ। ਉਹਦੇ ਲਈ ਇਹ ਮੁੱਖ ਮੰਗ ਹੈ। ਕਿਸਾਨ ਯੂਨੀਅਨ ਦਾ ਰਾਜੇਵਾਲ ਅਤੇ ਲੱਖੋਵਾਲ ਧੜਾ ਇਸ ਧਿਰ ਦੇ ਮੁੱਖ ਆਗੂ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਜਿਨ੍ਹਾਂ ਦਾ ਪੇਂਡੂ ਸਰਮਾਏਦਾਰੀ ਵਿਚ ਆਧਾਰ ਹੈ, ਉਹ ਵੀ ਇਸ ਮੰਗ ਦੀ ਜ਼ੋਰਦਾਰ ਹਮਾਇਤ ਕਰਦੇ ਹਨ। ਦਰਮਿਆਨੀ ਕਿਸਾਨੀ ਲਈ ਇਸ ਦਾ ਮਹੱਤਵ ਹੈ ਪਰ ਗਰੀਬ ਅਤੇ ਛੋਟੀ ਕਿਸਾਨੀ ਲਈ ਇਸ ਮੰਗ ਦਾ ਕੋਈ ਖਾਸ ਮਹੱਤਵ ਨਹੀਂ ਹੈ। ਸਿੱਟੇ ਵਜੋਂ ਦਰਮਿਆਨੀ ਕਿਸਾਨੀ ਗਰੀਬ ਅਤੇ ਛੋਟੀ ਕਿਸਾਨੀ ਲਈ ਲੜਨ ਦਾ ਦਾਅਵਾ ਕਰਨ ਵਾਲੇ ਧੜੇ ਰਾਜੇਵਾਲ ਅਤੇ ਲੱਖੋਵਾਲ ਤੋਂ ਵੱਖ ਹੋ ਗਏ। ਇਨ੍ਹਾਂ ਧਿਰਾਂ ਨੇ ਛੋਟੀ ਕਿਸਾਨੀ, ਖਾਸ ਕਰਕੇ ਮਾਲਵੇ ਦੀ ਕਪਾਹ ਪੱਟੀ ਦੀ ਕਰਜ਼ਈ ਕਿਸਾਨੀ ਨੂੰ ਕਰਜ਼ੇ ਤੋਂ ਰਾਹਤ ਦਿਵਾਉਣ ਲਈ ਸੂਦਖੋਰਾਂ ਤੇ ਬੈਂਕਾਂ ਖ਼ਿਲਾਫ਼ ਸ਼ਾਨਦਾਰ ਜੱਦੋਜਹਿਦ ਕੀਤੀ ਅਤੇ ਸਫਲ ਵੀ ਰਹੀ। ਉਂਜ, ਇਹ ਵੀ ਮਹਿਜ਼ ਫੌਰੀ ਆਰਥਿਕ ਰਾਹਤ ਹੀ ਸੀ। ਇਸ ਨੇ ਛੋਟੀ ਕਿਸਾਨੀ ਦੇ ਟੁੱਟਣ ਦੀ ਦਰ ਨੂੰ ਥੋੜ੍ਹਾ ਮੱਠਾ ਜ਼ਰੂਰ ਕੀਤਾ ਪਰ ਇਹ ਛੋਟੀ ਕਿਸਾਨੀ ਦਾ ਭਵਿੱਖ ਸੁਰੱਖਿਅਤ ਕਰਨ ਲਈ ਕੋਈ ਠੋਸ ਪ੍ਰੋਗਰਾਮ ਤੇ ਨੀਤੀਆਂ ਦੇਣ ਵਿਚ ਅਸਫਲ ਰਹੀ। ਅੱਜ ਵੀ ਫਸਲਾਂ ਦੇ ਭਾਅ ਤੋਂ ਲੈ ਕੇ ਕਰਜ਼ੇ ਦੀ ਮੁਆਫੀ ਤਕ ਦੀਆਂ ਮੰਗਾਂ ਵਿਚਕਾਰ ਡਿੱਕੋ-ਡੋਲੇ ਖਾ ਰਹੀਆਂ ਹਨ। ਇੱਥੋਂ ਤਕ ਕਿ ਵੱਡੇ ਕਿਸਾਨਾਂ ਨੂੰ ਸਬਸਿਡੀਆਂ ਬੰਦ ਕਰਨ, ਅਮੀਰ ਕਿਸਾਨਾਂ 'ਤੇ ਟੈਕਸ ਲਾਉਣ, ਫਸਲਾਂ ਦੀ ਸਿੱਧੀ ਅਦਾਇਗੀ ਤੇ ਸੂਦਖੋਰੀ ਦੇ ਖਾਤਮੇ ਜਿਹੇ ਮੁੱਦਿਆਂ 'ਤੇ ਵੀ ਇਹ ਲੜਾਈ ਕੇਂਦਰਤ ਨਹੀਂ ਕਰ ਸਕੀ।

ਕਿਸਾਨ ਲਹਿਰ ਦੀ ਮੁੱਖ ਕਮਜ਼ੋਰੀ ਹਰੇ ਇਨਕਲਾਬ ਸਦਕਾ ਖੇਤੀ ਵਿਚ ਹੋਏ ਅਸਾਵੇਂ ਵਿਕਾਸ ਦੇ ਸਿੱਟੇ ਵਜੋਂ ਉਭਰੀਆਂ ਜਮਾਤੀ ਬਣਤਰਾਂ ਅਤੇ ਮੁੱਦਿਆਂ ਨੂੰ ਸਮਝਣ ਵਿਚ ਪਈ ਹੈ। 1980 ਦੇ ਮੁਕਾਬਲੇ ਅੱਜ ਇਹ ਤਸਵੀਰ ਵਧੇਰੇ ਸਾਫ ਹੋ ਚੁੱਕੀ ਹੈ ਕਿ ਪੰਜਾਬ ਦੇ ਪੇਂਡੂ ਸਮਾਜ ਅੰਦਰ ਕਿਸਾਨੀ, ਜਮਾਤ ਨਹੀਂ ਰਹੀ। ਪੇਂਡੂ ਸਮਾਜ ਅੰਦਰ ਜਗੀਰਦਾਰਾਂ ਤੋਂ ਬਦਲ ਕੇ ਸਰਮਾਏਦਾਰਾਂ ਦੀ ਅਜਿਹੀ ਜਮਾਤ ਪੈਦਾ ਹੋ ਚੁੱਕੀ ਹੈ ਜੋ ਪੰਜਾਬ ਦੀ ਆਰਥਿਕਤਾ, ਸਿਆਸਤ ਅਤੇ ਸਭਿਆਚਾਰ ਉਤੇ ਕਾਬਜ਼ ਹੈ। ਦਸ ਲੱਖ ਕਿਸਾਨ ਪਰਿਵਾਰਾਂ ਅਤੇ 6 ਲੱਖ ਮਜ਼ਦੂਰ ਪਰਿਵਾਰਾਂ ਦੇ ਮੁਕਾਬਲੇ ਇਸ ਦੀ ਗਿਣਤੀ ਮਹਿਜ਼ 71,000 ਹੈ ਜੋ 10 ਲੱਖ 67 ਹਜ਼ਾਰ ਹੈਕਟੇਅਰ ਦੀ ਮਾਲਕ ਹੈ।

ਛੋਟੇ ਅਤੇ ਸੀਮਾਂਤ ਕਿਸਾਨ, ਕੁੱਲ ਕਿਸਾਨੀ ਦਾ 60 ਫੀਸਦੀ ਬਣਦੇ ਹਨ। ਉਨ੍ਹਾਂ ਦੇ ਹਿੱਸੇ ਸਿਰਫ 12 ਲੱਖ ਹੈਕਟੇਅਰ ਜ਼ਮੀਨ ਹੈ। ਪੇਂਡੂ ਅਮੀਰਾਂ ਦੀ ਇਹ ਜਮਾਤ ਖੇਤੀ ਵਿਚੋਂ ਪੈਦਾ ਹੋਈ ਪੂੰਜੀ ਨੂੰ ਸੂਦਖੋਰੀ ਤੇ ਬੈਂਕਾਂ, ਵਪਾਰ, ਹੋਟਲਾਂ, ਟਰਾਂਸਪੋਰਟ, ਸ਼ੇਅਰ ਮਾਰਕਿਟ, ਮੈਰਿਜ ਪੈਲੇਸ, ਜ਼ਮੀਨੀ ਸੱਟੇਬਾਜ਼ੀ ਜਾਂ ਵੱਡੀਆਂ-ਵੱਡੀਆਂ ਕੋਠੀਆਂ ਤੇ ਲਗਜ਼ਰੀ ਕਾਰਾਂ, ਵੱਡੇ ਤੇ ਮਹਿੰਗੇ ਵਿਆਹਾਂ ਜਿਹੇ ਗੈਰ-ਉਤਪਾਦਕ ਕੰਮਾਂ 'ਤੇ ਬਰਬਾਦ ਕਰ ਰਹੀ ਹੈ। ਪੂੰਜੀ ਦਾ ਇਹ ਨਿਯਮ ਹੈ ਕਿ ਜੇ ਉਸ ਨੂੰ ਉਤਪਾਦਕ ਖੇਤਰ ਵਿਚ ਮੁੜ ਨਿਵੇਸ਼ ਨਾ ਕੀਤਾ ਜਾਵੇ ਤਾਂ ਉਹ ਕੋਈ ਰੁਜ਼ਗਾਰ ਪੈਦਾ ਨਹੀਂ ਕਰਦੀ ਅਤੇ ਉਸ ਦਾ ਰੋਲ ਸਮਾਜ ਲਈ ਨਾਂਹ-ਪੱਖੀ ਹੋ ਜਾਂਦਾ ਹੈ। ਖੇਤੀ ਦੀ ਖੜੋਤ ਇਸ ਜਮਾਤ ਲਈ ਕੋਈ ਸਿਰਦਰਦੀ ਨਹੀਂ ਹੈ। ਸਿੱਟੇ ਵਜੋਂ ਖੇਤੀ ਖੇਤਰ ਵਿਚ ਪੂੰਜੀ ਨਿਰਮਾਣ ਲਗਾਤਾਰ ਘੱਟ ਰਿਹਾ ਹੈ। ਪੰਜਾਬ ਦੇ ਵੱਡੇ ਨੌਕਰਸ਼ਾਹਾਂ ਨੇ ਰਿਸ਼ਵਤ ਜ਼ਰੀਏ ਵੱਡੀਆਂ ਜ਼ਮੀਨਾਂ ਬਣਾ ਲਈਆਂ ਹਨ। ਸ਼ਹਿਰੀ ਸੂਦਖੋਰ ਅਤੇ ਵਪਾਰੀਆਂ ਨੇ ਵੀ ਜ਼ਮੀਨਾਂ ਖਰੀਦ ਲਈਆਂ ਹਨ। ਵੱਡੀਆਂ ਜ਼ਮੀਨਾਂ ਦੇ ਮਾਲਕ ਅਤੇ ਉਚ ਅਹੁਦਿਆਂ 'ਤੇ ਲੱਗੇ ਨੌਕਰਸ਼ਾਹਾਂ ਦੀ ਅਜਿਹੀ ਜਮਾਤ ਵੀ ਹੈ ਜਿਸ ਨੂੰ ਗੈਰ-ਕਾਸ਼ਤਕਾਰ ਜਾਂ ਗੈਰ-ਹਾਜ਼ਰ ਮਾਲਕ ਕਿਹਾ ਜਾ ਸਕਦਾ ਹੈ। ਇਨ੍ਹਾਂ ਦਾ ਖੇਤੀ ਨਾਲ ਕੋਈ ਸਬੰਧ ਨਹੀਂ, ਸਿਵਾਏ ਖੇਤੀ ਵਿਚੋਂ ਬਚਾਈ ਪੂੰਜੀ ਨੂੰ ਬਾਹਰ ਨਿਵੇਸ਼ ਕਰਨ ਜਾਂ ਖੇਤੀ ਪੈਦਾਵਾਰ ਬਹਾਨੇ ਵੱਡੇ ਟੈਕਸ ਦੀ ਚੋਰੀ ਕਰਨ ਤੋਂ। ਵੱਡੀ ਪੇਂਡੂ ਸਰਮਾਏਦਾਰੀ ਤੋਂ ਲੈ ਕੇ 25 ਏਕੜ ਤੋਂ ਉਪਰ ਤਕ ਵਾਲੇ ਧਨੀ ਕਿਸਾਨ ਅਤੇ ਇਹ ਗੈਰ-ਕਾਸ਼ਤਕਾਰ ਮਾਲਕ, ਅੱਜ ਪੰਜਾਬ ਦੇ ਪੇਂਡੂ ਸਮਾਜ ਦਾ ਉਹ ਹਿੱਸਾ ਹਨ ਜੋ ਪੰਜਾਬ ਦੀ ਖੇਤੀ ਦੇ ਵਿਕਾਸ ਨੂੰ ਰੋਕ ਰਹੇ ਹਨ। ਸਿਆਸਤ ਵਿਚ ਸ਼੍ਰੋਮਣੀ ਕਮੇਟੀ ਅਤੇ ਪਿੰਡ ਦੀ ਪੰਚਾਇਤ ਤੋਂ ਲੈ ਕੇ ਲੋਕ ਸਭਾ ਤਕ ਦੀ ਸਿਆਸਤ ਨੂੰ ਇਹੀ ਜਮਾਤ ਤੈਅ ਕਰਦੀ ਹੈ। ਹਰ ਪੇਂਡੂ ਖੇਡ ਮੇਲੇ ਤੋਂ ਲੈ ਕੇ, ਕਿਸੇ ਦੇ ਵੀ ਭੋਗ ਤਕ, ਸਭ ਥਾਂ ਇਹ ਜਮਾਤ ਚਿੱਟੇ ਕੱਪੜਿਆਂ ਅਤੇ ਲਗਜ਼ਰੀ ਕਾਰਾਂ ਵਿਚ ਤੁਹਾਨੂੰ ਮਿਲ ਸਕਦੀ ਹੈ।

ਛੋਟੀ ਕਿਸਾਨੀ ਜੋ ਕੁਲ ਕਿਸਾਨੀ ਦਾ 65 ਫੀਸਦੀ ਬਣਦੀ ਹੈ, ਦੀ ਗਿਣਤੀ ਹਰ ਸਾਲ ਘਟਦੀ ਜਾ ਰਹੀ ਹੈ। ਇਹਦੇ ਕੋਲ ਪੂੰਜੀ ਦੀ ਘਾਟ ਹੈ। ਵਧਦੇ ਖੇਤੀ ਖਰਚੇ ਤੇ ਘਟਦੀ ਆਮਦਨ ਨੇ ਖੇਤੀ ਨੂੰ ਇਹਦੇ ਲਈ ਗੈਰ-ਲਾਹੇਵੰਦਾ ਬਣਾ ਦਿੱਤਾ ਹੈ। ਪੂੰਜੀ ਦੀ ਥੁੜ੍ਹ ਪੂਰੀ ਕਰਨ ਲਈ ਇਹ ਸੂਦਖੋਰਾਂ 'ਤੇ ਨਿਰਭਰ ਹੈ ਜਿਨ੍ਹਾਂ ਦੇ ਚੱਕਰ ਵਿਚੋਂ ਨਿਕਲਣਾ ਇਹਦੇ ਵੱਸ ਦੀ ਗੱਲ ਨਹੀਂ ਹੈ। ਕੁਦਰਤੀ ਕਰੋਪੀ ਕਾਰਨ ਫਸਲ ਦੀ ਮਾਰ, ਕੋਈ ਗੰਭੀਰ ਬਿਮਾਰੀ, ਕੋਈ ਵਿਆਹ ਜਾਂ ਮਰਨਾ ਹੋਵੇ ਤਾਂ ਇਹਨੂੰ ਸਦਾ ਲਈ ਸੂਦਖੋਰਾਂ ਦੇ ਹਵਾਲੇ ਕਰ ਦਿੰਦੇ ਹਨ। ਪੰਜਾਬ ਦੇ ਪੇਂਡੂ ਮਜ਼ਦੂਰ ਜਿਨ੍ਹਾਂ ਦੀ ਗਿਣਤੀ 6 ਲੱਖ ਦੇ ਕਰੀਬ ਬਣਦੀ ਹੈ, ਜ਼ਮੀਨ ਤੋਂ ਸੱਖਣੇ ਹਨ। ਇਨ੍ਹਾਂ ਲਈ ਰੁਜ਼ਗਾਰ ਦਾ ਕੋਈ ਪੱਕਾ ਸਾਧਨ ਨਹੀਂ ਹੈ। ਮਸ਼ੀਨੀਕਰਨ ਦੇ ਸਿੱਟੇ ਵਜੋਂ ਖੇਤੀ ਖੇਤਰ ਵਿਚ ਘਟਦੇ ਰੁਜ਼ਗਾਰ ਨੇ ਇਨ੍ਹਾਂ ਨੂੰ ਬੇਰੁਜ਼ਗਾਰੀ ਦੀ ਅੰਨ੍ਹੀ ਗਲੀ ਵਿਚ ਧੱਕ ਦਿੱਤਾ ਹੈ। ਇਨ੍ਹਾਂ ਦੇ ਬੇਹੱਦ ਤੰਗ ਘਰ, ਸਿਹਤ ਤੇ ਸਿੱਖਿਆ ਸਹੂਲਤਾਂ ਦੀ ਘਾਟ ਨੇ ਇਨ੍ਹਾਂ ਨੂੰ ਪੇਂਡੂ ਵਿਕਾਸ ਦੇ ਹਾਸ਼ੀਏ 'ਤੇ ਧੱਕ ਦਿੱਤਾ ਹੈ।

ਇਨ੍ਹਾਂ ਹਾਲਾਤ ਨਾਲ ਕਿਸਾਨ ਲਹਿਰ ਕਿਸ ਤਰ੍ਹਾਂ ਨਜਿੱਠਦੀ ਹੈ, ਇਹ ਬਹੁਤ ਵੱਡਾ ਸਵਾਲ ਹੈ। ਇਸ ਸਵਾਲ ਅਤੇ ਇਸ ਦਾ ਜਵਾਬ ਲੱਭਣ ਵਿਚ ਹੀ ਕਿਸਾਨਾਂ ਦਾ ਭਵਿੱਖ ਦੀਆਂ ਡੋਰੀਆਂ ਬੱਝੀਆਂ ਹੋਈਆਂ ਹਨ। ਇਕ ਗੱਲ ਹੋਰ, ਇਸ ਸਵਾਲ ਦਾ ਜਵਾਬ ਲੱਭਣ ਵਿਚ ਜਿੰਨੀ ਵੱਧ ਦੇਰ ਹੋਵੇਗੀ, ਹਾਲਾਤ ਉਨੇ ਹੀ ਜ਼ਿਆਦਾ ਉਲਝਣਗੇ।

# ਜਮਹੂਰੀ ਦੇਸ਼ 'ਚ ਵੀ ਵਿਚਾਰਾਂ 'ਤੇ ਜ਼ੰਜੀਰਾਂ

**ਪ੍ਰਫੁੱਲ ਬਿਦਵਈ**


***ਪਾਬੰਦੀ ਲਾਉਣ, ਰੋਕਣ, ਸਜ਼ਾ ਦੇਣ ਅਤੇ ਸੈਂਸਰ ਕਰਨ ਦਾ ਰੁਝਾਨ ਭਾਰਤੀ ਜਮਹੂਰੀਅਤ ਦੀ ਵੱਡੀ ਕਮਜ਼ੋਰੀ ਦਾ ਲਖਾਇਕ ਹੈ। ਭਾਰਤ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਖੁੱਲ੍ਹੀ ਬਹਿਸ ਅਤੇ ਬੌਧਿਕ ਵਿਚਾਰ-ਵਟਾਂਦਰੇ ਨੂੰ ਸੰਸਥਾਗਤ ਰੂਪ 'ਚ ਯਕੀਨੀ ਬਣਾਉਣ 'ਚ ਅਸਫਲ ਰਿਹਾ ਹੈ। ਉਧਰ, ਵੱਡੀ ਸ਼ਕਤੀ ਵਜੋਂ ਉਭਰ ਰਹੇ ਭਾਰਤ ਵਿਚ ਵਪਾਰਕ ਲੈਣ-ਦੇਣ ਅਤੇ ਕਾਰਪੋਰੇਟ ਲੈਣ-ਦੇਣ ਦੇ ਘਿਨਾਉਣੇ ਰੂਪ ਹੀ ਤਰੱਕੀ ਕਰ ਰਹੇ ਹਨ। 121 ਕਰੋੜ ਆਬਾਦੀ ਵਾਲੇ ਭਾਰਤ ਲਈ ਇਹ ਸ਼ਰਮ ਦਾ ਵਿਸ਼ਾ ਹੈ ਕਿ ਭਾਰਤ ਵਿਚ ਵੱਖਰੇ ਵਿਚਾਰ ਰੱਖਣ ਵਾਲਿਆਂ 'ਤੇ ਬੌਧਿਕ ਸ਼ਿਕੰਜਾ ਕੱਸਣ ਅਤੇ ਸਾੜਨ-ਫੂਕਣ ਦਾ ਰੁਝਾਨ ਅਜੇ ਵੀ ਜਿਉਂ ਦਾ ਤਿਉਂ ਚੱਲ ਰਿਹਾ ਹੈ।***

ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਇਕ ਵਾਰ ਫਿਰ ਦਿਖਾ ਦਿੱਤਾ ਹੈ ਕਿ ਹੇਠਲੇ ਦਰਜੇ ਦੀ ਸਿਆਸਤ ਕਰਨ ਦਾ ਉਨ੍ਹਾਂ ਦਾ ਰੁਝਾਨ ਪਹਿਲਾਂ ਵਾਂਗ ਹੀ ਆਪਣੇ ਰੰਗ ਵਿਖਾ ਰਿਹਾ ਹੈ। ਉਸ ਦੀ ਸਰਕਾਰ ਨੇ ਮਹਾਤਮਾ ਗਾਂਧੀ ਦੀ ਨਵੀਂ ਜੀਵਨੀ 'ਗ੍ਰੇਟ ਸੋਲ' ਉਤੇ ਪਾਬੰਦੀ ਲਾ ਦਿੱਤੀ ਹੈ ਜਿਸ ਦੇ ਲੇਖਕ ਭਾਰਤ ਵਿਚ 'ਨਿਊ ਯਾਰਕ ਟਾਈਮਜ਼' ਦੇ ਬਿਊਰੋ ਚੀਫ਼ ਅਤੇ ਸੰਪਾਦਕ ਰਹੇ ਜੋਸਿਫ਼ ਲੇਲੇਵਿਲਡ ਹਨ। ਇਹ ਪਾਬੰਦੀ ਇਸ ਪੁਸਤਕ ਦੀ ਇਕ ਸਮੀਖਿਆ ਦੇ ਆਧਾਰ 'ਤੇ ਗੁਜਰਾਤ ਵਿਧਾਨ ਸਭਾ ਵਿਚ ਸਰਬਸੰਮਤੀ ਨਾਲ ਮਤਾ ਪਾਸ ਕਰਨ ਤੋਂ ਬਾਅਦ ਲਾਈ ਗਈ ਹੈ। ਇਹ ਸਮੀਖਿਆ ਸਾਮਰਾਜੀ ਇਤਿਹਾਸ ਦੇ ਅੰਗਰੇਜ਼ ਪੇਸ਼ਾਵਰ ਅਤੇ ਰਜਵਾੜਾਸ਼ਾਹੀ ਦੇ ਚਾਪਲੂਸ ਐਂਡਰਿਊ ਰੋਬਰਟਸ ਨੇ ਕੀਤੀ ਹੈ। ਇਹ ਸਮੀਖਿਆ 'ਦ ਵਾਲਸਟਰੀਟ ਜੌਰਨਲ' ਵਿਚ ਛਪੀ ਸੀ।

ਸਮੀਖਿਆ ਵਿਚ ਲੇਲੇਵਿਲਡ ਦੀ ਕਿਤਾਬ ਦੇ ਕੁਝ ਹਿੱਸਿਆਂ ਦੀ ਮਾੜੀ ਨੀਅਤ ਨਾਲ ਇਹ ਦਾਅਵਾ ਕਰਨ ਲਈ ਗ਼ਲਤ ਵਿਆਖਿਆ ਕੀਤੀ ਗਈ ਹੈ ਕਿ ਦੱਖਣੀ ਅਫਰੀਕਾ ਵਿਚ ਇਕ ਜਰਮਨ ਮੂਲ ਦੇ ਯਹੂਦੀ ਵਾਸਤੂਕਾਰ ਅਤੇ ਬਾਡੀਬਿਲਡਰ ਹਰਮਾਨ ਕਾਲਿਨਬਾਖ ਨਾਲ ਮਹਾਤਮਾ ਗਾਂਧੀ ਦੇ ਸਮਲਿੰਗੀ ਸਬੰਧ ਸਨ। ਰਾਬਰਟ ਨੇ ਇਹ ਵੀ ਕਿਹਾ ਕਿ ਗਾਂਧੀ ਦੇ ਘਰ ਵਿਚ ਉਨ੍ਹਾਂ ਦੇ ਪਲੰਘ ਦੇ ਸਾਹਮਣੇ ਦੀ ਅੰਗੀਠੀ 'ਤੇ ਰੱਖੀ ਇਕਮਾਤਰ ਫੋਟੋ ਕਾਲਿਨਬਾਖ ਦੀ ਸੀ। ਇਸ ਨੂੰ ਇਕ ਬਰਤਾਨਵੀ ਅਖ਼ਬਾਰ 'ਡੇਲੀ ਮੇਲ' ਨੇ ਹੋਰ ਵੀ ਤਰੋੜ-ਮਰੋੜ ਕੇ ਪੇਸ਼ ਕੀਤਾ। ਇਸ ਅਖ਼ਬਾਰ ਨੇ ਸਿਰਲੇਖ ਕੱਢਿਆ: 'ਗਾਂਧੀ ਨੇ ਆਪਣੇ ਜਰਮਨ ਪ੍ਰੇਮੀ ਨਾਲ ਰਹਿਣ ਲਈ ਆਪਣੀ ਪਤਨੀ ਨੂੰ ਛੱਡਿਆ ਸੀ-ਨਵੀਂ ਕਿਤਾਬ ਦਾ ਦਾਅਵਾ।' ਜਿਹੜੇ ਲੋਕਾਂ ਨੇ ਇਹ ਕਿਤਾਬ ਪੜ੍ਹੀ ਹੈ, ਉਹ ਕਹਿੰਦੇ ਹਨ ਕਿ ਕਾਲਿਨਬਾਖ ਦਾ ਜ਼ਿਕਰ 349 ਸਫ਼ਿਆਂ ਦੀ ਕਿਤਾਬ ਦੇ ਦਸਵੇਂ ਹਿੱਸੇ ਤੋਂ ਵੀ ਘੱਟ ਹਿੱਸੇ 'ਚ ਆਉਂਦਾ ਹੈ। ਕਾਲਿਨਬਾਖ ਨਾਲ ਗਾਂਧੀ ਦੀ ਨੇੜਤਾ ਸੀ ਪਰ ਅਜਿਹਾ ਨਹੀਂ ਲਗਦਾ ਕਿ ਉਨ੍ਹਾਂ ਦੇ ਕਈ ਮਰਦਾਂ ਅਤੇ ਔਰਤਾਂ ਨਾਲ ਯੌਨ ਸਬੰਧ ਸਨ। ਗਾਂਧੀ ਦੀ ਯੌਨ ਪ੍ਰਵਿਰਤੀ ਬਾਰੇ ਲਿਖਣ ਵਾਲੇ ਅਤੇ ਕਾਲਿਨਬਾਖ ਨਾਲ ਉਨ੍ਹਾਂ ਦੇ ਹੋਏ ਪੱਤਰ-ਵਿਹਾਰ ਦੀ ਸਮੀਖਿਆ ਕਰਨ ਵਾਲੇ ਨਾਮਵਰ ਮਨੋ-ਵਿਸ਼ਲੇਸ਼ਕ ਸੁਧੀਰ ਕੱਕੜ ਕਹਿੰਦੇ ਹਨ ਕਿ ਉਹ ਨਹੀਂ ਮੰਨਦੇ ਕਿ ਦੋਵਾਂ ਵਿਚਕਾਰ ਕੋਈ ਕਾਮੁਕ ਪ੍ਰੇਮ ਸਬੰਧ ਸਨ।

ਗਾਂਧੀ ਦੀ ਯੌਨ ਪ੍ਰਵਿਰਤੀ ਦਾ ਸਭ ਤੋਂ ਪਹਿਲਾਂ ਵਿਸ਼ਲੇਸ਼ਣ ਕਰਨ ਵਾਲਿਆਂ 'ਚੋਂ ਇਕ, ਕੱਕੜ ਨੇ ਗਾਂਧੀ ਦੀ ਯੌਨ ਪ੍ਰਵਿਰਤੀ ਦਾ ਵਿਸ਼ਲੇਸ਼ਣ ਆਪਣੀਆਂ ਪੁਸਤਕਾਂ 'ਇੰਟੀਮੇਟ ਰਿਲੇਸ਼ਨਜ਼: ਐਕਸਪਲੋਰਿੰਗ ਇੰਡੀਅਨ ਸੈਕਸੁਐਲਿਟੀ, ਮੀਰਾ ਐਂਡ ਮਹਾਤਮਾ' ਵਿਚ ਕੀਤਾ ਹੈ। ਉਹ ਕਹਿੰਦੇ ਹਨ ਕਿ ਗਾਂਧੀ ਦੀ ਕਿਸੇ ਵੀ ਲਿਖਤ ਵਿਚੋਂ ਅਜਿਹਾ ਸਪੱਸ਼ਟ ਨਹੀਂ ਹੁੰਦਾ ਕਿ ਉਨ੍ਹਾਂ ਦੇ ਕਾਲਿਨਬਾਖ ਨਾਲ ਯੌਨ ਸਬੰਧ ਸਨ। ਕੱਕੜ ਦਾ ਕਹਿਣਾ ਹੈ ਕਿ ਗਾਂਧੀ ਜੀ ਅਕਸਰ ਆਪਣੀਆਂ ਚਿੱਠੀਆਂ ਵਿਚ ਜ਼ਬਰਦਸਤ ਪਿਆਰ ਭਾਸ਼ਾ ਵਰਤਦੇ ਸਨ। ਇਨ੍ਹਾਂ ਵਿਚ ਉਹ ਚਿੱਠੀਆਂ ਵੀ ਆਉਂਦੀਆਂ ਹਨ ਜੋ ਉਨ੍ਹਾਂ ਨੇ ਆਪਣੀਆਂ ਮਹਿਲਾ ਸਾਥੀਆਂ ਨੂੰ ਲਿਖੀਆਂ ਸਨ ਪਰ ਇਹ ਸਰੀਰਕ ਸਬੰਧਾਂ ਵੱਲ ਕੋਈ ਸੰਕੇਤ ਨਹੀਂ ਕਰਦੀਆਂ। ਗਾਂਧੀ ਜੀ ਦੀਆਂ ਭਾਵਨਾਵਾਂ ਅਧਿਆਤਮਿਕ ਸਨ, ਇਹ ਯੌਨ ਪ੍ਰਵਿਰਤੀ 'ਤੇ ਆਧਾਰਤ ਨਹੀਂ ਸਨ।

ਇਸੇ ਤਰ੍ਹਾਂ ਗਾਂਧੀ ਦਾ ਰਾਬਿੰਦਰਨਾਥ ਟੈਗੋਰ ਅਤੇ ਭਾਰਤੀ ਰਾਸ਼ਟਰੀ ਕਾਂਗਰਸ ਦੇ ਬਾਨੀ ਨਾਲ ਵੀ ਗੂੜ੍ਹੀ ਖ਼ਤੋ-ਖ਼ਿਤਾਬਤ ਹੁੰਦੀ ਸੀ। ਇਸ ਖ਼ਤੋ-ਖ਼ਿਤਾਬਤ ਵਿਚ ਵੀ ਗਾਂਧੀ ਜੀ ਰੁਮਾਂਟਿਕ ਭਾਸ਼ਾ ਵਰਤਦੇ ਸਨ ਪਰ ਇਸ ਵਿਚੋਂ ਬਿਲਕੁਲ ਵੀ ਅਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਗਾਂਧੀ ਜੀ ਦੇ ਇਨ੍ਹਾਂ ਦੋਵਾਂ ਬੰਦਿਆਂ ਨਾਲ ਸਮਲਿੰਗੀ ਸਬੰਧ ਸਨ। ਗਾਂਧੀ ਅਤੇ ਕਾਲਿਨਬਾਖ ਦੋਵੇਂ ਹੀ ਪੱਕੇ ਤੌਰ 'ਤੇ ਬ੍ਰਹਮਚਾਰ ਨੂੰ ਸਮਰਪਿਤ ਸਨ। ਕਾਲਿਨਬਾਖ ਨੇ ਗਾਂਧੀ ਨੂੰ ਮਿਲਣ ਤੋਂ ਬਾਅਦ 1908 ਵਿਚ ਆਪਣੇ ਪਿਤਾ ਨੂੰ ਕਿਹਾ ਸੀ, "ਮੈਂ ਯੌਨ ਸਬੰਧਾਂ ਵਾਲੀ ਜ਼ਿੰਦਗੀ ਛੱਡ ਦਿੱਤੀ ਹੈ" ਪਰ ਕਾਲਿਨਬਾਖ ਬ੍ਰਹਮਚਾਰੀ ਰਹਿਣ ਦੇ ਆਪਣੇ ਵਚਨ 'ਤੇ ਕਾਇਮ ਨਾ ਰਹਿ ਸਕੇ ਅਤੇ ਉਨ੍ਹਾਂ ਇਕ ਔਰਤ ਨਾਲ ਯੌਨ ਸਬੰਧ ਬਣਾ ਲਏ। ਰਾਬਰਟ ਦਾ ਇਹ ਦਾਅਵਾ ਵੀ ਸਮਾਨ ਰੂਪ 'ਚ ਗ਼ਲਤ ਹੈ ਕਿ ਗਾਂਧੀ ਨਸਲਵਾਦੀ ਸਨ ਅਤੇ ਕਾਲੇ ਅਫਰੀਕੀਆਂ ਨਾਲ ਨਫ਼ਰਤ ਕਰਦੇ ਸਨ। ਗਾਂਧੀ ਨੇ ਦੱਖਣੀ ਅਫ਼ਰੀਕੀ ਜ਼ੁਲੂਆਂ ਨਾਲ ਕੰਮ ਕੀਤਾ ਸੀ ਅਤੇ ਬੋਰ ਜੰਗ ਦੌਰਾਨ ਕਾਲੇ ਲੋਕਾਂ ਦਾ ਸਮਰਥਨ ਕੀਤਾ ਸੀ। ਗਾਂਧੀ 'ਤੇ 'ਨਸਲਵਾਦੀ' ਹੋਣ ਦਾ ਠੱਪਾ ਲਾਉਣ ਪਿੱਛੇ ਸ਼ਾਇਦ ਇਹ ਕਾਰਨ ਹੈ ਕਿ ਰਾਬਰਟ, ਚਰਚਿਲ ਦਾ ਘੋਰ ਪ੍ਰਸ਼ੰਸਕ ਹੈ ਜੋ 'ਨੰਗੇ ਫਕੀਰ' ਨਾਲ ਘੋਰ ਨਫ਼ਰਤ




ਕਰਦਾ ਸੀ ਅਤੇ ਉਨ੍ਹਾਂ ਦੀ ਸਦਾ ਬੁਰਾਈ ਕਰਦਾ ਸੀ।

ਗਾਂਧੀ ਸੰਜੀਦਾ ਅਤੇ ਵਿਲੱਖਣ ਤੌਰ 'ਤੇ ਜਟਿਲ ਸ਼ਖ਼ਸੀਅਤ ਸਨ। ਉਨ੍ਹਾਂ ਨੇ ਅਧਿਆਤਮਿਕਤਾ ਅਤੇ ਨਿੱਜੀ ਨੈਤਿਕਤਾ ਨੂੰ ਸਿਆਸਤ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ। ਸਤਿਆਗ੍ਰਹਿ ਦਾ ਸੰਕਲਪ ਇਸ ਦਾ ਜ਼ਾਹਰਾ ਰੂਪ ਸੀ। ਸਿਆਸੀ ਸੰਦ ਦੇ ਤੌਰ 'ਤੇ ਗਾਂਧੀ ਜੀ ਦੇ ਮਰਨ ਵਰਤਾਂ ਦੀ ਵਿਆਖਿਆ ਇਸੇ ਤੋਂ ਹੋ ਜਾਂਦੀ ਹੈ। ਮਰਨ ਵਰਤਾਂ ਦੇ ਉਦੇਸ਼ਾਂ ਨਾਲ ਕੋਈ ਸਹਿਮਤ ਹੋਵੇ ਜਾਂ ਨਾ, ਇਹ ਪੂਰੀ ਤਰ੍ਹਾਂ ਵੱਖਰੀ ਚਰਚਾ ਦਾ ਮੁੱਦਾ ਹੈ।

ਕੇਂਦਰ ਸਰਕਾਰ ਅਤੇ ਇਸ ਤੋਂ ਵੀ ਵੱਧ ਰਾਜ ਸਰਕਾਰਾਂ ਨੇ ਕਿਤਾਬਾਂ, ਪੇਂਟਿੰਗਾਂ, ਨਾਟਕਾਂ, ਪ੍ਰਦਰਸ਼ਨੀਆਂ, ਫ਼ਿਲਮਾਂ ਅਤੇ ਬੰਦਿਆਂ 'ਤੇ ਪਾਬੰਦੀ ਲਾਉਣ ਦਾ ਰੁਝਾਨ ਪਾਲ ਲਿਆ ਹੈ। ਸਰਕਾਰ ਨੂੰ ਕਿਸੇ ਕਿਤਾਬ 'ਤੇ ਪਾਬੰਦੀ ਲਾਉਣ ਅਤੇ ਕਿਸੇ ਬੰਦੇ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰਨ ਤੋਂ ਪਹਿਲਾਂ ਕਿਸੇ ਭਾਈਚਾਰੇ ਜਾਂ ਸਮਾਜ ਦੇ ਕਿਸੇ ਹਿੱਸੇ ਦੇ ਉਸ ਸਬੰਧੀ ਪ੍ਰਤੀਕਰਮ ਨੂੰ ਦੇਖ ਲੈਣਾ ਚਾਹੀਦਾ ਹੈ। ਅਜਿਹੀ ਪਾਬੰਦੀ ਅਸਹਿਣਸ਼ੀਲਤਾ ਦੀ ਸਭ ਤੋਂ ਘਟੀਆ ਕਿਸਮ ਹੈ। ਜਿਵੇਂ ਅਮ੍ਰਿਤਿਆ ਸੇਨ ਨੇ ਇਸ ਬਾਰੇ ਕਿਹਾ ਹੈ ਕਿ ਇਸ ਕਿਸਮ ਦੀ 'ਸਹਿਣਸ਼ੀਲਤਾ' ਵੱਖ-ਵੱਖ ਅਸਹਿਣਸ਼ੀਲਤਾਵਾਂ ਦੇ ਕੁੱਲ ਜੋੜ ਤੋਂ ਬਿਨਾਂ ਹੋਰ ਕੁਝ ਨਹੀਂ ਹੈ। ਇਹ ਸਾਰੀਆਂ ਅਸਹਿਣਸ਼ੀਲਤਾਵਾਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਗਰੀਬ ਸਮਾਜ ਤੇ ਲੋਕ ਸਭਿਆਚਾਰ ਨੂੰ ਕੰਗਾਲ ਬਣਾਉਂਦੀਆਂ ਹਨ।

ਆਜ਼ਾਦ ਭਾਰਤ ਵਿਚ ਜਿਨ੍ਹਾਂ ਸੈਂਕੜਿਆਂ ਦੀ ਗਿਣਤੀ ਵਿਚ ਕਿਤਾਬਾਂ, ਫ਼ਿਲਮਾਂ ਅਤੇ ਪ੍ਰਦਰਸ਼ਨੀਆਂ 'ਤੇ ਪਾਬੰਦੀ ਲਾਈ ਗਈ ਹੈ, ਉਨ੍ਹਾਂ ਵਿਚ 'ਨਾਈਨ ਆਵਰਜ਼ ਟੂ ਰਾਮਾ' ਤੋਂ ਲੈ ਕੇ ਲੁਇਸ ਮਾਲੇ ਦੀਆਂ ਦਸਤਾਵੇਜ਼ੀ ਫ਼ਿਲਮਾਂ, ਜੇਮਜ਼ ਲੇਨੇ ਦੀ ਸ਼ਿਵਾ ਜੀ 'ਤੇ ਲਿਖੀ ਕਿਤਾਬ, 'ਸਹਮਤ' ਦੀਆਂ ਰਮਾਇਣ ਦੇ ਵੱਖ-ਵੱਖ ਰੂਪਾਂ ਦੀਆਂ ਪ੍ਰਦਰਸ਼ਨੀਆਂ ਅਤੇ ਉਹ ਰਸਾਲੇ ਸ਼ਾਮਿਲ ਹਨ ਜਿਨ੍ਹਾਂ ਵਿਚ ਅਜਿਹੇ ਨਕਸ਼ੇ ਛਪੇ ਹਨ ਜੋ ਭਾਰਤ ਸਰਕਾਰ ਵੱਲੋਂ ਦੇਸ਼ ਦੀਆਂ ਦਰਸਾਈਆਂ ਸਰਹੱਦਾਂ ਤੋਂ ਵੱਖਰੀਆਂ ਸਰਹੱਦਾਂ ਉਲੀਕਦੇ ਹਨ। ਭਾਰਤ ਦੇ ਸਭ ਤੋਂ ਮਸ਼ਹੂਰ ਚਿੱਤਰਕਾਰ ਐਮ. ਐਫ. ਹੁਸੈਨ ਕੱਟੜਪੰਥੀਆਂ ਕਾਰਨ ਜਲਾਵਤਨ ਹਨ। ਬੜੌਦਾ ਵਿਚ ਹਿੰਦੂਤਵੀ ਅਨਸਰਾਂ ਨੇ ਚਿੱਤਰਕਲਾਵਾਂ 'ਤੇ ਹਮਲਾ ਇਸ ਯਤਨ ਵਜੋਂ ਕੀਤਾ ਸੀ ਕਿ ਭਾਰਤ ਦਾ ਸਭ ਤੋਂ ਵਧੀਆ ਆਰਟ ਸਕੂਲ ਤਬਾਹ ਹੋ ਜਾਵੇ। ਭਾਰਤੀ ਰਾਜ ਸੱਤਾ ਇਨ੍ਹਾਂ ਕਲਾਕਾਰਾਂ ਅਤੇ ਉਨ੍ਹਾਂ ਦੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੀ ਰਾਖੀ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਸਿੱਧ ਹੋਈ ਹੈ।

ਤ੍ਰਾਸਦੀ ਇਹ ਹੈ ਕਿ ਮਤਭੇਦਾਂ ਅਤੇ ਵਿਚਾਰਾਂ ਦੇ ਵਖਰੇਵਿਆਂ ਵੱਲ ਅਸਹਿਣਸ਼ੀਲਤਾ ਉਸ ਦੌਰ ਵਿਚ ਵਧ ਰਹੀ ਹੈ ਜਿਸ ਵਿਚ ਭਾਰਤ ਦਾ ਸੰਸਾਰੀਕਰਨ ਹੋ ਰਿਹਾ ਹੈ ਅਤੇ ਇਹ ਆਪਣੇ-ਆਪ ਨੂੰ ਨਵੇਂ-ਨਵੇਂ ਸੱਭਿਆਚਾਰਾਂ ਦੇ ਪ੍ਰਭਾਵਾਂ ਦੇ ਹਵਾਲੇ ਕਰ ਰਿਹਾ ਹੈ। ਸਰਕਾਰ ਨੇ ਹਾਲ ਹੀ ਵਿਚ 1950 ਦੇ ਦਹਾਕੇ ਤੋਂ ਚੱਲੇ ਆ ਰਹੇ ਉਨ੍ਹਾਂ ਨਿਯਮਾਂ ਨੂੰ ਵਧੇਰੇ ਸਖ਼ਤ ਬਣਾ ਦਿੱਤਾ ਹੈ ਜਿਨ੍ਹਾਂ ਅਧੀਨ ਇਹ ਵਿਵਸਥਾ ਹੈ ਕਿ ਕਿਸੇ ਨੂੰ ਵੀ ਕੋਈ ਕੌਮਾਂਤਰੀ ਸੰਮੇਲਨ, ਕੇਂਦਰੀ ਮੰਤਰਾਲੇ ਦੀ ਅਗਾਊਂ ਇਜਾਜ਼ਤ ਤੋਂ ਬਿਨਾਂ ਨਹੀਂ ਕਰਾਉਣਾ ਚਾਹੀਦਾ। ਇਜਾਜ਼ਤ ਮਿਲਣ ਤੋਂ ਬਾਅਦ ਹੀ ਇਸ ਵਿਚ ਹਿੱਸਾ ਲੈਣ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਵੀਜ਼ਾ ਦਿੱਤਾ ਜਾਵੇਗਾ।

ਪਿਛਲੇ ਸਾਲ ਦੇ ਸ਼ੁਰੂ ਵਿਚ ਸਰਕਾਰ ਨੇ ਪੁਲਾੜ ਆਧਾਰਤ ਹਥਿਆਰਾਂ ਅਤੇ ਪਰਮਾਣੂ ਅਪ੍ਰਸਾਰ 'ਤੇ ਹੋਣ ਵਾਲੇ ਸੰਮੇਲਨ 'ਤੇ ਰੋਕ ਲਾ ਦਿੱਤੀ ਸੀ ਜਿਸ ਨੂੰ ਇਕ ਗ਼ੈਰ-ਸਰਕਾਰੀ ਸੰਸਥਾ ਕਰਵਾ ਰਹੀ ਸੀ। ਵੱਖ-ਵੱਖ ਮੰਤਰਾਲਿਆਂ ਵਿਚ 10 ਮਹੀਨਿਆਂ ਤੱਕ ਚੱਕਰ ਲਾਉਣ ਤੋਂ ਬਾਅਦ ਇਸ ਸੰਸਥਾ ਨੂੰ ਇਹ ਜਵਾਬ ਮਿਲਿਆ ਕਿ ਉਹ ਇਹ ਸੰਮੇਲਨ ਨਹੀਂ ਕਰਾ ਸਕਦੀ। ਇਸ ਸੂਰਤ ਵਿਚ ਸਰਕਾਰ ਦੀ ਸੰਸਾਰ ਨੂੰ ਪਰਮਾਣੂ ਹਥਿਆਰਾਂ ਤੋਂ ਮੁਕਤ ਕਰਨ ਦੀ ਵਚਨਬੱਧਤਾ ਦਾ ਕੋਈ ਅਰਥ ਨਹੀਂ ਰਹਿ ਜਾਂਦਾ।

ਪਾਬੰਦੀ ਲਾਉਣ, ਰੋਕਣ, ਸਜ਼ਾ ਦੇਣ ਅਤੇ ਸੈਂਸਰ ਕਰਨ ਦਾ ਰੁਝਾਨ ਭਾਰਤੀ ਜਮਹੂਰੀਅਤ ਦੀ ਵੱਡੀ ਕਮਜ਼ੋਰੀ ਦਾ ਲਖਾਇਕ ਹੈ। ਆਜ਼ਾਦ ਅਤੇ ਨਿਰਪੱਖ ਚੋਣਾਂ ਕਰਾਉਣ ਵਿਚ ਇਸ ਦੀ ਕਾਮਯਾਬੀ ਦੇ ਬਾਵਜੂਦ ਭਾਰਤ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਖੁੱਲ੍ਹੀ ਬਹਿਸ ਅਤੇ ਬੌਧਿਕ ਵਿਚਾਰ-ਵਟਾਂਦਰੇ ਨੂੰ ਸੰਸਥਾਗਤ ਰੂਪ 'ਚ ਯਕੀਨੀ ਬਣਾਉਣ 'ਚ ਅਸਫਲ ਰਿਹਾ ਹੈ। ਉਧਰ, ਵੱਡੀ ਸ਼ਕਤੀ ਵਜੋਂ ਉਭਰ ਰਹੇ ਭਾਰਤ ਵਿਚ ਵਪਾਰਕ ਲੈਣ-ਦੇਣ ਅਤੇ ਕਾਰਪੋਰੇਟ ਲੈਣ-ਦੇਣ ਦੇ ਘਿਨਾਉਣੇ ਰੂਪ ਹੀ ਤਰੱਕੀ ਕਰ ਰਹੇ ਹਨ। 121 ਕਰੋੜ ਆਬਾਦੀ ਵਾਲੇ ਭਾਰਤ ਲਈ ਇਹ ਸ਼ਰਮ ਦਾ ਵਿਸ਼ਾ ਹੈ ਕਿ ਭਾਰਤ ਵਿਚ ਵੱਖਰੇ ਵਿਚਾਰ ਰੱਖਣ ਵਾਲਿਆਂ 'ਤੇ ਬੌਧਿਕ ਸ਼ਿਕੰਜਾ ਕੱਸਣ ਅਤੇ ਸਾੜਨ-ਫੂਕਣ ਦਾ ਰੁਝਾਨ ਅਜੇ ਵੀ ਜਿਉਂ ਦਾ ਤਿਉਂ ਚੱਲ ਰਿਹਾ ਹੈ।

# ਖਾਪ ਪੰਚਾਇਤਾਂ ਅਤੇ ਅਦਾਲਤਾਂ ਆਹਮੋ-ਸਾਹਮਣੇ

**ਜਸਪਾਲ ਸਿੰਘ ਸਿੱਧੂ**

ਸੁਪਰੀਮ ਕੋਰਟ ਨੇ ਖਾਪ ਪੰਚਾਇਤਾਂ ਦੇ ਸਬੰਧ ਵਿਚ ਸਖ਼ਤ ਫ਼ੈਸਲਾ ਦਿੰਦਿਆਂ ਕਿਹਾ ਹੈ ਕਿ ਇਹ ਗ਼ੈਰ-ਕਾਨੂੰਨੀ ਹਨ ਅਤੇ ਇਨ੍ਹਾਂ ਨੂੰ ਸਖ਼ਤੀ ਨਾਲ ਦਬਾਉਣਾ ਚਾਹੀਦਾ ਹੈ। ਇਕ ਖਾਪ ਪੰਚਾਇਤ ਇਕ ਗੋਤਰ ਦੇ ਜਾਟਾਂ/ਹਲ ਵਾਹਕ ਭਾਈਚਾਰੇ ਦੀ ਹੁੰਦੀ ਹੈ। ਅਸਲ ਵਿਚ ਖਾਪ ਪੰਚਾਇਤ ਪੁਰਾਣੇ ਕਬੀਲਾ ਸਮਾਜ ਦੀ ਹੀ ਰਹਿੰਦ-ਖੂੰਹਦ ਹੈ ਜੋ ਹਰਿਆਣਾ ਵਿਚ ਅਜੇ ਵੀ ਆਪਣੇ ਪ੍ਰਭਾਵਸ਼ਾਲੀ ਰੂਪ ਵਿਚ ਮੌਜੂਦ ਹੈ। ਪੰਜਾਬ ਵਿਚ, ਖਾਸ ਕਰਕੇ ਸਿੱਖ ਗੁਰੂਆਂ ਦੇ ਸਵਾ ਦੋ ਸੌ ਸਾਲ ਲੰਮੇ ਸਮੇਂ ਦੀ ਸਮਾਜਿਕ-ਰੂਹਾਨੀਅਤ ਅਤੇ 'ਮਾਨਸ ਕੀ ਜਾਤੁ ਸਭੈ ਏਕੈ ਪਹਿਚਾਨਬੋ' ਲਹਿਰ ਨੇ ਰੂੜੀਵਾਦੀ ਸਮਾਜਿਕ ਜੜ੍ਹਤਾ ਨੂੰ ਕਾਫੀ ਹੱਦ ਤੱਕ ਉਖਾੜ ਦਿੱਤਾ ਹੈ ਅਤੇ ਗੁਰੂ ਸਾਹਿਬਾਨ ਤੋਂ ਬਾਅਦ ਦਿੱਲੀ ਦਰਬਾਰ ਵਿਰੁਧ ਚੱਲੇ ਸੌ ਸਾਲ ਲੰਮੇ ਸਿੱਖ ਸੰਘਰਸ਼ ਨੇ ਸਮਾਜ ਦਾ ਕਾਇਆ-ਕਲਪ ਹੀ ਕਰ ਦਿੱਤਾ। ਖ਼ੈਰ, ਜਾਤ-ਪਾਤ ਅਤੇ ਗੋਤਾਂ ਦੀ ਉਚ-ਨੀਚ ਅਜੇ ਵੀ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਵਸਦੀ ਹੈ ਪਰ ਪੰਜਾਬ ਕਿਸੇ ਦੀ ਮਜਾਲ ਨਹੀਂ ਕਿ ਉਹ ਹਰਿਆਣਾ ਦੀਆਂ ਖਾਪ ਪੰਚਾਇਤਾਂ ਦੀ ਤਰਜ਼ 'ਤੇ ਕੋਈ ਕਬੀਲਾਚਾਰੀ ਖੜ੍ਹੀ ਕਰਕੇ ਅੰਤਰ-ਜਾਤੀ ਜਾਂ ਵਰਜਿਤ ਗੋਤਰਾਂ ਵਿਚ ਵਿਆਹੇ ਮੁੰਡਾ-ਕੁੜੀ ਨੂੰ ਸਜ਼ਾ ਦੇਣ ਜਾਂ ਉਨ੍ਹਾਂ ਦਾ ਸਮਾਜਿਕ ਬਾਈਕਾਟ ਕਰਨ। ਹਾਂ, ਪਰਿਵਾਰਾਂ ਵੱਲੋਂ ਆਪਣੇ ਤੌਰ 'ਤੇ ਅੰਤਰ-ਜਾਤੀ ਵਿਆਹਾਂ ਦੇ ਹਿੰਸਕ ਵਿਰੋਧ ਦੀਆਂ ਘਟਨਾਵਾਂ ਤਾਂ ਸਾਰੇ ਦੇਸ਼ ਵਿਚ ਹੀ ਹੁੰਦੀਆਂ ਰਹਿੰਦੀਆਂ ਹਨ।

ਪੱਛਮੀ ਉਤਰ ਪ੍ਰਦੇਸ਼ ਅਤੇ ਰਾਜਸਥਾਨ ਵਿਚ ਵੀ ਭਾਵੇਂ ਖਾਪ ਪੰਚਾਇਤਾਂ ਦੀ ਤਰਜ਼ ਦੇ ਵਰਤਾਰੇ ਵਾਪਰਦੇ ਰਹਿੰਦੇ ਹਨ ਪਰ ਹਰਿਆਣਾ ਵਿਚਲੇ ਖਾਪ ਪੰਚਾਇਤਾਂ ਦੇ ਜਥੇਬੰਦਕ ਰੂਪ ਦੀਆਂ ਮਿਸਾਲਾਂ ਘੱਟ ਹੀ ਮਿਲਦੀਆਂ ਹਨ। ਸੁਪਰੀਮ ਕੋਰਟ ਦੇ ਦੋ ਜੱਜਾਂ ਦੇ ਬੈਂਚ ਨੇ ਤਾਂ ਇਨ੍ਹਾਂ ਖਾਪ ਪੰਚਾਇਤਾਂ ਨੂੰ 'ਕੰਗਾਰੂ ਕੋਰਟਸ' (ਗ਼ੈਰ-ਅਧਿਕਾਰਤ ਅਦਾਲਤਾਂ) ਜਾਂ ਦੇਸ਼ ਦੀ ਕਾਨੂੰਨ-ਵਿਵਸਥਾ ਦੇ ਬਰਾਬਰ ਦੀਆਂ ਕਚਹਿਰੀਆਂ ਕਿਹਾ ਹੈ ਜਿਹੜੀਆਂ ਪੁਰਾਣੀ ਸਮਾਜਿਕ ਅਸਮਾਨਤਾ, ਜੜ੍ਹਤਾ ਅਤੇ ਜਗੀਰੂ ਮਾਨਸਿਕਤਾ ਨੂੰ ਬਰਕਰਾਰ ਰੱਖਣ ਵਿਚ ਸਰਗਰਮ ਹਨ ਅਤੇ ਇਹ ਅੰਤਰ-ਜਾਤੀ ਜਾਂ ਵਰਜਿਤ ਗੋਤਰਾਂ ਵਿਚ ਪਵਿੱਤਰ ਵਿਆਹ-ਬੰਧਨਾਂ ਵਿਚ ਬੱਧੇ ਨਿਰਦੋਸ਼ ਨੌਜਵਾਨ ਮੁੰਡੇ-ਕੁੜੀਆਂ ਦੇ ਕਤਲ ਕਰਵਾਉਂਦੀਆਂ ਹਨ।

ਸੁਪਰੀਮ ਕੋਰਟ ਦੇ ਜੱਜਾਂ ਨੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ/ਮੈਜਿਸਟਰੇਟਾਂ ਅਤੇ ਪੁਲਿਸ ਮੁਖੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਨੇ ਅਜਿਹੇ 'ਇੱਜ਼ਤ ਦਾ ਨਾਂ ਲੈ ਕੇ ਕੀਤੇ ਜਾ ਰਹੇ ਕਤਲਾਂ' ਵਿਰੁਧ ਤੁਰੰਤ ਕਾਨੂੰਨੀ ਕਾਰਵਾਈ ਸ਼ੁਰੂ ਨਾ ਕੀਤੀ ਤਾਂ ਉਨ੍ਹਾਂ ਅਫਸਰਾਂ ਵਿਰੁਧ ਕਾਰਵਾਈ ਕੀਤੀ ਜਾਏਗੀ। ਇਸ ਬਾਰੇ ਸੁਪਰੀਮ ਕੋਰਟ ਨੇ ਸਾਰੇ ਰਾਜਾਂ ਦੇ ਮੁੱਖ ਸਕੱਤਰਾਂ ਅਤੇ ਸਾਰੇ ਹਾਈ ਕੋਰਟਾਂ ਨੂੰ 'ਸਰਕੂਲਰ' ਜਾਰੀ ਕੀਤੇ ਹਨ।

ਇਸੇ ਤਰ੍ਹਾਂ ਘਿਨਾਉਣੀ 'ਸਤੀ ਪ੍ਰਥਾ' ਖ਼ਤਮ ਕਰਨ ਲਈ ਅੰਗਰੇਜ਼ੀ ਰਾਜ ਸਮੇਂ ਵੀ ਕਾਨੂੰਨ ਬਣੇ ਸਨ ਅਤੇ ਰਾਮ ਮੋਹਨ ਰਾਏ ਵਰਗੇ ਕਈ ਸਮਾਜ ਸੁਧਾਰਕ ਹਸਤੀਆਂ ਨੇ ਵੀ ਇਹ ਪ੍ਰਥਾ ਰੋਕਣ ਦਾ ਬੀੜਾ ਉਠਾਇਆ ਸੀ। ਸਤੀ ਪ੍ਰਥਾ ਨੂੰ ਭਾਵੇਂ ਧਾਰਮਿਕ ਰੰਗ ਦੇ ਕੇ ਸ਼ਰਧਾ ਦਾ ਸਰੋਤ ਵੀ ਬਣਾਇਆ ਗਿਆ ਸੀ ਪਰ 'ਘਰ ਦੀ ਇੱਜ਼ਤ ਬਚਾਉਣ' ਲਈ ਪਤੀ ਦੀ ਮੌਤ ਪਿੱਛੋਂ ਔਰਤ ਦੀ ਬਲੀ ਦੇਣ ਪਿੱਛੇ ਵੀ ਕਈ ਸਵਾਰਥੀ ਭਾਵਨਾਵਾਂ ਹੀ ਕੰਮ ਕਰਦੀਆਂ ਸਨ; ਜਿਵੇਂ ਔਰਤ ਨੂੰ ਸਮਾਜਿਕ ਬਰਾਬਰੀ ਤੋਂ ਵਾਂਝੇ ਰੱਖਣਾ, ਮਰਦ ਦੀ ਪ੍ਰਧਾਨਗੀ ਨੂੰ ਬਣਾ ਕੇ ਰੱਖਣਾ ਆਦਿ; ਅਤੇ ਵਿਧਵਾ ਦੀ ਮੁੜ ਗੌਰਵਮਈ ਸਮਾਜਿਕ ਸਥਾਪਤੀ ਤਾਂ ਮਰਦ-ਪ੍ਰਧਾਨ ਸਮਾਜ ਦੇ ਪੂਰਨ ਖੰਡਨ ਤੋਂ ਬਗੈਰ ਹੋ ਨਹੀਂ ਸਕਦੀ ਸੀ। ਇਸੇ ਕਰਕੇ ਹਰ ਸਮਾਜ ਸੁਧਾਰ ਲਹਿਰ ਵਿਚ ਵਿਧਵਾ ਵਿਆਹ ਅਤੇ ਅੰਤਰ-ਜਾਤੀ ਵਿਆਹ ਮੁੱਖ ਏਜੰਡੇ ਰਹੇ ਹਨ।

ਇਸ ਪ੍ਰਸੰਗ ਵਿਚ ਖਾਪ ਪੰਚਾਇਤਾਂ ਦਾ ਮੁੱਖ ਮੰਤਵ ਕੁਨਬਾਪ੍ਰਸਤੀ ਅਤੇ ਕਬੀਲਾਨੁਮਾ ਸਮਾਜਿਕ ਜੜ੍ਹਤਾ ਨੂੰ ਕਾਇਮ ਰੱਖਣਾ ਹੀ ਹੈ ਪਰ ਹਰਿਆਣਾ ਦੀਆਂ ਖਾਪ ਪੰਚਾਇਤਾਂ ਦਾ ਪ੍ਰਤੀਕ ਉਭਰਨ ਪਿੱਛੇ ਸਿਆਸੀ ਕਾਰਨ ਵੀ ਹਨ ਜੋ 1966 ਵਿਚ ਵੱਖਰਾ ਹਰਿਆਣਾ ਰਾਜ ਬਣਨ ਪਿੱਛੋਂ 'ਸਿਆਸੀ ਹਥਿਆਰ' ਵਜੋਂ ਵਰਤੇ ਗਏ ਅਤੇ ਇਕ ਤਰ੍ਹਾਂ ਨਾਲ ਖਾਪ ਪੰਚਾਇਤਾਂ ਦੀ ਪੁਨਰ-ਸਥਾਪਤੀ ਹੋਈ।

ਹਰਿਆਣਾ ਬਣਨ ਵੇਲੇ ਹੀ ਹਰੇ ਇਨਕਲਾਬ ਦੀ ਸ਼ੁਰੂਆਤ ਹੋਈ ਅਤੇ ਖੇਤੀ ਪੈਦਾਵਾਰ ਵਿਚ ਵਾਧਾ ਹੋਇਆ ਜਿਸ ਨਾਲ ਖੇਤੀ ਵਾਲੀ ਜ਼ਮੀਨ ਦੀ ਕੀਮਤ ਵਧੀ ਅਤੇ ਜਾਟ/ਜੱਟਾਂ ਦੀ ਆਰਥਿਕ ਦਸ਼ਾ ਸੁਧਰਨ ਨਾਲ ਉਨ੍ਹਾਂ ਦਾ ਸਮਾਜਿਕ ਅਤੇ ਸਿਆਸੀ ਦਬਦਬਾ ਵੀ ਵਧਿਆ। ਹਰਿਆਣਾ/ਪੰਜਾਬ ਵਿਚ ਭਾਵੇਂ ਜਾਟ/ਜੱਟਾਂ ਦੀ ਆਬਾਦੀ ਇਨ੍ਹਾਂ ਰਾਜਾਂ ਦੀ ਕੁੱਲ ਆਬਾਦੀ ਦਾ 20 ਫ਼ੀਸਦੀ ਹੈ ਪਰ ਇਨ੍ਹਾਂ ਰਾਜਾਂ ਵਿਚ ਮੁੱਖ ਮੰਤਰੀ ਜੱਟ/ਜਾਟ ਹੀ ਬਣਦਾ ਹੈ। ਹਰਿਆਣਾ ਵਿਚ ਤਾਂ ਇਹ ਸਿਆਸੀ ਪ੍ਰਥਾ ਜ਼ਿਆਦਾ ਹੀ ਪਰਪੱਕ ਹੈ। ਜੇ ਕਿਸੇ ਵੀ ਜਾਟ ਹਰਿਆਣਵੀ ਤੋਂ ਪੁੱਛੋ ਤਾਂ ਉਹ ਤੁਰੰਤ ਜਵਾਬ ਦੇਵੇਗਾ ਕਿ 'ਹਰਿਆਣਾ ਜਾਟਾਂ ਦਾ ਸੂਬਾ ਹੈ, ਮੁੱਖ ਮੰਤਰੀ ਜਾਟ ਕਿਉਂ ਨਾ ਬਣੇ?' ਉਹ ਇਹ ਮੰਨਣ ਨੂੰ ਤਿਆਰ ਹੀ ਨਹੀਂ ਹੁੰਦਾ ਕਿ ਸੂਬੇ ਵਿਚ ਜਾਟਾਂ ਦੀ ਆਬਾਦੀ ਸਿਰਫ 20 ਕੁ ਫ਼ੀਸਦੀ ਹੈ ਅਤੇ ਇੰਨੀ ਹੀ ਵਸੋਂ ਪੰਜਾਬੀਆਂ (ਸਿੱਖਾਂ ਨੂੰ ਮਿਲਾ ਕੇ) ਦੀ ਹੈ।

ਖ਼ੈਰ, ਹਰਿਆਣਾ ਵਿਚ ਜਾਟਾਂ ਦੀ ਸਿਆਸੀ ਜਕੜ ਬਣਾ ਕੇ ਰੱਖਣ ਲਈ ਖਾਪ ਪੰਚਾਇਤਾਂ ਦੀ ਪੁਨਰ-ਸਥਾਪਨਾ ਲਈ ਸਰਕਾਰਾਂ ਖਾਪ ਪੰਚਾਇਤਾਂ ਦੀਆਂ ਵਧੀਕੀਆਂ ਤੋਂ ਅੱਖਾਂ ਮੀਟ ਲੈਂਦੀਆਂ ਰਹੀਆਂ ਹਨ ਅਤੇ ਕੋਰਟ-ਕਚਹਿਰੀਆਂ ਨੂੰ ਬਹੁਤੀ ਵਾਰ ਇਨ੍ਹਾਂ ਦੇ ਸਬੰਧ ਵਿਚ ਸਖ਼ਤ ਫ਼ੈਸਲੇ ਕਰਨੇ ਪੈਂਦੇ ਰਹੇ ਹਨ।

ਹਰਿਆਣਾ ਦੇ ਕਈ ਸਿਆਸੀ ਮਾਹਿਰਾਂ ਮੁਤਾਬਿਕ ਖਾਪ ਪੰਚਾਇਤਾਂ, ਜਾਟ ਰਾਖਵੇਂਕਰਨ ਲਈ ਸੰਘਰਸ਼ ਅਤੇ ਇੱਜ਼ਤ ਖਾਤਰ ਕਤਲ ਸਭ ਇਕੋ ਹੀ ਲੜੀ ਵਿਚ ਜਾਟ ਦਬਦਬਾ ਕਾਇਮ ਰੱਖਣ ਦੇ ਸਿਆਸੀ ਪ੍ਰਪੰਚ ਹਨ। ਦੁਲੀਨਾ ਕਾਂਡ ਵਿਚ ਚਾਰ ਦਲਿਤਾਂ ਨੂੰ ਪੁਲਿਸ ਦੀ ਮੌਜੂਦਗੀ ਵਿਚ ਮਾਰ ਦੇਣਾ, ਗੋਹਾਨਾ ਕਸਬੇ ਵਿਚ ਦਲਿਤਾਂ ਦੀ ਬਸਤੀ ਨੂੰ ਜਲਾ ਦੇਣਾ, ਕੈਥਲ ਦੇ ਕਈ ਪਿੰਡਾਂ ਵਿਚੋਂ ਦਲਿਤਾਂ ਨੂੰ ਦਰ-ਬਦਰ ਕਰ ਦੇਣਾ ਅਤੇ ਹਿਸਾਰ ਦੇ ਮਿਰਚਪੁਰ ਪਿੰਡ ਵਿਚ ਵਾਲਮੀਕੀਆਂ ਦੇ ਕਈ ਦਰਜਨ ਘਰਾਂ ਨੂੰ ਅੱਗ ਲਾ ਦੇਣਾ, ਜਾਟ ਦਬਦਬੇ ਦੇ ਕੁਝ ਕੁ ਨਮੂਨੇ ਹਨ।

ਅਪਰੈਲ 2010 ਦੇ ਮਿਰਚਪੁਰ ਕਾਂਡ ਵਿਚ ਤਾਂ 70 ਸਾਲਾ ਦਲਿਤ ਤਾਰਾ ਚੰਦ ਅਤੇ ਉਸ ਦੀ 18-20 ਸਾਲਾ ਅਪਾਹਜ ਲੜਕੀ ਸੁਮਨ ਜਿਉਂਦੇ ਹੀ ਘਰ ਵਿਚ ਸਾੜ ਦਿੱਤੇ ਗਏ ਸਨ। ਕੋਈ 150 ਵਾਲਮੀਕੀ ਦੌੜ ਕੇ ਦਿੱਲੀ ਆ ਗਏ। ਜਦੋਂ ਹਰਿਆਣਾ ਸਰਕਾਰ ਨੇ ਦੋਸ਼ੀਆਂ ਵਿਰੁਧ ਕੋਈ ਕਾਰਵਾਈ ਨਾ ਕੀਤੀ ਤਾਂ ਸੁਪਰੀਮ ਕੋਰਟ ਦੀ ਦਖ਼ਲਅੰਦਾਜ਼ੀ 'ਤੇ ਪੁਲਿਸ ਕੇਸ ਦਰਜ ਹੋਏ। ਕਿਹਾ ਜਾਂਦਾ ਹੈ ਕਿ ਦੋਸ਼ੀਆਂ ਨੇ ਆਪਣੀ 'ਜਾਟ-ਸ਼ਕਤੀ' ਦਾ ਪ੍ਰਗਟਾਵਾ ਕਰਨ ਲਈ ਅਤੇ ਜਾਟਾਂ ਨੂੰ ਹੋਰ ਜਥੇਬੰਦ ਕਰਨ ਲਈ ਹਿਸਾਰ ਤੇ ਜੀਂਦ ਦੇ ਇਲਾਕੇ ਵਿਚ ਜਾਟ ਰਾਖਵੇਂਕਰਨ ਦਾ ਅੰਦੋਲਨ ਵਿੱਢ ਦਿੱਤਾ।

ਜਦੋਂ 15-20 ਦਿਨਾਂ ਤੱਕ ਹਰਿਆਣੇ ਵਿਚ ਜਾਟ ਰਾਖਵੇਂਕਰਨ ਅੰਦੋਲਨ ਕਰਕੇ ਰੇਲ ਗੱਡੀਆਂ ਬੰਦ ਰਹੀਆਂ ਤਾਂ ਫਿਰ ਸੁਪਰੀਮ ਕੋਰਟ ਨੂੰ ਸਿੱਧਾ ਕਹਿਣਾ ਪਿਆ, 'ਸੂਬਾ ਸਰਕਾਰ ਜਾਟ ਅੰਦੋਲਨ ਦੀ ਪਿੱਠ 'ਤੇ ਖੜ੍ਹੀ ਹੈ।' ਉਸ ਤੋਂ ਬਾਅਦ ਹੀ ਹੁੱਡਾ ਸਰਕਾਰ ਹਰਕਤ ਵਿਚ ਆਈ ਅਤੇ ਰੇਲਾਂ ਦੀ ਆਵਾਜਾਈ ਸ਼ੁਰੂ ਹੋਈ।

# ਕੱਢ ਮਨਾਂ 'ਚੋਂ ਮੈਲ ਦਵੈਤ ਵਾਲੀ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਬਚਪਨ ਵਿਚ ਇਹ ਕਥਾ ਸੁਣੀ ਸੀ। ਕਿਸੇ ਸੰਘਣੇ ਜੰਗਲ ਵਿਚ ਕਾਨਿਆਂ ਦੀ ਕੁੱਲੀ ਬਣਾ ਕੇ ਸੰਤ ਮਹਾਤਮਾ ਆਪਣੀ ਪ੍ਰਭੂ ਭਗਤੀ ਵਿਚ ਲੀਨ ਰਹਿੰਦਾ ਸੀ। ਇਸੇ ਜੰਗਲ ਵਿਚ ਹੀ ਇਕ ਲੱਕੜਹਾਰਾ ਰੋਜ਼ ਲੱਕੜਾਂ ਕੱਟਣ ਜਾਂਦਾ ਸੀ। ਉਹ ਲੱਕੜਾਂ ਸ਼ਹਿਰ ਵੇਚ ਕੇ ਘਰ ਦਾ ਸੌਦਾ-ਪੱਤਾ ਲੈ ਆਉਂਦਾ ਜਿਸ ਨਾਲ ਉਸ ਦੀ ਘਰ ਵਾਲੀ ਅਤੇ ਬੱਚੇ ਆਪਣੇ ਪੇਟ ਦੀ ਅੱਗ ਬੁਝਾ ਲੈਂਦੇ। ਜਿਸ ਦਿਨ ਮੀਂਹ-ਹਨੇਰੀ ਆ ਜਾਂਦੀ ਤੇ ਲੱਕੜਾਂ ਕੱਟ ਨਾ ਹੁੰਦੀਆਂ ਤਾਂ ਸਾਰੇ ਪਰਿਵਾਰ ਨੂੰ ਭੁੱਖਾ ਹੀ ਸੌਣਾ ਪੈਂਦਾ ਸੀ। ਲੱਕੜਹਾਰਾ ਰੋਜ਼ ਸੰਤ ਮਹਾਤਮਾ ਦੀ ਕੁੱਲੀ ਅੱਗਿਉਂ ਲੰਘਦਾ ਸੀ। ਚੌਕੜੀ ਮਾਰ ਕੇ ਅੱਖਾਂ ਮੀਟ ਕੇ ਬੈਠੇ ਸੰਤ ਮਹਾਤਮਾ ਨੂੰ ਝੁਕ ਕੇ ਨਮਸਕਾਰ ਕਰਕੇ ਅੱਗੇ ਲੰਘ ਜਾਂਦਾ। ਇਕ ਦਿਨ ਲੱਕੜਹਾਰਾ ਲੱਕੜਾਂ ਵੱਢ ਕੇ ਇਕੱਠੀਆਂ ਕਰ ਰਿਹਾ ਸੀ ਤਦ ਉਸ ਨੂੰ ਕਾਲੇ ਨਾਗ ਨੇ ਡੰਗ ਦਿੱਤਾ। ਡੰਗ ਵਾਲੇ ਥਾਂ ਤੋਂ ਦੋ ਇੰਚ ਉਤੇ ਉਸ ਨੇ ਘੁੱਟ ਕੇ ਰੱਸੀ ਬੰਨ੍ਹ ਲਈ ਤਾਂ ਕਿ ਜ਼ਹਿਰ ਅੱਗੇ ਨਾ ਫੈਲੇ ਤੇ ਆਪ ਡਿੱਗਦਾ-ਢਹਿੰਦਾ ਸੰਤ ਮਹਾਤਮਾ ਦੇ ਚਰਨਾਂ ਨੂੰ ਚੁੰਬੜ ਗਿਆ। ਸੰਤ ਮਹਾਤਮਾ ਨੇ ਅੱਖਾਂ ਖੋਲ੍ਹੀਆਂ ਤੇ ਪੁੱਛਿਆ, "ਭਗਤਾ, ਕੀ ਗੱਲ ਹੋ ਗਈ। ਅੱਜ ਇੱਥੇ ਕਿਵੇਂ ਆ ਗਏ?"

"ਮਹਾਤਮਾ ਜੀ, ਮੈਨੂੰ ਕਾਲਾ ਨਾਗ ਡੰਗ ਗਿਆ ਹੈ। ਮੈਨੂੰ ਮੇਰੀ ਮੌਤ ਨੇੜੇ ਆਉਂਦੀ ਲੱਗਦੀ ਹੈ।" ਲੱਕੜਹਾਰਾ ਇਹ ਕਹਿ ਕੇ ਰੋ ਪਿਆ।

"ਕੋਈ ਗੱਲ ਨਹੀਂ, ਮੈਂ ਡੰਗੇ ਹੋਏ ਥਾਂ ਦਵਾਈ ਲਾ ਦਿੰਦਾ ਹਾਂ ਜਿਸ ਨਾਲ ਤੇਰੀ ਮੌਤ ਦੂਰ ਨੱਸ ਜਾਵੇਗੀ।" ਸੰਤ ਮਹਾਤਮਾ ਨੇ ਬੜੇ ਠਰ੍ਹੰਮੇ ਨਾਲ ਉਤਰ ਦਿੱਤਾ।

"ਮਹਾਤਮਾ ਜੀ, ਛੇਤੀ ਕਰੋ। ਜੇ ਮੈਂ ਮਰ ਗਿਆ ਤਾਂ ਮੇਰੇ ਬੱਚਿਆਂ ਦਾ ਕੀ ਬਣੇਗਾ। ਘਰ ਵਾਲੀ ਕਿੱਧਰ ਜਾਵੇਗੀ। ਉਨ੍ਹਾਂ ਦਾ ਕੌਣ ਖਿਆਲ ਰੱਖੇਗਾ?" ਲੱਕੜਹਾਰਾ ਆਪਣੇ ਪਰਿਵਾਰ ਦਾ ਫਿਕਰ ਕਰਦਾ ਹੋਇਆ ਬੋਲਿਆ।

"ਆਹ ਦਵਾਈ ਘੰਟੇ ਬਾਅਦ ਲਾਉਣੀ ਹੈ। ਇਸ ਲਈ ਤੈਨੂੰ ਅੱਜ ਦੀ ਰਾਤ ਇੱਥੇ ਹੀ ਕੱਟਣੀ ਪੈਣੀ ਹੈ।" ਸੰਤ ਮਹਾਤਮਾ ਨੇ ਕਿਹਾ।

"ਮਹਾਤਮਾ ਜੀ, ਬੱਚੇ ਫਿਰ ਭੁੱਖੇ ਰਹਿਣਗੇ। ਉਨ੍ਹਾਂ ਦਾ ਵੀ ਸੋਚੋ।" ਲੱਕੜਹਾਰੇ ਨੂੰ ਬੱਚੇ ਭੁੱਖੇ ਦਿਸਣ ਲੱਗੇ।

"ਭਗਤਾ, ਬੱਚਿਆਂ ਦਾ ਫਿਕਰ ਨਾ ਕਰ। ਜਿਸ ਨੇ ਭੇਜੇ ਨੇ, ਉਸ ਨੂੰ ਭੋਜਨ ਦਾ ਵੀ ਖਿਆਲ ਹੈ।" ਸੰਤ ਮਹਾਤਮਾ ਨੇ ਇਕ ਜੜੀ-ਬੂਟੀ ਡੰਗੇ ਹੋਏ ਥਾਂ ਮਲ ਦਿੱਤੀ। ਪਾਣੀ ਵਿਚ ਕੁਝ ਘੋਲ ਕੇ ਪਿਲਾ ਦਿੱਤਾ। ਲੱਕੜਹਾਰੇ ਦੀ ਜਾਨ ਬਚ ਗਈ। ਦੂਜੇ ਦਿਨ ਜਦੋਂ ਲੱਕੜਹਾਰਾ ਲੱਕੜਾਂ ਵੇਚ ਕੇ ਘਰ ਗਿਆ ਤਾਂ ਘਰਦਿਆਂ ਉਸ ਨੂੰ ਕੋਈ ਸਵਾਲ ਨਾ ਕੀਤਾ ਕਿ 'ਤੂੰ ਕੱਲ੍ਹ ਘਰ ਨਹੀਂ ਆਇਆ, ਨਾ ਘਰੋਂ ਸੌਦਾ-ਪੱਤਾ ਆਇਆ ਹੈ' ਆਦਿ। ਲੱਕੜਹਾਰਾ ਹੈਰਾਨ ਹੋ ਗਿਆ। ਬਹਾਨੇ ਨਾਲ ਘਰ ਵਾਲੀ ਨੂੰ ਪੁੱਛਿਆ, "ਮੈਂ ਕਿਹਾ ਭਾਗਵਾਨੇ! ਕੱਲ੍ਹ ਕੀ ਪਕਾਇਆ ਸੀ। ਘਰ ਵਾਲੀ ਬੋਲੀ ਜੋ ਤੁਸੀਂ ਫੜਾ ਕੇ ਗਏ ਸੀ। ਆਪ ਹੀ ਤਾਂ ਕਹਿ ਗਏ ਸੀ ਕਿ ਮੈਂ ਕੱਲ੍ਹ ਵਾਪਿਸ ਆਵਾਂਗਾ। ਅੱਜ ਦੀ ਰਾਤ ਮਹਾਤਮਾ ਠੀਕ ਨਹੀਂ, ਉਸ ਦੀ ਦੇਖ-ਭਾਲ ਕਰਨੀ ਹੈ। ਇਹ ਸੁਣ ਕੇ ਲੱਕੜਹਾਰਾ ਹੋਰ ਹੈਰਾਨ, ਪਰੇਸ਼ਾਨ ਹੋ ਗਿਆ ਕਿ 'ਮੈਂ ਤਾਂ ਰਾਤ ਘਰ ਨਹੀਂ ਆਇਆ।' ਉਹ ਉਲਟੇ ਪੈਰੀਂ ਮਹਾਤਮਾ ਦੀ ਕੁੱਲੀ ਵਿਚ ਗਿਆ। ਅੰਤਰ-ਧਿਆਨ ਬੈਠੇ ਮਹਾਤਮਾ ਬੋਲੇ, "ਕਿਉਂ ਬਈ ਭਗਤਾ, ਸਾਰਾ ਪਰਿਵਾਰ ਠੀਕ ਹੈ। ਕੋਈ ਭੁੱਖਾ ਤਾਂ ਨਹੀਂ ਸੁੱਤਾ। ਘਰਦਿਆਂ ਨੇ ਬੁਰਾ-ਭਲਾ ਤਾਂ ਨਹੀਂ ਕਿਹਾ। ਤੈਥੋਂ ਬਿਨਾਂ ਉਹ ਠੀਕ ਠਾਕ ਸਨ?"

"ਨਹੀਂ, ਮਹਾਤਮਾ ਜੀ ਉਹ ਸਭ ਠੀਕ ਹਨ। ਉਨ੍ਹਾਂ ਦਾ ਮੇਰੇ ਬਿਨਾਂ ਵੀ ਗੁਜ਼ਾਰਾ ਹੋ ਸਕਦਾ ਹੈ। ਮੈਨੂੰ ਹੁਣ ਪ੍ਰਭੂ ਦੀ ਭਗਤੀ ਦਾ ਗੁਣ ਦੱਸੋ।" ਲੱਕੜਹਾਰਾ ਜਿਵੇਂ ਛੇਤੀ ਤੋਂ ਛੇਤੀ ਰੱਬ ਪਾਉਣ ਲਈ ਕਾਹਲਾ ਹੋਵੇ।

"ਭਗਤਾ, ਜ਼ਿੰਦਗੀ ਵਿਚ 'ਕੱਟਣ, ਵੱਢਣ ਤੇ ਤੋੜਨ' ਤੋਂ ਇਲਾਵਾ ਕਦੇ 'ਜੁੜਨਾ ਜਾਂ ਜੋੜਨਾ' ਵੀ ਸਿੱਖਿਆ ਹੈ?" ਸੰਤ ਮਹਾਤਮਾ ਨੇ ਲੱਕੜਹਾਰੇ ਦੇ ਵਿਚਾਰ ਜਾਣਨ ਦੀ ਇੱਛਾ ਨਾਲ ਪੁੱਛਿਆ।

"ਮਹਾਤਮਾ ਜੀ, ਸਾਰੀ ਜ਼ਿੰਦਗੀ ਕੱਟਣ, ਵੱਢਣ ਵਿਚ ਲੰਘ ਗਈ। ਹੁਣ ਤੁਸੀਂ ਕ੍ਰਿਪਾ ਕਰੋ। ਮੈਂ ਪ੍ਰਭੂ ਨਾਲ ਜੁੜ ਜਾਵਾਂ ਤੇ ਹੋਰਾਂ ਨੂੰ ਜੋੜਨਾ ਸਿੱਖ ਜਾਵਾਂ। ਅੱਜ ਤੋਂ ਸਭ ਕੁਝ ਤਿਆਗ ਕੇ ਤੁਹਾਡੇ ਚਰਨੀਂ ਆਇਆ ਹਾਂ।" ਲੱਕੜਹਾਰਾ ਜਿਵੇਂ ਦਿਲ ਦੀ ਕਹਿ ਗਿਆ ਹੋਵੇ।



ਤਸਵੀਰ:ਜਨਮੇਜਾ ਸਿੰਘ ਜੌਹਲ

"ਭਗਤਾ, ਤਿਆਗਣ ਦੀ ਕੋਈ ਲੋੜ ਨਹੀਂ। ਗ੍ਰਹਿਸਥ ਜੀਵਨ ਵਿਚ ਰਹਿ ਕੇ ਵੀ ਤੂੰ ਪ੍ਰਭੂ ਨੂੰ ਮਿਲ ਸਕਦਾ ਹੈਂ। ਲੱਕੜਾਂ ਕੱਟਣਾ, ਵੱਢਣਾ ਤੇਰਾ ਕਰਮ ਹੈ ਪਰ ਦੁਨਿਆਵੀ ਸੰਸਾਰ ਵਿਚ ਨਾ ਕਿਸੇ ਨੂੰ ਕੱਟੀਂ, ਨਾ ਕਿਸੇ ਨੂੰ ਵੱਢੀਂ ਤੇ ਨਾ ਕਿਸੇ ਨੂੰ ਕਿਸੇ ਨਾਲੋਂ ਤੋੜਨ ਦੀ ਗਲਤੀ ਕਰੀਂ। ਕਦੇ ਇਹ ਗੱਲ ਨਾ ਸੋਚੀਂ ਕਿ ਮੈਂ ਹੀ ਪਰਿਵਾਰ ਪਾਲਦਾ ਹਾਂ। ਪਰਿਵਾਰ ਤਾਂ ਪਲਦਾ ਰਹਿਣਾ ਹੈ ਪਰ ਪ੍ਰਭੂ ਤੋਂ ਬਗੈਰ ਬਿਤਾਇਆ ਸਮਾਂ ਦੁਬਾਰਾ ਨਹੀਂ ਮਿਲਣਾ। ਕਿਰਤ ਨਾਲ ਸਿਮਰਨ ਵੀ ਜ਼ਰੂਰੀ ਹੈ।" ਇਹ ਸਿੱਖਿਆ ਦਿੰਦਾ ਹੋਇਆ ਸੰਤ ਮਹਾਤਮਾ ਲੋਪ ਹੋ ਗਿਆ, ਤੇ ਲੱਕੜਹਾਰਾ ਪਰਿਵਾਰ ਵਿਚ ਰਹਿੰਦਿਆਂ ਮਹਾਤਮਾ ਵਰਗੀ ਜ਼ਿੰਦਗੀ ਬਤੀਤ ਕਰਨ ਲੱਗਿਆ।

ਮੈਂ ਉਦੋਂ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਸੀ। ਸਕੂਲੋਂ ਛੁੱਟੀ ਵੇਲੇ ਪਤਾ ਲੱਗਿਆ ਕਿ ਮੇਰੇ ਹਮ-ਜਮਾਤੀ ਰਾਣੂ ਦਾ ਬਾਪ ਕੈਲਾ ਐਕਸੀਡੈਂਟ ਵਿਚ ਮਾਰਿਆ ਗਿਆ ਜੋ ਇਕ ਪ੍ਰਾਈਵੇਟ ਕੰਪਨੀ ਦਾ ਬੱਸ ਡਰਾਈਵਰ ਸੀ। ਰਾਣੂ ਕਾ ਘਰ, ਬੰਦਿਆਂ ਤੇ ਜਨਾਨੀਆਂ ਨਾਲ ਭਰਿਆ ਪਿਆ ਸੀ। ਰਾਣੂ ਦੀ ਇਕ ਵੱਡੀ ਤੇ ਇਕ ਛੋਟੀ ਭੈਣ ਮਾਂ ਨਾਲ ਚੁੰਬੜ ਕੇ ਰੋ ਰਹੀਆਂ ਸਨ। ਰਾਣੂ ਵੀ ਉਨ੍ਹਾਂ ਨੂੰ ਦੇਖ ਕੇ ਰੋਣ ਲੱਗ ਗਿਆ। ਉਮਰ ਛੋਟੀ ਹੋਣ ਕਰਕੇ ਮੈਨੂੰ ਵੀ ਸਮਝ ਨਹੀਂ ਆ ਰਹੀ ਸੀ ਕਿ ਹੋ ਕੀ ਗਿਆ, ਕੈਲਾ ਤਾਇਆ ਕਿਵੇਂ ਮਰ ਗਿਆ?

ਦੂਜੇ ਦਿਨ ਕੈਲੇ ਤਾਏ ਦਾ ਸਸਕਾਰ ਕਰ ਦਿੱਤਾ। ਰਾਣੂ ਹੋਰੀਂ ਵਿਚਾਰੇ ਉਚੀ-ਉਚੀ ਰੋਏ। ਫਿਰ ਤਾਏ ਦਾ ਭੋਗ ਵੀ ਪੈ ਗਿਆ। ਰਾਣੂ ਦੀ ਨਾਨੀ ਰਾਣੂ ਹੋਣਾ ਕੋਲ ਰਹਿਣ ਲੱਗ ਪਈ। ਸਾਡੇ ਆਂਢੀ-ਗੁਆਂਢੀ ਕਈ ਵਾਰ ਗੱਲਾਂ ਕਰਦੇ ਸੁਣੇ ਕਿ ਵਿਚਾਰੀ ਦੇਬੋ ਜਵਾਨੀ ਪਹਿਰੇ ਹੀ ਵਿਧਵਾ ਹੋ ਗਈ, ਛੋਟੇ-ਛੋਟੇ ਬੱਚੇ ਹਨ। ਇਸ ਦਾ ਸਮਾਂ ਕਿਵੇਂ ਨਿਕਲੂ? ਮੁੰਡਾ ਵੀ ਅਜੇ ਛੋਟਾ ਹੈ। ਕਦੋਂ ਜਵਾਨ ਹੋਇਆ। ਦੇਬੋ ਤਾਈ ਕਈ ਵਾਰ ਬੀਬੀ ਕੋਲ ਕਿਸੇ ਕੰਮ-ਧੰਦੇ ਆ ਜਾਂਦੀ। ਬੀਬੀ ਨਾਲ ਆਪਣਾ ਦੁੱਖ-ਸੁੱਖ ਸਾਂਝਾ ਕਰ ਜਾਂਦੀ।

ਰਾਣੂ ਦੇ ਮਾਮੇ ਆ ਕੇ ਦਾਣੇ-ਤੂੜੀ ਛੱਡ ਜਾਂਦੇ। ਦੇਬੋ ਤਾਈ ਨੇ ਚਾਰ ਮੱਝਾਂ ਰੱਖ ਲਈਆਂ। ਤਾਈ ਰਾਣੂ ਨੂੰ ਨਾਲ ਲਿਜਾ ਕੇ ਖੁਦ ਪੱਠੇ ਵੱਢ ਕੇ ਲਿਆਉਂਦੀ। ਮੱਝਾਂ ਦਾ ਦੁੱਧ ਪਾ ਕੇ ਵਧੀਆ ਗੁਜ਼ਾਰਾ ਕਰਦੀ। ਹੁਣ ਰਾਣੂ ਵੀ ਜਵਾਨ ਹੋਣ ਲੱਗਿਆ। ਤਾਈ ਨੇ ਅੰਮ੍ਰਿਤ ਛਕ ਲਿਆ। ਸਿੰਘਣੀਆਂ ਵਾਲੀ ਦਸਤਾਰ ਸਜਾਉਂਦੀ, ਕੰਮ ਕਰਦੀ ਵੀ ਮੂਲ ਮੰਤਰ ਦੇ ਪਾਠ ਕਰੀ ਜਾਂਦੀ। ਹੁਣ ਜੇ ਕੋਈ ਉਸ ਦੀ ਦੁਖਦੀ ਰਗ ਨੂੰ ਛੂੰਹਦਾ ਤਾਂ ਤਾਈ ਕਹਿ ਦਿੰਦੀ, "ਹੁਣ ਮੇਰੇ ਸਿਰ 'ਤੇ ਦਸਮੇਸ਼ ਪਿਤਾ ਦਾ ਹੱਥ ਹੈ। ਜੋ ਕੁਝ ਹੋਇਆ ਉਸ ਦੀ ਰਜ਼ਾ ਵਿਚ ਹੀ ਹੋਇਆ। ਜੋ ਕੁਝ ਹੋਵੇਗਾ, ਉਸ ਦੀ ਰਜ਼ਾ ਵਿਚ ਹੀ ਹੋਵੇਗਾ। ਦੁੱਖ-ਸੁੱਖ ਤਾਂ ਬੰਦੇ ਦਾ ਪਹਿਰਾਵਾ ਹੈ। ਕਦੇ ਦੁੱਖ ਹੰਢਾ ਲਏ, ਤੇ ਕਦੇ ਸੁੱਖ ਮਾਣ ਲਿਆ।" ਤਾਈ ਨੂੰ ਗੁਰਬਾਣੀ ਨੇ ਕਦੇ ਡੋਲਣ ਨਾ ਦਿੱਤਾ।

ਰਾਣੂ ਹੁਣ ਪੂਰਾ ਜਵਾਨ ਹੋ ਗਿਆ। ਆਪ ਖੇਤੀ ਕਰਨ ਲੱਗ ਪਿਆ। ਤਾਈ ਉਸ ਨਾਲ ਪੂਰਾ ਕੰਮ ਕਰਵਾਉਂਦੀ। ਹੁਣ ਲੋਕ ਵੀ ਇਹ ਕਹਿਣੋਂ ਹਟ ਗਏ ਕਿ ਦੇਬੋ ਦੇ ਬੱਚਿਆਂ ਦਾ ਕੀ ਬਣੇਗਾ। ਦੇਬੋ ਤਾਂ ਜਿਉਂਦੀ ਹੀ ਆਪਣੇ ਬੱਚਿਆਂ ਲਈ ਸੀ। ਰਾਣੂ ਦੀ ਭੈਣ ਦਸਵੀਂ ਜਮਾਤ ਪਾਸ ਕਰਕੇ ਹਟ ਗਈ ਪਰ ਮਾਮਿਆਂ ਨੇ ਉਸ ਨੂੰ ਹੋਰ ਪੜ੍ਹਾਉਣ ਲਈ ਆਪਣੇ ਕੋਲ ਰੱਖ ਲਿਆ। ਰਾਣੂ ਵੀ ਦਸਵੀਂ ਪਾਸ ਕਰਕੇ ਖੇਤੀਬਾੜੀ ਵਿਚ ਹੀ ਲੱਗ ਗਿਆ। ਦੇਬੋ ਤਾਈ ਨੇ ਬੱਚਿਆਂ ਨੂੰ ਵੀ ਗੁਰੂ ਵਾਲੇ ਬਣਾ ਦਿੱਤਾ। ਸਮਾਂ ਰੁਕਦਾ ਨਹੀਂ, ਰੁਕ ਸਾਹ ਜਾਂਦੇ ਹਨ! ਰਾਣੂ ਦੀ ਨਾਨੀ ਸੁਰਗਵਾਸ ਹੋ ਗਈ। ਨਾਨੀ ਕੋਲ ਜੋੜਿਆ ਹੋਇਆ ਇਕ ਲੱਖ ਰੁਪਿਆ ਸੀ ਜੋ ਮਰਨ ਤੋਂ ਪਹਿਲਾਂ ਉਹ ਦੇਬੋ ਤਾਈ ਨੂੰ ਦੇ ਗਈ। ਰਾਣੂ ਨੇ ਇਨ੍ਹਾਂ ਪੈਸਿਆਂ ਨਾਲ ਵਧੀਆ ਘਰ ਬਣਾ ਲਿਆ, ਹੁਣ ਰਾਣੂ ਨੂੰ ਰਿਸ਼ਤੇ ਆਉਣ ਲੱਗੇ। ਮਾਪਿਆਂ ਦੀ ਇਕੱਲੀ ਧੀ ਛਿੰਦੀ ਨਾਲ ਰਾਣੂ ਦਾ ਵਿਆਹ ਹੋ ਗਿਆ। ਪੇਕੇ ਪਿੰਡੋਂ ਛਿੰਦੀ ਨੂੰ ਅੱਠ ਕਿਲੇ ਜ਼ਮੀਨ ਆਉਂਦੀ ਸੀ।

ਦੇਬੋ ਤਾਈ ਨੇ ਬਾਣੀ ਦਾ ਸਿਮਰਨ ਹੋਰ ਵਧਾ ਦਿੱਤਾ। ਅਰਦਾਸ ਬੇਨਤੀ ਕਰਦੀ ਕਿ 'ਪਰਮਾਤਮਾ! ਤੇਰੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ। ਅਸੀਂ ਹੀ ਡੋਲ ਜਾਂਦੇ ਹਾਂ। ਜਿਸ ਤਰ੍ਹਾਂ ਮੇਰੇ ਪੁੱਤ ਦਾ ਕਾਰਜ ਸਫ਼ਲਾ ਕੀਤਾ ਹੈ, ਉਸੇ ਤਰ੍ਹਾਂ ਦੋਵੇਂ ਧੀਆਂ ਦੇ ਕਾਰਜ ਵੀ ਸਫਲੇ ਕਰੀਂ।' ਰਾਣੂ ਦੇ ਮਾਮਿਆਂ ਨੇ ਹੀ ਰਾਣੂ ਦੀ ਭੈਣ ਦਾ ਰਿਸ਼ਤਾ ਕੈਨੇਡਾ ਕਰ ਦਿੱਤਾ। ਪੈਸੇ ਵੀ ਆਪ ਲਾਏ। ਹੁਣ ਲੋਕ ਕਹਿਣ ਲੱਗ ਪਏ ਕਿ "ਦੇਬੋ ਦੇ ਤਾਂ ਕਰਮ ਖੁੱਲ੍ਹ ਗਏ। ਜੇ ਕੈਲਾ ਜਿਉਂਦਾ ਹੁੰਦਾ ਤਾਂ ਉਸ ਨੇ ਸਾਰੀ ਜ਼ਮੀਨ ਨਸ਼ਿਆਂ ਵਿਚ ਹੀ ਖਾ ਜਾਣੀ ਸੀ।" ਜਿੰਨੇ ਮੂੰਹ, ਉਨੀਆਂ ਹੀ ਗੱਲਾਂ; ਪਰ ਦੇਬੋ ਤਾਈ ਦੇ ਸਿਰ ਦਸਮੇਸ਼ ਪਿਤਾ ਜੀ ਦਾ ਮਿਹਰਾਂ ਭਰਿਆ ਹੱਥ ਸੀ। ਜੇ ਪਰਮਾਤਮਾ ਇਕ ਰਾਹ ਬੰਦ ਕਰਦਾ ਹੈ ਤਾਂ ਨਾਲ ਦਸ ਰਾਹ ਹੋਰ ਖੋਲ੍ਹ ਦਿੰਦਾ ਹੈ।

ਦੇਬੋ ਤਾਈ ਨੇ ਛੋਟੀ ਧੀ ਵੀ ਕੈਨੇਡਾ ਵਿਆਹ ਦਿੱਤੀ, ਵੱਡੀ ਧੀ ਦੇ ਦਿਉਰ ਨੂੰ। ਦੋਵੇਂ ਧੀਆਂ ਕੈਨੇਡਾ ਰੰਗੀਂ ਵੱਸਦੀਆਂ ਹਨ। ਰਾਣੂ ਪਿੰਡ ਵਧੀਆ ਖੇਤੀਬਾੜੀ ਕਰੀ ਜਾਂਦਾ ਹੈ। ਕੋਲ ਨਵਾਂ ਟਰੈਕਟਰ ਹੈ, ਵਧੀਆ ਕਾਰ। ਦੋਵੇਂ ਪਤੀ-ਪਤਨੀ ਆਪਣੀ ਮਾਂ ਦੀ ਸੇਵਾ ਕਰਦੇ ਹਨ। ਰਾਣੂ ਦੇ ਦੋਵੇਂ ਮੁੰਡੇ ਕਾਲਜ ਪੜ੍ਹਦੇ ਹਨ। ਇਕ ਦਿਨ ਉਨ੍ਹਾਂ ਨੇ ਵੀ ਕੈਨੇਡਾ ਆ ਜਾਣਾ ਹੈ। ਤਾਈ ਕਹਿੰਦੀ, 'ਮੈਂ ਘਰ ਛੱਡ ਕੇ ਕਿਤੇ ਨਹੀਂ ਜਾਣਾ। ਇਸ ਘਰ ਹੀ ਮੇਰਾ ਰੱਬ ਵੱਸਦਾ ਹੈ। ਪਰਮਾਤਮਾ ਨੇ ਹੀ ਸਿਰੋਂ ਨੰਗੀ ਕੀਤਾ ਸੀ ਤੇ ਉਸ ਨੇ ਹੀ ਸਿਰ 'ਤੇ ਕੇਸਰੀ ਦਸਤਾਰ ਬੰਨ੍ਹਾਈ ਹੈ।' ਅੱਜ ਵੀ ਤਾਈ ਗੁਰਬਾਣੀ ਤੇ ਗੁਰੂ ਘਰ ਨਾਲ ਅਥਾਹ ਪਿਆਰ ਰੱਖਦੀ ਹੈ। ਜੇ ਕਿਸੇ ਦੀ ਧੀ ਜਾਂ ਨੂੰਹ ਸਿਰੋਂ ਨੰਗੀ ਹੁੰਦੀ ਹੈ ਤਾਂ ਲੋਕ ਕਹਿੰਦੇ ਨੇ, 'ਦੇਬੋ ਵਾਂਗ ਸ਼ੇਰਨੀ ਬਣ। ਦਸਮੇਸ਼ ਪਿਤਾ ਆਪੇ ਸਾਰੇ ਕਾਰਜ ਸੰਵਾਰਨਗੇ। ਬੱਚਾ ਜਨਮ ਖਾਲੀ ਹੱਥਾਂ ਨਾਲ ਲੈਂਦਾ ਹੈ। ਮੁੜਦਾ, ਮਰ ਕੇ ਵੀ ਖਾਲੀ ਹੱਥ ਹੈ। ਮਰਿਆਂ ਨਾਲ ਕੋਈ ਮਰਦਾ ਨਹੀਂ।'

ਮੈਂ ਨੂੰ ਦਿਲ ਵਿਚੋਂ ਕੱਢ ਕੇ ਪਰਮੇਸ਼ਰ ਦੇ ਸਿਮਰਨ ਨਾਲ ਜੁੜ ਕੇ ਹੀ ਲੋਕ "ਸੁੱਖੀਏ ਪਰਲੋਕ ਸੁਹੇਲੇ" ਹੁੰਦੇ ਨੇ।

---

## ਸੰਪਾਦਕ ਦੀ ਡਾਕ

### 11ਵੀਂ ਵਰ੍ਹੇਗੰਢ 'ਤੇ ਵਧਾਈ

ਜਦੋਂ ਕਿਸੇ ਅਜਿਹੀ ਸੰਸਥਾ, ਅਖਬਾਰ ਜਾਂ ਕਿਸੇ ਵਿਅਕਤੀ ਨੂੰ ਦੇਖੀਦਾ ਹੈ ਜਿਸ ਨੇ ਪੰਜਾਬੀ ਸਭਿਆਚਾਰ ਅਤੇ ਪੰਜਾਬੀ ਮਾਂ ਬੋਲੀ ਦੇ ਖੇਤਰ ਵਿਚ ਆਪਣੇ ਸੱਚੇ ਸੁੱਚੇ ਅਤੇ ਬੇਧੜਕ ਹੋਣ ਦੇ ਝੰਡੇ ਗੱਡੇ ਹੋਣ, ਤਾਂ ਦਿਲ ਬਾਗੋਬਾਗ ਹੋ ਜਾਂਦਾ ਹੈ। ਪੰਜਾਬ ਟਾਈਮਜ਼ ਅਜਿਹਾ ਅਖਬਾਰ ਹੈ ਜਿਸ ਨੇ ਬੇਲਾਗ ਅਤੇ ਨਿਧੜਕ ਹੋ ਕੇ ਖਬਰਾਂ ਅਤੇ ਮਿਆਰੀ ਸਾਹਿਤ ਛਾਪ ਕੇ ਪਾਠਕਾਂ ਦਾ ਦਿਲ ਜਿੱਤਿਆ ਹੈ। ਸੰਪਾਦਕ ਸ. ਅਮੋਲਕ ਸਿੰਘ ਜੰਮੂ ਦੀ ਹਿੰਮਤ ਅਤੇ ਮਿਹਨਤ ਅਤੇ ਉਚੀ ਸੋਚ ਸਦਕਾ ਅੱਜ ਪੰਜਾਬ ਟਾਈਮਜ਼ ਬੁਲੰਦੀਆਂ ਛੋਹ ਰਿਹਾ ਹੈ ਅਤੇ ਟੀਨੇਜ ਹੋਣ ਦੇ ਬੂਹੇ 'ਤੇ ਖੜ੍ਹਾ ਦਸਤਕ ਦੇ ਰਿਹਾ ਹੈ। ਜਲਦ ਹੀ ਇਹ ਜਵਾਨੀ ਵਿਚ ਪੈਰ ਧਰੇਗਾ। ਇਸ ਦੇ ਪਾਠਕ ਬੜੀ ਬੇਸਬਰੀ ਨਾਲ ਹਰ ਹਫਤੇ ਇਸ ਦੀ ਉਡੀਕ ਕਰਦੇ ਹਨ। ਬਹੁਤ ਸਾਰੀਆਂ ਵਿੱਤੀ ਅਤੇ ਸਿਹਤ ਦੀਆਂ ਮੁਸ਼ਕਿਲਾਂ ਦੇ ਬਾਵਜੂਦ ਇਸ ਦੇ ਸੰਪਾਦਕ ਨੇ ਇਸ ਦੀ ਆਨ ਤੇ ਸ਼ਾਨ ਵਿਚ ਕੋਈ ਫਰਕ ਨਹੀਂ ਪੈਣ ਦਿੱਤਾ। ਪੰਜਾਬ ਟਾਈਮਜ਼ ਦੀ ਇਸ ਕਾਮਯਾਬੀ ਲਈ ਸ. ਜੰਮੂ ਦਾ ਪਰਿਵਾਰ ਅਤੇ ਪੰਜਾਬ ਟਾਈਮਜ਼ ਦਾ ਸਟਾਫ ਵੀ ਵਧਾਈ ਦਾ ਪਾਤਰ ਹੈ।

ਸੋਨੇ ਉਤੇ ਸੁਹਾਗੇ ਵਾਲੀ ਗੱਲ ਇਹ ਹੈ ਕਿ ਪੰਜਾਬ ਟਾਈਮਜ਼ ਨਾਲ ਉਹ ਲੇਖਕ ਜੁੜੇ ਹੋਏ ਹਨ ਜਿਨ੍ਹਾਂ ਨੇ ਪੱਤਰਕਾਰੀ ਤੇ ਸਾਹਿਤ ਦੇ ਖੇਤਰ ਵਿਚ ਚੋਖਾ ਨਾਮ ਖੱਟਿਆ ਹੋਇਆ ਹੈ। ਸ. ਤਰਲੋਚਨ ਸਿੰਘ ਦੁਪਾਲਪੁਰ, ਅਸ਼ੋਕ ਭੌਰਾ, ਬਲਜੀਤ ਬਾਸੀ, ਪ੍ਰੋ. ਕੁਲਵੰਤ ਸਿੰਘ ਰੋਮਾਣਾ, ਮੇਜਰ ਸਿੰਘ ਕੁਲਾਰ, ਡਾ. ਗੁਰਨਾਮ ਕੌਰ, ਸਵਰਨ ਸਿੰਘ ਟਹਿਣਾ ਦੇ ਲੇਖਾਂ ਨੂੰ ਪਾਠਕ ਬੇਸਬਰੀ ਨਾਲ ਉਡੀਕਦੇ ਹਨ। ਸਾਡੀ ਮਨੋਕਾਮਨਾ ਇਹੋ ਹੈ ਕਿ ਪੰਜਾਬੀ ਅਖਬਾਰਾਂ ਦਾ ਜੋ ਸਿਲਸਿਲਾ 1913 ਵਿਚ ਅਮਰੀਕਾ ਦੀ ਧਰਤੀ ਉਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਗਦਰ ਲਹਿਰ ਨਾਲ ਅਰੰਭਿਆ ਸੀ, ਪੰਜਾਬ ਟਾਈਮਜ਼ ਉਸ ਨੂੰ ਸਿਖਰ 'ਤੇ ਪਹੁੰਚਾਵੇ।

*-ਰਾਣਾ ਇਕਬਾਲ ਸਿੰਘ ਆਹਲੂਵਾਲੀਆ*

---

ਪੰਜਾਬ ਟਾਈਮਜ਼ ਉਮਰ ਦੇ 11 ਵਰ੍ਹੇ ਪੂਰੇ ਕਰਕੇ 12ਵੇਂ ਵਰ੍ਹੇ 'ਚ ਦਾਖਲ ਹੋ ਚੁਕਾ ਹੈ। ਇਸ ਸਮੇਂ ਵਿਚ ਇਸ ਅਖਬਾਰ ਨੇ ਪੱਤਰਕਾਰੀ ਦੇ ਖੇਤਰ ਵਿਚ ਨਵੇਂ ਮਿਆਰ ਕਾਇਮ ਕੀਤੇ ਹਨ ਅਤੇ ਇਸ ਦਾ ਇਕ ਆਪਣਾ ਵੱਖਰਾ ਮੁਕਾਮ ਹੈ। ਦਿਨ ਰਾਤ ਤਰੱਕੀਆਂ ਕਰਦਾ ਇਹ ਆਪਣੇ ਪਾਠਕਾਂ ਦੀਆਂ ਬਰੂਹਾਂ 'ਤੇ ਹਰ ਹਫਤੇ ਦਸਤਕ ਦੇ ਰਿਹੈ। ਇਸ ਨਿਵੇਕਲੀ ਅਖਬਾਰ ਨੇ ਮੇਰੇ ਬਹੁਤ ਪੁਰਾਣੇ ਦੋਸਤਾਂ ਨਾਲ ਸੰਪਰਕ ਬਣਾ ਦਿੱਤਾ ਹੈ। ਸਾਡੇ ਪਰਿਵਾਰ ਦੇ 30-35 ਸਾਲ ਪੁਰਾਣੇ ਵਿਛੜੇ ਯਾਰਾਂ ਦੋਸਤਾਂ ਨੂੰ ਮਿਲਾ ਦਿੱਤਾ ਹੈ। ਮੇਰੇ ਵੱਡੇ ਵੀਰ ਦੇ ਮਹਿਕਮੇ ਦੇ ਸਾਥੀ ਅਤੇ ਇਲਾਕੇ ਦੇ ਹੋਰ ਜਾਣੂ ਸੱਜਣਾਂ ਨੂੰ ਮੇਰੇ ਲੇਖ ਛਪਣ ਦੇ ਜ਼ਰੀਏ ਪਿਆਰ ਦੇ ਦਾਇਰੇ ਵਿਚ ਲੈ ਆਂਦਾ ਹੈ। ਮੇਰੇ ਲੇਖ ਪੜ੍ਹਦੇ ਇਲਾਕੇ ਦੇ ਅਤੇ ਹੋਰ ਪਾਠਕਾਂ ਦੀ ਹੱਲਾਸ਼ੇਰੀ ਅਤੇ ਹੌਸਲਾ ਅਫਜ਼ਾਈ ਮੇਰੇ ਲਈ ਅਥਾਹ ਪਿਆਰ ਦਾ ਸਮੁੰਦਰ ਹੈ। ਮੈਂ ਆਪਣੇ ਪਾਠਕਾਂ ਦਾ ਹਮੇਸ਼ਾ ਰਿਣੀ ਰਹਾਂਗਾ ਜਿਨ੍ਹਾਂ ਨੇ ਹਮੇਸ਼ਾ ਪਿਆਰ ਬਖਸ਼ਿਆ ਹੈ। ਇਸ ਅਖਬਾਰ ਨੇ ਮੈਨੂੰ ਨਵੀਂ ਰੂਹ ਦਿੱਤੀ ਹੈ। ਅਫਸੋਸ, ਘਰੇਲੂ ਰੁਝੇਵਿਆਂ ਕਾਰਨ ਪੰਜਾਬ ਟਾਈਮਜ਼ ਦੀ 11ਵੀਂ ਵਰ੍ਹੇਗੰਢ ਦੇ ਸਮਾਗਮ ਵਿਚ ਮੈਂ ਸ਼ਾਮਲ ਨਹੀਂ ਹੋ ਸਕਿਆ ਇਸ ਅਖਬਾਰ ਦੇ ਸਾਰੇ ਕਾਲਮਨਵੀਸ ਇਕ ਪਰਿਵਾਰ ਦੀ ਤਰ੍ਹਾਂ ਆਪੋ ਆਪਣਾ ਯੋਗਦਾਨ ਪਾ ਕੇ ਅਖਬਾਰ ਨੂੰ ਅੱਗੇ ਵਧਾਉਣ ਵਿਚ ਰੁਝੇ ਹੋਏ ਹਨ। ਸਾਰੇ ਧੰਨਤਾ ਦੇ ਯੋਗ ਹਨ। ਸਮਾਗਮ ਦੀ ਸ਼ਾਮ ਹਾਜ਼ਰ ਮੁੱਖ ਮਹਿਮਾਨ, ਸਪਾਂਸਰ, ਕਾਲਮਨਵੀਸ ਅਤੇ ਸ਼ੁਭਚਿੰਤਕ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਆਪਣੇ ਜ਼ਰੂਰੀ ਕੰਮਕਾਰ ਛੱਡ ਕੇ ਇਸ ਖੁਸ਼ੀਆਂ ਭਰੀ ਸ਼ਾਮ ਨੂੰ ਸਫਲ ਬਣਾਉਣ ਲਈ ਹਾਜ਼ਰੀ ਭਰੀ।

*-ਇਕਬਾਲ ਜੱਬੋਵਾਲੀਆ, ਨਿਊ ਯਾਰਕ।*

---

### ਇਤਰ ਫੁਲੇਲ ਦੀ ਸ਼ੀਸ਼ੀ: ਜੱਗਾ ਜੱਟ

ਕਹਾਣੀ ਇਤਰ ਫੁਲੇਲ ਦੀ ਸ਼ੀਸ਼ੀ ਪੜ੍ਹੀ, ਬਹੁਤ ਹੀ ਵਧੀਆ ਲੱਗੀ ਪਰ ਲੇਖਕ ਗੁਰਸੇਵਕ ਸਿੰਘ ਪ੍ਰੀਤ ਨੇ ਇਕ ਸ਼ੰਕਾ ਮੇਰੇ ਮਨ ਅੰਦਰ ਪੈਦਾ ਕਰ ਦਿਤੀ ਕਿ ਜਗਤ ਸਿੰਘ ਜੱਗਾ ਜਿਹਨੂੰ ਜੱਗਾ ਜੱਟ, ਜੱਗਾ ਡਾਕੂ ਵੀ ਕਿਹਾ ਗਿਆ ਹੈ, ਕੀ ਉਹ ਸਿੱਧੂ ਸੀ ਜਾਂ ਸੰਧੂ? ਲੇਖ ਵਿਚ ਛਪਿਆ ਹੈ ਕਿ ਜੱਗੇ ਦੀ ਬੇਟੀ ਬੇਬੇ ਰੇਸ਼ਮ ਕੌਰ ਬੋਲਦੀ ਹੈ, "ਮੈਂ ਰੇਸ਼ਮ ਕੌਰ ਸ. ਜਗਤ ਸਿੰਘ ਸੰਧੂ ਦੀ ਧੀ। ਜਗਤ ਸਿੰਘ ਜਿਸ ਨੂੰ ਸਾਰੇ ਜੱਗਾ ਡਾਕੂ ਕਹਿੰਦੇ ਹਨ।" ਪਰ ਅੱਗੇ ਜਾ ਕੇ ਲਿਖਿਆ ਹੈ ਕਿ ਬੇਬੇ ਰੇਸ਼ਮ ਕੌਰ ਕਹਿੰਦੀ ਹੈ ਕਿ ਮੇਰੇ ਪੇਕੇ ਸਿੱਧੂ ਹਨ ਅਤੇ ਮੇਰੇ ਸਹੁਰੇ ਸੰਧੂ ਹਨ। ਸਿੱਧੂ ਅਤੇ ਸੰਧੂ ਦੋ ਵੱਖੋ-ਵੱਖ ਗੋਤਾਂ ਹਨ।

*-ਲਖਵਿੰਦਰ ਸਿੰਘ ਮੱਟੂ, ਡੇਅਟਨ, ਓਹਾਇਓ।*

---

## ਸਾਤਿ ਭਈ ਗੁਰੂ ਗੋਬਿੰਦ ਪਾਈ॥

ੴ ਸਤਿਗੁਰ ਪ੍ਰਸਾਦਿ॥
ਗਉੜੀ ਮਹਲਾ 5
ਸਾਤਿ ਭਈ ਗੁਰੂ ਗੋਬਿੰਦ ਪਾਈ॥
ਤਾਪ ਪਾਪ ਬਿਨਸੇ ਮੇਰੇ ਭਾਈ॥ ਰਹਾਉ॥
ਰਾਮ ਨਾਮੁ ਨਿਤ ਰਸਨ ਬਖਾਨ
ਬਿਨਸੇ ਰੋਗ ਭਏ ਕਲਿਆਨ॥
ਪਾਰਬ੍ਰਹਮ ਗੁਣ ਅਗਮ ਬੀਚਾਰ
ਸਾਧੂ ਸੰਗਮਿ ਹੈ ਨਿਸਤਾਰ॥
ਨਿਰਮਲ ਗੁਣ ਗਾਵਹੁ ਨਿਤ ਨੀਤ
ਗਈ ਬਿਆਧਿ ਉਬਰੇ ਜਨ ਮੀਤ॥
ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ
ਨਾਨਕ ਦਾਸ ਤੇਰੀ ਸਰਣਾਈ॥

ਇਹ ਸ਼ਬਦ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਿਆ ਹੋਇਆ ਹੈ। ਸਤਿਗੁਰੂ ਉਸ ਪ੍ਰਭੂ ਦੀ ਰਹਿਮਤ ਅਤੇ ਉਸ ਰੱਬ ਦਾ ਹੀ ਸਰੂਪ ਆਪਣੇ ਪੂਰੇ ਗੁਰੂ ਦੀ ਉਸਤਤ ਕਰ ਰਹੇ ਹਨ,

ਸਾਤਿ ਭਈ ਗੁਰੂ ਗੋਬਿੰਦ ਪਾਈ॥
ਤਾਪ ਪਾਪ ਬਿਨਸੇ ਮੇਰੇ ਭਾਈ॥ ਰਹਾਉ॥

ਹੇ ਮੇਰੇ ਵੀਰ! ਮੇਰੇ ਭਾਈ!! ਉਸ ਗੋਵਿੰਦ ਭਾਵ ਪਰਮਾਤਮਾ ਦੇ ਸਰੂਪ ਗੁਰੂ ਨੇ ਜਿਸ ਜੀਵ 'ਤੇ ਵੀ ਮਿਹਰ ਕਰਕੇ ਉਸ ਨੂੰ ਪ੍ਰਭੂ ਦੇ ਨਾਮ ਦੀ ਦਾਤ ਬਖ਼ਸ਼ ਦਿੱਤੀ, ਉਸ ਜੀਵ ਦੇ ਅੰਦਰ ਠੰਢ ਪੈ ਗਈ ਅਤੇ ਨਾਮ ਸਿਮਰਨ ਕਰਨ ਕਰਕੇ ਉਸ ਜੀਵ ਦੇ ਸਾਰੇ ਦੁੱਖ ਤਕਲੀਫਾਂ ਅਤੇ ਪਾਪਾਂ ਦਾ ਵੀ ਨਾਸ ਹੋ ਗਿਆ ਤੇ ਹੇ ਮੇਰੇ ਭਾਈ! ਇਹ ਸਭ ਉਸ ਪੂਰੇ ਗੁਰੂ ਦੀ ਕ੍ਰਿਪਾ ਸਦਕਾ ਹੀ ਹੋ ਸਕਿਆ ਹੈ।

ਰਾਮ ਨਾਮੁ ਨਿਤ ਰਸਨ ਬਖਾਨ
ਬਿਨਸੇ ਰੋਗ ਭਏ ਕਲਿਆਨ॥
ਪਾਰਬ੍ਰਹਮ ਗੁਣ ਅਗਮ ਬੀਚਾਰ
ਸਾਧੂ ਸੰਗਮਿ ਹੈ ਨਿਸਤਾਰ॥

ਹੇ ਭਾਈ! ਪੂਰੇ ਗੁਰੂ ਦੀ ਮਿਹਰ ਸਦਕਾ ਜੋ ਜੀਵ ਆਪਣੀ ਜੀਭਾ ਨਾਲ ਸਦਾ ਹੀ ਪ੍ਰਮੇਸ਼ਵਰ ਦਾ ਨਾਮ ਜਪਦੇ ਰਹਿੰਦੇ ਹਨ, ਉਨ੍ਹਾਂ ਦੇ ਸਾਰੇ ਰੋਗ ਦੂਰ ਹੋ ਜਾਂਦੇ ਹਨ ਅਤੇ ਆਨੰਦਮਈ ਅਵਸਥਾ ਬਣੀ ਰਹਿੰਦੀ ਹੈ ਅਤੇ ਜੋ ਜੀਵ ਉਸ ਪਹੁੰਚ ਤੋਂ ਪਰ੍ਹੇ ਪ੍ਰਭੂ ਦੇ ਗੁਣਾਂ ਦੀ

### ਗੁਰਬਾਣੀ ਗਿਆਨ

ਵਿਚਾਰ ਕਰਦਾ ਹੈ, ਗੁਰੂ ਦੀ ਸੰਗਤ ਅਤੇ ਮਿਹਰ ਸਦਕਾ ਇਸ ਸੰਸਾਰ ਸਮੁੰਦਰ ਤੋਂ ਪਾਰ ਵੀ ਉਤਰ ਜਾਂਦਾ ਹੈ।

ਨਿਰਮਲ ਗੁਣ ਗਾਵਹੁ ਨਿਤ ਨੀਤ
ਗਈ ਬਿਆਧਿ ਉਬਰੇ ਜਨ ਮੀਤ॥
ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ
ਨਾਨਕ ਦਾਸ ਤੇਰੀ ਸਰਣਾਈ॥

ਹੇ ਮੇਰੇ ਮਿਤਰ ਪਿਆਰੇ ਜੀਉ! ਉਸ ਵਾਹਿਗੁਰੂ ਦੇ ਗੁਣ ਸਦਾ ਹੀ ਗਾਉਂਦੇ ਰਹਿਣਾ ਚਾਹੀਦਾ ਹੈ। ਜੋ ਜੀਵ ਉਸ ਪ੍ਰਭੂ ਦਾ ਗੁਣ ਗਾਇਨ ਕਰਦੇ ਹਨ, ਉਨ੍ਹਾਂ ਦੇ ਸਾਰੇ ਹੀ ਦੁੱਖ ਅਤੇ ਕਲੇਸ਼ ਦੂਰ ਹੋ ਜਾਂਦੇ ਹਨ ਅਤੇ ਉਹ ਵਿਕਾਰਾਂ ਤੋਂ ਵੀ ਬਚੇ ਰਹਿੰਦੇ ਹਨ। ਹੇ ਨਾਨਕ ਤੂੰ ਵੀ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰ ਕਿ ਮੈਂ ਤੇਰਾ ਦਾਸ, ਤੇਰੀ ਸ਼ਰਣ ਆ ਪਿਆ ਹਾਂ। ਕ੍ਰਿਪਾ ਕਰੋ ਕਿ ਮੈਂ ਅਪਨੇ ਮਨ, ਬਚਨ ਅਤੇ ਕਰਮਾਂ ਕਰਕੇ ਸਦਾ ਪ੍ਰਭੂ ਸਿਮਰਨ ਕਰਦਾ ਰਹਾਂ।

ਆਉ ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ:916-687-3536*

# ਅਪਰਾਧੀਕਰਨ ਅਤੇ ਪੰਜਾਬ ਦਾ ਵਧਦਾ ਜਾ ਰਿਹਾ ਨਿਘਾਰ

**ਸਿਆਸਤ ਦਾ ਪਿੜ**

**ਜਤਿੰਦਰ ਪਨੂੰ**

ਬੀਤੇ ਬੁੱਧ ਅਤੇ ਵੀਰਵਾਰ ਦੇ ਵਿਚਾਲੇ ਤਰੀਕਾਂ ਬਦਲਣ ਦੀ ਘੜੀ ਜਲੰਧਰ ਵਿਚ ਹੋਇਆ ਇੱਕ ਹੋਟਲ ਮਾਲਕ ਦਾ ਕਤਲ ਇੱਕ ਘਟਨਾ ਨਾ ਰਹਿ ਕੇ ਇੱਕ ਵਰਤਾਰੇ ਦਾ ਪ੍ਰਤੀਕ ਬਣ ਗਿਆ ਹੈ। ਇਹ ਕਤਲ ਇਸ ਕਰ ਕੇ ਲੋਕਾਂ ਵਿਚ ਵੱਧ ਸਨਸਨੀ ਫੈਲਾਉਣ ਵਾਲਾ ਬਣ ਗਿਆ ਕਿ ਕਥਿਤ ਕਾਤਲ ਇੱਕ ਅਕਾਲੀ ਵਿਧਾਇਕ ਦਾ ਭਤੀਜਾ ਅਤੇ ਖ਼ੁਦ ਵੀ ਇਥੋਂ ਦੀ ਮਿਊਂਸਪਲ ਕਾਰਪੋਰੇਸ਼ਨ ਦਾ ਕੌਂਸਲਰ ਹੈ। ਰਾਜਨੀਤੀ ਨਾਲ ਜੁੜੇ ਲੋਕ ਜਦੋਂ ਅਪਰਾਧ ਵਿਚ ਸ਼ਾਮਲ ਹੁੰਦੇ ਹਨ ਤਾਂ ਚਰਚਾ ਇੱਕ ਘਟਨਾ ਤੱਕ ਸੀਮਤ ਨਾ ਰਹਿ ਕੇ ਰਾਜਨੀਤੀ ਨਾਲ ਜੁੜੇ ਇਹੋ ਜਿਹੇ ਹੋਰ ਅਪਰਾਧਾਂ ਨਾਲ ਜੋੜ ਕੇ ਵੇਖੀ ਜਾਂਦੀ ਹੈ। ਇਹ ਕੇਸ ਵੀ ਏਦਾਂ ਹੀ ਵੇਖਿਆ ਜਾਵੇਗਾ।

ਰਾਜਸੀ ਘਰਾਣਿਆਂ ਵਿਚ ਹਥਿਆਰ ਦੀ ਵਰਤੋਂ ਦਾ ਕੋਈ ਭੱਦਾ ਨਮੂਨਾ ਵੇਖਣਾ ਹੋਵੇ ਤਾਂ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਕੇਂਦਰੀ ਮੰਤਰੀ ਪ੍ਰਮੋਦ ਮਹਾਜਨ ਦੇ ਕਤਲ ਦੀ ਗੱਲ ਕੀਤੀ ਜਾ ਸਕਦੀ ਹੈ। ਜ਼ਰਾ ਜਿੰਨੀ ਗੱਲ ਤੋਂ ਉਸ ਦੇ ਆਪਣੇ ਛੋਟੇ ਭਰਾ ਪ੍ਰਵੀਨ ਨੇ ਉਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ। ਏਦਾਂ ਦੇ ਕਈ ਕਤਲ ਹੋਰ ਵੀ ਹੋਏ ਹਨ। ਕਈ ਲੀਡਰਾਂ ਵੀ ਕਤਲ ਕਰਵਾਏ ਤੇ ਕਈ ਲੀਡਰਾਂ ਦੇ ਆਪਣੇ ਕਤਲ ਵੀ ਹੋਏ ਹਨ। ਭਾਰਤ ਵਿਚ ਹੀ ਕਿਉਂ, ਇਸ ਦੇ ਗਵਾਂਢੀ ਦੇਸ਼ ਨੇਪਾਲ ਦੇ ਰਾਜੇ ਬੀਰ ਬੀਰੇਂਦਰ ਬਿਕਰਮ ਸ਼ਾਹ ਦਾ ਕਤਲ ਵੀ ਉਸ ਦੇ ਉਸ ਪੁੱਤਰ ਨੇ ਕਰ ਦਿੱਤਾ ਸੀ ਜਿਸ ਨੇ ਆਪਣੇ ਪਿਤਾ ਦੀ ਥਾਂ ਗੱਦੀ ਉਤੇ ਬੈਠਣਾ ਸੀ। ਪਰਿਵਾਰ ਦੇ ਅੱਠ ਜੀਆਂ ਨੂੰ ਮਾਰ ਕੇ ਨਾਲਾਇਕ ਪੁੱਤ ਆਪ ਵੀ ਜਿੰਦਾ ਨਹੀਂ ਸੀ ਰਿਹਾ। ਦੁਨੀਆਂ ਦੇ ਕਈ ਹੋਰ ਰਾਜ ਪਰਿਵਾਰਾਂ ਵਿਚ ਵੀ ਗੋਲੀਆਂ ਚੱਲ ਚੁੱਕੀਆਂ ਹਨ ਤੇ ਗੱਦੀ ਲਈ ਨਹੀਂ, ਬਿਲਕੁਲ ਨਿਗੂਣੀ ਗੱਲ ਉਤੇ ਚੱਲ ਜਾਂਦੀਆਂ ਰਹੀਆਂ ਹਨ।

ਕੁਝ ਲੋਕ ਹੁਣ ਇਹ ਚਰਚਾ ਵੀ ਕਰ ਰਹੇ ਹਨ ਕਿ ਰਾਜਨੀਤੀ ਨਾਲ ਜੁੜੇ ਘਰਾਣਿਆਂ ਦੀ ਔਲਾਦ ਕਿਵੇਂ ਚੰਦ ਚਾੜ੍ਹਦੀ ਰਹੀ ਹੈ? ਜਦੋਂ ਇਹ ਚਰਚਾ ਚੱਲਦੀ ਹੈ ਤਾਂ ਪ੍ਰਤਾਪ ਸਿੰਘ ਕੈਰੋਂ ਦੇ ਪੁੱਤਰਾਂ ਤੋਂ ਸ਼ੁਰੂ ਹੁੰਦੀ ਅਤੇ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਿਵਾਰ ਤੋਂ ਚੱਲਦੀ ਜੈਸਿਕਾ ਲਾਲ ਵਾਲੇ ਮਨੂੰ ਸ਼ਰਮਾ ਤੱਕ ਪਹੁੰਚਦੀ ਹੈ। ਜੈਸਿਕਾ ਲਾਲ ਦਿੱਲੀ ਦੇ ਇੱਕ ਰੈਸਟੋਰੈਂਟ ਵਿਚ ਨੌਕਰੀ ਕਰਦੀ ਸੀ, ਜਿਸ ਨੇ ਇੱਕ ਕਾਂਗਰਸੀ ਮੰਤਰੀ ਦੇ ਪੁੱਤਰ ਨੂੰ ਸ਼ਰਾਬ ਦੇਣ ਤੋਂ ਇਹ ਕਹਿ ਕੇ ਇਨਕਾਰ ਕੀਤਾ ਸੀ ਕਿ ਸਮਾਂ ਉਪਰ ਹੋ ਚੁੱਕਾ ਹੈ। ਸਾਬਕਾ ਰਾਸ਼ਟਰਪਤੀ ਦਾ ਦੋਹਤਾ ਅਤੇ ਮੰਤਰੀ ਦਾ ਪੁੱਤਰ ਮਨੂੰ ਸ਼ਰਮਾ ਏਨੀ ਗੱਲ ਬਰਦਾਸ਼ਤ ਨਾ ਕਰ ਸਕਿਆ ਅਤੇ ਉਸ ਕੁੜੀ ਨੂੰ ਗੋਲੀਆਂ ਮਾਰ ਕੇ ਮਾਰਨ ਮਗਰੋਂ ਫਰਾਰ ਹੋ ਗਿਆ ਸੀ। ਉਸ ਵਕਤ ਉਸ ਦੇ ਨਾਲ ਰਾਜਨੀਤੀ ਨਾਲ ਜੁੜੇ ਕੁਝ ਹੋਰ ਵੱਡੇ ਘਰਾਂ ਦੇ ਕਾਕੇ ਵੀ ਸਨ। ਮੌਕੇ ਉਤੇ ਕਈ ਅਹਿਮ ਹਸਤੀਆਂ ਮੌਜੂਦ ਹੋਣ ਦੇ ਬਾਵਜੂਦ ਸਾਰਿਆਂ ਨੇ ਆਪਣੀ ਓਥੇ ਹਾਜ਼ਰੀ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇਹ ਵਰਤਾਰਾ ਪੰਜਾਬ ਵੱਲ ਵੀ ਆ ਰਿਹਾ ਹੈ, ਜਿਥੇ ਰਾਜਸੀ ਘਰਾਂ ਨਾਲ ਸੰਬੰਧਤ ਹੋਣ ਦਾ ਪਹਿਲਾ ਸਰਟੀਫਿਕੇਟ ਹੁਣ 'ਕਾਕਿਆਂ' ਦੀ ਬੋਲੀ ਦਾ ਫੁੰਕਾਰਾ ਤੇ ਜੇਬ ਵਿਚ ਪਿਸਤੌਲ ਦਾ ਹੋਣਾ ਬਣ ਗਿਆ ਹੈ।

ਅਸੀਂ ਫੇਰ ਕਹਿ ਦੇਈਏ ਕਿ ਇੱਕ ਕਤਲ ਦੀ ਗੱਲ ਕਰਨ ਵਿਚ ਵਕਤ ਜ਼ਾਇਆ ਕਰਨ ਦੀ ਬਜਾਏ ਅਸੀਂ ਉਸ ਵਰਤਾਰੇ ਦੀ ਗੱਲ ਕਰਨੀ ਹੈ, ਜਿਸ ਨੇ ਪੰਜਾਬ ਨੂੰ ਇਹ ਦਿਨ ਦਿਖਾਏ ਹਨ। ਜਿਹੜੀ ਰਾਤ ਜਲੰਧਰ ਵਿਚ ਇਹ ਕਤਲ ਹੋਇਆ, ਉਸ ਤੋਂ ਅਗਲੇ ਦਿਨ ਦੇ ਅਖਬਾਰਾਂ ਵਿਚ ਇਹ ਵੇਰਵੇ ਵੀ ਛਪੇ ਹਨ ਕਿ ਪੰਜਾਬ ਵਿਚ ਕਤਲਾਂ ਦੀ ਗਿਣਤੀ ਏਨੀ ਵਧ ਗਈ ਹੈ, ਜਿੰਨੀ ਪਿਛਲੇ ਸਾਰੇ ਸਮੇਂ ਵਿਚ ਕਦੇ ਨਹੀਂ ਵੇਖੀ ਗਈ। ਪਿਛਲੇ ਇੱਕੋ ਸਾਲ ਦੇ 365 ਦਿਨਾਂ ਵਿਚ ਪੰਜਾਬ ਵਿਚ 907 ਲੋਕ ਕਤਲ ਹੋਏ ਹਨ। ਇਸ ਦਾ ਭਾਵ ਇਹ ਕਿ ਹਰ ਦੋ ਦਿਨਾਂ ਵਿਚ ਪੰਜਾਂ ਜਣਿਆਂ ਦੀ ਜਾਨ ਲੈ ਲਈ ਜਾਂਦੀ ਹੈ। ਪੁਲਿਸ ਨੂੰ ਬਿਨਾਂ ਸ਼ੱਕ ਹਰ ਕਤਲ ਲਈ ਨਿੰਦਿਆ ਜਾਣਾ ਠੀਕ ਨਹੀਂ। ਕੁਝ ਖ਼ੂਨੀ ਕਾਰੇ ਘਰਾਂ ਦੀ ਚਾਰ-ਦੀਵਾਰੀ ਦੇ ਅੰਦਰ ਵਾਪਰਦੇ ਹਨ, ਜਿਨ੍ਹਾਂ ਨੂੰ ਰੋਕਣ ਲਈ ਹਰ ਪਰਿਵਾਰ ਵਿਚ ਪੁਲਿਸ ਦਾ ਮੁਲਾਜ਼ਮ ਨਹੀਂ ਬਿਠਾਇਆ ਜਾ ਸਕਦਾ। ਪਿਛਲੇ ਇੱਕ ਮਹੀਨੇ ਅੰਦਰ ਇਥੇ ਇੱਕ ਟੱਬਰ ਵਿਚ ਦੋ ਭਰਾਵਾਂ ਨੇ ਤੀਜੇ ਭਰਾ ਦਾ ਕਤਲ ਕਰ ਦਿੱਤਾ, ਦੂਜੀ ਥਾਂ ਇੱਕ ਪੁੱਤਰ ਨੇ ਬਾਪ ਨੂੰ ਮਾਰ ਦਿੱਤਾ ਅਤੇ ਤੀਜੀ ਥਾਂ ਇੱਕ ਬਾਪ ਨੇ ਹੀ ਹੱਥੀਂ ਪਾਲੇ ਹੋਏ ਪੁੱਤਰ ਨੂੰ ਗੋਲੀ ਮਾਰ ਦਿੱਤੀ। ਪਤੀ ਵੱਲੋਂ ਪਤਨੀ ਨੂੰ ਜਾਂ ਪਤਨੀ ਵੱਲੋਂ ਪਤੀ ਨੂੰ ਮਾਰ ਦੇਣ ਦੀਆਂ ਘਟਨਾਵਾਂ ਹਮੇਸ਼ਾਂ ਹੁੰਦੀਆਂ ਹਨ ਤੇ ਇਨ੍ਹਾਂ ਨੂੰ ਰੋਕਣ ਵਾਸਤੇ ਪੁਲਿਸ ਕਿਹੜੇ ਅਗਾਊਂ ਪ੍ਰਬੰਧ ਕਰ ਸਕਦੀ ਹੈ, ਇਹ ਦੱਸ ਸਕਣਾ ਕਿਸੇ ਲਈ ਵੀ ਔਖਾ ਹੈ। ਜਿੱਥੋਂ ਤੱਕ ਪੁਲਿਸ ਦਾ ਸੰਬੰਧ ਹੈ, ਉਨ੍ਹਾਂ ਘਟਨਾਵਾਂ ਦੀ ਜ਼ਿਮੇਵਾਰੀ ਤੋਂ ਉਸ ਨੂੰ ਲਾਂਭੇ ਨਹੀਂ ਕੀਤਾ ਜਾ ਸਕਦਾ, ਜਿਹੜੀਆਂ ਸਰੇ-ਰਾਹ ਅਤੇ ਇਸ ਲਈ ਵਾਪਰਦੀਆਂ ਹਨ ਕਿ ਪੁਲਿਸ ਨੇ ਅਮਨ-ਕਾਨੂੰਨ ਦੇ ਪੱਖ ਤੋਂ ਅੱਖਾਂ ਮੀਟੀਆਂ ਹੋਈਆਂ ਹਨ।

> **ਜਿਸ ਦਿਨ ਪੁਲਿਸ ਦਾ ਮੁਖੀ ਅਤੇ ਪੰਜਾਬ ਦਾ ਮੁੱਖ ਮੰਤਰੀ ਦੋਵੇਂ ਜਣੇ ਇਹ ਦਾਅਵੇ ਕਰਦੇ ਫਿਰ ਰਹੇ ਸਨ ਕਿ ਸਥਿਤੀ ਉਤੇ ਉਨ੍ਹਾਂ ਦੀ ਪੂਰੀ ਪਕੜ ਹੈ, ਉਸੇ ਦਿਨ ਬਠਿੰਡੇ ਵਿਚ ਅਦਾਲਤੀ ਅਹਾਤੇ ਵਿਚ ਦੋ ਵੱਡੇ ਗਰੋਹਾਂ ਦੇ ਲੋਕ ਇੱਕ ਦੂਜੇ ਉਤੇ ਗੋਲੀਆਂ ਅਤੇ ਤਲਵਾਰਾਂ ਚਲਾ ਰਹੇ ਸਨ। ਬਠਿੰਡਾ ਪਹਿਲਾਂ ਵੀ ਘੱਟ ਮਹੱਤਵ ਵਾਲਾ ਨਹੀਂ ਸੀ ਪਰ ਜਿਸ ਦਿਨ ਤੋਂ ਓਥੋਂ ਦੀ ਪਾਰਲੀਮੈਂਟ ਦੀ ਸੀਟ ਬਾਦਲ ਪਰਿਵਾਰ ਦੀ ਨੂੰਹ ਨੇ ਜਿੱਤੀ ਹੈ, ਉਸ ਦਿਨ ਤੋਂ ਉਸ ਦਾ ਹੋਰ ਵੀ ਮਹੱਤਵ ਵਧ ਗਿਆ ਹੈ ਤੇ ਓਸੇ ਬਠਿੰਡੇ ਵਿਚ ਅਪਰਾਧੀਆਂ ਦੇ ਹੌਸਲੇ ਏਨੇ ਵਧੇ ਹੋਏ ਹਨ ਕਿ ਅਦਾਲਤਾਂ ਵਿਚ ਵੀ ਨਿੱਠ ਕੇ ਜੰਗ ਦਾ ਨਜ਼ਾਰਾ ਪੇਸ਼ ਕਰ ਸਕਦੇ ਹਨ।**

ਇੱਕ ਥਾਂ ਇੱਕ ਬੱਚਾ ਅਗਵਾ ਕੀਤਾ ਗਿਆ ਅਤੇ ਫਿਰ ਉਸ ਨੂੰ ਕਤਲ ਕਰ ਕੇ ਪੁਲਿਸ ਚੌਕੀ ਦੇ ਸਾਹਮਣੇ ਖੜੀ ਕਾਰ ਵਿਚ ਰੱਖ ਦਿੱਤਾ ਗਿਆ। ਬੱਚੇ ਦੇ ਵਾਰਸਾਂ ਨੇ ਅਗਲੇ ਦਿਨ ਆਣ ਲੱਭਿਆ, ਪਰ ਪੁਲਿਸ ਨੇ ਚੌਕੀ ਅੱਗੇ ਖੜੀ ਕਾਰ ਨੂੰ ਵੇਖਿਆ ਹੀ ਨਹੀਂ ਸੀ ਕਿ ਕਿਉਂ ਖੜੀ ਹੈ ਅਤੇ ਇਸ ਦੇ ਵਿਚ ਕੀ ਪਿਆ ਹੈ? ਇਸ ਨਾਲੋਂ ਵੀ ਵੱਧ ਧਿਆਨ ਮੰਗਦੀ ਗੱਲ ਇਹ ਹੈ ਕਿ ਜਿਵੇਂ ਜਲੰਧਰ ਦੀ ਘਟਨਾ ਹੋਈ, ਓਦਾਂ ਦੀਆਂ ਹੁਣ ਤੱਕ ਕਿੰਨੀਆਂ ਘਟਨਾਵਾਂ ਹੋ ਚੁੱਕੀਆਂ ਹਨ ਪਰ ਕਦੇ ਵੀ ਇਨ੍ਹਾਂ ਤੋਂ ਪੁਲਿਸ ਨੇ ਕੋਈ ਸਬਕ ਨਹੀਂ ਸਿੱਖਿਆ। ਸ਼ਰਾਬ ਪੀਣ ਵਾਲੇ ਅਹਾਤਿਆਂ ਬਾਰੇ ਕੁਝ ਨੇਮ-ਕਾਨੂੰਨ ਹਨ, ਕੁਝ ਸਮੇਂ ਦਾ ਬੰਧੇਜ ਹੈ ਕਿ ਐਨੇ ਵਜੇ ਤੋਂ ਪਿੱਛੋਂ ਓਥੇ ਇਹ ਕੰਮ ਬੰਦ ਕਰਨਾ ਪਵੇਗਾ ਪਰ ਕੀਤਾ ਨਹੀਂ ਜਾਂਦਾ। ਜਿੱਥੇ ਇਹ ਕਤਲ ਹੋਇਆ ਹੈ, ਉਹ ਇੱਕ ਰੈਸਟੋਰੈਂਟ ਵਰਗਾ ਢਾਬਾ ਹੈ, ਜਿਹੜਾ ਗਵਾਂਢ ਵੱਸਦੇ ਲੋਕਾਂ ਦੀ ਸ਼ਿਕਾਇਤ ਕਾਰਨ ਇੱਕ ਤੋਂ ਵੱਧ ਵਾਰ ਬੰਦ ਕੀਤਾ ਗਿਆ ਤੇ ਫਿਰ ਰਾਜਸੀ ਪਹੁੰਚ ਕਾਰਨ ਖੋਲ੍ਹਣ ਦੀ ਖੁੱਲ੍ਹ ਦੇ ਦਿੱਤੀ ਜਾਂਦੀ ਰਹੀ। ਕਾਨੂੰਨੀ ਹੱਦ ਤੋਂ ਵੱਧ ਸਮਾਂ ਹੋ ਜਾਣ ਦੇ ਬਾਵਜੂਦ ਉਸ ਦਿਨ ਵੀ ਉਹ ਢਾਬਾ ਬੰਦ ਨਹੀਂ ਸੀ ਕੀਤਾ ਗਿਆ ਤੇ ਰਈਸਜ਼ਾਦੇ ਉਸ ਦੇ ਬਾਹਰ ਗੱਡੀਆਂ ਖੜੀਆਂ ਕਰ ਕੇ ਜਦੋਂ ਗਲਾਸੀਆਂ ਖੜਕਾ ਰਹੇ ਸਨ, ਪੁਲਿਸ ਕਿੱਥੇ ਗਈ ਸੀ?

ਇਸ ਕਤਲ ਕਰ ਕੇ ਰੌਲਾ ਪੈ ਜਾਣ ਤੋਂ ਅਗਲੀ ਸ਼ਾਮ ਪੁਲਿਸ ਨੇ ਕਾਰਵਾਈ ਪਾ ਕੇ ਸੌ ਦੇ ਕਰੀਬ ਸ਼ਰਾਬੀ ਇੰਜ ਹੀ ਸੜਕਾਂ ਉਤੇ ਗੱਡੀਆਂ ਖੜੀਆਂ ਕਰ ਕੇ ਗਲਾਸੀਆਂ ਖੜਕਾਉਂਦੇ ਫੜ ਲਏ। ਇਸ ਘਟਨਾ ਤੋਂ ਪਹਿਲਾਂ ਕਦੇ ਇਹ ਕਾਰਵਾਈ ਕਿਉਂ ਨਾ ਕੀਤੀ ਗਈ? ਜਲੰਧਰ ਦੇ ਮਾਡਲ ਟਾਊਨ, ਨਿਊ ਜਵਾਹਰ ਨਗਰ, ਬੀ ਐਮ ਸੀ ਚੌਕ ਅਤੇ ਪੁਲਿਸ ਲਾਈਨਜ਼ ਵਾਲੀ ਸੜਕ ਉਤੇ ਇਹੋ ਜਿਹੇ ਦਸ-ਬਾਰਾਂ ਪੱਕੇ ਟਿਕਾਣੇ ਗਿਣੇ ਜਾਂਦੇ ਹਨ, ਜਿਨ੍ਹਾਂ ਵਿਚ ਹਰ ਦੂਜੇ-ਤੀਜੇ ਦਿਨ ਛਿੱਤਰ-ਪੌਲਾ ਹੋਣਾ ਜਾਂ ਗੋਲੀ ਚੱਲ ਜਾਣੀ ਆਮ ਗੱਲ ਹੈ, ਪਰ ਪੁਲਿਸ ਕਦੇ ਵੀ ਉਨ੍ਹਾਂ ਦੇ ਮਾਲਕਾਂ ਦੀਆਂ ਮੁਸ਼ਕਾਂ ਨਹੀਂ ਕੱਸਦੀ ਕਿਉਂਕਿ ਉਨ੍ਹਾਂ ਦੀ ਉਪਰ ਤੱਕ ਪਹੁੰਚ ਹੈ।

ਪੰਜਾਬ ਪੁਲਿਸ ਦੇ ਮੁਖੀ ਪਰਮਦੀਪ ਸਿੰਘ ਗਿੱਲ ਨੇ ਇਸ ਘਟਨਾ ਤੋਂ ਬਾਅਦ ਕਿਹਾ ਹੈ ਕਿ ਅਪਰਾਧ ਰੋਕਣ ਲਈ ਪੁਲਿਸ ਕੋਈ ਕਸਰ ਨਹੀਂ ਛੱਡੇਗੀ। ਅਮਲ ਵੇਖਿਆ ਜਾਵੇ ਤਾਂ ਉਹ ਅਜੇ ਤੱਕ ਏਹੋ ਗੱਲ ਯਕੀਨੀ ਨਹੀਂ ਬਣਾ ਸਕੇ ਕਿ ਫੜੇ ਜਾਂਦੇ ਮੁਲਜ਼ਮਾਂ ਨੂੰ ਵੀ ਪੁਲਿਸ ਸਾਂਭ ਲਵੇਗੀ। ਜਿਸ ਜਲੰਧਰ ਵਿਚ ਉਹ ਏਦਾਂ ਦੇ ਦਾਅਵੇ ਕਰ ਰਹੇ ਸਨ, ਓਸੇ ਜਲੰਧਰ ਵਿਚ ਪਿਛਲੇ ਇੱਕ ਹਫਤੇ ਵਿਚ ਪੰਜ ਕਤਲ ਹੋ ਚੁਕੇ ਸਨ ਤੇ ਓਸੇ ਦਿਨ ਦੇ ਅਖਬਾਰਾਂ ਵਿਚ ਮੁੱਖ ਮੰਤਰੀ ਦੇ ਆਪਣੇ ਹਲਕੇ ਦੀ ਖਬਰ ਵੀ ਸੀ ਕਿ ਲੰਬੀ ਦੇ ਥਾਣੇ ਵਿਚੋਂ ਡਾਕੇ ਦੇ ਚਾਰ ਦੋਸ਼ੀ ਸੀਖਾਂ ਤੋੜ ਕੇ ਫਰਾਰ ਹੋ ਗਏ ਜਾਂ ਪੁਲਿਸ ਵਾਲਿਆਂ ਨੇ ਆਪ ਭਜਾ ਦਿੱਤੇ ਹੋਣਗੇ। ਜਿਸ ਲੰਬੀ ਥਾਣੇ ਵਿਚੋਂ ਇਹ ਚਾਰ ਦੌੜੇ ਸਨ, ਉਸ ਤੋਂ ਥੋੜ੍ਹੀ ਦੂਰ ਪੈਂਦੇ ਫਾਜ਼ਿਲਕਾ ਥਾਣੇ ਵਿਚੋਂ ਵੀ ਓਸੇ ਰਾਤ ਦੋ ਇਹੋ ਜਿਹੇ ਮੁਲਜ਼ਮ ਦੌੜ ਗਏ ਸਨ, ਜਿਨ੍ਹਾਂ ਬਾਰੇ ਪੁਲਿਸ ਦਾ ਦਾਅਵਾ ਸੀ ਕਿ ਉਹ ਵੱਖ-ਵੱਖ ਰਾਜਾਂ ਵਿਚੋਂ ਗੱਡੀਆਂ ਚੋਰੀ ਕਰਨ ਅਤੇ ਖਪਾ ਦੇਣ ਦਾ ਕੰਮ ਕਰਦੇ ਇੱਕ ਵੱਡੇ ਗਿਰੋਹ ਦੇ ਮੈਂਬਰ ਹਨ। ਪਿਛਲੇ ਇੱਕ ਮਹੀਨੇ ਦੇ ਅੰਦਰ ਇਸ ਤਰ੍ਹਾਂ ਦਰਜਨ ਦੇ ਕਰੀਬ ਘਟਨਾਵਾਂ ਵਿਚ ਦੋਸ਼ੀ ਥਾਣੇ ਵਿਚੋਂ ਜਾਂ ਅਦਾਲਤ ਵਿਚ ਪੇਸ਼ੀ ਮੌਕੇ ਦੌੜ ਚੁੱਕੇ ਹਨ, ਪੁਲਿਸ ਕੁਝ ਨਹੀਂ ਕਰ ਸਕੀ।



*ਵਿਰਲਾਪ ਕਰ ਰਿਹਾ ਗੁਰਕੀਰਤ ਸੇਖੋਂ ਦਾ ਪਰਿਵਾਰ ਅਤੇ (ਇਨਸੈਟ) ਗੁਰਕੀਰਤ*

ਜਿਸ ਦਿਨ ਪੁਲਿਸ ਦਾ ਮੁਖੀ ਅਤੇ ਪੰਜਾਬ ਦਾ ਮੁੱਖ ਮੰਤਰੀ ਦੋਵੇਂ ਜਣੇ ਇਹ ਦਾਅਵੇ ਕਰਦੇ ਫਿਰ ਰਹੇ ਸਨ ਕਿ ਸਥਿਤੀ ਉਤੇ ਉਨ੍ਹਾਂ ਦੀ ਪੂਰੀ ਪਕੜ ਹੈ, ਉਸੇ ਦਿਨ ਬਠਿੰਡੇ ਵਿਚ ਅਦਾਲਤੀ ਅਹਾਤੇ ਵਿਚ ਦੋ ਵੱਡੇ ਗਰੋਹਾਂ ਦੇ ਲੋਕ ਇੱਕ ਦੂਜੇ ਉਤੇ ਗੋਲੀਆਂ ਅਤੇ ਤਲਵਾਰਾਂ ਚਲਾ ਰਹੇ ਸਨ। ਬਠਿੰਡਾ ਪਹਿਲਾਂ ਵੀ ਘੱਟ ਮਹੱਤਵ ਵਾਲਾ ਨਹੀਂ ਸੀ ਪਰ ਜਿਸ ਦਿਨ ਤੋਂ ਓਥੋਂ ਦੀ ਪਾਰਲੀਮੈਂਟ ਦੀ ਸੀਟ ਬਾਦਲ ਪਰਿਵਾਰ ਦੀ ਨੂੰਹ ਨੇ ਜਿੱਤੀ ਹੈ, ਉਸ ਦਿਨ ਤੋਂ ਉਸ ਦਾ ਹੋਰ ਵੀ ਮਹੱਤਵ ਵਧ ਗਿਆ ਹੈ ਤੇ ਓਸੇ ਬਠਿੰਡੇ ਵਿਚ ਅਪਰਾਧੀਆਂ ਦੇ ਹੌਸਲੇ ਏਨੇ ਵਧੇ ਹੋਏ ਹਨ ਕਿ ਅਦਾਲਤਾਂ ਵਿਚ ਵੀ ਨਿੱਠ ਕੇ ਜੰਗ ਦਾ ਨਜ਼ਾਰਾ ਪੇਸ਼ ਕਰ ਸਕਦੇ ਹਨ।

ਇਸੇ ਬਠਿੰਡੇ ਦੇ ਨਾਲ ਪੈਂਦਾ ਹੈ ਮਾਨਸਾ, ਜਿਹੜਾ ਕਦੇ ਬਠਿੰਡੇ ਜ਼ਿਲੇ ਦੀ ਇੱਕ ਤਹਿਸੀਲ ਹੁੰਦਾ ਸੀ। ਉਹ ਇਸ ਵਾਰੀ ਇੱਕ ਇਹੋ ਜਿਹੇ ਅਸਲਾ ਸਕੈਂਡਲ ਦਾ ਕੇਂਦਰ ਬਣ ਜਾਣ ਕਰ ਕੇ ਖਬਰਾਂ ਵਿਚ ਛਾ ਗਿਆ ਹੈ, ਜਿਸ ਦੀ ਜਾਂਚ ਪੰਜਾਬ ਦੇ ਅੱਧੇ ਤੋਂ ਵੱਧ ਜ਼ਿਲਿਆਂ ਤੱਕ ਜਾ ਪਹੁੰਚੀ ਹੈ। ਮਾਮਲਾ ਇਹ ਹੈ ਕਿ ਵਿਦੇਸ਼ ਦੀਆਂ ਨਾਮਣੇ ਵਾਲੀਆਂ ਕੰਪਨੀਆਂ ਦੇ ਬਣੇ ਹੋਏ ਦੱਸ ਕੇ ਓਥੋਂ ਹਥਿਆਰ ਵੇਚੇ ਜਾਂਦੇ ਸਨ, ਜਿਨ੍ਹਾਂ ਵਿਚੋਂ ਇੱਕ ਹਥਿਆਰ ਦੇ ਖਰਾਬ ਨਿਕਲਣ ਤੋਂ ਸ਼ੁਰੂ ਹੋਈ ਜਾਂਚ ਸ਼ੈਤਾਨ ਦੀ ਆਂਦਰ ਵਾਂਗ ਮੁੱਕਣ ਵਿਚ ਨਹੀਂ ਆ ਰਹੀ। ਖੁਲਾਸਾ ਇਹ ਹੋਇਆ ਕਿ ਯੂ ਪੀ ਅਤੇ ਬਿਹਾਰ ਵਿਚ ਨਾਜਾਇਜ਼ ਹਥਿਆਰ ਬਣਾਉਣ ਵਾਲੇ ਕੁਝ ਲੋਕ ਅਸਲੀ ਵਰਗਾ ਮਾਲ ਬਣਾ ਕੇ ਮੋਗੇ ਦੇ ਇੱਕ ਡੀਲਰ ਨੂੰ ਦੇਂਦੇ ਸਨ, ਉਹ ਅੱਗੇ ਇਨ੍ਹਾਂ ਲਈ ਅਮਰੀਕੀ ਕੰਪਨੀਆਂ ਦੇ ਜਾਅਲੀ ਕਾਗਜ਼ ਬਣਾ ਕੇ ਪੰਜਾਬ ਭਰ ਦੇ ਅਸਲਾ ਡੀਲਰਾਂ ਨੂੰ ਇਹੋ ਨਕਲੀ ਮਾਲ ਭੇਜ ਦੇਂਦਾ ਸੀ, ਜਿਹੜੇ ਵੇਚਣ ਦਾ ਕੰਮ ਕਰੀ ਜਾਂਦੇ ਸਨ। ਇਨ੍ਹਾਂ ਹਥਿਆਰਾਂ ਦੇ ਖਰੀਦਦਾਰਾਂ ਦੇ ਲਾਇਸੈਂਸਾਂ ਦੀ ਜਾਂਚ ਹੋਈ ਤਾਂ ਨਵਾਂ ਭੇਦ ਖੁੱਲ੍ਹ ਗਿਆ ਕਿ ਸੈਂਕੜਿਆਂ ਦੇ ਹਿਸਾਬ ਨਾਲ ਬੰਦੇ ਹੀ ਨਹੀਂ ਲੱਭਦੇ, ਜਿਨ੍ਹਾਂ ਦੇ ਲਾਇਸੈਂਸ ਵੀ ਬਣੇ ਸਨ ਤੇ ਉਨ੍ਹਾਂ ਨੇ ਇਹ ਹਥਿਆਰ ਵੀ ਖਰੀਦੇ ਸਨ।

ਜਦੋਂ ਬਾਦਲ ਸਾਹਿਬ ਦੀ ਸਰਕਾਰ ਪਿਛਲੀ ਵਾਰੀ ਬਣੀ ਸੀ, ਓਦੋਂ ਫਿਰੋਜ਼ਪੁਰ ਦੇ ਜ਼ਿਲਾ ਪੁਲਿਸ ਦੇ ਮੁਖੀ ਦੀ ਰਿਹਾਇਸ਼ ਦਾ ਪਤਾ ਦੇ ਕੇ ਸੈਂਕੜੇ ਲਾਇਸੈਂਸ ਬਣਾ ਦਿੱਤੇ ਗਏ ਸਨ, ਜਿਨ੍ਹਾਂ ਦਾ ਪਿੱਛੋਂ ਅਤਾ-ਪਤਾ ਨਹੀਂ ਸੀ ਲੱਭ ਸਕਿਆ। ਜਿਸ ਜ਼ਿਲਾ ਪੁਲਿਸ ਮੁਖੀ ਨੇ ਆਪਣੇ ਘਰ ਦੇ ਪਤੇ ਵਾਲੇ ਉਨ੍ਹਾਂ ਦੇ ਕਾਗਜ਼ ਤਸਦੀਕ ਕੀਤੇ ਸਨ, ਉਹ ਵੀ ਉਨ੍ਹਾਂ ਬਾਰੇ ਨਹੀਂ ਸੀ ਜਾਣਦਾ। ਹੁਣ ਫਿਰ ਜਦੋਂ ਉਸੇ ਕਿਸਮ ਦੇ ਇੱਕ ਅਸਲਾ ਸਕੈਂਡਲ ਦੀ ਚਰਚਾ ਛਿੜੀ ਤਾਂ ਇੱਕ ਟੀ ਵੀ ਚੈਨਲ ਨੇ ਇਹ ਟਿਪਣੀ ਕਰ ਦਿੱਤੀ ਹੈ ਕਿ ਹਰ ਵਾਰ ਏਦਾਂ ਦਾ ਦਾਗ ਅਕਾਲੀ-ਭਾਜਪਾ ਸਰਕਾਰ ਵੇਲੇ ਹੀ ਕਿਉਂ ਲੱਗਦਾ ਹੈ? ਇਸ ਟਿਪਣੀ ਦਾ ਜਵਾਬ ਕਿਸੇ ਨੇ ਵੀ ਨਹੀਂ ਦੇਣਾ, ਕਿਉਂਕਿ ਜਵਾਬ ਦੇਣਗੇ ਤਾਂ ਹੋਰ ਸੌ ਸਵਾਲ ਉਠ ਪੈਣਗੇ।

ਇੱਕ ਚਰਚਾ ਪੰਜਾਬ ਦੇ ਮੀਡੀਏ ਵਿਚ ਹੋਰ ਹੈ ਅਤੇ ਇਸ ਦਾ ਸੰਬੰਧ ਨਾ ਸਿਰਫ ਪੰਜਾਬ ਪੁਲਿਸ ਦੇ ਮੁਖੀ ਨਾਲ ਜੁੜਦਾ ਹੈ, ਸਗੋਂ ਉਸ ਤੋਂ ਕਈ ਵਾਰੀ ਇਸ ਬਾਰੇ ਪੁੱਛਿਆ ਵੀ ਗਿਆ ਹੈ, ਪਰ ਉਹ ਹੱਸ ਕੇ ਟਾਲ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਕੁਝ ਮਹੀਨੇ ਬਾਅਦ ਜਦੋਂ ਉਹ ਪੁਲਿਸ ਦੀ ਨੌਕਰੀ ਤੋਂ ਰਿਟਾਇਰ ਹੋ ਜਾਣਗੇ ਤਾਂ ਅਗਲੀ ਵਾਰ ਦੀਆਂ ਵਿਧਾਨ ਸਭਾ ਚੋਣਾਂ ਲਈ ਮੋਗਾ ਸੀਟ ਤੋਂ ਅਕਾਲੀ ਟਿਕਟ ਉਤੇ ਚੋਣ ਲੜਨਗੇ। ਇਨ੍ਹੀਂ ਦਿਨੀਂ ਪੰਜਾਬ ਦੇ ਤਿੰਨ ਸੇਵਾ ਮੁਕਤ ਹੋ ਚੁੱਕੇ ਡੀ ਜੀ ਪੀ, ਇੱਕ ਡੀ ਆਈ ਜੀ ਅਤੇ ਦੋ ਜ਼ਿਲਾ ਪੁਲਿਸ ਮੁਖੀ ਰਹਿ ਚੁੱਕੇ ਸੱਜਣ ਅਕਾਲੀ ਦਲ ਜਾਂ ਕਾਂਗਰਸ ਵੱਲੋਂ ਟਿਕਟ ਦੀ ਝਾਕ ਰੱਖ ਕੇ ਚੋਣ ਦੀ ਤਿਆਰੀ ਕਰ ਰਹੇ ਹਨ, ਜੇ ਪੰਜਾਬ ਪੁਲਿਸ ਦੇ ਅਜੋਕੇ ਮੁਖੀ ਦਾ ਇਹੋ ਜਿਹਾ ਇਰਾਦਾ ਹੈ, ਉਹ ਵੀ ਜੀਅ ਸਦਕੇ ਚੋਣ ਲੜਨ ਪਰ ਆਪਣੀ ਜ਼ਿਮੇਵਾਰੀ ਤਾਂ ਨਿਭਾਉਣ। ਲੋਕ ਕਹਿ ਰਹੇ ਹਨ ਕਿ ਮੋਗੇ ਤੋਂ ਕਿਸੇ ਅਣਜਾਣੇ ਜਿਹੇ ਬੰਦੇ ਦਾ ਫੋਨ ਵੀ ਆ ਜਾਵੇ ਤਾਂ ਪੁਲਿਸ ਮੁਖੀ ਸਾਹਿਬ ਝਟਪਟ ਸੁਣਦੇ ਹਨ ਕਿ ਕੱਲ੍ਹ ਨੂੰ ਇਸ ਦੀ ਵੀ ਲੋੜ ਪੈ ਸਕਦੀ ਹੈ ਪਰ ਓਸੇ ਸ਼ਹਿਰ ਵਿਚ ਛੱਤੀ ਸਕੈਂਡਲ ਹੋ ਚੁੱਕੇ ਹਨ, ਉਨ੍ਹਾਂ ਦੀ ਚਿੰਤਾ ਹੀ ਨਹੀਂ ਜਾਪਦੀ।

ਉਤਰ ਭਾਰਤ ਦਾ ਸਭ ਤੋਂ ਵੱਡਾ ਪਾਸਪੋਰਟ ਸਕੈਂਡਲ ਵੀ ਓਸੇ ਮੋਗੇ ਸ਼ਹਿਰ ਵਿਚ ਹੋਇਆ ਸੀ, ਜਿਹੜਾ ਹਾਲੇ ਤੱਕ ਸਿਰੇ ਨਹੀਂ ਲੱਗਾ। ਕਾਲ-ਗਰਲਜ਼ ਨੂੰ ਮੋਹਰਾ ਬਣਾ ਕੇ ਸਾਊ ਲੋਕਾਂ ਨੂੰ ਪੁਲਿਸ ਵਾਲਿਆਂ ਵੱਲੋਂ ਲੁੱਟਣ ਦਾ ਸਭ ਤੋਂ ਵੱਡਾ ਸਕੈਂਡਲ ਵੀ ਓਥੇ ਹੋਇਆ ਸੀ ਅਤੇ ਹੁਣ ਨਕਲੀ ਹਥਿਆਰਾਂ ਨੂੰ ਵਿਦੇਸ਼ੀ ਆਖ ਕੇ ਪੰਜਾਬ ਭਰ ਵਿਚ ਵੇਚਣ ਦੇ ਮਾਮਲੇ ਦੀ ਕੇਂਦਰੀ ਤੰਦ ਵੀ ਓਸੇ ਮੋਗੇ ਨਾਲ ਜੁੜ ਰਹੀ ਹੈ। ਲੀਡਰ ਤਾਂ ਜਿਸ ਹਲਕੇ ਦੇ ਪ੍ਰਤੀਨਿਧ ਬਣ ਜਾਣ, ਉਸ ਦੀ ਬਦਨਾਮੀ ਦੀ ਪ੍ਰਵਾਹ ਨਹੀਂ ਕਰਦੇ ਹੁੰਦੇ, ਪੁਲਿਸ ਦਾ ਮੁਖੀ ਲੀਡਰ ਬਣੇ ਜਾਂ ਨਾ ਬਣੇ, ਆਪਣੇ ਸ਼ਹਿਰ ਦੀ ਚਿੰਤਾ ਹੁਣੇ ਤੋਂ ਛੱਡ ਬੈਠਾ ਜਾਪਦਾ ਹੈ। ਲੋਕਾਂ ਨੂੰ ਉਸ ਦੇ ਬਿਆਨ ਨਹੀਂ ਚਾਹੀਦੇ, ਉਨ੍ਹਾਂ ਬਿਆਨਾਂ ਦੇ ਅਮਲੀ ਨਤੀਜੇ ਚਾਹੀਦੇ ਹਨ, ਜਿਹੜੇ ਹਾਲੇ ਤੱਕ ਮਿਲ ਨਹੀਂ ਰਹੇ।

ਤੇ ਆਖਰੀ ਗੱਲ ਇਹ ਕਿ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੂੰ ਇਹ ਚਿੰਤਾ ਕਿਉਂ ਨਹੀਂ ਕਿ ਸਰਕਾਰ ਦਾ ਇਹ ਆਖਰੀ ਸਾਲ ਹੈ? ਇਸ ਆਖਰੀ ਸਾਲ ਵਿਚ ਉਹ ਕੁਝ ਸਾਹਮਣੇ ਆ ਰਿਹਾ ਹੈ, ਜਿਸ ਤੋਂ ਜਾਪਦਾ ਹੀ ਨਹੀ ਕਿ ਏਥੇ ਕੋਈ ਸਰਕਾਰ ਵੀ ਹੈ। ਜਿਹੜੇ ਆਖਰੀ ਮਾਮਲੇ ਦਾ ਅਸੀਂ ਜ਼ਿਕਰ ਕਰਨ ਲੱਗੇ ਹਾਂ, ਇਹ ਸਿਰਫ ਅੱਜ ਵਾਲੀ ਸਰਕਾਰ ਨਾਲ ਸੰਬੰਧਤ ਨਹੀਂ, ਉਨ੍ਹਾਂ ਲੋਕਾਂ ਨਾਲ ਵੀ ਹੈ, ਜਿਹੜੇ ਹੁਣ ਵਾਲਿਆਂ ਦੀ ਨੁਕਤਾਚੀਨੀ ਹੁੰਦੀ ਸੁਣ ਕੇ ਕੱਛਾਂ ਵਜਾਉਂਦੇ ਹਨ। ਪਤਾ ਇਹ ਲੱਗਾ ਹੈ ਕਿ ਅੱਜ ਤੋਂ ਅਠਾਈ ਕੁ ਸਾਲ ਪਹਿਲਾਂ ਸੰਗਰੂਰ ਦੀ ਇੱਕ ਦਵਾਈਆਂ ਵਾਲੀ ਫੈਕਟਰੀ ਨਾਲ ਪੰਜਾਬ ਦੇ ਸਿਹਤ ਵਿਭਾਗ ਨੇ ਦਵਾਈਆਂ ਖਰੀਦਣ ਦਾ ਸੌਦਾ ਕੀਤਾ ਸੀ ਪਰ ਉਹ ਸਿਰਫ ਤਿੰਨ ਸਾਲ ਬਾਅਦ ਕੰਮ ਬੰਦ ਕਰ ਗਈ। ਜਿਸ ਕੰਪਨੀ ਬਾਰੇ ਪੰਜਾਬ ਸਰਕਾਰ ਦੇ ਇੰਡਸਟਰੀ ਵਿਭਾਗ ਨੂੰ ਅੱਜ ਤੋਂ ਪੰਝੀ ਸਾਲ ਪਹਿਲਾਂ ਪਤਾ ਲੱਗ ਗਿਆ ਕਿ ਉਸ ਕੰਪਨੀ ਨੂੰ ਤਾਲਾ ਲੱਗ ਗਿਆ ਹੈ, ਉਸ ਕੋਲੋਂ ਸਿਹਤ ਮਹਿਕਮਾ ਹੁਣ ਤੱਕ ਹਰ ਸਾਲ ਬਾਰਾਂ ਕਰੋੜ ਰੁਪਏ ਦੇ ਕਰੀਬ ਦਵਾਈਆਂ 'ਖਰੀਦਦਾ' ਰਿਹਾ ਹੈ। ਕੁਝ ਸਾਲ ਪਹਿਲਾਂ ਉਸ ਕੰਪਨੀ ਨੇ ਲਾਇਸੈਂਸ ਨਵਾਂ ਕਰਨ ਦੀ ਅਰਜ਼ੀ ਦੇ ਦਿੱਤੀ। ਮੌਕੇ ਦੀ ਜਾਂਚ ਕਰਨ ਗਏ ਅਧਿਕਾਰੀ ਦੀ ਰਿਪੋਰਟ ਆਈ ਕਿ ਓਥੇ ਤਾਲਾ ਲੱਗਾ ਹੈ, ਜਾਂਚ ਨਹੀਂ ਹੋ ਸਕਦੀ, ਮਹਿਕਮਾ ਫਿਰ ਵੀ ਓਸੇ ਕੰਪਨੀ ਦੀਆਂ ਦਵਾਈਆਂ 'ਖਰੀਦਦਾ' ਰਿਹਾ।

ਪੰਜਾਬ ਦੀ ਮੌਜੂਦਾ ਸਰਕਾਰ ਦੇ ਪਹਿਲੇ ਸਾਲ ਵਿਚ ਸਿਹਤ ਮੰਤਰੀ ਬੀਬੀ ਲਕਸ਼ਮੀ ਕਾਂਤਾ ਚਾਵਲਾ ਨੂੰ ਕਿਸੇ ਨੇ ਸ਼ਿਕਾਇਤ ਕੀਤੀ ਪਰ ਕੁਝ ਨਹੀਂ ਸੀ ਹੋਇਆ, ਕਿਉਂਕਿ ਸ਼ਿਕਾਇਤ 'ਜ਼ਬਾਨੀ' ਸੀ। ਹੁਣ ਇੱਕ ਅਫਸਰ ਦੀ ਪਹਿਲਕਦਮੀ ਉਤੇ ਜਾਂਚ ਹੋਈ ਤਾਂ ਦੋ ਸਾਬਕਾ ਡਾਇਰੈਕਟਰ ਅਤੇ ਕਈ ਹੋਰ ਇਸ ਕੇਸ ਦੇ ਦੋਸ਼ੀ ਗਰਦਾਨੇ ਜਾਣ ਲੱਗੇ ਹਨ। ਪੰਜਾਬ ਦੀ ਰਾਜਸੀ ਲੀਡਰਸ਼ਿਪ ਸਿਰਫ ਅਫਸਰਾਂ ਨੂੰ ਫਸਾ ਕੇ ਆਪ ਇਸ ਵਿਚੋਂ ਨਿਕਲਣਾ ਚਾਹੁੰਦੀ ਹੈ, ਵਰਨਾ ਜਦੋਂ ਤੋਂ ਉਹ ਕੰਪਨੀ ਬੰਦ ਹੈ ਤੇ ਇਹ ਜਾਅਲਸਾਜ਼ੀ ਚੱਲਦੀ ਗਈ ਹੈ, ਓਦੋਂ ਤੋਂ ਲੈ ਕੇ ਹੁਣ ਤੱਕ ਜਿੰਨੇ ਵੀ ਸਿਹਤ ਮੰਤਰੀ ਬਣਦੇ ਰਹੇ ਹਨ, ਉਨ੍ਹਾਂ ਸਾਰਿਆਂ ਤੋਂ ਏਨੇ ਸਮੇਂ ਦੀਆਂ ਤਨਖਾਹਾਂ, ਭੱਤੇ ਅਤੇ ਪੈਨਸ਼ਨਾਂ ਵਾਪਸ ਲੈ ਕੇ ਕਾਰਵਾਈ ਅੱਗੇ ਚੱਲਣੀ ਚਾਹੀਦੀ ਹੈ। ਜੇ ਏਡਾ ਹਨੇਰ-ਖਾਤਾ ਪਿਆ ਰਿਹਾ ਤਾਂ ਉਹ ਝੰਡੀ ਵਾਲੀਆਂ ਕਾਰਾਂ ਉਤੇ ਹੂਟਰ ਵਜਾ ਕੇ ਲੋਕਾਂ ਨੂੰ ਸੜਕਾਂ ਉਤੇ ਕਿਉਂ ਡਰਾਉਂਦੇ ਫਿਰਦੇ ਸਨ? ਜਵਾਬਦੇਹੀ ਰਾਜਸੀ ਲੀਡਰਸ਼ਿਪ ਤੋਂ ਸ਼ੁਰੂ ਕੀਤੀ ਜਾਵੇ ਤਾਂ ਬਾਕੀ ਵੀ ਆਪੇ ਸੁਧਰ ਜਾਣਗੇ।

ਇਸ ਆਖਰੀ ਗੱਲ ਦਾ ਸੰਬੰਧ ਪੰਜਾਬ ਵਿਚ ਹੋ ਰਹੇ ਕਤਲਾਂ ਨਾਲ ਭਾਵੇਂ ਨਹੀਂ, ਇਸ ਤੋਂ ਸਾਡੇ ਲੋਕਾਂ ਨੂੰ ਇਹ ਜਾਣਨ ਦੀ ਸੌਖ ਰਹੇਗੀ ਕਿ ਪੰਜਾਬ ਕਿਸ ਨਿਘਾਰ ਦਾ ਸ਼ਿਕਾਰ ਹੋ ਚੁੱਕਾ ਹੈ, ਤੇ ਹਾਲੇ ਹੋਰ ਹੋਈ ਜਾ ਰਿਹਾ ਹੈ।

#


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੁਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਗੁਜਰਾਤ ਕਤਲੇਆਮ ਲਈ ਨਰਿੰਦਰ ਮੋਦੀ ਜ਼ਿੰਮੇਵਾਰ

## ਆਈ.ਪੀ.ਐਸ. ਅਫ਼ਸਰ ਵੱਲੋਂ ਅਹਿਮ ਖੁਲਾਸਾ



**ਅਹਿਮਦਾਬਾਦ:** ਗੁਜਰਾਤ ਦੰਗਿਆਂ ਵਿਚ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਸ਼ਮੂਲੀਅਤ ਦਾ ਮਾਮਲਾ ਇਕ ਆਈ.ਪੀ.ਐਸ. ਅਫ਼ਸਰ ਵੱਲੋਂ ਲਾਏ ਗਏ ਦੋਸ਼ਾਂ ਨਾਲ ਮੁੜ ਸੁਰਖੀਆਂ ਵਿਚ ਆ ਗਿਆ ਹੈ। ਸੁਪਰੀਮ ਕੋਰਟ ਵਿਚ ਦਾਖ਼ਲ ਹਲਫ਼ਨਾਮੇ ਵਿਚ ਆਈ.ਪੀ.ਐਸ. ਅਫ਼ਸਰ ਸੰਜੀਵ ਭੱਟ ਨੇ ਕਿਹਾ ਕਿ 27 ਫਰਵਰੀ 2002 ਦੀ ਰਾਤ ਮੁੱਖ ਮੰਤਰੀ ਦੇ ਘਰ ਹੋਈ ਮੀਟਿੰਗ ਜਿਸ 'ਚ ਉਹ ਵੀ ਮੌਜੂਦ ਸੀ, ਦੌਰਾਨ ਮੋਦੀ ਨੇ ਪੁਲਿਸ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਸਨ ਕਿ ਹਿੰਦੂਆਂ ਨੂੰ ਮੁਸਲਮਾਨਾਂ 'ਤੇ ਆਪਣਾ ਗੁੱਸਾ ਕੱਢਣ ਤੋਂ ਨਾ ਰੋਕਿਆ ਜਾਵੇ। ਭੱਟ ਮੁਤਾਬਕ ਨਰਿੰਦਰ ਮੋਦੀ ਨੇ ਸੀਨੀਅਰ ਪੁਲਿਸ ਅਫ਼ਸਰਾਂ ਨੂੰ ਕਿਹਾ ਸੀ ਕਿ ਗੋਦਰਾ 'ਚ ਸਾਬਰਮਤੀ ਐਕਸਪ੍ਰੈਸ ਨੂੰ ਫੂਕੇ ਜਾਣ ਕਾਰਨ ਹਿੰਦੂ ਗੁੱਸੇ ਵਿਚ ਹਨ। ਇਸ ਸਮੇਂ ਮੁਸਲਮਾਨਾਂ ਨੂੰ ਸਬਕ ਸਿਖਾਉਣ ਦੀ ਲੋੜ ਹੈ ਤਾਂਕਿ ਉਹ ਮੁੜ ਅਜਿਹਾ ਕਰਨ ਦੀ ਹਿੰਮਤ ਨਾ ਕਰ ਸਕਣ। ਸੰਜੀਵ ਭੱਟ ਨੇ ਦੱਸਿਆ ਕਿ ਉਹ 14 ਅਪਰੈਲ ਨੂੰ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਦਾਇਰ ਕੀਤਾ ਸੀ ਜੋ ਵਿਸ਼ੇਸ਼ ਜਾਂਚ ਟੀਮ ਵੱਲੋਂ ਕੀਤੀ ਪੜਤਾਲ ਨਾਲ ਸਬੰਧਤ ਸੀ।

ਜ਼ਿਕਰਯੋਗ ਹੈ ਕਿ 2002 ਦੇ ਦੰਗਿਆਂ ਦੌਰਾਨ ਸੰਜੀਵ ਭੱਟ ਸੂਬੇ ਦੇ ਖ਼ੁਫ਼ੀਆ ਬਿਊਰੋ ਦੇ ਡੀ.ਸੀ.ਪੀ. ਸਨ। ਮੌਜੂਦਾ ਸਮੇਂ ਵਿਚ ਉਹ ਸੂਬਾ ਰੀਜ਼ਰਵ ਪੁਲਿਸ ਦੇ ਜੂਨਾਗੜ੍ਹ ਜ਼ਿਲ੍ਹੇ ਵਿਚ ਸਿਖਲਾਈ ਕੇਂਦਰ 'ਚ ਪ੍ਰਿੰਸੀਪਲ ਦੇ ਅਹੁਦੇ 'ਤੇ ਤਾਇਨਾਤ ਹਨ ਤੇ ਉਨ੍ਹਾਂ ਨੇ ਇਹ ਹਲਫ਼ਨਾਮਾ ਜ਼ਕੀਆ ਜਾਫ਼ਰੀ ਮਾਮਲੇ ਵਿਚ ਦਾਖ਼ਲ ਕੀਤਾ। ਜ਼ਕੀਆ ਜਾਫ਼ਰੀ ਦੇ ਪਤੀ ਅਹਿਸਾਨ ਜਾਫ਼ਰੀ ਜੋ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸਨ, ਨੂੰ ਭੀੜ ਨੇ ਜਿਊਂਦਾ ਸਾੜ ਦਿੱਤਾ ਸੀ। ਸੰਜੀਵ ਭੱਟ ਨੇ ਦੋਸ਼ ਲਾਇਆ ਕਿ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਖ਼ੁਫ਼ੀਆ ਵਿਭਾਗ ਦੇ ਅਧਿਕਾਰੀਆਂ ਨੂੰ ਅਸਲੀਅਤ ਲਿਖਣ ਤੋਂ ਮਨ੍ਹਾਂ ਕਰਨ ਲਈ ਦਬਾਅ ਪਾਇਆ ਸੀ। ਐਸ.ਆਈ.ਟੀ. ਦਾ ਕਹਿਣਾ ਹੈ ਕਿ ਸੰਜੀਵ ਭੱਟ ਵੱਲੋਂ ਲਾਏ ਦੋਸ਼ ਬੇਬੁਨਿਆਦ ਹਨ।

ਉਧਰ ਆਪਣੀ ਗਵਾਹੀ ਵਿਚ ਮੋਦੀ ਨੇ ਐਸ.ਆਈ.ਟੀ. ਨੂੰ ਦੱਸਿਆ ਸੀ ਕਿ 27 ਫਰਵਰੀ ਦੀ ਮੀਟਿੰਗ ਵਿਚ ਤਾਂ ਭੱਟ ਨੂੰ ਸੱਦਿਆ ਹੀ ਨਹੀਂ ਗਿਆ ਸੀ ਕਿਉਂਕਿ ਉਹ ਉਦੋਂ ਜੂਨੀਅਰ ਸੀ। ਭੱਟ ਨੇ ਇਹ ਹੈਰਾਨੀ ਵੀ ਪ੍ਰਗਟਾਈ ਹੈ ਕਿ ਉਸ ਦਾ ਹਲਫਨਾਮਾ ਮੀਡੀਆ ਤੱਕ ਕਿਵੇਂ ਪੁੱਜਿਆ ਜਦਕਿ ਸੁਪਰੀਮ ਕੋਰਟ ਵੱਲੋਂ 2002 ਦੇ ਦੰਗਿਆਂ ਦੇ ਹੋਰ ਮਾਮਲਿਆਂ ਨਾਲ ਇਸ 'ਤੇ ਸੁਣਵਾਈ 27 ਅਪਰੈਲ ਨੂੰ ਹੋਣੀ ਸੀ। ਭੱਟ ਨੇ ਇਹ ਹਲਫ਼ਨਾਮਾ ਸਿੱਧਾ ਸੁਪਰੀਮ ਕੋਰਟ ਵਿਚ ਦਿੱਤਾ ਸੀ। ਗੁਜਰਾਤ ਸਰਕਾਰ ਦੇ ਤਰਜਮਾਨ ਜੈ ਨਰਾਇਣ ਵਿਆਸ ਨੇ ਇਸ ਹਲਫਨਾਮੇ ਨੂੰ ਪ੍ਰਗਟਾਇਆ ਗਿਆ ਵਿਚਾਰ ਕਿਹਾ ਹੈ ਜਿਸ ਦੇ ਸਹੀ ਗਲਤ ਹੋਣ ਦਾ ਫੈਸਲਾ ਸਾਰੀ ਕਾਨੂੰਨੀ ਚਾਰਾਜੋਈ ਮਗਰੋਂ ਹੋਏਗਾ।

ਗੁਜਰਾਤ ਕਾਂਗਰਸ ਦੇ ਪ੍ਰਧਾਨ ਅਰਜਨ ਮੋਧਵਾਧੀਆ ਨੇ ਕਿਹਾ ਹੈ ਕਿ ਨਿੱਕੀ-ਨਿੱਕੀ ਗੱਲ ਤੋਂ ਸੰਸਦ ਦੀ ਕਾਰਵਾਈ ਰੋਕਣ ਵਾਲੀ ਤੇ ਪ੍ਰਧਾਨ ਮੰਤਰੀ ਦਾ ਅਸਤੀਫ਼ਾ ਮੰਗਣ ਵਾਲੀ ਭਾਜਪਾ ਹਾਈ ਕਮਾਨ ਹੁਣ ਭੱਟ ਵੱਲੋਂ ਲਾਏ ਦੋਸ਼ ਦਾ ਜਵਾਬ ਦੇਵੇ। ਗੁਜਰਾਤ ਪੁਲਿਸ ਦੇ ਸਾਬਕਾ ਮੁਖੀ ਆਰ.ਬੀ. ਸ੍ਰੀ ਕੁਮਾਰ ਨੇ ਸੰਜੀਵ ਭੱਟ ਵੱਲੋਂ ਮੁੱਖ ਮੰਤਰੀ ਨਰਿੰਦਰ ਮੋਦੀ ਬਾਰੇ ਦਿੱਤੇ ਹਲਫਨਾਮੇ ਲਈ ਇਸ ਅਧਿਕਾਰੀ ਦੀ ਸ਼ਲਾਘਾ ਕੀਤੀ ਹੈ। ਗੋਧਰਾ ਦੰਗਿਆਂ ਮਗਰੋਂ ਸੂਬੇ ਵਿਚ ਹੋਈਆਂ ਘਟਨਾਵਾਂ ਲਈ ਸ੍ਰੀ ਕੁਮਾਰ ਮੋਦੀ ਸਰਕਾਰ ਵਿਰੁੱਧ ਇਕੱਲੇ ਲੜਾਈ ਲੜਦੇ ਰਹੇ ਹਨ। ਉਨ੍ਹਾਂ ਕਿਹਾ ਕਿ ਭੱਟ ਦੇ ਹਲਫਨਾਮੇ ਨਾਲ ਉਨ੍ਹਾਂ ਦੇ ਹਲਫਨਾਮੇ ਦੀ ਪੁਸ਼ਟੀ ਹੋਈ ਹੈ। ਉਨ੍ਹਾਂ ਗਿਲਾ ਜ਼ਾਹਿਰ ਕੀਤਾ ਕਿ ਵਿਸ਼ੇਸ਼ ਜਾਂਚ ਟੀਮ ਗੁਜਰਾਤ ਪੁਲਿਸ ਦੀ ਬੀ-ਟੀਮ ਵਜੋਂ ਕੰਮ ਕਰ ਰਹੀ ਹੈ। ਉਧਰ ਭਾਜਪਾ ਨੇ ਕਿਹਾ ਹੈ ਕਿ ਆਈ.ਪੀ.ਐਸ. ਅਧਿਕਾਰੀ ਸੰਜੀਵ ਭੱਟ ਵੱਲੋਂ ਪੇਸ਼ ਹਲਫ਼ਨਾਮਾ ਜ਼ਰੂਰੀ ਨਹੀਂ ਕਿ ਸੱਚਾ ਹੋਵੇ। ਭਾਜਪਾ ਦੇ ਜਨਰਲ ਸਕੱਤਰ ਅਰੁਣ ਜੇਤਲੀ ਨੇ ਕਿਹਾ ਕਿ ਸੱਚਾਈ ਦਾ ਪਤਾ ਲਾਉਣ ਦਾ ਕੰਮ ਸਰਵਉੱਚ ਅਦਾਲਤ ਨੇ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪਿਆ ਹੈ।

## ਭਾਰਤ 'ਚ ਅਮੀਰ-ਗਰੀਬ ਦੇ ਵਧ ਰਹੇ ਪਾੜੇ ਤੋਂ ਸੁਪਰੀਮ ਕੋਰਟ ਔਖੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦੇਸ਼ 'ਚ ਭੁੱਖਮਰੀ ਦੇ ਵਧਦੇ ਮਾਮਲਿਆਂ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇੱਥੇ 'ਦੋ ਭਾਰਤ' ਨਹੀਂ ਹੋ ਸਕਦੇ ਜਿੱਥੇ ਸਮਾਜ ਅਮੀਰ ਤੇ ਗ਼ਰੀਬ ਵਰਗਾਂ 'ਚ ਵੰਡੇ ਹੋਣ। ਇਸ ਦੇ ਨਾਲ ਹੀ ਜਸਟਿਸ ਦਲਵੀਰ ਭੰਡਾਰੀ ਤੇ ਦੀਪਕ ਵਰਮਾ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਬੈਂਚ ਨੇ ਯੋਜਨਾ ਕਮਿਸ਼ਨ ਨੂੰ ਕਿਹਾ ਕਿ ਉਹ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ 36 ਫ਼ੀਸਦੀ ਦੱਸਣ ਬਾਰੇ ਆਪਣੀ ਸਪਸ਼ਟ ਕਰੇ।

ਬੈਂਚ ਨੇ ਵਧੀਕ ਸਾਲਿਸਟਰ ਜਨਰਲ ਮੋਹਨ ਪਰਾਸਰਨ ਨੂੰ ਕਿਹਾ ਕਿ ਇਥੇ ਦੋ ਦੇਸ਼ ਨਹੀਂ ਹੋ ਸਕਦੇ। ਭੁੱਖਮਰੀ ਦੇ ਮੁਲਾਂਕਣ ਨੂੰ ਲੈ ਕੇ ਸਾਡੇ ਪੂਰੇ ਰਵੱਈਏ ਵਿਚ ਸਵੈ-ਵਿਰੋਧੀ ਧਾਰਨਾਵਾਂ ਹਨ। ਬੈਂਚ ਨੇ ਕਿਹਾ ਕਿ ਤੁਸੀਂ ਕਹਿੰਦੇ ਹੋ ਭਾਰਤ ਬਹੁਤ ਸ਼ਕਤੀਸ਼ਾਲੀ ਦੇਸ਼ ਹੈ ਪਰ ਇਸ ਦੇਸ਼ 'ਚ ਕਈ ਥਾਈਂ ਭੁੱਖ ਕਾਰਨ ਮੌਤਾਂ ਹੋ ਰਹੀਆਂ ਹਨ। ਇਸ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਸਰਕਾਰ ਦੀ ਉਸ ਦਲੀਲ 'ਤੇ ਹੈਰਾਨੀ ਪ੍ਰਗਟਾਈ ਕਿ ਦੇਸ਼ ਵਿਚ ਲੋੜੀਂਦਾ ਅਨਾਜ ਮੌਜੂਦ ਹੈ ਪਰ ਇੱਥੇ ਤਾਂ ਹਜ਼ਾਰਾਂ ਲੋਕ ਭੁੱਖ ਕਾਰਨ ਦਮ ਤੋੜ ਰਹੇ ਹਨ। ਪਰਾਸਰਨ ਨੇ ਅਦਾਲਤ ਨੂੰ ਕਿਹਾ ਕਿ ਸਰਕਾਰ ਭੁੱਖਮਰੀ ਦੀ ਸਮੱਸਿਆ ਨੂੰ ਘੱਟ ਕਰਨ ਤੇ ਜਨਤਕ ਵੰਡ ਪ੍ਰਣਾਲੀ ਨੂੰ ਦਰੁਸਤ ਕਰਨ ਲਈ ਵਚਨਬੱਧ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਭੁੱਖਮਰੀ ਦਾ ਪੱਧਰ ਹੇਠਾਂ ਆ ਰਿਹਾ ਹੈ। ਸਰਕਾਰੀ ਦਲੀਲ ਦੇ ਜਵਾਬ ਵਿਚ ਸੁਪਰੀਮ ਕੋਰਟ ਨੇ ਪੁੱਛਿਆ ਕਿ ਹੇਠਾਂ ਆਉਣ ਦਾ ਕੀ ਮਤਲਬ ਹੈ। ਇਸ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਅਦਾਲਤ ਨੇ ਅਖ਼ਬਾਰਾਂ ਦੀਆਂ ਉਨ੍ਹਾਂ ਖ਼ਬਰਾਂ ਦਾ ਹਵਾਲਾ ਦਿੱਤਾ ਕਿ ਦੇਸ਼ 'ਚ ਇਸ ਵਾਰ ਚੰਗੀ ਫ਼ਸਲ ਹੋਈ ਹੈ ਤੇ ਅੰਨ ਭੰਡਾਰ ਭਰੇ ਹੋਏ ਹਨ। ਸੁਪਰੀਮ ਕੋਰਟ ਦੇ ਬੈਂਚ ਨੇ ਪੁੱਛਿਆ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਖ਼ੁਸ਼ ਹੋਣ ਵਾਲੀ ਹਾਲਤ ਹੈ ਪਰ ਲੋਕਾਂ ਨੂੰ ਇਸ ਦਾ ਲਾਭ ਜੇ ਨਹੀਂ ਮਿਲਦਾ ਤਾਂ ਇਸ ਦਾ ਕੀ ਫ਼ਾਇਦਾ। ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ.ਯੂ.ਸੀ.ਐਲ.) ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਉਕਤ ਸਖ਼ਤ ਟਿੱਪਣੀਆਂ ਕੀਤੀਆਂ। ਪਟੀਸ਼ਨ 'ਚ ਜਨਤਕ ਵੰਡ ਪ੍ਰਣਾਲੀ 'ਚ ਬੇਨਿਯਮੀਆਂ ਦਾ ਦੋਸ਼ ਲਾਇਆ ਗਿਆ ਸੀ।

## ਬਰਤਾਨੀਆ 'ਚ ਭਾਰਤੀ ਵਿਦਿਆਰਥੀਆਂ ਲਈ ਵੀਜ਼ਾ ਕਾਨੂੰਨ ਹੋਰ ਸਖ਼ਤ

**ਲੰਡਨ:** ਬਰਤਾਨੀਆ ਨੇ ਭਾਰਤ ਤੇ ਹੋਰ ਗੈਰ-ਯੂਰਪੀ ਮੁਲਕਾਂ ਦੇ ਵਿਦਿਆਰਥੀਆਂ ਲਈ ਬਣੇ ਨਵੇਂ ਸਖ਼ਤ ਨਿਯਮ ਲਾਗੂ ਕਰ ਦਿੱਤੇ ਹਨ। ਦੱਸਣਯੋਗ ਡੇਵਿਡ ਕੈਮਰੌਨ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਉਹ ਵੀਜ਼ਾ ਪ੍ਰਣਾਲੀ ਦੀ ਦੁਰਵਰਤੋਂ ਰੋਕੇਗੀ ਤੇ ਆਪਣੇ ਕਾਰਜਕਾਲ ਦੌਰਾਨ ਵੱਡੇ ਪੱਧਰ 'ਤੇ ਇਨ੍ਹਾਂ ਮੁਲਕਾਂ ਤੋਂ ਹੁੰਦੀ ਲੋਕਾਂ ਦੀ ਆਮਦ ਨੂੰ ਠੱਲ੍ਹ ਪਾਏਗੀ।

ਨਵੇਂ ਨਿਯਮਾਂ 'ਚ ਵਧੇਰੇ ਸਖ਼ਤ ਤਰ੍ਹਾਂ ਦੇ ਦਾਖਲਾ ਆਧਾਰ, ਕੰਮ ਕਰਨ ਦੇ ਸੀਮਤ ਮੌਕੇ 'ਤੇ ਪੜ੍ਹਾਈ ਪੂਰੀ ਹੋਣ ਮਗਰੋਂ ਕੰਮ ਕਰਨ ਦੀ ਸਹੂਲਤ ਬੰਦ ਕਰਨਾ ਸ਼ਾਮਲ ਹੈ। ਭਾਰਤ ਤੋਂ ਇਥੇ ਆਉਂਦੇ ਤੇ ਆਪਣਾ ਖਰਚਾ ਆਪ ਚਲਾਉਂਦੇ ਵਿਦਿਆਰਥੀਆਂ ਵਿਚ ਇਹ ਰੁਝਾਨ ਬੜਾ ਆਮ ਸੀ। ਅਪਰੈਲ 2012 ਤੋਂ ਜਿਹੜਾ ਵੀ ਅਦਾਰਾ ਵਿਦਿਆਰਥੀ ਸਪਾਂਸਰ ਕਰਨੇ ਚਾਹੇਗਾ, ਉਸ ਨੂੰ ਅਤਿ ਭਰੋਸੇਯੋਗ ਸਪਾਂਸਰ (ਐਚ.ਟੀ.ਐਸ.) ਦਾ ਦਰਜਾ ਦਿੱਤਾ ਜਾਏਗਾ ਤੇ ਉਸ ਨੂੰ 2012 ਦੇ ਅੰਤ ਤੱਕ ਸਿੱਖਿਆ ਦੀ ਜਾਂਚ ਪੜਤਾਲ ਵਾਲੀ ਸੰਵਿਧਾਨ ਬਾਡੀ ਤੋਂ ਮਾਨਤਾ ਲੈਣੀ ਜ਼ਰੂਰੀ ਹੋਵੇਗੀ। ਪਹਿਲਾਂ ਇਸ ਸਾਰੇ ਕੁਝ ਦੀ ਲੋੜ ਨਹੀਂ ਪੈਂਦੀ ਸੀ ਤੇ ਮਾੜੀ ਗੁਣਵੱਤਾ ਵਾਲੇ ਕਾਲਜ ਵੀ ਸਪਾਂਸਰ ਬਣੀ ਜਾਂਦੇ ਸਨ। ਹੁਣ ਡਿਗਰੀ ਪੱਧਰ ਦੀ ਪੜ੍ਹਾਈ ਕਰਨ ਆਉਂਦੇ ਵਿਦਿਆਰਥੀਆਂ ਨੂੰ 'ਅੱਪਰ ਇੰਟਰਮੀਡੀਏਟ' ਪੱਧਰ ਤੱਕ ਅੰਗਰੇਜ਼ੀ ਬੋਲਣੀ ਜ਼ਰੂਰੀ ਹੋਏਗੀ ਜਦੋਂਕਿ ਪਹਿਲਾਂ 'ਲੋਅਰ ਇੰਟਰਮੀਡੀਏਟ' ਤੱਕ ਹੀ ਇਹ ਜ਼ਰੂਰੀ ਸੀ। ਹੁਣ ਦੁਭਾਸ਼ੀਏ ਬਿਨਾਂ ਅੰਗਰੇਜ਼ੀ ਨਾ ਬੋਲ ਸਕਣ ਵਾਲਿਆਂ ਦਾ ਦਾਖਲਾ ਇਮੀਗਰੇਸ਼ਨ ਅਧਿਕਾਰੀ ਰੋਕ ਸਕਣਗੇ। ਯੂਨੀਵਰਸਿਟੀਆਂ ਤੇ ਜਨਤਕ ਪੈਸੇ ਨਾਲ ਚੱਲਦੇ ਹੋਰ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਇਸ ਵੇਲੇ ਜਾਰੀ ਕੰਮ ਕਰਨ ਦੇ ਅਧਿਕਾਰ ਮਿਲੇ ਰਹਿਣਗੇ।

## ਭਾਰਤ ਤੇ ਚੀਨ ਤੇਜ਼ੀ ਨਾਲ ਉੱਭਰ ਰਹੀਆਂ ਸ਼ਕਤੀਆਂ: ਓਬਾਮਾ



**ਸਾਂ ਫਰਾਂਸਿਸਕੋ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤ ਤੇ ਚੀਨ ਦੀ ਦੁਹਾਈ ਦਿੰਦਿਆਂ ਅਮਰੀਕੀਆਂ ਨੂੰ ਸੰਸਾਰ 'ਚ ਹੋ ਰਹੇ ਬਦਲਾਅ ਨੂੰ ਅਪਨਾਉਣ ਦੀ ਗੱਲ ਆਖੀ ਹੈ। ਓਬਾਮਾ ਅਨੁਸਾਰ ਸੰਸਾਰ 'ਚ ਹੋ ਰਹੇ ਬਦਲਾਅ ਦੇ ਦੌਰ 'ਚ ਭਾਰਤ ਤੇ ਚੀਨ ਤੇਜ਼ੀ ਨਾਲ ਉੱਭਰ ਰਹੇ ਹਨ।

ਸੂਤਰਾਂ ਅਨੁਸਾਰ ਫੰਡ ਇਕੱਠਾ ਕਰਨ ਵਾਲੇ ਪ੍ਰੋਗਰਾਮ ਦੌਰਾਨ ਉਨ੍ਹਾਂ ਨੇ ਕਿਹਾ ਕਿ ਸੰਸਾਰ ਦੇ ਸਾਰੇ ਦੇਸ਼ਾਂ 'ਚ ਰੋਜ਼ਾਨਾ ਪਰਿਵਰਤਨ ਹੋ ਰਹੇ ਹਨ। ਭਾਰਤ ਤੇ ਚੀਨ ਵਰਗੇ ਦੇਸ਼ ਵਿਸ਼ਵ ਪੱਧਰ 'ਤੇ ਤੇਜ਼ੀ ਨਾਲ ਉੱਭਰ ਰਹੇ ਹਨ ਜਦਕਿ ਮੱਧ ਏਸ਼ੀਆ 'ਚ ਅਸਥਿਰਤਾ ਵਾਲਾ ਮਾਹੌਲ ਹੈ। ਤਕਨੀਕ ਕਾਰਨ ਸੰਸਾਰ ਬਹੁਤ ਛੋਟਾ ਹੋ ਗਿਆ ਹੈ। ਓਬਾਮਾ ਅਨੁਸਾਰ ਅਮਰੀਕਾ ਨੂੰ ਕੁਝ ਬੁਨਿਆਦੀ ਗੱਲਾਂ ਅਪਨਾਉਣੀਆਂ ਹੋਣਗੀਆਂ ਤਾਂ ਕਿ ਆਉਣ ਵਾਲੀ ਪੀੜ੍ਹੀ ਨੂੰ ਉਹ ਕੁਝ ਮਿਲੇ ਜਿਸ 'ਚ ਉਹ ਜੀਅ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਓਬਾਮਾ ਨੇ ਸਸਤੇ ਇਲਾਜ ਲਈ ਭਾਰਤ ਤੇ ਮੈਕਸੀਕੋ ਵਰਗੇ ਦੇਸ਼ਾਂ 'ਚ ਨਾ ਜਾਣ ਦੀ ਗੱਲ ਕਹੀ ਸੀ।

## ਕਨਿਸ਼ਕ ਕਾਂਡ: ਮਲਿਕ ਤੋਂ 52 ਲੱਖ ਡਾਲਰ ਵਸੂਲਣ ਦੀ ਇਜਾਜ਼ਤ

**ਵੈਨਕੂਵਰ:** ਇਕ ਅਹਿਮ ਫ਼ੈਸਲੇ ਤਹਿਤ ਕੈਨੇਡਾ ਦੀ ਸੁਪਰੀਮ ਕੋਰਟ ਨੇ ਕਨਿਸ਼ਕ ਕਾਂਡ ਮਾਮਲੇ ਵਿਚ ਕਾਨੂੰਨੀ ਪ੍ਰਕਿਰਿਆ 'ਤੇ ਖ਼ਰਚ ਹੋਈ 52 ਲੱਖ ਡਾਲਰ ਦੀ ਰਕਮ ਇਸ ਮਾਮਲੇ ਵਿਚ ਬਰੀ ਕੀਤੇ ਗਏ ਰਿਪੁਦਮਨ ਸਿੰਘ ਮਲਿਕ ਤੋਂ ਵਸੂਲਣ ਦੀ ਇਜਾਜ਼ਤ ਦੇ ਦਿੱਤੀ।



ਵੈਨਕੂਵਰ ਦੇ ਕਾਰੋਬਾਰੀ ਰਿਪੁਦਮਨ ਸਿੰਘ ਮਲਿਕ ਨੇ ਮੁਕੱਦਮੇ ਲਈ ਕਾਨੂੰਨੀ ਫ਼ੀਸ ਦੇਣ ਵਿਚ ਅਸਮਰੱਥਾ ਜ਼ਾਹਰ ਕੀਤੀ ਸੀ ਜਿਸ ਪਿੱਛੋਂ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸਰਕਾਰ ਨੂੰ 52 ਲੱਖ ਡਾਲਰ ਦਾ ਖ਼ਰਚਾ ਸਹਿਣ ਕਰਨਾ ਪਿਆ। ਜ਼ਿਕਰਯੋਗ ਹੈ ਕਿ ਏਅਰ ਇੰਡੀਆ ਦਾ ਕਨਿਸ਼ਕ ਜਹਾਜ਼ ਜੋ ਮਾਂਟ੍ਰੀਆਲ ਤੋਂ ਦਿੱਲੀ ਆ ਰਿਹਾ ਸੀ, 23 ਜੂਨ 1985 ਨੂੰ ਆਇਰਲੈਂਡ ਨੇੜੇ ਧਮਾਕੇ ਨਾਲ ਉਡ ਗਿਆ ਸੀ। ਮਾਮਲੇ ਦਾ ਮੁੱਖ ਮੁਲਜ਼ਮ ਤਲਵਿੰਦਰ ਸਿੰਘ ਪਰਮਾਰ 1992 ਵਿਚ ਪੰਜਾਬ ਵਿਚੇ ਹੋਏ ਮੁਕਾਬਲੇ ਵਿਚ ਮਾਰਿਆ ਗਿਆ ਸੀ ਜਦਕਿ ਅਜੈਬ ਸਿੰਘ ਬਾਗੜੀ ਤੇ ਰਿਪੁਦਮਨ ਸਿੰਘ ਮਲਿਕ ਨੂੰ 2005 ਵਿਚ ਬਰੀ ਕਰ ਦਿਤਾ ਗਿਆ ਸੀ।

## ਇਕਬਾਲ ਸਿੰਘ ਇਕ ਹੋਰ ਵਿਵਾਦ 'ਚ ਘਿਰੇ

**ਨਵੀਂ ਦਿੱਲੀ:** ਟੈਕਸ ਚੋਰ ਹਸਨ ਅਲੀ ਖਾਨ ਨਾਲ ਸਬੰਧਾਂ ਦੇ ਮਾਮਲੇ 'ਚ ਘਿਰੇ ਪੁੱਡੂਚੇਰੀ ਦੇ ਉਪ ਰਾਜਪਾਲ ਇਕਬਾਲ ਸਿੰਘ ਨੂੰ ਕਿਸੇ ਪਾਸਿਓਂ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ ਤੇ ਇਸ ਦੇ ਨਾਲ ਹੀ ਉਹ ਹੁਣ ਇਕ ਹੋਰ ਨਵੇਂ ਵਿਵਾਦ ਵਿਚ ਘਿਰ ਗਏ ਹਨ।

ਇਕ ਨਿੱਜੀ ਟੀ.ਵੀ. ਚੈਨਲ ਨੇ ਖ਼ੁਲਾਸਾ ਕੀਤਾ ਹੈ ਕਿ ਇਕਬਾਲ ਸਿੰਘ ਦੇ ਪੁੱਤਰਾਂ ਤੇ ਉਨ੍ਹਾਂ ਦੇ ਦੋਸਤਾਂ ਨੇ ਸਾਲ 2010 ਵਿਚ ਪੁੱਡੂਚੇਰੀ 'ਚ ਮੈਡੀਕਲ ਕਾਲਜ ਖੋਲ੍ਹਣ ਲਈ ਟਰੱਸਟ ਬਣਾਇਆ ਸੀ। ਇਕਬਾਲ ਸਿੰਘ ਦਾ ਇਕ ਖ਼ਾਸੋ-ਖ਼ਾਸ ਡਾ. ਤੇਜਿੰਦਰਪਾਲ ਸਿੰਘ ਟਰੱਸਟ ਦਾ ਮੁਖੀ ਹੈ। ਚੈਨਲ ਵੱਲੋਂ ਪੇਸ਼ ਸਬੂਤ ਮੁਤਾਬਕ ਉਪ ਰਾਜਪਾਲ ਦਾ ਇਕ ਪੁੱਤਰ ਅਮਰਜੋਤ ਸਿੰਘ ਟਰੱਸਟ ਦਾ ਸਕੱਤਰ ਤੇ ਦੂਜਾ ਅਭੈ ਸਿੰਘ ਮੈਂਬਰ ਹੈ। ਇਕਬਾਲ ਸਿੰਘ ਵੱਲੋਂ ਉਪ-ਰਾਜਪਾਲ ਦਾ ਅਹੁਦਾ ਸੰਭਾਲਣ ਦੇ ਕਈ ਮਹੀਨਿਆਂ ਮਗਰੋਂ 25 ਮਾਰਚ 2010 ਨੂੰ ਟਰੱਸਟ ਰਜਿਸਟਰਡ ਕਰਵਾਇਆ ਗਿਆ। ਦਾਅਵਾ ਕੀਤਾ ਜਾ ਰਿਹਾ ਹੈ ਕਿ ਸਾਊਥ ਐਜੂਕੇਸ਼ਨਲ ਟਰੱਸਟ ਨੂੰ ਮੈਡੀਕਲ ਕਾਲਜ ਤੇ ਹਸਪਤਾਲ, ਡੈਂਟਲ ਕਾਲਜ, ਇੰਜਨੀਅਰਿੰਗ ਕਾਲਜ ਤੇ ਹੋਰ ਕਈ ਸਿੱਖਿਆ ਸੰਸਥਾਨ ਖੋਲ੍ਹਣ ਲਈ ਬਣਾਇਆ ਗਿਆ ਸੀ।

ਪੁੱਡੂਚੇਰੀ ਦੇ ਮੈਡੀਕਲ ਸੇਵਾਵਾਂ ਬਾਰੇ ਡਾਇਰੈਕਟਰ ਡਾ. ਦਿਲੀਪ ਕੁਮਾਰ ਬਲਿਗਾ ਨੇ ਮੰਨਿਆ ਹੈ ਕਿ ਟਰੱਸਟ ਨੂੰ ਕੋਈ ਇਤਰਾਜ਼ ਨਹੀਂ ਸਰਟੀਫਿਕੇਟ ਵੀ ਜਾਰੀ ਕੀਤਾ ਗਿਆ। ਉਧਰ 'ਸਾਊਥ ਐਜੂਕੇਸ਼ਨਲ ਟਰੱਸਟ' ਦੇ ਚੇਅਰਮੈਨ ਤੇਜਿੰਦਰ ਸਿੰਘ ਉਪ ਰਾਜਪਾਲ ਦੇ ਹੱਕ ਵਿਚ ਆ ਗਏ ਹਨ। ਉਨ੍ਹਾਂ ਕਿਹਾ ਹੈ ਕਿ ਟਰੱਸਟ ਦੇ ਪ੍ਰਸਤਾਵਿਤ ਮੈਡੀਕਲ ਕਾਲਜ ਪ੍ਰਾਜੈਕਟ ਨਾਲ ਪੁੱਡੂਚੇਰੀ ਦੇ ਉਪ ਰਾਜਪਾਲ ਇਕਬਾਲ ਸਿੰਘ ਦਾ ਕੋਈ ਲੈਣਾ ਦੇਣਾ ਨਹੀਂ ਹੈ।

ਦੱਸਣਯੋਗ ਹੈ ਕਿ ਇਹ ਵਿਵਾਦ ਉਦੋਂ ਸਾਹਮਣੇ ਆਇਆ ਜਦੋਂ ਇਹ ਖ਼ਬਰਾਂ ਆਈਆਂ ਕਿ ਉਕਤ ਟਰੱਸਟ ਜੋ ਕਰਾਈਕਲ 'ਚ ਮੈਡੀਕਲ ਕਾਲਜ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ, 'ਚ ਇਕਬਾਲ ਸਿੰਘ ਦੇ ਪਰਿਵਾਰ ਦੇ ਮੈਂਬਰ ਸ਼ਾਮਲ ਹਨ। ਸ. ਤੇਜਿੰਦਰ ਸਿੰਘ ਨੇ ਉਕਤ ਖ਼ਬਰਾਂ ਨੂੰ ਖ਼ਾਰਜ ਕਰਦਿਆਂ ਇਨ੍ਹਾਂ ਨੂੰ ਟਰੱਸਟ ਦਾ ਅਕਸ ਖ਼ਰਾਬ ਕਰਨ ਵਾਲੀਆਂ ਤੇ ਨਿਰਾਧਾਰ ਕਰਾਰ ਦਿੰਦਿਆਂ ਕਿਹਾ ਕਿ ਸ. ਇਕਬਾਲ ਸਿੰਘ ਦਾ ਮੈਡੀਕਲ ਕਾਲਜ ਪ੍ਰਾਜੈਕਟ ਨਾਲ ਕੋਈ ਸੰਬੰਧ ਨਹੀਂ। ਉਨ੍ਹਾਂ ਕਿਹਾ ਕਿ ਟਰੱਸਟ ਦੇ ਛੇ ਮੈਂਬਰਾਂ ਵਿਚੋਂ ਤਿੰਨ ਮੈਂਬਰ ਅਸਤੀਫ਼ਾ ਦੇ ਚੁੱਕੇ ਹਨ ਜਿਨ੍ਹਾਂ 'ਚੋਂ ਦੋ ਉਪ ਰਾਜਪਾਲ ਦੇ ਪੁੱਤਰ ਵੀ ਸ਼ਾਮਲ ਹਨ। ਤੇਜਿੰਦਰ ਸਿੰਘ ਨੇ ਕਿਹਾ ਕਿ ਪੁੱਡੂਚੇਰੀ ਸਰਕਾਰ ਨੇ ਟਰੱਸਟ ਨੂੰ ਕੋਈ ਵੀ ਜ਼ਮੀਨ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਮੈਡੀਕਲ ਕਾਲਜ ਬਣਾਉਣ ਦੀ ਯੋਜਨਾ 'ਸਾਊਥ ਐਜੂਕੇਸ਼ਨਲ ਟਰੱਸਟ' ਦੇ ਲੋਕ ਭਲਾਈ ਲਈ ਕੀਤੇ ਜਾਣ ਵਾਲੇ ਕਾਰਜਾਂ 'ਚੋਂ ਇਕ ਹੈ। ਉਨ੍ਹਾਂ ਦਾਅਵਾ ਕੀਤਾ ਕਿ ਟਰੱਸਟ ਦਾ ਅਕਸ ਧੁੰਦਲਾ ਕਰਨ ਲਈ ਇਕ 'ਸ਼ਕਤੀਸ਼ਾਲੀ ਲਾਬੀ' ਕੰਮ ਕਰ ਰਹੀ ਹੈ ਤੇ ਮੈਡੀਕਲ ਕਾਲਜ ਦੇ ਪ੍ਰਸਤਾਵਿਤ ਪ੍ਰਾਜੈਕਟ ਨਾਲ ਸ. ਇਕਬਾਲ ਦਾ ਕੋਈ ਲੈਣਾ ਦੇਣਾ ਨਹੀਂ।

## ਭ੍ਰਿਸ਼ਟਾਚਾਰ ਬਾਰੇ ਲੋਕਾਂ ਦਾ ਸਬਰ ਟੁੱਟਿਆ: ਪ੍ਰਧਾਨ ਮੰਤਰੀ

**ਸਖ਼ਤ ਕਾਨੂੰਨ ਬਣਾਉਣ ਦਾ ਭਰੋਸਾ**

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਚਿਤਾਵਨੀ ਦਿੱਤੀ ਹੈ ਕਿ ਭ੍ਰਿਸ਼ਟਾਚਾਰ ਨੂੰ ਬਰਦਾਸ਼ਤ ਕਰਨ ਦਾ ਜਨਤਾ ਦੇ ਸਬਰ ਦਾ ਬੰਨ੍ਹ ਟੁੱਟ ਚੁੱਕਿਆ ਹੈ। ਸਰਕਾਰ ਭ੍ਰਿਸ਼ਟਾਚਾਰ ਵਰਗੀ ਵੱਡੀ ਚੁਣੌਤੀ ਖ਼ਿਲਾਫ਼ ਸਖ਼ਤੀ ਨਾਲ ਨਜਿੱਠਣ ਲਈ ਪ੍ਰਤੀਬੱਧ ਹੈ ਕਿਉਂਕਿ ਦੇਸ਼ ਵਾਸੀ ਇਸ ਦੇ ਖ਼ਿਲਾਫ਼ ਤੁਰੰਤ ਤੇ ਸਖ਼ਤ ਕਾਰਵਾਈ ਚਾਹੁੰਦੇ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸੰਸਦ ਦੇ ਮੌਨਸੂਨ ਸੈਸ਼ਨ ਵਿਚ ਭ੍ਰਿਸ਼ਟਾਚਾਰ ਦੀ ਨਕੇਲ ਕਸਣ ਲਈ ਚਰਚਿਤ ਲੋਕਪਾਲ ਬਿੱਲ ਪੇਸ਼ ਕਰ ਦਿੱਤੇ ਜਾਣ ਦੀ ਆਸ ਹੈ। ਗਾਂਧੀਵਾਦੀ ਸਮਾਜ ਸੁਧਾਰਕ ਅੰਨਾ ਹਜ਼ਾਰੇ ਦੇ ਮਰਨ ਵਰਤ ਮਗਰੋਂ ਇਸ ਬਿੱਲ ਦਾ ਖਰੜਾ ਤਿਆਰ ਕਰਨ ਲਈ ਸਮਾਜ ਤੇ ਸਰਕਾਰ ਦੇ ਪੰਜ-ਪੰਜ ਮੈਂਬਰਾਂ ਵਾਲੀ ਸਾਂਝੀ ਕਮੇਟੀ ਬਣਾਈ ਗਈ ਹੈ। ਪ੍ਰਧਾਨ ਮੰਤਰੀ ਨੇ ਵਿਗਿਆਨ ਭਵਨ ਵਿਚ ਕਰਵਾਏ ਗਏ 'ਸਿਵਲ ਸਰਵਿਸ ਡੇਅ' ਮੌਕੇ ਉਦਘਾਟਨੀ ਭਾਸ਼ਣ ਵਿਚ ਕਿਹਾ ਕਿ ਅਸੀਂ ਹੁਣ ਇਹ ਗੱਲ ਪਛਾਣ ਲਈਏ ਕਿ ਜਨਤਾ ਹੁਣ ਭ੍ਰਿਸ਼ਟਾਚਾਰ ਦੇ ਮੌਜੂਦਾ ਮਾਹੌਲ ਨੂੰ ਬਿਲਕੁਲ ਬਰਦਾਸ਼ਤ ਕਰਨ ਦੇ ਰੌਂਅ 'ਚ ਨਹੀਂ ਹੈ। ਦੇਸ਼ ਵਾਸੀ ਇਸ ਖ਼ਿਲਾਫ਼ ਤੁਰੰਤ ਤੇ ਸਖ਼ਤ ਕਾਰਵਾਈ ਚਾਹੁੰਦੇ ਹਨ ਤੇ ਉਨ੍ਹਾਂ ਦੀ ਇਹ ਇੱਛਾ ਠੀਕ ਵੀ ਹੈ। ਉਨ੍ਹਾਂ ਦੇਸ਼ ਦੇ ਆਈ.ਏ.ਐਸ., ਆਈ.ਐਫ.ਐਸ., ਆਈ.ਪੀ.ਐਸ. ਤੇ ਹੋਰ ਸੀਨੀਅਰ ਅਧਿਕਾਰੀਆਂ ਨੂੰ ਕਿਹਾ ਕਿ ਦੇਸ਼ ਦੀ ਜਨਤਾ ਵਿਚ ਇਹ ਭਾਵਨਾ ਘਰ ਕਰ ਚੁੱਕੀ ਹੈ ਕਿ ਦੇਸ਼ ਦਾ ਕਾਨੂੰਨ, ਤੰਤਰ ਤੇ ਹੋਰ ਪ੍ਰਕਿਰਿਆਵਾਂ ਭ੍ਰਿਸ਼ਟਾਚਾਰ ਖ਼ਿਲਾਫ਼ ਢੁਕਵੀਂ ਕਾਰਵਾਈ ਕਰਨ ਵਿਚ ਅਸਫ਼ਲ ਹੋ ਚੁੱਕੇ ਹਨ। ਉਨ੍ਹਾਂ ਭ੍ਰਿਸ਼ਟਾਚਾਰ ਨੂੰ ਵੱਡੀ ਚੁਣੌਤੀ ਕਰਾਰ ਦਿੰਦਿਆਂ ਇਸ ਦਾ ਮੁਕਾਬਲਾ ਬੇਖੌਫ਼ ਹੋ ਕੇ ਕਰਨ ਦਾ ਸੱਦਾ ਦਿੱਤਾ।

ਉਨ੍ਹਾਂ ਇਸ ਮੌਕੇ ਵੱਡੀ ਗਿਣਤੀ ਵਿਚ ਹਾਜ਼ਰ ਅਧਿਕਾਰੀਆਂ ਨੂੰ ਕਿਹਾ ਕਿ ਤੁਹਾਡੇ ਤੋਂ ਆਸ ਹੈ ਕਿ ਤੁਸੀਂ ਉੱਚ ਅਧਿਕਾਰੀਆਂ, ਖ਼ਾਸ ਤੌਰ 'ਤੇ ਸਿਆਸੀ ਲੀਡਰਸ਼ਿਪ ਨੂੰ ਇਮਾਨਦਾਰ ਤੇ ਬੇਖ਼ੌਫ਼ ਸਲਾਹ ਦੇਵੋਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਭ੍ਰਿਸ਼ਟਾਚਾਰ ਖ਼ਿਲਾਫ਼ ਲੜਨ ਲਈ ਕਾਨੂੰਨ ਮਜ਼ਬੂਤ ਬਣਾ ਰਹੀ ਹੈ ਤੇ ਪ੍ਰਸ਼ਾਸਕੀ ਢਾਂਚੇ ਵਿਚ ਸੁਧਾਰ ਲਈ ਕਦਮ ਚੁੱਕ ਰਹੀ ਹੈ। ਮੰਤਰੀਆਂ ਦਾ ਇਕ ਸਮੂਹ ਇਸ ਬਾਰੇ ਕਾਨੂੰਨੀ ਤੇ ਪ੍ਰਸ਼ਾਸਕੀ ਪਹਿਲੂਆਂ 'ਤੇ ਨਜ਼ਰ ਮਾਰ ਰਿਹਾ ਹੈ ਤੇ ਆਸ ਹੈ ਕਿ ਉਹ ਛੇਤੀ ਆਪਣੇ ਸੁਝਾਅ ਦੇ ਦੇਵੇਗਾ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਬਾਰੇ ਸੂਹ ਦੇਣ ਵਾਲਿਆਂ ਦੇ ਬਚਾਅ ਤੇ ਨਿਆਂਇਕ ਜਵਾਬਦੇਹੀ ਬਾਰੇ ਦੋ ਬਿੱਲ ਪਹਿਲਾਂ ਹੀ ਸੰਸਦ ਵਿਚ ਪੇਸ਼ ਕੀਤੇ ਜਾ ਚੁੱਕੇ ਹਨ ਤੇ ਆਸ ਹੈ ਕਿ ਦੋਵਾਂ ਬਿੱਲਾਂ ਨੂੰ ਪਾਸ ਕਰਕੇ ਭਾਰਤ ਸੰਯੁਕਤ ਰਾਸ਼ਟਰ ਦੀ ਭ੍ਰਿਸ਼ਟਾਚਾਰ ਬਾਰੇ ਕਨਵੈਨਸ਼ਨ ਨੂੰ ਲਾਗੂ ਕਰ ਦੇਵੇਗਾ।

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੁਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

**ਗੁਰੂ ਰੂਪ ਸਾਧ ਸੰਗਤ ਜੀਓ,**

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

**ਗੁਰਦੁਆਰਾ ਸਾਹਿਬ ਦੇ ਨਵੇਂ ਪ੍ਰਾਜੈਕਟ ਦੇ ਮੁਕੰਮਲ ਹੋਣ 'ਤੇ ਸਿੱਖ ਸੰਗਤਾਂ ਵਿਚ ਬਹੁਤ ਭਾਰੀ ਉਤਸ਼ਾਹ ਹੈ। ਹਰ ਰੋਜ਼ ਹਜ਼ਾਰਾਂ ਹੀ ਸ਼ਰਧਾਲੂ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਆਉਂਦੇ ਹਨ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ। ਹੁਣ ਐਤਵਾਰ ਦੇ ਕੀਰਤਨ ਦਰਬਾਰ ਦਾ ਸਮਾਂ ਸ਼ਾਮ ਦੇ 4 ਵਜੇ ਤੱਕ ਕਰ ਦਿੱਤਾ ਗਿਆ ਹੈ। 30 ਅਪਰੈਲ ਨੂੰ ਰੈਣ ਸਭਾਈ ਕੀਰਤਨ ਦਰਬਾਰ ਹੋਵੇਗਾ। ਸਾਰੀ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਰੋਜ਼ ਹੁਮ ਹੁਮਾ ਕੇ ਗੁਰਦੁਆਰਾ ਸਾਹਿਬ ਹਾਜ਼ਰੀਆਂ ਭਰੋ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ।**



*ਅਕਾਲ ਪੁਰਖ ਦੀ ਮਿਹਰ ਨਾਲ ਸੈਨ ਹੋਜ਼ੇ ਗੁਰੂ ਘਰ ਦੀ ਸੰਗਤ ਵਲੋਂ 20 ਮਿਲੀਅਨ ਡਾਲਰ ਦੇ ਅੰਦਰ ਬਣਾਇਆ ਗਿਆ ਅਲੀਸ਼ਾਨ ਗੁਰੂ ਘਰ*

## ਗੁਰਦੁਆਰਾ ਸਾਹਿਬ 'ਤੇ ਨਵੇਂ ਕਰਜ਼ੇ ਅਤੇ ਕਿਸ਼ਤ ਬਾਰੇ ਜਾਣਕਾਰੀ

> ਸਾਰੇ ਨਵੇਂ ਪ੍ਰਾਜੈਕਟ 'ਤੇ ਤਕਰੀਬਨ 20 ਮਿਲੀਅਨ ਡਾਲਰ ਲੱਗ ਗਿਆ ਹੈ।
> ਗੁਰੂ ਘਰ ਵਲੋਂ ਸਾਢੇ 13 ਮਿਲੀਅਨ ਡਾਲਰ ਦਾ ਬੈਂਕ ਆਫ ਅਮੈਰਿਕਾ ਤੋਂ 20 ਸਾਲ ਦਾ ਲੋਨ ਲਿਆ ਗਿਆ ਹੈ।
> ਮਹੀਨਾਵਾਰ ਕਿਸ਼ਤ 65,800 ਡਾਲਰ ਹੈ, ਇਸ ਵਿਚ 30,800 ਡਾਲਰ ਵਿਆਜ ਹੈ ਅਤੇ 35,000 ਡਾਲਰ ਮੂਲ ਹੈ।
> ਵਿਆਜ ਦੀ ਦਰ ਪੌਣੇ ਤਿੰਨ ਪ੍ਰਤੀਸ਼ਤ (LIBOR + 2.5) ਹੈ।
> ਵਿਆਜ ਦੀ ਦਰ ਵਧਣ ਨਾਲ ਮਹੀਨਾਵਾਰ ਕਿਸ਼ਤ ਵਧ ਕੇ ਵੱਧ ਤੋਂ ਵੱਧ 85,000 ਡਾਲਰ ਹੋ ਸਕਦੀ ਹੈ।

## ਹੋਰ ਨਵੇਂ ਪ੍ਰਾਜੈਕਟ

*ਸੰਗਤ ਵਲੋਂ ਕਈ ਵਾਰ ਬੇਨਤੀ ਕੀਤੀ ਗਈ ਹੈ ਕਿ ਪਹਾੜੀ ਵਾਲੀ ਜ਼ਮੀਨ ਵਿਚ ਆਲੇ ਦੁਆਲੇ ਗੁਰੂ ਨਾਨਕ ਪਗਡੰਡੀ ਬਣਾਈ ਜਾਵੇ, ਜਿਸ 'ਤੇ ਥਾਂ-ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਬਹੁਤ ਵਧੀਆ ਤਰੀਕੇ ਨਾਲ ਲਿਖਿਆ ਜਾਵੇ, ਆਰਾਮ ਕਰਨ ਲਈ ਜਗ੍ਹਾ ਬਣੀਆਂ ਹੋਣ ਅਤੇ ਪੀਣ ਵਾਲੇ ਪਾਣੀ ਦਾ ਇੰਤਜ਼ਾਮ ਹੋਵੇ।

*ਨੌਰਥ ਸਾਈਡ 'ਤੇ ਖਾਲੀ ਪਈ 7 ਏਕੜ ਜ਼ਮੀਨ (ਜਿੱਥੇ ਵੱਡੇ ਪ੍ਰੋਗਰਾਮਾਂ ਤੇ ਕਾਰਾਂ ਪਾਰਕ ਕੀਤੀਆ ਜਾਂਦੀਆਂ ਹਨ) ਨੂੰ ਠੀਕ ਤਰੀਕੇ ਨਾਲ ਵਰਤੋਂ ਵਿਚ ਲਿਆਂਦਾ ਜਾਵੇ, ਪਾਰਕਿੰਗ ਲਾਟ ਬਣ ਜਾਵੇ ਜਾਂ ਖੇਡਣ ਲਈ ਗਰਾਊਂਡ ਬਣ ਜਾਵੇ ਆਦਿ।

*ਪਹਾੜੀ ਵਾਲੀ ਨਾਵਰਤੋਂ ਵਾਲੀ ਜ਼ਮੀਨ 'ਚ ਸੋਲਰ ਸਿਸਟਮ ਲੱਗ ਜਾਵੇ ਜੋ ਬਿਜਲੀ ਕੰਪਨੀ ਨੂੰ ਬਿਜਲੀ ਵੇਚ ਕੇ ਗੁਰੂ ਘਰ ਨੂੰ 10,000 ਡਾਲਰ ਪ੍ਰਤੀ ਮਹੀਨਾ ਆਮਦਨ ਦੇ ਸਕਦਾ ਹੈ। ਉਸ 'ਤੇ ਗੁਰੂ ਘਰ ਦਾ ਕੋਈ ਖਰਚ ਵੀ ਨਹੀ ਆਉਣਾ।

*10 ਅਪਰੈਲ ਨੂੰ ਨਵੇਂ ਗੁਰੂ ਘਰ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਵਾਲੇ ਦਿਨ ਸੰਗਤ ਵਿਚ ਬਹੁਤ ਭਾਰੀ ਉਤਸ਼ਾਹ ਸੀ, ਉਸ ਦਿਨ ਸੰਗਤ ਵਲੋਂ ਗੁਰੂ ਕੀ ਗੋਲਕ ਲਈ 129,000 ਡਾਲਰ ਭੇਟਾ ਕੀਤੇ ਗਏ।

*ਸੂਬੇਦਾਰ ਸੁਰਜੀਤ ਸਿੰਘ ਲਤਾਲੇ ਵਾਲੇ ਨੇ ਜਨਰਲ ਬਾਡੀ ਦੀ ਮੀਟਿੰਗ ਵਿਚ ਸੀਨੀਅਰ ਸਿਟੀਜ਼ਨਾਂ ਦੀ ਤਰਫੋਂ ਬੇਨਤੀ ਕੀਤੀ ਸੀ ਕਿ ਉਨ੍ਹਾਂ ਦੇ ਬਹਿਣ-ਉਠਣ, ਆਰਾਮ ਕਰਨ ਲਈ ਗੁਰਦੁਆਰਾ ਸਾਹਿਬ ਵਿਚ ਇਕ ਜਗ੍ਹਾ ਬਣਾਈ ਜਾਵੇ। ਪ੍ਰਬੰਧਕ ਕਮੇਟੀ ਵਲੋਂ ਇਸ ਮੰਗ 'ਤੇ ਵਿਚਾਰ ਕੀਤੀ ਜਾ ਰਹੀ ਹੈ।

## ਸੰਗਤਾਂ ਵਲੋਂ ਮਾਇਆ ਭੇਟਾ

**ਹੇਠ ਲਿਖੇ ਪਰਿਵਾਰਾਂ ਨੇ ਗੁਰੂ ਘਰ ਨੂੰ 51,000 ਡਾਲਰ ਭੇਟਾ ਕਰਕੇ ਖਾਲਸਾ ਸਕੂਲ ਦੇ ਕਮਰਿਆਂ ਦੀ ਸੇਵਾ ਲਈ ਹੈ:**

ਭੁਪਿੰਦਰ ਸਿੰਘ ਢਿੱਲੋਂ, ਹਰਦੇਵ ਸਿੰਘ ਤੱਖਰ, ਪ੍ਰੀਤਮ ਸਿੰਘ ਗਰੇਵਾਲ, ਮਹਿੰਗਾ ਸਿੰਘ ਰਾਜਾਸਾਂਸੀ, ਡਾ. ਲੀਨਾ ਸਿੰਘ, ਡਾ. ਗੁਰਿੰਦਰਪਾਲ ਸਿੰਘ, ਮਹਿੰਗਾ ਸਿੰਘ ਸੈਣੀ, ਜੱਗੀ ਕਪੂਰ, ਅਮੋਲਕ ਸਿੰਘ ਗਾਖਲ, ਪ੍ਰਿੰ. ਗੁਰਚਰਨ ਕੌਰ ਘੁੰਮਣ, ਡਾ. ਪ੍ਰਿਥੀਪਾਲ ਸਿੰਘ ਸੇਠੀ, ਡਾ. ਹਰਮੀਤ ਸਿੰਘ ਸੱਚਦੇਵ, ਜਸਵਿੰਦਰ ਸਿੰਘ ਤੇ ਸੁਰਜੀਤ ਸਿੰਘ ਸੋਹਲ, ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਦੇ ਵਿਦਿਆਰਥੀਆਂ ਦੀ ਸੰਸਥਾ ਜੈਨਕੋ।

ਭਾਈ ਦਲਜੀਤ ਸਿੰਘ ਧਾਲੂ ਪਰਿਵਾਰ ਨੇ 101,000 ਡਾਲਰ ਦੀ ਭੇਟਾ ਲਾਇਬਰੇਰੀ ਦੀ ਸੇਵਾ ਲਈ ਦਿੱਤੀ ਹੈ।

ਭਾਈ ਜਗਦੀਪ ਸਿੰਘ ਪਰਿਵਾਰ ਨੇ ਇੱਕ ਮਿਲੀਅਨ (1,000,000) ਡਾਲਰ ਗੁਰੂ ਘਰ ਨੂੰ ਭੇਟਾ ਕਰਕੇ ਸਾਰੇ ਖਾਲਸਾ ਸਕੂਲ ਦੀ ਸੇਵਾ ਲਈ ਹੈ।

ਦੋ ਹੋਰ ਪਰਿਵਾਰ ਜਲਦ ਹੀ ਗੁਰੂ ਘਰ ਨੂੰ ਇੱਕ-ਇੱਕ ਲੱਖ ਡਾਲਰ ਤੋਂ ਵੱਧ ਦੀ ਭੇਟਾ ਦੇਣ ਲਈ ਤਿਆਰੀ ਕਰ ਰਹੇ ਹਨ। ਜੇ ਕਿਸੇ ਪਰਿਵਾਰ ਨੇ ਕਮਰੇ ਦੀ ਸੇਵਾ ਲੈਣੀ ਹੋਵੇ ਤਾਂ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ ਜੀ।

## ਗੁਰੂ ਘਰ ਦੇ ਸੰਵਿਧਾਨ 'ਚ ਕੁਝ ਸੋਧਾਂ ਬਾਰੇ

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦਾ ਸੰਗਤ ਨਾਲ ਇਹ ਵਾਅਦਾ ਸੀ ਕਿ ਨਵਾਂ ਪ੍ਰਾਜੈਕਟ ਮੁਕੰਮਲ ਹੋਣ ਅਤੇ ਲੋਨ ਸਥਾਪਤ ਹੋਣ 'ਤੇ ਹੀ ਪ੍ਰਬੰਧਕ ਕਮੇਟੀ ਦੀ ਚੋਣ ਦੀ ਗੱਲ ਕੀਤੀ ਜਾਵੇਗੀ। ਇਸ ਵਾਅਦੇ ਨੂੰ ਮੁੱਖ ਰੱਖਦਿਆਂ 17 ਅਪਰੈਲ ਨੂੰ ਜਨਰਲ ਬਾਡੀ ਦੀ ਮੀਟਿੰਗ ਹੋਈ। ਇਸ ਮੀਟਿੰਗ ਦੀ 12 ਮਾਰਚ ਨੂੰ ਅਨਾਉਂਸਮੈਂਟ ਕੀਤੀ ਗਈ ਸੀ ਅਤੇ 18 ਮਾਰਚ ਨੂੰ ਨੋਟਿਸ ਬੋਰਡ ਉਤੇ ਨੋਟ ਵੀ ਲਾਇਆ ਗਿਆ ਸੀ। ਇਸ ਮੀਟਿੰਗ ਵਿਚ ਸੰਗਤ ਦਾ ਬਹੁਤ ਭਾਰੀ ਇਕੱਠ ਸੀ। ਗੁਰੂ ਘਰ ਦੀ ਮਰਯਾਦਾ ਅਨੁਸਾਰ ਅਰਦਾਸ ਕਰਕੇ ਮੀਟਿੰਗ ਦੀ ਅਰੰਭਤਾ ਹੋਈ। ਪ੍ਰਬੰਧਕ ਕਮੇਟੀ ਵਲੋਂ ਡੂੰਘੀ ਵਿਚਾਰ ਕੀਤੀ ਗਈ ਕਿ ਸਾਰੀ ਕਮੇਟੀ ਇੱਕੋ ਵਾਰ ਬਦਲਣ ਦੀ ਬਜਾਏ ਹਰ ਸਾਲ ਚਾਰ ਮੈਂਬਰਾਂ ਨੂੰ ਸੇਵਾ ਮੁਕਤ ਕੀਤਾ ਜਾਵੇ ਅਤੇ ਚਾਰ ਮੈਂਬਰ ਨਵੇਂ ਆ ਜਾਣ। ਇਸ ਮਕਸਦ ਲਈ ਸੰਵਿਧਾਨ ਵਿਚ ਕੁੱਝ ਸੋਧਾਂ ਦੀ ਤਜਵੀਜ ਜਨਰਲ ਬਾਡੀ ਸਾਹਮਣੇ ਰੱਖੀ ਗਈ। ਕੰਧ 'ਤੇ ਚੱਲ ਰਹੇ ਸਕਰੀਨ 'ਤੇ ਇਸ ਬਾਰੇ ਪੂਰਨ ਜਾਣਕਾਰੀ ਦਿੱਤੀ ਗਈ। ਹਰ ਸਾਲ ਪ੍ਰਬੰਧਕ ਕਮੇਟੀ ਮੈਂਬਰਾਂ ਦੇ ਸੇਵਾ ਮੁਕਤ ਹੋਣ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਸੰਗਤ ਨੂੰ ਪੁਛਿਆ ਗਿਆ ਕਿ ਜੇ ਤੁਸੀ ਇਨ੍ਹਾਂ ਮਤਿਆਂ ਨਾਲ ਸਹਿਮਤ ਹੋ ਤਾਂ ਹੱਥ ਖੜੇ ਕਰਕੇ ਇਨ੍ਹਾਂ ਮਤਿਆਂ ਨੂੰ ਪ੍ਰਵਾਨਗੀ ਦਿਉ। ਦੋ ਤਿਹਾਈ ਤੋਂ ਵੱਧ ਸੰਗਤ ਨੇ ਹੱਥ ਖੜ੍ਹੇ ਕਰਕੇ ਰੱਖੇ ਗਏ ਸਾਰੇ ਮਤਿਆਂ ਨੂੰ ਪ੍ਰਵਾਨਗੀ ਦਿੱਤੀ। ਸੰਗਤ ਨੇ ਪ੍ਰਬੰਧਕ ਕਮੇਟੀ ਦੀ ਭਰਪੂਰ ਸ਼ਲਾਘਾ ਕੀਤੀ ਜਿਸ ਨੇ ਬਹੁਤ ਮਿਹਨਤ ਕਰਕੇ ਇਸ ਅਲੀਸ਼ਾਨ ਗੁਰੂ ਘਰ ਨੂੰ ਬਣਾਉਣ ਵਿਚ ਇੰਨਾ ਵੱਡਾ ਯੋਗਦਾਨ ਪਾਉਣ ਤੋਂ ਬਾਦ ਆਪ ਹੀ ਸੇਵਾ ਮੁਕਤ ਹੋਣ ਦਾ ਇੱਕ ਬਹੁਤ ਵਧੀਆ ਸਿਸਟਮ ਬਣਾਇਆ ਹੈ। ਅਤੇ ਇੰਜ ਦੁਨੀਆਂ ਭਰ ਵਿਚ ਇਹ ਇੱਕ ਬਹੁਤ ਵੱਡੀ ਮਿਸਾਲ ਕਾਇਮ ਕੀਤੀ ਹੈ।

ਹਰ ਸਾਲ ਪ੍ਰਬੰਧਕ ਕਮੇਟੀ ਸੰਗਤ ਵਿਚੋਂ ਤਿੰਨ ਮੈਂਬਰਾਂ ਦੀ ਇੱਕ ਤਲਾਸ਼/ਨੌਮੀਨੇਸ਼ਨ ਕਮੇਟੀ ਬਣਾਵੇਗੀ। ਇਸ ਤਲਾਸ਼ ਕਮੇਟੀ ਵਿਚ ਤਿੰਨ ਮੈਂਬਰਾਂ 'ਚੋਂ ਇੱਕ ਮੈਂਬਰ ਸੇਵਾ ਮੁਕਤ ਹੋ ਰਹੇ ਪ੍ਰਬੰਧਕ ਕਮੇਟੀ ਮੈਂਬਰਾਂ 'ਚੋਂ ਵੀ ਲਿਆ ਜਾ ਸਕਦਾ ਹੈ। ਇਹ ਤਿੰਨ ਮੈਂਬਰੀ ਤਲਾਸ਼ ਕਮੇਟੀ ਸੰਗਤ ਵਿਚੋਂ ਅਜਿਹੇ 4 ਮੈਂਬਰਾਂ ਦੀ ਤਲਾਸ਼ ਕਰੇਗੀ ਜੋ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਉਣ ਲਈ ਵਧੀਆ ਤਰੀਕੇ ਨਾਲ ਸੇਵਾ ਨਿਭਾ ਸਕਦੇ ਹੋਣ। ਸੰਵਿਧਾਨ ਅਨੁਸਾਰ ਜਨਰਲ ਬਾਡੀ ਦੀ ਮੀਟਿੰਗ ਸੱਦੀ ਜਾਵੇਗੀ ਜਿਸ ਵਿਚ ਤਿੰਨ ਮੈਂਬਰੀ ਤਲਾਸ਼ ਕਮੇਟੀ ਤਲਾਸ਼ ਕੀਤੇ ਗਏ ਚਾਰ ਮੈਂਬਰਾਂ ਬਾਰੇ ਜਾਣਕਾਰੀ ਦੇਵੇਗੀ ਅਤੇ ਮੀਟਿੰਗ ਵਿਚ ਵੀ ਅਨਾਉਂਸਮੈਂਟ ਕਰੇਗੀ ਕਿ ਜੇਕਰ ਹੋਰ ਕੋਈ ਪ੍ਰਬੰਧਕ ਕਮੇਟੀ ਮੈਂਬਰ ਬਣਨਾ ਚਾਹੁੰਦਾ ਹੈ ਤਾਂ ਵਿਚਾਰ ਕੀਤੀ ਜਾ ਸਕਦੀ ਹੈ। ਇਸ ਤੋਂ ਬਾਦ ਜਨਰਲ ਬਾਡੀ ਤੋਂ ਹਰ ਇੱਕ ਨਾਮਜ਼ਦ ਮੈਂਬਰ ਦੀ ਨਿਯੁਕਤੀ ਲਈ ਪ੍ਰਵਾਨਗੀ ਲਈ ਜਾਵੇਗੀ। ਇਸ ਤਰ੍ਹਾਂ ਨਾਲ ਹਰ ਸਾਲ 4 ਪ੍ਰਬੰਧਕ ਕਮੇਟੀ ਮੈਂਬਰ ਸੇਵਾ ਮੁਕਤ ਹੋਇਆ ਕਰਨਗੇ ਅਤੇ 4 ਨਵੇਂ ਲਏ ਜਾਣਗੇ। ਸੰਵਿਧਾਨ ਅਨੁਸਾਰ ਪ੍ਰਬੰਧਕ ਕਮੇਟੀ ਮੈਂਬਰ ਐਗਜ਼ੈਕਟਿਵ ਕਮੇਟੀ ਦੀ ਚੋਣ ਕਰ ਲਿਆ ਕਰਨਗੇ। ਸੰਵਿਧਾਨ ਵਿਚ ਹੋਈਆਂ ਸੋਧਾਂ ਦੀ ਵਧੇਰੇ ਜਾਣਕਾਰੀ ਗੁਰਦੁਆਰਾ ਸਾਹਿਬ ਦੀ ਵੈਬਸਾਈਟ www.sikhgurudwarasj.org ਜਾਂ ਪ੍ਰਬੰਧਕ ਕਮੇਟੀ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## ਪ੍ਰਬੰਧਕ ਕਮੇਟੀ ਦੇ 21 ਮੈਂਬਰ ਹੇਠ ਲਿਖੇ ਅਨੁਸਾਰ ਸੇਵਾ ਮੁਕਤ ਹੋਣਗੇ

ਸਾਲ 2011: ਕੁਲਵੰਤ ਸਿੰਘ ਸਿੱਧੂ, ਮੁਹਿੰਦਰ ਸਿੰਘ ਤੱਖਰ, ਮਿਲਾਪ ਸਿੰਘ ਉਭੀ, ਮਹਿੰਗਾ ਸਿੰਘ ਰਾਜਾਸਾਂਸੀ।
ਸਾਲ 2012: ਭੁਪਿੰਦਰ ਸਿੰਘ ਢਿੱਲੋਂ, ਸੁਰਿੰਦਰ ਸਿੰਘ ਪੁਰੇਵਾਲ, ਸੁਰਜੀਤ ਸਿੰਘ ਬੈਂਸ, ਸੋਹਨ ਸਿੰਘ ਧਨੋਤਾ।
ਸਾਲ 2013: ਨੀਤੂ ਸਿੰਘ ਕਾਹਲੋਂ, ਹਰਦੇਵ ਸਿੰਘ ਤੱਖਰ, ਗੁਰਿੰਦਰਪਾਲ ਸਿੰਘ, ਹਰਭਜਨ ਸਿੰਘ ਜੌਹਲ।
ਸਾਲ 2014: ਪ੍ਰੀਤਮ ਸਿੰਘ ਗਰੇਵਾਲ, ਸਰਵਜੋਤ ਸਿੰਘ ਸਵੱਦੀ, ਰਜਿੰਦਰ ਸਿੰਘ ਮੰਘਰ, ਬਹਾਦਰ ਸਿੰਘ ਦਿਉਲ।
ਸਾਲ 2015: ਸੁਖਦੇਵ ਸਿੰਘ ਬੈਨੀਵਾਲ, ਨਰਿੰਦਰਪਾਲ ਸਿੰਘ, ਗੁਰਦੇਵ ਸਿੰਘ ਕਲਸੀ, ਕਿਰਪਾਲ ਸਿੰਘ ਅਟਵਾਲ, ਨਰਿੰਦਰ ਕੌਰ ਮਹੇੜੂ।

***ਗੁਰਦੁਆਰਾ ਸਾਹਿਬ 'ਚ ਵਿਆਹ ਸ਼ਾਦੀ ਕਰਾਉਣ ਦੀ ਭੇਟਾ ਇਸ ਪ੍ਰਕਾਰ ਹੈ ਜਿਸ ਵਿਚ ਕੀਰਤਨ ਭੇਟਾ, ਪ੍ਰਸ਼ਾਦਿ ਭੇਟਾ, ਲਾਵਾ ਭੇਟਾ ਅਤੇ ਸਫਾਈ ਦੀ ਭੇਟਾ ਸ਼ਾਮਲ ਹੈ।***

>ਨਵਾਂ ਹਾਲ 2100 ਡਾਲਰ >ਪਹਿਲਾਂ ਵਾਲਾ ਹਾਲ 1500 ਡਾਲਰ >ਦਰਸ਼ਨੀ ਡਿਉੜੀ 750 ਡਾਲਰ

ਜੇ ਕੋਈ ਪਰਿਵਾਰ ਕਿਸੇ ਕਾਰਨ ਕਰਕੇ ਗੁਰੂ ਘਰ ਨੂੰ ਵਿਆਹ ਦੀ ਮਿਥੀ ਗਈ ਭੇਟਾ ਨਹੀਂ ਦੇ ਸਕਦਾ ਤਾਂ ਉਹ ਕਮੇਟੀ ਨੂੰ ਲਿਖਤੀ ਰੂਪ ਵਿਚ ਦੇ ਦੇਵੇ, ਵਿਆਹ ਦੀ ਪਾਰਟੀ ਨਾ ਕਰੇ ਅਤੇ ਗੁਰੂ ਘਰ ਅੰਦਰ ਪੰਗਤ ਵਿਚ ਬੈਠ ਕੇ ਸਾਰੇ ਲੰਗਰ ਪ੍ਰਸ਼ਾਦਾ ਛਕਣ ਤਾਂ ਉਸ ਦੀ ਭੇਟਾ ਘਟਾਈ ਜਾਂ ਛੋਟ ਕੀਤੀ ਜਾ ਸਕਦੀ ਹੈ।

***ਵਧੇਰੇ ਜਾਣਕਾਰੀ ਲਈ ਗੁਰਦੇਵ ਸਿੰਘ ਕਲਸੀ ਨਾਲ ਸੰਪਰਕ ਕਰੋ ਜੀ***
***ਫੋਨ:408-315-7459***

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

**3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sikhgurudwarasj.org**

# ਭਾਰਤੀ ਕਰ ਰਹੇ ਨੇ ਜਮਾਇਕਾ ਦੀ ਖਾੜੀ ਨੂੰ ਪਲੀਤ

**ਨਿਊਯਾਰਕ:** ਧਾਰਮਿਕ ਸ਼ਰਧਾ 'ਚ ਅੰਨ੍ਹਾ ਹੋਇਆ ਮਨੁੱਖ ਆਪਣੀਆਂ ਧਾਰਮਿਕ ਰੀਤਾਂ ਪੂਰੀਆਂ ਕਰਨ ਲਈ ਵਾਤਾਵਰਣ ਨੂੰ ਵੀ ਨਹੀਂ ਬਖ਼ਸ਼ਦਾ ਤੇ ਇਸ ਅੰਨ੍ਹੀ ਸ਼ਰਧਾ ਕਾਰਨ ਉਹ ਸਾਫ਼-ਸੁਥਰੀ ਆਬੋ-ਹਵਾ 'ਚ ਜ਼ਹਿਰ ਘੋਲ ਰਿਹਾ ਹੈ। ਖ਼ਾਸਕਰ ਭਾਰਤੀ ਲੋਕ ਤਾਂ ਇਸ ਗੱਲ ਦੀ ਬਿਲਕੁਲ ਪ੍ਰਵਾਹ ਨਹੀਂ ਕਰਦੇ। ਨਿਊਯਾਰਕ ਦੇ ਕੁਈਨਜ਼ ਇਲਾਕੇ 'ਚ ਰਹਿੰਦੇ ਭਾਰਤੀ ਧਾਰਮਿਕ ਰੀਤਾਂ ਨਿਭਾਉਣ ਵੇਲੇ ਜਮਾਇਕਾ ਖਾੜੀ ਨੂੰ ਬੁਰੀ ਤਰ੍ਹਾਂ ਪਲੀਤ ਕਰ ਰਹੇ ਹਨ।

ਬੇਸ਼ੱਕ ਅਮਰੀਕੀ ਅਧਿਕਾਰੀ ਤੇ ਅਗਾਂਹਵਧੂ ਭਾਰਤੀ ਆਮ ਲੋਕਾਂ ਨੂੰ ਅਜਿਹਾ ਨਾ ਕਰਨ ਲਈ ਪ੍ਰੇਰਦੇ ਰਹਿੰਦੇ ਹਨ ਪਰ ਉਨ੍ਹਾਂ 'ਤੇ ਕੋਈ ਅਸਰ ਨਹੀਂ। ਇਥੇ ਤਾਇਨਾਤ ਪਾਰਕ ਰੇਂਜਰਾਂ ਦਾ ਕਹਿਣਾ ਹੈ ਕਿ ਲੋਕ ਮੁਰਦਿਆਂ ਦੀ ਸਵਾਹ, ਨਾਰੀਅਲ, ਕੱਪੜੇ, ਅਨਾਜ ਤੇ ਹੋਰ ਕਈ ਤਰ੍ਹਾਂ ਦੇ ਪਦਾਰਥ ਦਰਿਆ 'ਚ ਸੁੱਟ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਮਨ੍ਹਾ ਕਰਨ 'ਤੇ ਹਿੰਦੂ ਲੋਕਾਂ ਦਾ ਤਰਕ ਹੁੰਦਾ ਹੈ ਕਿ ਇਹ ਸਮੱਗਰੀ ਪਾਣੀ 'ਚ ਵਹਾਉਣ ਤੋਂ ਬਗੈਰ ਧਾਰਮਿਕ ਰਸਮਾਂ ਨੂੰ ਸੰਪੂਰਨ ਨਹੀਂ ਮੰਨਿਆ ਜਾਂਦਾ। ਉਂਜ ਧਰਤ ਦਿਵਸ ਮੌਕੇ ਸੈਂਕੜੇ ਹਿੰਦੂ ਲੋਕ ਜਮਾਇਕਾ ਖਾੜੀ ਦੀ ਸਫਾਈ 'ਚ ਯੋਗਦਾਨ ਪਾਉਂਦੇ ਹਨ। ਰੇਂਜਰ ਵਿਸ਼ੇਸ਼ ਤੌਰ 'ਤੇ ਧਾਰਮਿਕ ਰੀਤਾਂ ਨਿਭਾਉਣ ਆਏ ਲੋਕਾਂ ਨੂੰ ਪਾਣੀ 'ਚ ਸਮੱਗਰੀ ਵਹਾਉਣ ਤੋਂ ਰੋਕਦੇ ਹਨ ਪਰ ਨਵੇਂ ਆਏ ਪਰਵਾਸੀ ਨਿਯਮਾਂ ਤੋਂ ਅਨਜਾਣ ਹੁੰਦੇ ਹਨ। ਰੇਂਜਰ ਕਈ ਹਿੰਦੂ ਮੰਦਰਾਂ 'ਚ ਜਾ ਕੇ ਵੀ ਸਮਝਾਉਂਦੇ ਹਨ ਕਿ ਵਾਤਾਵਰਣ ਨੂੰ ਨੁਕਸਾਨ ਨਾ ਪਹੁੰਚਾਇਆ ਜਾਵੇ ਪਰ ਇਨ੍ਹਾਂ ਉਪਰਾਲਿਆਂ ਨੂੰ ਕੋਈ ਬਹੁਤਾ ਹੁੰਗਾਰਾ ਨਹੀਂ ਮਿਲਦਾ।






# ਸਤਨਾਮ ਸਿੰਘ ਚੁੰਬਰ ਨੂੰ 50ਵੇਂ ਜਨਮ ਦਿਨ ਦੀ ਬਹੁਤ ਬਹੁਤ ਮੁਬਾਰਕ

ਬਿਜਨਸਮੈਨ ਸਤਨਾਮ ਸਿੰਘ ਚੁੰਬਰ (ਬਰੈਂਟਵੁੱਡ) ਦਾ 50ਵਾਂ ਜਨਮ ਦਿਨ ਪਰਿਵਾਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਵਲੋਂ ਮਹਿਰਾਨ ਰੈਸਟੋਰੈਂਟ, ਪਿਟਸਬਰਗ ਵਿਚ ਬੜੇ ਚਾਵਾਂ ਅਤੇ ਰੀਝਾਂ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਚੁੰਬਰ ਨੂੰ ਜਨਮ ਦਿਨ ਮੁਬਾਰਕ ਕਹਿਣ ਅਤੇ ਲੰਮੀ ਉਮਰ ਤੇ ਤੰਦਰੁਸਤੀ ਦੀ ਕਾਮਨਾ ਕਰਨ ਵਾਲਿਆਂ ਵਿਚ ਉਨ੍ਹਾਂ ਦੀ ਧਰਮ ਪਤਨੀ ਬਲਵੀਰ ਕੌਰ ਚੁੰਬਰ, ਪੁੱਤਰੀ ਹਰਪ੍ਰਿਆ ਚੁੰਬਰ, ਪੁੱਤਰ ਸ਼ਾਨ ਤੇ ਸਟੀਵਨ ਚੁੰਬਰ, ਸੱਸ-ਸਹੁਰਾ ਸ੍ਰੀਮਤੀ ਪਿਆਰੀ ਤੇ ਸੋਹਣ ਸਿੰਘ, ਬਹਿਨੋਈ ਦੇਸਰਾਜ ਬੰਗੜ, ਭੈਣ ਸੰਤੋਸ਼ ਕੁਮਾਰੀ ਤੋਂ ਇਲਾਵਾ ਸੋਫੀਆ, ਸਪਨਾ, ਐਸ਼ਲੀ, ਜਸਟਿਨ, ਰੁਮਾਨ, ਮਨਜਿੰਦਰ, ਅੰਜਨਾਲਿਕਾ (ਅੰਜਲੀ), ਮੁਨੀਕ, ਅਜਲੀਨਾ, ਅਵਤਾਰ ਸਿੰਘ ਤਾਰੀ, ਸ੍ਰੀਮਤੀ ਮੀਨਾ ਆਦਿ ਰਿਸ਼ਤੇਦਾਰ ਅਤੇ ਨਜ਼ਦੀਕੀ ਹਾਜ਼ਰ ਸਨ। ਇਨ੍ਹਾਂ ਯਾਦਗਾਰੀ ਪਲਾਂ ਦੀਆਂ ਕੁਝ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ।









Sponsored Page





ਸੈਕਰਾਮੈਂਟੋ ਵਿਚ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵਲੋਂ ਕਰਵਾਏ ਗਏ ਪੰਜਵੇਂ ਹਾਕੀ ਟੂਰਨਾਮੈਂਟ ਦੌਰਾਨ ਸੋਸ਼ਲ ਡਿਵੀਜ਼ਨ ਵਿਚ ਹੇਵਰਡ ਹਾਕਸ ਦੀ ਟੀਮ ਜੇਤੂ ਰਹੀ। ਹੇਵਰਡ ਹਾਕਸ ਨੇ ਫਾਈਨਲ ਵਿਚ ਫੇਅਰਫੀਲਡ ਨੂੰ 2-1 ਦੇ ਫਰਕ ਨਾਲ ਹਰਾਇਆ। ਜੇਤੂ ਟੀਮ ਦੇ ਮੈਂਬਰ ਸਨ-ਰਜਵਾਨ ਖਾਨ, ਮੱਖਣ ਸਿੰਘ, ਪਰਮਜੀਤ ਸਿੰਘ, ਕਸ਼ਮੀਰ ਸਿੰਘ ਧੁੱਗਾ, ਹਰਜੋਤ ਧੁੱਗਾ, ਕਰਮਜੀਤ ਸਿੰਘ, ਗੁਰਨਾਮ ਸਿੰਘ, ਕੈਮ ਗਿੱਲ, ਗੁਰਮੀਤ ਸਿੰਘ, ਜੇ ਡੀ ਅਤੇ ਭੰਡਾਲ। ਇਸ ਖੇਡ ਮੇਲੇ ਵਿਚ ਮੁਖ ਮਹਿਮਾਨ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਸਨ।

*To Advertise with Punjab Times Call: 847-359-0746*












# ਪੀ ਸੀ ਐਸ ਸੈਕਰਾਮੈਂਟੋ ਦੇ 22ਵੇਂ ਮੇਲੇ ਦੀਆਂ ਮੂੰਹ ਬੋਲਦੀਆਂ ਤਸਵੀਰਾਂ



ਮੇਲੇ ਦੀ ਪ੍ਰਬੰਧਕ ਕਮੇਟੀ



'ਗਿੱਧਾ ਪੰਜਾਬਣਾਂ ਦਾ' ਟੀਮ ਗਿੱਧਾ ਪੇਸ਼ ਕਰਦੀ ਹੋਈ



ਜਸਵੰਤ ਸ਼ਾਦ, ਰਛਪਾਲ ਫਰਵਾਲਾ ਅਤੇ ਰਾਜਬੀਰ ਕੌਰ





ਮੇਲੇ ਦੌਰਾਨ ਵੱਖ ਵੱਖ ਬੁਲਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ




ਸੈਨ ਹੋਜ਼ੇ ਦੀਆਂ ਕੁੜੀਆਂ ਦਾ ਗਿੱਧਾ



'ਅਣਖੀਲੇ ਗੱਭਰੂ' ਟੀਮ ਦਾ ਭੰਗੜਾ



'ਅਜੇ ਅਕੈਡਮੀ' ਦੀ ਟੀਮ ਦਾ ਭੰਗੜਾ



ਸੈਨ ਹੋਜ਼ੇ ਦੀ ਟੀਮ ਭੰਗੜਾ ਪੇਸ਼ ਕਰਦੀ ਹੋਈ



'ਟੌਹਰ ਪੰਜਾਬਣਾਂ ਦੀ' ਟੀਮ ਗਿੱਧਾ ਪੇਸ਼ ਕਰਦੀ ਹੋਈ





'ਮਾਣ ਦੁਆਬੇ ਦਾ' ਭੰਗੜਾ ਟੀਮ 'ਚ ਹਰਮਿੰਦਰ, ਅਮ੍ਰਿਤ, ਵਰਿੰਦਰ, ਸੁਖਦੀਪ, ਕੁਲਵੀਰ, ਗੁਰਪ੍ਰੀਤ ਅਤੇ ਨਵੀ



ਅਨੂਪ ਚੀਮਾ ਅਤੇ ਤਰਲੋਕ ਸਿੰਘ



ਅਵਤਾਰ ਲੱਖਾ ਅਤੇ ਜਸਵੰਤ ਸ਼ਾਦ ਸਕਿੱਟ ਪੇਸ਼ ਕਰਦੇ ਹੋਏ



ਸੈਨ ਹੋਜ਼ੇ ਦੀ ਟੀਮ ਭੰਗੜਾ ਪੇਸ਼ ਕਰਦੀ ਹੋਈ



ਪੂਜਾ ਅਤੇ ਅਜੇ ਵਲੋਂ ਮਲਕੀ-ਕੀਮਾ ਦੀ ਪੇਸ਼ਕਾਰੀ



ਪ੍ਰੋਗਰਾਮ ਦੇਖਦੇ ਹੋਏ ਅਟਾਰਨੀ ਜਸਪ੍ਰੀਤ ਸਿੰਘ, ਅਵਤਾਰ ਡੋਡ, ਪਵਿੱਤਰ ਨਾਹਲ, ਪਰਮਜੀਤ ਧਾਲੀਵਾਲ ਅਤੇ ਜਗਜੀਤ ਸਿੰਘ ਥਾਂਦੀ



ਅਮ੍ਰਿਤ ਧਾਲੀਵਾਲ ਅਤੇ ਬਲਬੀਰ ਢਿੱਲੋਂ ਮਾਡਰਲ ਕਵੀਸ਼ਰੀ ਪੇਸ਼ ਕਰਦੇ ਹੋਏ



ਮੇਲੇ ਵਿਚ ਜੁੜੇ ਇਕੱਠ ਵਿਚ ਬੈਠੇ ਤ੍ਰਿਪਤ ਸਿੰਘ ਭੱਟੀ, ਹਰਜਿੰਦਰ ਪੰਧੇਰ ਅਤੇ ਕਮਲ ਬੰਗਾ ਤੇ ਹੋਰ




ਹਰਪ੍ਰੀਤ ਅਤੇ ਤਰਨਪ੍ਰੀਤ ਡੋਡ



ਰਿਆਕਰਮ, ਅਮਨਪ੍ਰੀਤ, ਮਨਰੂਪ ਅਤੇ ਅਵੀਤ



'ਪੰਜਾਬਣਾਂ ਦੀ ਸ਼ਾਨ' ਟੀਮ ਗਿੱਧਾ ਪੇਸ਼ ਕਰਦੀ ਹੋਈ



ਸਿੱਕੀ ਸਰਾਂ

# ਸੁਪਰੀਮ ਕੋਰਟ ਤੋਂ ਵੀ ਨਾ ਮਿਲਿਆ ਮੁਖ਼ਤਾਰਾਂ ਮਾਈ ਨੂੰ ਇਨਸਾਫ਼

**ਇਸਲਾਮਾਬਾਦ:** ਪਾਕਿਸਤਾਨੀ ਸੁਪਰੀਮ ਕੋਰਟ ਨੇ ਮੁਖਤਾਰਾਂ ਮਾਈ ਸਮੂਹਿਕ ਬਲਾਤਕਾਰ ਮਾਮਲੇ ਵਿਚ ਲਾਹੌਰ ਹਾਈ ਕੋਰਟ ਦਾ ਫੈਸਲਾ ਬਰਕਰਾਰ ਰੱਖਦਿਆਂ ਛੇ ਦੋਸ਼ੀਆਂ ’ਚੋਂ ਪੰਜ ਨੂੰ ਬਰੀ ਕਰ ਦਿੱਤਾ। ਇਸ ਔਰਤ ਨਾਲ ਸਾਲ 2002 ਵਿਚ ਕਬਾਇਲੀ ਕੌਂਸਲ ਦੇ ਹੁਕਮ ’ਤੇ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਫੈਸਲੇ ਮਗਰੋਂ ਮੁਖਤਾਰਾਂ ਮਾਈ ਨੇ ਕਿਹਾ ਕਿ ਉਸ ਦਾ ਦੇਸ਼ ਦੀ ਨਿਆਂ ਪ੍ਰਣਾਲੀ ਤੋਂ ਭਰੋਸਾ ਉਠ ਗਿਆ ਹੈ ਤੇ ਹੁਣ ਉਸ ਨੇ ਦੋਸ਼ੀਆ ਲਈ ਸਜ਼ਾ ਰੱਬ ’ਤੇ ਛੱਡ ਦਿੱਤੀ ਹੈ।

ਲਾਹੌਰ ਹਾਈ ਕੋਰਟ ਨੇ ਸਾਲ 2005 ਵਿਚ ਛੇ ਵਿਚੋਂ ਪੰਜ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਸੀ ਤੇ ਇਕ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਸ ਫੈਸਲੇ ਦਾ ਸੁਪਰੀਮ ਕੋਰਟ ਨੇ ਖੁਦ-ਬ-ਖੁਦ ਨੋਟਿਸ ਲਿਆ ਤੇ ਇਸ ਮਾਮਲੇ ਦੀ ਸੁਣਵਾਈ ਸ਼ੁਰੂ ਕਰ ਦਿੱਤੀ। ਜਸਟਿਸ ਸ਼ਕੀਰਉੱਲਾ ਜਾਨ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ 21 ਅਪਰੈਲ ਦੇ ਫੈਸਲੇ ਵਿਚ ਕਿਹਾ ਕਿ ਜੇਕਰ ਪੰਜ ਮੁਲਜ਼ਮਾਂ ’ਤੇ ਕੋਈ ਹੋਰ ਕੇਸ ਨਹੀਂ ਤਾਂ ਉਨ੍ਹਾਂ ਨੂੰ ਤੁਰੰਤ ਬਰੀ ਕਰ ਦਿੱਤਾ ਜਾਵੇ, ਜਦਕਿ ਛੇਵਾਂ ਦੋਸ਼ੀ ਅਬਦੁਲ ਖਾਲਿਦ ਉਮਰ ਕੈਦ ਦੀ ਸਜ਼ਾ ਭੁਗਤੇ।

ਉਧਰ ਫ਼ੈਸਲੇ ’ਤੇ ਦੁੱਖ ਪ੍ਰਗਟ ਕਰਦਿਆਂ ਮੁਖਤਾਰਾਂ ਮਾਈ ਨੇ ਕਿਹਾ ਕਿ ਜੇਕਰ ਸੁਪਰੀਮ ਕੋਰਟ ਨੇ ਹਾਈ ਕੋਰਟ ਵਾਲਾ ਹੀ ਫੈਸਲਾ ਸੁਣਾਉਣਾ ਸੀ ਤਾਂ ਪੰਜ ਸਾਲਾਂ ਤੋਂ ਮੈਨੂੰ ਖੱਜਲ-ਖੁਆਰ ਕਿਉਂ ਕੀਤਾ ਗਿਆ। ਮੇਰਾ ਪਾਕਿਸਤਾਨ ਦੀਆਂ ਅਦਾਲਤਾਂ ਤੋਂ ਇਤਬਾਰ ਚੁੱਕਿਆ ਗਿਆ ਹੈ ਤੇ ਹੁਣ ਆਸ ਹੈ ਕਿ ਗੁਨਾਹਗਾਰਾਂ ਨੂੰ ਖ਼ੁਦਾ ਹੀ ਸਜ਼ਾ ਦੇਵੇਗਾ। ਉਸ ਨੇ ਕਿਹਾ ਕਿ ਉਹ ਇਸ ਫੈਸਲੇ ਖ਼ਿਲਾਫ਼ ਅਪੀਲ ਕਰਨ ਬਾਰੇ ਫਿਲਹਾਲ ਕੁਝ ਨਹੀਂ ਕਹਿ ਸਕਦੀ ਤੇ ਅਦਾਲਤ ਨੇ ਬਲਾਤਕਾਰੀਆਂ ਨੂੰ ਬਰੀ ਕਰਕੇ ਉਸ ਦੀ ਜ਼ਿੰਦਗੀ ਲਈ ਖ਼ਤਰਾ ਖੜ੍ਹਾ ਕਰ ਦਿੱਤਾ ਹੈ। ਉਸ ਨੇ ਕਿਹਾ ਕਿ ਅਦਾਲਤ ਨੇ ਗੁਨਾਹਗਾਰ ਮੁਆਫ ਕਰ ਦਿੱਤੇ ਤੇ ਮੈਨੂੰ ਸਜ਼ਾ ਦੇ ਦਿੱਤੀ। ਇਸ ਦੌਰਾਨ ਦੇਸ਼ ਦੀਆਂ ਗੈਰ-ਸਰਕਾਰੀ ਸੰਸਥਾਵਾਂ ਤੇ ਹੋਰ ਜਥੇਬੰਦੀਆਂ ਨੇ ਸੁਪਰੀਮ ਕੋਰਟ ਦੇ ਫੈਸਲੇ ਖ਼ਿਲਾਫ਼ ਪ੍ਰਦਰਸ਼ਨ ਕੀਤੇ ਤੇ ਕਿਹਾ ਕਿ ਇਸ ਫੈਸਲੇ ਤੋਂ ਸਾਬਤ ਹੁੰਦਾ ਹੈ ਕਿ ਪਾਕਿਸਤਾਨ ਵਿਚ ਕੋਈ ਵੀ ਔਰਤ ਸੁਰੱਖਿਅਤ ਨਹੀਂ।



## ਅਜੇ ਵੀ ਹਾਰੀ ਨਹੀਂ ਮੁਖਤਾਰਾਂ

ਇਸਲਾਮਾਬਾਦ: ਪਾਕਿਸਤਾਨ ਦੀ ਸਰਵਉੱਚ ਅਦਾਲਤ ਨੇ ਭਾਵੇਂ ਮੁਖਤਾਰਾਂ ਮਾਈ ਨਾਲ ਬਲਾਤਕਾਰ ਕਰਨ ਵਾਲੇ ਛੇ ’ਚੋਂ ਪੰਜ ਦੀ ਰਿਹਾਈ ਦਾ ਫੈਸਲਾ ਬਹਾਲ ਰੱਖਿਆ ਹੈ ਪਰ ਇਸ ਨਾਲ ਇਸ ਦਲੇਰ ਔਰਤ ਨੇ ਅਨਿਆਂ ਖ਼ਿਲਾਫ਼ ਲੜਾਈ ’ਚ ਸਿਦਕ ਦਾ ਪੱਲਾ ਨਹੀਂ ਛੱਡਿਆ। ਪਾਕਿਸਤਾਨ ਦੀ ਰੋਜ਼ਾ ਪਾਰਕਸ ਕਹੀ ਜਾਂਦੀ ਮੁਖਤਾਰਾਂ ਨੇ ਇਹ ਫੈਸਲਾ ਆਉਣ ਤੋਂ ਫੌਰੀ ਮਗਰੋਂ ਵੈਬਸਾਈਟ ’ਤੇ ਟਵੀਟ ਕੀਤਾ ਹੈ ਕਿ ਕੋਈ ਵੀ ਅਦਾਲਤ ਉਸ ਦੀ ਅਨਿਆਂ ਵਿਰੁੱਧ ਲੜਾਈ ਦੇ ਇਰਾਦੇ ਨੂੰ ਪਸਤ ਨਹੀਂ ਕਰ ਸਕਦੀ। 2002 ’ਚ ਕਬਾਇਲੀ ਕੌਂਸਲ ਨੇ ਮੁਖਤਾਰਾਂ ਮਾਈ ਨਾਲ ਸਮੂਹਿਕ ਬਲਾਤਕਾਰ ਕੀਤੇ ਜਾਣ ਦਾ ਹੁਕਮ ਦਿੱਤਾ ਸੀ ਕਿਉਂਕਿ ਉਸ ਦੇ 12 ਸਾਲਾ ਭਰਾ ’ਤੇ ਉੱਚ ਵਰਗ ਦੇ ਮਸਤੋਈ ਕਬੀਲੇ ਦੀ ਔਰਤ ਨਾਲ ਇਸ਼ਕ ਦੇ ਦੋਸ਼ ਲੱਗੇ ਸਨ। ਮੁਖਤਾਰਾਂ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਦੇ ਫੈਸਲੇ ਨੇ ਸਿੱਧ ਕਰ ਦਿੱਤਾ ਹੈ ਕਿ ਪਾਕਿਸਤਾਨ ’ਚ ਪੁਲਿਸ ਹੀ ਸਾਰੇ ਨਿਜ਼ਾਮ ਨੂੰ ਚਲਾਉਂਦੀ ਹੈ। ਸੁਪਰੀਮ ਕੋਰਟ ਦੇ ਫੈਸਲੇ ’ਤੇ ਸਿਵਲ ਸੁਸਾਇਟੀ ਗਰੁੱਪਾਂ ਨੇ ਬਹੁਤ ਹੈਰਾਨੀ ਪ੍ਰਗਟ ਕਰਦਿਆਂ ਇਸ ਨੂੰ ਘਿਨੌਣਾ ਕਰਾਰ ਦਿੱਤਾ ਹੈ। ਇਸ ਬਾਰੇ ਕੁਝ ਸਮਾਜ ਸੇਵੀ ਸੰਸਥਾਵਾਂ ਨੇ ਸਖ਼ਤ ਟਿੱਪਣੀਆਂ ਕਰਦੇ ਹੋਏ ਕਿਹਾ ਕਿ ਅਸੀਂ ਪਿੰਡਾਂ ਦੇ ਉੱਚ ਤਬਕੇ ਨੂੰ ਖੁੱਲ੍ਹ ਦੇ ਦਿੱਤੀ ਹੈ ਕਿ ਉਹ ਆਪਣੇ ਪਿੰਡ ਦੀ ਕਿਸੇ ਵੀ ਔਰਤ ਨਾਲ ਜਬਰ-ਜਿਨਾਹ ਕਰ ਸਕਦੇ ਹਨ ਤੇ ਫਿਰ ਵੀ ਸ਼ਰੇਆਮ ਆਜ਼ਾਦ ਘੁੰਮ ਸਕਦੇ ਹਨ। ਉਨ੍ਹਾਂ ਨੇ ਮਾਈ ਨੂੰ ਵੱਡੇ ਦਿਲ ਵਾਲੀ ਤੇ ਦਲੇਰ ਔਰਤ ਕਰਾਰ ਦਿੰਦਿਆਂ ਦੱਸਿਆ ਕਿ ਅਦਾਲਤ ਤੋਂ ਮੁਆਵਜ਼ੇ ਵਜੋਂ ਜਿਹੜੀ ਰਾਸ਼ੀ ਉਸ ਨੂੰ ਮਿਲੀ ਸੀ, ਉਸ ਨੇ ਉਸ ਨਾਲ ਪਿੰਡ ’ਚ ਲੜਕੀਆਂ ਦਾ ਪਹਿਲਾ ਸਕੂਲ ਬਣਵਾਇਆ।

# ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਪੁਖਤਾ ਸਬੂਤ: ਰਹਿਮਾਨ ਮਲਿਕ

**ਇਸਲਾਮਾਬਾਦ:** ਪਾਕਿਸਤਾਨ ਦੇ ਗ੍ਰਹਿ ਮੰਤਰੀ ਏ. ਰਹਿਮਾਨ ਮਲਿਕ ਨੇ ਕਿਹਾ ਹੈ ਕਿ 2008 ਦੇ ਮੁੰਬਈ ਦਹਿਸ਼ਤੀ ਹਮਲਿਆਂ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਹੁਣ ਸਰਕਾਰ ਕੋਲ ਕਾਫੀ ਸਬੂਤ ਹਨ। ਇਸ ਕੇਸ ਦੀ ਕਾਰਵਾਈ ਨੂੰ ਤੇਜ਼ ਕਰਨ ਲਈ ਜਲਦੀ ਹੀ ਭਾਰਤ ਵਿਚ ਨਿਆਂਇਕ ਕਮਿਸ਼ਨ ਭੇਜਿਆ ਜਾਵੇਗਾ ਤੇ ਭਾਰਤੀ ਅਧਿਕਾਰੀਆਂ ਤੋਂ ਕੇਸ ਸਬੰਧਤੀ ਸਬੂਤਾਂ ਦੀਆਂ ਤਸਦੀਕ ਕਾਪੀਆਂ ਹਾਸਲ ਕੀਤੀਆਂ ਜਾਣਗੀਆਂ।

### ਦੋਵਾਂ ਦੇਸ਼ਾਂ ਨੂੰ ਤਾਲਿਬਾਨ ਤੋਂ ਖ਼ਤਰਾ ਬਰਕਰਾਰ

ਪਾਕਿਸਤਾਨ ਸਰਕਾਰ ਨੇ ਗਵਾਹਾਂ ਦੀ ਗਿਣਤੀ ਘਟਾਉਣ ਦਾ ਵੀ ਫੈਸਲਾ ਕੀਤਾ ਹੈ ਜਿਸ ਤਹਿਤ ਇਹ ਗਿਣਤੀ 105 ਤੋਂ ਘੱਟ ਕੇ 60 ਰਹਿ ਜਾਵੇਗੀ ਤਾਂ ਜੋ ਇਸ ਕੇਸ ਨੂੰ ਜਲਦੀ ਸਮੇਟਿਆ ਜਾ ਸਕੇ। ਜਨਾਬ ਮਲਿਕ ਨੇ ਇਸ ਮਾਮਲੇ ਵਿਚ ਹੋ ਰਹੀ ਦੇਰੀ ਲਈ ਦੁੱਖ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਭਾਰਤ ਵਾਂਗ ਪਾਕਿਸਤਾਨ ਵਿਚ ਵੀ ਜੁਡੀਸ਼ਲ ਪ੍ਰਕਿਰਿਆ ਚਲਦੀ ਹੈ ਤੇ ਜੁਡੀਸ਼ਰੀ ਦੀ ਸੁਤੰਤਰਤਾ ਦੀ ਕਦਰ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਿਥੋਂ ਤੱਕ ਸਾਡਾ ਸਬੰਧ ਹੈ ਅਸੀਂ ਆਪਣੀ ਬੇਹਤਰ ਕਾਰਗੁਜ਼ਾਰੀ ਕਰ ਰਹੇ ਹਾਂ ਤੇ ਅਦਾਲਤੀ ਪ੍ਰਕਿਰਿਆ ਸਾਡੇ ਹੱਥ ਵਿਚ ਨਹੀਂ ਹੈ। ਉਨ੍ਹਾਂ ਇਸ ਗੱਲ ਦਾ ਸਵਾਗਤ ਕੀਤਾ ਕਿ ਪਿਛਲੇ ਮਹੀਨੇ ਦੋਵੇਂ ਮੁਲਕਾਂ ਦੇ ਗ੍ਰਹਿ ਸਕੱਤਰਾਂ ਦੀ ਮੀਟਿੰਗ ਦੌਰਾਨ ਪਾਕਿਸਤਾਨ ਦੇ ਜੁਡੀਸ਼ਲ ਕਮਿਸ਼ਨ ਨੂੰ ਭਾਰਤ ਆਉਣ ਤੇ 26/11 ਕੇਸ ਸਬੰਧੀ ਭਾਰਤ ਵਿਚ ਮੌਜੂਦ ਸਬੂਤਾਂ ਦੀਆਂ ਤਸਦੀਕ ਕਾਪੀਆਂ ਦੇਣ ਲਈ ਸਹਿਮਤੀ ਕਾਇਮ ਹੋ ਸਕੀ।

ਸ੍ਰੀ ਮਲਿਕ ਨੇ ਇਸ ਗੱਲ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਕਿ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਜਾਂ ਸਰਕਾਰ ਦੇ ਕਿਸੇ ਹੋਰ ਵਿੰਗ ਦਾ ਮੁੰਬਈ ਹਮਲਿਆਂ ਦੀ ਸਾਜ਼ਿਸ਼ ਘੜਨ ਜਾਂ ਸਾਜ਼ਿਸ਼ੀਆਂ ਦੀ ਸਹਾਇਤਾ ਕਰਨ ਵਿਚ ਕੋਈ ਹੱਥ ਸੀ। ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਇਸ ਬਾਰੇ ਕੇਸ ਦਾ ਸਾਹਮਣਾ ਕਰ ਰਹੇ ਦੋ ਮੁੱਖ ਦੋਸ਼ੀਆਂ ਡੇਵਿਡ ਹੈਡਲੀ ਤੇ ਤਹਾਵੁੱਰ ਹੁਸੈਨ ਰਾਣਾ ਵੱਲੋਂ ਆਈ.ਐਸ.ਆਈ. ਉਤੇ ਅਜਿਹੇ ਦੋਸ਼ ਲਾਏ ਜਾ ਚੁੱਕੇ ਹਨ।



ਇਸ ਬਾਰੇ ਜਨਾਬ ਮਲਿਕ ਨੇ ਕਿਹਾ ਕਿ ਹੈਡਲੀ ਤੇ ਮਲਿਕ ਆਪਣੇ ਦੋਸ਼ਾਂ ਬਾਰੇ ਕੋਈ ਢੁਕਵਾਂ ਸਬੂਤ ਨਹੀਂ ਦੇ ਸਕੇ। ਉਨ੍ਹਾਂ ਕਿਹਾ ਕਿ ਅਸੀਂ ਦੋਸ਼ੀਆਂ ਵੱਲੋਂ ਦਿੱਤੇ ਬਿਆਨਾਂ ’ਤੇ ਯਕੀਨ ਕਿਉਂ ਕਰਦੇ ਹਾਂ। ਉਨ੍ਹਾਂ ਮੁੜ ਕਿਹਾ ਕਿ "ਮੈਂ ਦ੍ਰਿੜ੍ਹਤਾ ਨਾਲ ਇਹ ਵਚਨ ਦਿੰਦਾ ਹਾਂ ਕਿ ਆਈ.ਐਸ.ਆਈ. ਮੁੰਬਈ ਬੰਬ ਧਮਾਕਿਆਂ ਵਿਚ ਸ਼ਾਮਲ ਨਹੀਂ ਸੀ। ਉਨ੍ਹਾਂ ਕਿਹਾ ਕਿ ਮੁੰਬਈ ਬੰਬ ਧਮਾਕਿਆਂ ਦੇ ਸਾਜ਼ਿਸ਼ੀ ਭਾਰਤ ਤੇ ਪਾਕਿਸਤਾਨ ਦੋਵਾਂ ਦੇ ਦੁਸ਼ਮਣ ਸਨ ਜਿਨ੍ਹਾਂ ਨੇ ਦੋਵਾਂ ਦੇਸ਼ਾਂ ਨੂੰ ਜੰਗ ਦੀ ਕਗਾਰ ’ਤੇ ਲਿਆ ਖੜ੍ਹਾ ਕੀਤਾ ਸੀ। ਉਨ੍ਹਾਂ ਕਿਹਾ ਕਿ 2007 ਵਿਚ ਸਮਝੌਤਾ ਐਕਸਪ੍ਰੈਸ ਬੰਬ ਧਮਾਕਿਆਂ ਸਬੰਧੀ ਭਾਰਤੀ ਏਜੰਸੀਆਂ ਵੱਲੋਂ ਕੀਤੀ ਜਾਂਚ ਨਾਲ ਵੀ ਪਾਕਿਸਤਾਨ ਦੇ ਪੱਖ ਨੂੰ ਮਜ਼ਬੂਤੀ ਮਿਲਦੀ ਹੈ ਕਿ ਆਈ.ਐਸ.ਆਈ. ਮੁੰਬਈ ਬੰਬ ਧਮਾਕਿਆਂ ਵਿਚ ਸ਼ਾਮਲ ਨਹੀਂ ਸੀ।

### ਆਈ.ਐਸ.ਆਈ. ਦਾ ਹਮਲੇ ’ਚ ਹੱਥ ਹੋਣ ਤੋਂ ਇਨਕਾਰ

ਜਨਾਬ ਮਲਿਕ ਨੇ ਦੋਵਾਂ ਦੇਸ਼ਾਂ ਦੇ ਗ੍ਰਹਿ ਸਕੱਤਰਾਂ ਵਿਚ ਬੀਤੇ ਦਿਨੀਂ ਹੋਈ ਮੀਟਿੰਗ ਨੂੰ ਸ਼ੁਭ ਸੰਕੇਤ ਕਰਾਰ ਦਿੱਤਾ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਭਾਰਤ ਦੇ ਗ੍ਰਹਿ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਜਲਦੀ ਹੀ ਪਾਕਿਸਤਾਨ ਦਾ ਦੌਰਾ ਕਰਨਗੇ ਤੇ ਦੋਵਾਂ ਦੇਸ਼ਾਂ ਵਿਚ ਵੀਜ਼ਾ ਪ੍ਰਣਾਲੀ ਬਾਰੇ ਸ਼ਰਤਾਂ ਨਰਮ ਕਰਨ ਤੇ ਹਾਟਲਾਈਨ ਸਥਾਪਤ ਕਰਨ ਬਾਰੇ ਵਿਚਾਰ ਕਰਨਗੇ। ਉਨ੍ਹਾਂ ਦੱਸਿਆ ਕਿ ਦੋਵਾਂ ਦੇਸ਼ਾਂ ਵਿਚ ਸਬੰਧ ਸੁਖਾਵੇਂ ਬਣਾਉਣ ਲਈ ਜਲਦੀ ਹੀ 200 ਭਾਰਤੀ ਮਛੇਰੇ ਤੇ ਹੋਰ ਛੋਟੇ ਅਪਰਾਧੀ ਰਿਹਾਅ ਕੀਤੇ ਜਾ ਰਹੇ ਹਨ।

ਜਨਾਬ ਮਲਿਕ ਨੇ ਕਿਹਾ ਕਿ ਗੱਲਬਾਤ ਦੌਰਾਨ ਪਾਕਿਸਤਾਨ ਨੇ ਭਾਰਤ ਨੂੰ ਸੁਚੇਤ ਕੀਤਾ ਸੀ ਕਿ ਤਾਲਿਬਾਨ ਭਾਰਤ ਵਿਚ ਵੀ ਆਪਣਾ ਜਾਲ ਫੈਲਾ ਰਹੇ ਹਨ ਤੇ ਭਾਰਤ ਸਰਕਾਰ ਨੂੰ ਇਹ ਮਸਲਾ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਤੇ ਪਾਕਿਸਤਾਨ-ਦੋਹਾਂ ਨੂੰ ਤਾਲਿਬਾਨ ਤੋਂ ਬਰਾਬਰ ਦਾ ਖ਼ਤਰਾ ਹੈ ਤੇ ਦੋਹਾਂ ਨੂੰ ਰਲ ਮਿਲ ਕੇ ਇਸ ਖਤਰੇ ਦਾ ਸਾਹਮਣਾ ਕਰਨਾ ਹੋਵੇਗਾ। ਪਾਕਿਸਤਾਨ ਵਿਚ ਹਿੰਸਕ ਵਾਰਦਾਤਾਂ ਦੀ ਗਿਣਤੀ ਘਟਾਉਣ ਜਾਂ ਹਿੰਸਾ ਕੰਟਰੋਲ ਵਿਚ ਕਰਨ ਬਾਰੇ ਉਨ੍ਹਾਂ ਕਿਹਾ ਕਿ ਸਰਕਾਰ ਨੇ 'ਤਿੰਨ ਡੀ.' ਫਾਰਮੂਲਾ ਅਪਣਾਇਆ ਹੋਇਆ ਹੈ ਜਿਸ ਤਹਿਤ ਗੱਲਬਾਤ ਦੇ ਨਾਲ-ਨਾਲ ਵਿਕਾਸ ਕੰਮਾਂ ਵੱਲ ਵੀ ਧਿਆਨ ਦਿੱਤਾ ਜਾ ਰਿਹਾ ਹੈ। ਇਸ ਫਾਰਮੂਲਾ ਤੋਂ ਚੰਗੇ ਸਿੱਟੇ ਮਿਲ ਰਹੇ ਹਨ ਤੇ ਬੰਬ ਧਮਾਕਿਆਂ ਦੀ ਵਾਰਦਾਤਾਂ ਵਿਚ ਕਮੀ ਆਈ ਹੈ।

# ਭਾਰਤ-ਪਾਕਿ ਕ੍ਰਿਕਟ ਸਬੰਧਾਂ ਦੀ ਬਹਾਲੀ ਅਜੇ ਨਹੀਂ: ਨਿਰੂਪਮਾ ਰਾਓ




**ਨਵੀਂ ਦਿੱਲੀ:** ਭਾਰਤੀ ਵਿਦੇਸ਼ ਸਕੱਤਰ ਨਿਰੂਪਮਾ ਰਾਓ ਨੇ ਸਪਸ਼ਟ ਕੀਤਾ ਹੈ ਕਿ ਭਾਰਤ ਤੇ ਪਾਕਿਸਤਾਨ ਦਰਮਿਆਨ ਕ੍ਰਿਕਟ ਮੈਚ ਮੁੜ ਸ਼ੁਰੂ ਕਰਨ ਬਾਰੇ ਅਜੇ ਕੋਈ ਫੈਸਲਾ ਨਹੀਂ ਕੀਤਾ ਗਿਆ ਹਾਲਾਂਕਿ ਹੋਰਾਂ ਖੇਡਾਂ ਦੇ ਟੂਰਨਾਮੈਂਟ ਕਰਵਾਏ ਜਾ ਸਕਦੇ ਹਨ। ਭਾਰਤ ਤੇ ਪਾਕਿਸਤਾਨ ਦਰਮਿਆਨ ਕ੍ਰਿਕਟ ਡਿਪਲੋਮੇਸੀ ਤਹਿਤ ਟੈਸਟ ਮੈਚ ਤੇ ਇਕ ਰੋਜ਼ਾ ਮੈਚਾਂ ਦੀ ਲੜੀ ਬਹਾਲ ਹੋਣ ਦੀਆਂ ਕਿਆਸਰਾਈਆਂ ਦੇ ਚੱਲਦਿਆਂ ਵਿਦੇਸ਼ ਸਕੱਤਰ ਨੇ ਕਿਹਾ ਕਿ ਕ੍ਰਿਕਟ ਨੂੰ ਛੱਡ ਕੇ ਹੋਰ ਖੇਡਾਂ ਦੇ ਮੁਕਾਬਲੇ ਹੋ ਰਹੇ ਹਨ।

ਸਰਕਾਰ ਇਨ੍ਹਾਂ ਖੇਡ ਮੁਕਾਬਲਿਆਂ ਨੂੰ ਹੋਰ ਵਧਾਉਣ ਬਾਰੇ ਕੋਸ਼ਿਸ਼ਾਂ ਕਰ ਰਹੀ ਹੈ ਪਰ ਕ੍ਰਿਕਟ ਸਬੰਧ ਬਹਾਲ ਕਰਨ ਬਾਰੇ ਅਜੇ ਕੋਈ ਫੈਸਲਾ ਨਹੀਂ ਕੀਤਾ ਗਿਆ। ਨਿਰੂਪਮਾ ਰਾਓ ਨੇ ਟਵਿਟਰ ’ਤੇ ਇਸ ਗੱਲ ਦਾ ਖ਼ੁਲਾਸਾ ਕੀਤਾ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸੂਫ ਰਜ਼ਾ ਗਿਲਾਨੀ ਦਰਮਿਆਨ ਬੀਤੀ 30 ਮਾਰਚ ਨੂੰ ਵਿਸ਼ਵ ਕ੍ਰਿਕਟ ਕੱਪ ਦੇ ਸੈਮੀਫਾਈਨਲ ਮੈਚ ਦੌਰਾਨ ਹੋਈ ਗੱਲਬਾਤ ਦੇ ਬਾਅਦ ਮੀਡੀਆ ’ਚ ਰਿਪੋਰਟ ਆਈ ਸੀ ਕਿ ਦੋਵਾਂ ਦੇਸ਼ਾਂ ’ਚ ਕ੍ਰਿਕਟ ਲੜੀ ਹੋ ਸਕਦੀ ਹੈ। ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਦੇ ਹਵਾਲੇ ਨਾਲ ਵੀ ਕਿਹਾ ਗਿਆ ਸੀ ਕਿ ਮੁੰਬਈ ਹਮਲੇ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਮੁਹਿੰਮ ਜਾਰੀ ਰੱਖਣੀ ਚਾਹੀਦੀ ਹੈ ਤੇ ਕ੍ਰਿਕਟ ਮੈਚ ਵੀ ਹੁੰਦੇ ਰਹਿਣੇ ਚਾਹੀਦੇ ਹਨ।

## ਲੋਕ ਸਾਰੇ ਮੁੱਦਿਆਂ ਦੇ ਸ਼ਾਂਤਮਈ ਹੱਲ ਦੇ ਇੱਛੁਕ: ਗਿਲਾਨੀ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਕਿਹਾ ਹੈ ਕਿ ਭਾਰਤ ਤੇ ਪਾਕਿਸਤਾਨ ਦੇ ਲੋਕ ਕਸ਼ਮੀਰ ਸਮੇਤ ਸਾਰੇ ਮਾਮਲਿਆਂ ਦਾ ਸ਼ਾਂਤਮਈ ਤਰੀਕੇ ਨਾਲ ਹੱਲ ਚਾਹੁੰਦੇ ਹਨ। ਉਹ 20 ਅਪਰੈਲ ਨੂੰ ਮਕਬੂਜ਼ਾ ਕਸ਼ਮੀਰ ਦੇ ਰਾਸ਼ਟਰਪਤੀ ਰਾਜਾ ਜ਼ੁਲਕਾਰੀਆਂ ਖ਼ਾਨ ਨਾਲ ਮੀਟਿੰਗ ਦੌਰਾਨ ਸੰਬੋਧਨ ਕਰ ਰਹੇ ਸਨ।



ਉਨ੍ਹਾਂ ਕਿਹਾ ਕਿ ਪਿਛਲੇ ਮਹੀਨੇ ਮੁਹਾਲੀ ’ਚ ਭਾਰਤ-ਪਾਕਿ ਕ੍ਰਿਕਟ ਮੈਚ ਦੌਰਾਨ ਉਨ੍ਹਾਂ ਭਾਰਤੀ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਤੇ ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਨਾਲ ਕਸ਼ਮੀਰ ਸਮੇਤ ਸਾਰੇ ਮੁੱਦਿਆਂ ’ਤੇ ਚਰਚਾ ਕੀਤੀ। ਇਸ ਮੌਕੇ ਮਕਬੂਜਾ ਕਸ਼ਮੀਰ ਦੇ ਰਾਸ਼ਟਰਪਤੀ ਰਾਜਾ ਜ਼ੁਲਕਾਰੀਆਂ ਖਾਨ ਨੇ ਪਾਕਿ ਸਰਕਾਰ ਵੱਲੋਂ ਮਕਬੂਜ਼ਾ ਕਸ਼ਮੀਰ ’ਚ ਉਨ੍ਹਾਂ ਨੂੰ ਦਿੱਤੇ ਜਾ ਰਹੇ ਸਮਰਥਨ ’ਤੇ ਧੰਨਵਾਦ ਕੀਤਾ। ਮੀਟਿੰਗ ’ਚ ਉਨ੍ਹਾਂ ਮਨਗਾਲਾ ਡੈਮ ’ਚ ਪਾਣੀ ਵਧਣ ਕਾਰਨ ਬੇਘਰ ਹੋਏ ਲੋਕਾਂ ਦੇ ਮੁੜ ਵਸੇਬੇ ਲਈ ਵੀ ਸਰਕਾਰ ਨੂੰ ਅਪੀਲ ਕੀਤੀ।

# ਪਾਕਿ ’ਚ ਅਮਰੀਕੀ ਡਰੋਨ ਹਮਲੇ ਜਾਰੀ

**ਇਸਲਾਮਾਬਾਦ:** ਪਾਕਿਸਤਾਨ ਵੱਲੋਂ ਰੋਸ ਪ੍ਰਗਟ ਕਰਨ ਦੇ ਬਾਵਜੂਦ ਅਮਰੀਕਾ ਡਰੋਨ ਹਮਲੇ ਕਰਨ ਲਈ ਬਾਜ਼ਿੱਦ ਹੈ। ਫੌਜ ਮੁਖੀ ਜਨਰਲ ਅਸ਼ਫ਼ਾਕ ਪ੍ਰਵੇਜ਼ ਕਿਆਨੀ ਵੱਲੋਂ ਆਪਣੇ ਦੇਸ਼ ’ਤੇ ਡਰੋਨ ਹਮਲਿਆਂ ਦਾ ਵਿਰੋਧ ਕਰਨ ਤੋਂ ਕੁਝ ਦਿਨਾਂ ਮਗਰੋਂ ਹੀ ਉੱਤਰੀ ਵਜ਼ੀਰਸਤਾਨ ’ਚ ਇਕ ਇਮਾਰਤ ’ਤੇ 10 ਮਿਜ਼ਾਈਲਾਂ ਦਾਗ਼ੀਆਂ ਗਈਆਂ ਜਿਸ ’ਚ ਆਮ ਨਾਗਰਿਕਾਂ ਸਣੇ ਘੱਟੋ-ਘੱਟ 25 ਲੋਕ ਮਾਰੇ ਗਏ। ਉਧਰ ਅਫਗਾਨਿਸਤਾਨ ਨਾਲ ਲੱਗਦੀ ਚੌਕੀ ’ਤੇ ਹਮਲਾ ਕਰਕੇ ਤਾਲਿਬਾਨ ਨੇ ਪਾਕਿਸਤਾਨੀ ਸੁਰੱਖਿਆ ਅਮਲੇ ਦੇ 14 ਮੈਂਬਰ ਮਾਰ ਦਿੱਤੇ।




ਸੀ.ਆਈ.ਏ. ਵੱਲੋਂ ਕੀਤੇ ਇਹ ਡਰੋਨ ਹਮਲੇ ਹੱਕਾਨੀ ਨੈੱਟਵਰਕ ਦੇ ਅੱਡੇ ਮੀਰ ਅਲੀ ਨੇੜੇ ਪੈਂਦੇ ਪਿੰਡ ਸਪਿਨ ਵਾਗ ’ਤੇ ਸੇਧਿਤ ਸਨ। ਇਥੇ ਅਤਿਵਾਦੀ ਇਕੱਠੇ ਹੋਏ ਦੱਸੇ ਜਾ ਰਹੇ ਸਨ। ਅਧਿਕਾਰੀਆਂ ਨੇ ਦੱਸਿਆ ਕਿ ਪਾਕਿਸਤਾਨ ਸਰਕਾਰ ਨਾਲ ਅਮਨ ਸੌਦਾ ਕਰਨ ਵਾਲੇ ਹਾਫਿਜ਼ ਗੁਲ ਬਹਾਦਰ ਦੀ ਅਗਵਾਈ ਵਾਲੇ ਤਾਲਿਬਾਨ ਧੜੇ ਦੇ ਮੈਂਬਰ ਵੀ ਮਰਨ ਵਾਲਿਆਂ ’ਚ ਸ਼ਾਮਲ ਹਨ। ਸੂਤਰਾਂ ਅਨੁਸਾਰ ਉਤਕਜ਼ਈ ਕਬਾਇਲੀ ਖੇਤਰ ਦੇ ਤਾਲਿਬਾਨ ਮੈਂਬਰਾਂ ਨੂੰ ਨਿਸ਼ਾਨਾ ਬਣਾ ਕੇ ਇਹ ਹਮਲੇ ਕੀਤੇ ਗਏ ਸਨ ਤੇ ਇਹ ਅਤਿਵਾਦੀ ਅਫਗਾਨਿਸਤਾਨ ’ਚ ਘੁਸਪੈਠ ਦੀ ਤਿਆਰੀ ਵਿਚ ਸਨ। ਸੂਤਰਾਂ ਅਨੁਸਾਰ ਤਿੰਨ ਔਰਤਾਂ ਤੇ ਪੰਜ ਬੱਚੇ ਵੀ ਹਮਲਿਆਂ ’ਚ ਮਾਰੇ ਗਏ। ਰਿਪੋਰਟਾਂ ਅਨੁਸਾਰ ਅਤਿਵਾਦੀਆਂ ਨੇ ਸਪਿਨ ਵਾਗ ਪਿੰਡ ’ਚ ਪਨਾਹ ਲਈ ਹੋਈ ਸੀ ਕਿਉਂਕਿ ਉੱਤਰੀ ਤਜ਼ੀਰਾਸਤਾਨ ਦੇ ਹੋਰ ਹਿੱਸਿਆਂ ’ਚ ਅਮਰੀਕੀ ਡਰੋਨ ਹਮਲੇ ਹੋ ਰਹੇ ਸਨ।

ਹਾਲੇ ਕੁਝ ਦਿਨ ਪਹਿਲਾਂ ਹੀ ਅਮਰੀਕੀ ਸਾਂਝੀਆਂ ਫੌਜਾਂ ਦੇ ਮੁਖੀ ਐਡਮਿਰਲ ਮਾਈਕ ਮੁਲੇਨ ਨੇ ਪੂਰੇ ਉੱਤਰੀ ਵਜ਼ੀਰਿਸਤਾਨ ਨੂੰ ਹੱਕਾਨੀ, ਤਾਲਿਬਾਨ ਤੇ ਅਲਕਾਇਦਾ ਅਤਿਵਾਦੀਆਂ ਦਾ ਪੱਕਾ ਅੱਡਾ ਕਰਾਰ ਦਿੱਤਾ ਸੀ ਜੋ ਅਫਗਾਨਿਸਤਾਨ ’ਤੇ ਹਮਲਿਆਂ ਦੀਆਂ ਤਿਆਰੀਆਂ ਕਰ ਰਹੇ ਸਨ। ਇਸੇ ਦੌਰਾਨ ਪਾਕਿਸਤਾਨੀ ਫੌਜੀ ਮੁਖੀ ਨੇ ਕਬਾਇਲੀ ਪੱਟੀ ’ਤੇ ਡਰੋਨ ਹਮਲੇ ਬੰਦ ਕੀਤੇ ਜਾਣ ਲਈ ਕਿਹਾ ਸੀ।

# ਸੱਤਿਆ ਸਾਈਂ ਬਾਬਾ ਨਹੀਂ ਰਹੇ

**ਨਵੀਂ ਦਿੱਲੀ:** ਲੰਮੀ ਬਿਮਾਰੀ ਪਿੱਛੋਂ 24 ਅਪਰੈਲ ਨੂੰ ਸੱਤਿਆ ਸਾਈਂ ਬਾਬਾ ਸੁਰਗਵਾਸ ਹੋ ਗਏ। ਉਹ 85 ਵਰ੍ਹਿਆਂ ਦੇ ਸਨ। ਸੱਤਿਆ ਸਾਈਂ ਬਾਬਾ ਪਿਛਲੇ ਕਾਫ਼ੀ ਸਮੇਂ ਤੋਂ ਬਿਮਾਰ ਸਨ ਤੇ ਬੀਤੀ 28 ਮਾਰਚ ਨੂੰ ਉਨ੍ਹਾਂ ਨੂੰ ਸਥਾਨਕ ਸੁਪਰ ਸਪੈਸ਼ਲਿਟੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ ਤੇ ਹੁਣ ਉਨ੍ਹਾਂ ਦੇ ਕਈ ਅੰਗਾਂ ਨੇ ਬਿਲਕੁਲ ਕੰਮ ਕਰਨਾ ਬੰਦ ਕਰ ਦਿੱਤਾ ਸੀ।



ਹਸਪਤਾਲ ਵੱਲੋਂ ਜਾਰੀ ਬਿਆਨ ਅਨੁਸਾਰ 24 ਅਪਰੈਲ ਨੂੰ ਸਵੇਰੇ 7.40 ਵਜੇ ਸਾਈਂ ਬਾਬਾ ਨੇ ਆਖ਼ਰੀ ਸਾਹ ਲਿਆ ਤੇ ਇਸ ਤੋਂ ਪਹਿਲਾਂ ਉਨ੍ਹਾਂ ਦੇ ਦਿਲ ਨੇ ਵੀ ਕੰਮ ਛੱਡ ਦਿੱਤਾ ਸੀ ਤੇ ਸਾਹ ਕਿਰਿਆ ਬਹੁਤ ਹੌਲੀ ਹੋ ਗਈ ਸੀ। ਪਿਛਲੇ ਦਿਨਾਂ ਤੋਂ ਉਨ੍ਹਾਂ ਦੀ ਹਾਲਤ ਨਾਜ਼ੁਕ ਹੋਣ ਕਾਰਨ ਉਨ੍ਹਾਂ ਦੇ ਦੇਸ਼-ਵਿਦੇਸ਼ ਵੱਸਦੇ ਪੈਰੋਕਾਰ ਇੱਥੇ ਪੁੱਜਣੇ ਸ਼ੁਰੂ ਹੋ ਗਏ ਸਨ। ਸੱਤਿਆ ਸਾਈਂ ਬਾਬਾ ਦਾ ਅਸਲ ਨਾਂ ਸੱਤਿਆ ਨਰਾਇਣ ਰਾਜੂ ਸੀ। ਉਨ੍ਹਾਂ ਦਾ ਜਨਮ 23 ਨਵੰਬਰ 1926 ਨੂੰ ਪੁੱਤਾਪਾਰਥੀ ਵਿਚ ਹੋਇਆ ਸੀ ਤੇ 1940 ਤੋਂ ਉਹ ਧਾਰਮਿਕ ਗੁਰੂ ਬਣ ਗਏ ਸਨ। ਉਨ੍ਹਾਂ ਵੱਲੋਂ ਬਣਾਏ ਗਏ ਸੱਤਿਆ ਸਾਈਂ ਬਾਬਾ ਟਰੱਸਟ ਵੱਲੋਂ ਅਤਿ ਆਧੁਨਿਕ ਇਲਾਜ ਸੇਵਾਵਾਂ ਵਾਲੇ ਹਸਪਤਾਲ, ਕਾਲਜ ਤੇ 160 ਦੇਸ਼ਾਂ ਵਿਚ ਗ਼ਰੀਬਾਂ ਦੀ ਸੇਵਾ ਲਈ ਸੰਸਥਾਵਾਂ ਚਲਾਈਆਂ ਜਾ ਰਹੀਆਂ ਹਨ। ਸੱਤਿਆ ਸਾਈਂ ਬਾਬਾ ਦੇ ਸਵਰਗਵਾਸ ਹੋਣ 'ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਸੀਨੀਅਰ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਤੇ ਹੋਰ ਕਈ ਉੱਚ ਸ਼ਖ਼ਸੀਅਤਾਂ ਨੇ ਗਹਿਰੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ।

ਸੱਤਿਆ ਸਾਈਂ ਬਾਬਾ ਦੇ ਸਵਰਗਵਾਸ ਹੋਣ ਦੀ ਖ਼ਬਰ ਨੇ ਬਾਲੀਵੁੱਡ ਸਿਤਾਰਿਆਂ ਨੂੰ ਵੀ ਗ਼ਮਗੀਨ ਕਰ ਦਿੱਤਾ। ਪ੍ਰਸਿੱਧ ਪਿੱਠਵਰਤੀ ਗਾਇਕਾ ਆਸ਼ਾ ਭੌਂਸਲੇ ਤੇ ਆਰ. ਮਾਧਵਨ ਨੇ ਕਿਹਾ ਕਿ ਅਸੀਂ ਇਸ ਨੂੰ ਮੌਤ ਨਹੀਂ ਮੰਨ ਸਕਦੇ ਸਗੋਂ ਇਹ ਕਹਾਂਗੇ ਕਿ ਸਾਈਂ ਬਾਬਾ ਨੇ ਸਮਾਧੀ ਲਈ ਹੈ। ਫ਼ਿਲਮਸਾਜ਼ ਮਧੁਰ ਭੰਡਾਰਕਰ, ਅਦਾਕਾਰ ਜੈਕੀ ਸ਼ਰਾਫ਼, ਅਨੁਪਮ ਖੇਰ ਤੇ ਹੋਰ ਵੀ ਸਿਤਾਰਿਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਬੇਸ਼ੱਕ ਰਾਸ਼ਟਰਪਤੀ ਅਹੁਦੇ ਤਕ ਦੇ ਲੋਕ ਸੱਤਿਆ ਸਾਈਂ ਬਾਬਾ ਦੇ ਸ਼ਰਧਾਲੂ ਸਨ ਪਰ ਉਨ੍ਹਾਂ ਦੇ ਨਾਲ ਕਈ ਵਿਵਾਦ ਵੀ ਜੁੜੇ ਰਹੇ। ਉਨ੍ਹਾਂ ਦੇ ਆਸ਼ਰਮ ਵਿਚ ਘਪਲਿਆਂ ਤੋਂ ਲੈ ਕੇ ਸਰੀਰਕ ਸ਼ੋਸ਼ਣ ਦੇ ਮਾਮਲੇ ਵੀ ਉੱਠੇ ਪਰ ਸ਼ਰਧਾਲੂਆਂ ਨੇ ਇਸ ਨੂੰ ਵਿਰੋਧੀਆਂ ਦੀ ਸਾਜ਼ਿਸ਼ ਕਹਿ ਕੇ ਖ਼ਾਰਜ ਕਰ ਦਿੱਤਾ। 6 ਜੂਨ 1993 ਨੂੰ ਸਾਈਂ ਬਾਬਾ ਦੇ ਸਹਿਯੋਗੀਆਂ ਨੇ ਹੀ ਉਨ੍ਹਾਂ 'ਤੇ ਕਾਤਲਾਨਾ ਹਮਲਾ ਕਰ ਦਿੱਤਾ ਸੀ ਤੇ ਇਸ ਵਿਚ ਛੇ ਲੋਕ ਮਾਰੇ ਗਏ ਸਨ।

## ਦੇਸ਼ ਧ੍ਰੋਹ ਦੇ ਕਾਨੂੰਨ 'ਤੇ ਨਜ਼ਰਸਾਨੀ ਦੀ ਲੋੜ: ਬਿਨਾਇਕ ਸੇਨ

**ਭੁਪਾਲ:** ਮਨੁੱਖੀ ਹੱਕਾਂ ਲਈ ਲੜਨ ਵਾਲੇ ਬਿਨਾਇਕ ਸੇਨ ਨੇ ਕਿਹਾ ਹੈ ਕਿ ਦੇਸ਼ ਧ੍ਰੋਹ ਦੇ ਕਾਨੂੰਨ ਬਾਰੇ ਜਨਤਕ ਤੌਰ 'ਤੇ ਬਹਿਸ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਛੱਤੀਸਗੜ੍ਹ ਦੀ ਅਦਾਲਤ ਨੇ ਉਸ ਨੂੰ ਦੇਸ਼ ਧ੍ਰੋਹ ਦੇ ਦੋਸ਼ ਤਹਿਤ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ, ਜਦੋਂਕਿ ਉਸ ਨੇ ਕੁਝ ਵੀ ਅਜਿਹਾ ਨਹੀਂ ਕੀਤਾ। ਉਸ ਨੇ ਕਿਹਾ ਕਿ ਦੇਸ਼ ਧ੍ਰੋਹ ਬਾਰੇ ਮੌਜੂਦਾ ਕਾਨੂੰਨ ਵਿਚ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਦੇਸ਼ ਧ੍ਰੋਹ ਦੀ ਅਸਲ ਪਰਿਭਾਸ਼ਾ ਕੀ ਹੈ।

ਸ੍ਰੀ ਸੇਨ ਨੇ ਕਿਹਾ ਕਿ ਇਕ ਪਾਸੇ ਉਸ ਨੂੰ ਹੇਠਲੀ ਅਦਾਲਤ ਦੇਸ਼ ਧ੍ਰੋਹੀ ਮੰਨ ਕੇ ਸਜ਼ਾ ਦੇ ਰਹੀ ਹੈ ਪਰ ਦੂਜੇ ਸੁਪਰੀਮ ਕੋਰਟ ਨੇ ਜ਼ਮਾਨਤ ਦੇਣ ਨਾਲ ਇਹ ਵੀ ਸਪੱਸ਼ਟ ਕਿਹਾ ਹੈ ਕਿ ਕਿਸੇ ਵਰਗ ਪ੍ਰਤੀ ਹਮਦਰਦੀ ਰੱਖਣ ਜਾਂ ਉਸ ਨਾਲ ਸਬੰਧਿਤ ਸਾਹਿਤ ਰੱਖਣ ਵਾਲੇ ਨੂੰ ਦੇਸ਼ ਧ੍ਰੋਹ ਦੇ ਦਾਇਰੇ ਵਿਚ ਨਹੀਂ ਲਿਆਂਦਾ ਜਾ ਸਕਦਾ। ਉਸ ਨੇ ਕਿਹਾ ਕਿ ਕੇਂਦਰੀ ਕਾਨੂੰਨ ਮੰਤਰੀ ਨੇ ਵੀ ਇਹ ਗੱਲ ਮੰਨੀ ਹੈ ਕਿ ਦੇਸ਼ ਧ੍ਰੋਹ ਬਾਰੇ ਕਾਨੂੰਨ 'ਤੇ ਬਹਿਸ ਹੋਣੀ ਜ਼ਰੂਰੀ ਹੈ। ਜ਼ਿਕਰਯੋਗ ਹੈ ਕਿ ਨਕਸਲੀਆਂ ਪ੍ਰਤੀ ਹਮਦਰਦੀ ਰੱਖਣ ਦੇ ਮਾਮਲੇ ਵਿਚ ਬਿਨਾਇਕ ਸੇਨ ਨੂੰ ਚਾਰ ਮਹੀਨੇ ਜੇਲ੍ਹ ਰਹਿਣ ਤੋਂ ਬਾਅਦ ਹਾਲ ਵਿਚ ਹੀ ਸੁਪਰੀਮ ਕੋਰਟ ਨੇ ਜ਼ਮਾਨਤ ਦਿੱਤੀ ਹੈ।

# ਭਵਿੱਖ ਦੌਰਾਨ ਪੰਜਾਬ 'ਚ ਨਹੀਂ ਲੱਭੇਗੀ ਵਾਹੀ ਲਈ ਜ਼ਮੀਨ

**ਚੰਡੀਗੜ੍ਹ:** ਦੇਸ਼ ਦੇ 65 ਫ਼ੀਸਦੀ ਲੋਕਾਂ ਲਈ ਅਨਾਜ ਪੈਦਾ ਕਰਨ ਵਾਲੇ ਸੂਬੇ ਪੰਜਾਬ ਨੂੰ ਆਉਣ ਵਾਲੇ ਸਮੇਂ 'ਚ ਖੇਤੀ ਲਈ ਜ਼ਮੀਨ ਦੀ ਕਿੱਲਤ ਮਹਿਸੂਸ ਹੋਵੇਗੀ। ਸਰਕਾਰ ਦੇ ਮਾਲ ਵਿਭਾਗ ਵੱਲੋਂ ਕਰਵਾਏ ਗਏ ਚਾਰ ਸਾਲਾ ਸਰਵੇ ਵਿਚ ਚੇਤਾਵਨੀ ਦਿੱਤੀ ਗਈ ਹੈ ਕਿ ਭਵਿੱਖ ਵਿਚ ਪੰਜਾਬ ਅੰਦਰ ਹਰੇ ਭਰੇ ਖੇਤਾਂ ਦੀ ਥਾਂ ਸੀਮਿੰਟ ਤੇ ਪੱਥਰ ਦੀਆਂ ਇਮਾਰਤਾਂ ਨਜ਼ਰ ਆਉਣਗੀਆਂ। ਇਸ ਸਰਵੇ ਵਿਚ ਮਾਲ ਵਿਭਾਗ ਨੇ ਖੁਲਾਸਾ ਕੀਤਾ ਹੈ ਕਿ ਪੰਜਾਬ 'ਚ ਹਰ ਸਾਲ 63 ਹਜ਼ਾਰ 645 ਏਕੜ ਵਿਚ ਨਵੇਂ ਘਰਾਂ ਦੀ ਉਸਾਰੀ ਹੁੰਦੀ ਹੈ ਤੇ ਇਹ ਰਕਬਾ ਹਰ ਸਾਲ ਰਿਹਾਇਸ਼ੀ ਖੇਤਰਾਂ ਲਈ ਵਧਦਾ ਜਾ ਰਿਹਾ ਹੈ।

**ਹਰ ਵਰ੍ਹੇ ਬਣਦੇ ਨੇ 64,000 ਏਕੜ 'ਚ ਨਵੇਂ ਘਰ**

ਮਿਲੀ ਜਾਣਕਾਰੀ ਅਨੁਸਾਰ ਮਾਲ ਵਿਭਾਗ ਪੰਜਾਬ ਵੱਲੋਂ ਪੰਜਾਬ ਦੀ ਖੇਤੀ ਹੇਠ ਜ਼ਮੀਨ ਦੀ ਤਿਆਰ ਕੀਤੀ ਗਈ ਚਾਰ ਸਾਲਾ ਜਮ੍ਹਾਂਬੰਦੀ ਵਿਚ ਦਰਸਾਇਆ ਗਿਆ ਹੈ ਕਿ ਪੰਜਾਬ ਦੇ ਹਰ ਪਿੰਡ ਵਿਚ ਔਸਤਨ ਪੰਜ ਕਿੱਲੇ ਜ਼ਮੀਨ ਹਰ ਸਾਲ ਖੇਤੀ 'ਚੋਂ ਨਿਕਲ ਕੇ ਰਿਹਾਇਸ਼ੀ ਖੇਤਰ ਵਿਚ ਤਬਦੀਲ ਹੋ ਰਹੀ ਹੈ। ਵਿਭਾਗ ਅਨੁਸਾਰ ਪੰਜਾਬ ਦੇ 12,729 ਪਿੰਡਾਂ ਦੀ ਤਕਰੀਬਨ 64 ਹਜ਼ਾਰ ਏਕੜ ਜ਼ਮੀਨ ਹਰ ਸਾਲ ਖੇਤੀ ਤੋਂ ਲਾਂਭੇ ਹੋ ਜਾਂਦੀ ਹੈ। ਮਾਲ ਵਿਭਾਗ ਹਰ ਸਾਲ ਤਕਰੀਬਨ 64 ਹਜ਼ਾਰ ਏਕੜ ਜ਼ਮੀਨ ਨੂੰ ਗੈਰ ਮੁਨਕਿਨ (ਜਿਸ ਜ਼ਮੀਨ 'ਤੇ ਖੇਤੀ ਨਾ ਹੋ ਸਕੇ) ਐਲਾਨਦਾ ਹੈ। ਇਸ ਸਰਵੇ ਵਿਚ ਇਹ ਵੀ ਦਰਸਾਇਆ ਗਿਆ ਹੈ ਕਿ ਇਕ ਪਿੰਡ ਵਿਚ ਹਰ ਸਾਲ ਨਵੇਂ ਦਸ ਘਰ ਹੋਂਦ ਵਿਚ ਆਉਂਦੇ ਹਨ ਤੇ ਇਨ੍ਹਾਂ ਘਰਾਂ ਵਿਚ ਘੱਟੋ-ਘੱਟ 30 ਕਮਰੇ ਉਸਾਰੇ ਜਾਂਦੇ ਹਨ ਜਿਨ੍ਹਾਂ ਲਈ ਪੱਕੀਆਂ ਇੱਟਾਂ, ਸੀਮਿੰਟ, ਰੇਤਾ, ਬੱਜਰੀ ਤੇ ਲੱਕੜ ਵੱਡੀ ਮਾਤਰਾ ਵਿਚ ਇਸਤੇਮਾਲ ਕੀਤੀ ਜਾਂਦੀ ਹੈ।

ਸਰਵੇ ਵਿਚ ਦੱਸਿਆ ਗਿਆ ਹੈ ਕਿ ਇੰਨੀ ਵੱਡੀ ਪੱਧਰ 'ਤੇ ਹੋ ਰਹੀ ਉਸਾਰੀ ਲਈ ਕੁਦਰਤੀ ਸਾਧਨਾਂ ਦੀ ਬਿਨਾਂ ਰੋਕ ਵਰਤੋਂ ਕੀਤੀ ਜਾ ਰਹੀ ਹੈ ਤੇ ਜੇਕਰ ਇਹ ਰਫ਼ਤਾਰ ਇਸੇ ਤਰ੍ਹਾਂ ਹੀ ਰਹੀ ਤਾਂ ਜਲਦ ਹੀ ਪੰਜਾਬ ਵਿਚ ਹਰੇ-ਭਰੇ ਖੇਤਾਂ ਤੇ ਰੁੱਖਾਂ ਦੀ ਥਾਂ ਇਮਾਰਤਾਂ ਹੀ ਨਜ਼ਰ ਆਉਣਗੀਆਂ। ਪੰਜਾਬ ਜਿਸ ਦਾ ਖੇਤਰਫਲ 50,362 ਵਰਗ ਕਿਲੋਮੀਟਰ ਹੈ, ਦਾ ਵੱਡਾ ਹਿੱਸਾ ਪਹਿਲਾਂ ਹੀ ਆਬਾਦੀ ਵਿਚ ਆ ਚੁੱਕਾ ਹੈ ਤੇ ਲਗਾਤਾਰ ਪੰਜਾਬ ਦੀ ਖੇਤੀਯੋਗ ਜ਼ਮੀਨ ਆਬਾਦੀ ਹੇਠ ਆ ਰਹੀ ਹੈ। ਸਾਲ 2010 ਦੀ ਗਿਰਦਾਵਰੀ ਵਿਚ ਪੰਜਾਬ 'ਚ ਕਣਕ ਦੀ ਕਾਸ਼ਤ ਦਸ ਲੱਖ ਟਨ ਘੱਟ ਹੋਈ ਸੀ ਤੇ ਇਸ ਵਾਰ ਦੀ ਕਾਸ਼ਤ ਹੋਰ ਘਟਣ ਦੀ ਸੰਭਾਵਨਾ ਹੈ। ਮਾਲ ਵਿਭਾਗ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਰਿਹਾਇਸ਼ ਵਾਲੀ ਥਾਂ ਨੂੰ ਪੰਜਾਹ ਸਾਲ ਲਈ ਕਾਸ਼ਤ ਵਾਲੇ ਖਾਨੇ ਵਿਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ ਕਿਉਂਕਿ ਆਬਾਦੀ ਵਾਲੇ ਖੇਤਰ ਵਿਚ ਘੱਟੋ ਘੱਟ ਪੰਜਾਹ ਸਾਲ ਵੱਸੋਂ ਰਹਿਣ ਦੀ ਸੰਭਾਵਨਾ ਹੁੰਦੀ ਹੈ ਤੇ ਇਸ ਥਾਂ ਨੂੰ ਮੁੜ ਕਾਸ਼ਤ ਲਈ ਵਰਤਣਾ ਲੰਮੇ ਸਮੇਂ ਦੀ ਗੱਲ ਹੈ। ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਪੰਜਾਬ ਵਿਚ ਬਹੁ-ਮੰਜ਼ਲਾ ਇਮਾਰਤਾਂ ਉਸਾਰਨ ਨੂੰ ਮਨਜ਼ੂਰੀ ਦਿੱਤੀ ਹੈ ਤਾਂ ਕਿ ਘੱਟ ਜ਼ਮੀਨ ਘੇਰੀ ਜਾਵੇ।

# ਹਰਿਆਣਾ ਪੰਜਾਬ ਤੋਂ ਪਾਣੀ ਲੈਣ ਲਈ ਮੁੜ ਸਰਗਰਮ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਕੇਂਦਰੀ ਜਲ ਸਰੋਤ ਮੰਤਰੀ ਸਲਮਾਨ ਖੁਰਸ਼ੀਦ ਨੂੰ 'ਨਿੱਜੀ ਦਖ਼ਲ' ਦੇ ਕੇ ਪੰਜਾਬ ਵੱਲੋਂ ਸਾਰੀਆਂ ਜਲ ਸਰੋਤ ਸੰਧੀਆਂ ਰੱਦ ਕਰਕੇ ਬਣਾਏ ਨਵੇਂ ਕਾਨੂੰਨ ਬਾਰੇ ਫੈਸਲਾ ਜਲਦੀ ਕਰਨ ਲਈ ਕਿਹਾ ਹੈ ਤੇ ਨਾਲ ਹੀ ਜ਼ੋਰ ਪਾਇਆ ਹੈ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਵਾਈ ਜਾਵੇ। ਪੰਜਾਬ ਨੇ ਹਰਿਆਣੇ ਸਣੇ ਸਾਰੇ ਗੁਆਂਢੀ ਰਾਜਾਂ ਨਾਲ ਪਾਣੀ ਵੰਡਣ ਬਾਰੇ ਸਾਰੀਆਂ ਸੰਧੀਆਂ ਰੱਦ ਕਰਕੇ ਨਵਾਂ ਐਕਟ ਬਣਾ ਦਿੱਤਾ ਸੀ। ਹਰਿਆਣਾ ਦੇ ਸਿੰਚਾਈ ਮੰਤਰੀ ਅਜੈ ਸਿੰਘ ਯਾਦਵ ਨੇ ਇਹ ਮਾਮਲਾ ਸ੍ਰੀ ਖੁਰਸ਼ੀਦ ਕੋਲ ਉਠਾਇਆ ਹੈ ਕਿਉਂਕਿ ਪੰਜਾਬ 'ਚ ਐਸ.ਵਾਈ.ਐਲ. ਨਹਿਰ ਦੀ ਉਸਾਰੀ ਨਾ ਹੋਣ ਕਾਰਨ ਹਰਿਆਣਾ ਰਾਵੀ ਤੇ ਬਿਆਸ ਦਰਿਆਵਾਂ ਦੇ ਪਾਣੀ ਵਿਚੋਂ ਆਪਣਾ ਹਿੱਸਾ ਲੈਣ 'ਚ ਅਸਫਲ ਰਿਹਾ ਹੈ।

ਕੇਂਦਰੀ ਮੰਤਰੀ ਨੂੰ ਲਿਖੇ ਪੱਤਰ 'ਚ ਸ੍ਰੀ ਯਾਦਵ ਨੇ ਕਿਹਾ ਹੈ ਕਿ ਪੰਜਾਬ ਦਾ ਦਰਿਆਈ ਪਾਣੀਆਂ ਦੀ ਵੰਡ ਬਾਰੇ ਕਾਨੂੰਨ ਰੱਦ ਕਰਨ ਦਾ ਮਾਮਲਾ ਪਿਛਲੇ ਸੱਤ ਸਾਲਾਂ ਤੋਂ ਰਾਸ਼ਟਰਪਤੀ ਵੱਲੋਂ ਸੁਪਰੀਮ ਕੋਰਟ ਕੋਲ ਭੇਜਿਆ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਉਹ ਇਹ ਮਾਮਲਾ ਭਾਰਤ ਦੇ ਅਟਾਰਨੀ ਜਨਰਲ ਕੋਲ ਉਠਾਉਣ ਜੋ ਅੱਗਿਓਂ ਸੁਪਰੀਮ ਕੋਰਟ 'ਚ ਇਸ ਦੇ ਜਲਦੀ ਨਿਬੇੜੇ ਲਈ ਚਾਰਾਜੋਈ ਕਰਨ। ਸ੍ਰੀ ਯਾਦਵ ਨੇ ਕਿਹਾ ਹੈ ਕਿ ਰਾਸ਼ਟਰਪਤੀ ਵੱਲੋਂ ਵਿਚਾਰਨ ਲਈ ਭੇਜਿਆ ਗਿਆ ਇਹੋ ਇਕੋ ਇਕ ਮਾਮਲਾ ਹੈ ਜੋ ਸੁਪਰੀਮ ਕੋਰਟ ਨੇ ਸੱਤ ਸਾਲ ਤੋਂ ਵੱਧ ਸਮੇਂ ਤੋਂ ਵਿਚਾਰਿਆ ਨਹੀਂ ਹੈ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


| | | |
|---|---|---|
| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

Quik Signs
Signs ★ Graphics ★ Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰ੍ਹਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



# ਕੀ ਪਟੇਲ ਅਸਲੋਂ ਪੰਜਾਬੀ ਹਨ?

ਇੰਨੀ ਕੁ ਬਾਤ



ਬਲਜੀਤ ਬਾਸੀ

ਫੋਨ: 734-454-4958

ਪੰਜਾਬੀ ਗੁਜਰਾਤੀਆਂ ਨੂੰ ਆਪਣੇ ਨਾਲੋਂ ਹੀਣਾ ਸਮਝਦੇ ਹਨ, ਉਨ੍ਹਾਂ ਨੂੰ ਮਖੌਲ ਨਾਲ ਗੁੱਜੂ ਸਦਦੇ ਹਨ। ਅੱਜ ਗੁਜਰਾਤੀ ਦੁਨੀਆਂ ਵਿਚ ਸ਼ਾਇਦ ਸਭ ਤੋਂ ਵਧ ਕਾਰੋਬਾਰੀ ਤੇ ਉਦਮੀ ਲੋਕ ਹਨ। ਗੁਜਰਾਤ ਦੇ ਵਸਨੀਕ 19ਵੀਂ ਸਦੀ ਦੇ ਅਖੀਰ ਤੇ 20ਵੀਂ ਸਦੀ ਦੇ ਸ਼ੁਰੂ ਵਿਚ ਪੂਰਬੀ ਅਫਰੀਕਾ ਦੇ ਦੇਸ਼ਾਂ-ਕੀਨੀਆ, ਯੁਗਾਂਡਾ ਅਤੇ ਦੱਖਣੀ ਅਫਰੀਕਾ ਵਿਚ ਜਾ ਵਸੇ। ਕਈ ਪਰਿਵਾਰਾਂ ਸਮੇਤ ਸੁੱਕੇ ਬਾਜਰੇ ਦੇ ਰੋਟਲੇ ਬੰਨ੍ਹ ਕੇ ਬੜੇ ਸਮੁੰਦਰੀ ਜਫਰ ਜਾਲਦਿਆਂ ਕਿਸ਼ਤੀਆਂ ਰਾਹੀਂ ਉਥੇ ਪਹੁੰਚੇ। ਰਾਹ ਵਿਚ ਕਿੰਨਿਆਂ ਦੀਆਂ ਹੀ ਮੌਤਾਂ ਹੋ ਗਈਆਂ। ਸੱਠਵਿਆਂ 'ਚ ਇਨ੍ਹਾਂ ਯੂ.ਕੇ. ਤੇ ਹੋਰ ਪਛਮੀ ਦੇਸ਼ਾਂ-ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਅਸਟਰੇਲੀਆ ਆਦਿ ਵੱਲ ਰਜੂਹ ਕੀਤਾ। ਗੁਜਰਾਤੀ ਪਰਵਾਸੀਆਂ ਦੀ ਗਿਣਤੀ ਪੰਜਾਬੀਆਂ ਨਾਲੋਂ ਕਿਤੇ ਵੱਧ ਹੈ। ਸਿੰਘ ਤੋਂ ਪਿਛੋਂ ਪਟੇਲ ਉਪਨਾਮ ਭਾਰਤ 'ਚ ਸਭ ਤੋਂ ਵਧ ਗਿਣਤੀ ਵਿਚ ਵਰਤਿਆ ਜਾਂਦਾ ਹੈ। ਪਟੇਲ ਤਾਂ ਇਕ ਤਰ੍ਹਾਂ ਗੁਜਰਾਤੀ ਦਾ ਸਮਾਨਰਥਕ ਹੀ ਹੋ ਗਿਆ ਹੈ। ਅਮਰੀਕਾ ਦੇ 60% ਮੋਟਲਾਂ-ਹੋਟਲਾਂ ਦੇ ਮਾਲਕ ਭਾਰਤੀ ਪਰਵਾਸੀ ਹਨ ਜਿਨ੍ਹਾਂ ਵਿਚੋਂ ਬਹੁਤੇ ਪਟੇਲ ਹਨ। ਇਸੇ ਕਰਕੇ ਲੋਕ ਮਜ਼ਾਕ ਨਾਲ ਹੋਟਲ, ਮੋਟਲ ਤੇ ਪਟੇਲ ਨੂੰ ਸਮਰਥੀ ਆਖ ਛੱਡਦੇ ਹਨ। ਯੂ.ਕੇ. ਵਿਚ ਪਟੇਲ ਉਪਨਾਮ 24ਵੇਂ ਨੰਬਰ 'ਤੇ ਹੈ। ਅਮਰੀਕਾ ਵਿਚ 500 ਉਪਨਾਮਾਂ ਦੀ ਸੂਚੀ ਵਿਚ ਪਟੇਲ ਦਾ ਸਥਾਨ 174 ਨੰਬਰ 'ਤੇ ਹੈ। ਦੁਨੀਆਂ ਦਾ ਇਹ ਪੰਜਵਾਂ ਸਭ ਤੋਂ ਚਰਚਿਤ ਨਾਂ ਹੈ। ਪਟੇਲਾਂ ਦਾ ਦਾਅਵਾ ਹੈ ਕਿ ਅਗਲੇ ਸੱਤਾਂ ਸਾਲਾਂ ਵਿਚ ਇਹ ਇੱਕ ਨੰਬਰ 'ਤੇ ਆ ਜਾਣਗੇ।

ਲੰਡਨ ਵਿਚ ਹੋਈ ਇਕ ਖੋਜ ਅਨੁਸਾਰ ਜੇ ਤੁਹਾਡੇ ਨਾਂ ਪਿਛੇ ਪਟੇਲ ਲਗਦਾ ਹੈ ਤਾਂ ਤੁਹਾਡੇ ਮਿਲੀਅਨੇਅਰ ਬਣਨ ਦੇ ਸਮਿਥ ਨਾਲੋਂ ਕਿਤੇ ਵਧੇਰੇ ਚਾਂਸ ਹਨ। ਮੇਰਾ ਮਨ ਕਰ ਆਇਆ ਹੈ ਆਪਣੇ ਨਾਂ ਪਿਛੇ ਪਟੇਲ ਲਾ ਲਵਾਂ। ਮੈਂ ਪਟੇਲਾਂ ਦੀ ਜਾਣਕਾਰੀ ਲਈ ਇੰਟਰਨੈਟ 'ਤੇ ਟਿਕਟਿਕ ਕੀਤੀ ਤਾਂ ਮੇਰਾ ਇਕ ਅਜਿਹੇ ਬਲਾਗ ਨਾਲ ਵਾਹ ਪਿਆ ਜਿਸ ਤੋਂ ਪਤਾ ਲਗਦਾ ਹੈ ਕਿ ਪਟੇਲਾਂ ਵਿਚ ਤਾਂ ਸ਼ਾਇਦ ਪੰਜਾਬੀਆਂ ਦਾ ਖੂਨ ਦੌੜਦਾ ਹੈ। ਮੈਂ ਕਈ ਹੋਰ ਸਰੋਤਾਂ ਤੋਂ ਵੀ ਇਸ ਦੀ ਪੁਸ਼ਟੀ ਕੀਤੀ। ਇਹ ਖਬਰ ਦੇ ਕੇ ਮੈਂ ਆਪਣੇ ਹੋਰ ਪੰਜਾਬੀ ਭਰਾਵਾਂ ਨੂੰ ਵੀ ਪੁਲਕਿਤ (ਜਾਂ ਪਟੇਲਿਤ?) ਕਰਨਾ ਚਾਹੁੰਦਾ ਹਾਂ। ਹਾਲ ਦੀ ਘੜੀ ਬਿਨਾ ਕਿਸੇ ਟੀਕਾ ਟਿਪਣੀ ਦੇ ਇਸ ਜਾਣਕਾਰੀ ਦਾ ਸਾਰ ਪੇਸ਼ ਕਰ ਰਿਹਾ ਹਾਂ।

ਬਰੋਠਾਂ ਅਤੇ ਵਹੀਵਾਚਾਂ (ਵਹੀ ਵਾਚਣ ਵਾਲੇ, ਵਹੀਕਾਰ) ਦੁਆਰਾ ਰਖੇ ਰਿਕਾਰਡਾਂ ਤੋਂ ਪਤਾ ਲਗਦਾ ਹੈ ਕਿ ਪਾਟੀਦਾਰ ਪਟੇਲਾਂ ਦਾ ਪਿਛਾ ਪੰਜਾਬ ਹੈ। ਪੰਜਾਬ ਤੋਂ ਇਹ ਲੋਕ ਪਹਿਲਾਂ ਮਾਰਵਾੜ ਤੇ ਫਿਰ ਗੁਜਰਾਤ ਗਏ। ਸੰਨ 1000 ਈ. ਦੇ ਆਸ-ਪਾਸ ਅਫਗਾਨਿਸਤਾਨ ਤੋਂ ਆਏ ਮਹਿਮੂਦ ਗਜ਼ਨੀ ਨੇ ਪੰਜਾਬ ਦੇ ਲੋਕਾਂ ਤੇ ਕਹਿਰ ਦੇ ਜ਼ੁਲਮ ਢਾਏ। ਉਸ ਦੇ ਸੈਨਿਕਾਂ ਨੇ ਔਰਤਾਂ ਨਾਲ ਬਲਾਤਕਾਰ ਕੀਤੇ, ਕਈਆਂ ਨੂੰ ਮੁਸਲਿਮ ਬਣਾ ਕੇ ਉਨ੍ਹਾਂ ਨਾਲ ਸ਼ਾਦੀਆਂ ਕੀਤੀਆਂ। ਅਜਿਹੇ ਜ਼ੁਲਮਾਂ ਤੋਂ ਬਚਣ ਲਈ ਪਟੇਲਾਂ ਦੇ ਬਜ਼ੁਰਗਾਂ ਨੇ ਪੰਜਾਬ ਛੱਡਣ ਦਾ ਫੈਸਲਾ ਕਰ ਲਿਆ। ਇਹ ਲੋਕ ਅਜੋਕੇ ਪਾਕਿਸਤਾਨ ਦੇ ਗੁਜਰਾਂਵਾਲਾ ਜ਼ਿਲੇ ਦੇ ਦੋ ਪਿੰਡਾਂ-ਲੇਵਾ ਅਤੇ ਕੜਵਾ ਦੇ ਕਣਬੀ ਸਨ। ਕਣਬੀ ਜਾਤ ਦੇ ਲੋਕ ਅੱਜ ਵੀ ਪੰਜਾਬ ਵਿਚ ਮਿਲ ਜਾਂਦੇ ਹਨ। ਇਹ ਲੋਕ ਗੱਡਿਆਂ 'ਤੇ ਸਵਾਰ ਹੋ ਕੇ ਮਾਰਵਾੜ ਗਏ ਜਿਥੇ ਰਾਜਾ ਭੋਜ ਦੀ ਚੜ੍ਹਤ ਸੀ। ਮਾਰਵਾੜ ਵਿਚ ਉਨ੍ਹਾਂ ਨੂੰ ਲੋਈ ਖਾਸ ਢੋਈ ਨਾ ਮਿਲੀ। ਸੂਹ ਮਿਲਣ 'ਤੇ ਕਿ ਗੁਜਰਾਤ ਦੇ ਖੰਭਾਤ (ਅਜੋਕਾ ਖੇੜਾ ਜ਼ਿਲਾ) ਵਿਚ ਬਹੁਤ ਸਾਰੀ ਭੋਇੰ ਖਾਲੀ ਪਈ ਹੈ, ਉਨ੍ਹਾਂ ਨੇ ਉਧਰ ਚਾਲੇ ਪਾ ਲਏ। ਉਸ ਸਮੇਂ ਗੁਜਰਾਤ ਵਿਚ ਸੋਲੰਕੀਆਂ ਦਾ ਰਾਜ ਸੀ। ਸੋਲੰਕੀ ਰਾਜੇ ਨੇ ਉਨ੍ਹਾਂ ਨੂੰ ਪਟਲਾਦ ਤਅਲੁਕਾ ਵਿਚ ਬਹੁਤ ਸਾਰੀ ਜ਼ਮੀਨ ਦੇ ਦਿੱਤੀ। ਹਰ ਪਰਿਵਾਰ ਨੂੰ ਇਕ ਗਾਮ (ਪਿੰਡ) ਜਿੰਨੀ ਜ਼ਮੀਨ ਦੇ ਦਿੱਤੀ ਗਈ। ਮਿਹਨਤੀ ਕਣਬੀਆਂ ਨੇ ਇਸ ਬੰਜਰ ਜ਼ਮੀਨ 'ਤੇ ਖੂਬ ਮੁਸ਼ੱਕਤ ਕਰਕੇ ਇਸ ਨੂੰ ਵਾਹੀਯੋਗ ਬਣਾਇਆ। ਰਾਜੇ ਨੂੰ ਫਸਲ ਦਾ ਬਾਹਰਵਾਂ ਹਿੱਸਾ ਦੇਣਾ ਤੈਅ ਹੋਇਆ ਸੀ। ਪਰ ਏਨੀ ਸਾਰੀ ਫਸਲ ਦੀ ਉਗਰਾਹੀ ਦਾ ਕੰਮ ਬਹੁਤ ਕਠਨ ਸਾਬਿਤ ਹੋਇਆ ਸੋ ਇਸ ਕੰਮ ਵਾਸਤੇ ਹਰ ਪਿੰਡ ਵਿਚ ਇਕ ਮੁਖੀਆ ਨਿਯੁਕਤ ਕਰਨ ਦਾ ਸਮਝੌਤਾ ਹੋ ਗਿਆ। ਹਰ ਪਰਿਵਾਰ ਦੇ ਬਜ਼ੁਰਗਾਂ ਪਾਸ ਇਸ ਸਮਝੌਤੇ ਦਾ ਲਿਖਤ ਰੂਪ ਸੀ। ਫਸਲਾਂ ਵਗੈਰਾ ਦੇ ਸਾਰੇ ਰਿਕਾਰਡ ਪਾਟ (ਪੱਟ) ਵਿਚ ਰੱਖੇ ਜਾਂਦੇ ਸਨ। ਇਸ ਪਾਟ ਨੂੰ ਸੰਭਾਲਣ ਤੇ ਲਿਖਣ ਵਾਲਾ 'ਪਾਟਲਿਖ' ਕਹਾਉਂਦਾ ਸੀ। ਇਹੀ ਸ਼ਬਦ ਹੌਲੀ ਹੌਲੀ ਪਹਿਲਾਂ ਪਾਟਲ ਤੇ ਫਿਰ ਪਟੇਲ ਬਣਿਆ। ਇਕ ਥਾਂ ਇਹ ਵੀ ਪੜ੍ਹਨ ਨੂੰ ਮਿਲਿਆ ਹੈ ਕਿ ਔਰੰਗਜ਼ੇਬ ਦੇ ਸਮੇਂ ਖੇੜਾ ਜ਼ਿਲੇ ਦੇ ਪਿੰਡ ਪਿਪਲਾ ਦੇ ਇਕ ਪਟੇਦਾਰ ਵੀਰ ਵਸਨਦਾਸ ਦੇ ਬਾਦਸ਼ਾਹ ਨਾਲ ਬਹੁਤ ਚੰਗੇ ਸਬੰਧ ਸਨ। ਪਿਪਲਾ ਵਿਚ ਕਣਬੀਆਂ ਦੀ ਇਕ ਮੀਟਿੰਗ ਹੋਈ ਜਿਸ ਵਿਚ ਔਰੰਗਜ਼ੇਬ ਦੇ ਪੁਤਰ ਬਹਾਦਰਸ਼ਾਹ ਨੇ ਸ਼ਿਰਕਤ ਕੀਤੀ। ਇਸ ਮੀਟਿੰਗ ਵਿਚ ਹੀ ਵਸਨਦਾਸ ਦੇ ਮਤੇ ਅਨੁਸਾਰ ਕਣਬੀਆਂ ਨੇ ਆਪਣੇ ਆਪ ਨੂੰ ਪਟੀਦਾਰ ਕਹਾਉਣ ਦਾ ਫੈਸਲਾ ਕੀਤਾ।

ਲੇਵਾ ਪਿੰਡ ਤੋਂ ਆਉਣ ਵਾਲੇ ਲੋਕ ਲੇਵਾ ਕਣਬੀ ਤੇ ਕੜਵਾ ਤੋਂ ਆਉਣ ਵਾਲੇ ਕੜਵਾ ਕਣਬੀ ਕਹਾਏ। ਹਰ ਜਾਤੀ ਦੇ ਲੋਕ ਆਪਣੇ ਪਿਛੇ ਨੂੰ ਸੂਰਜ ਬੰਸ ਜਾਂ ਚੰਦਰ ਬੰਸ ਨਾਲ ਜੋੜਨ ਵਿਚ ਫਖਰ ਮਹਿਸੂਸ ਕਰਦੇ ਹਨ। ਲਾਹੌਰ ਨੂੰ ਲਵ ਅਤੇ ਕਸੂਰ ਨੂੰ ਕੁਸ਼ ਨੇ ਵਸਾਇਆ ਦੱਸਿਆ ਜਾਂਦਾ ਹੈ। ਛੋਟੇ ਹੁੰਦੇ ਮੈਂ ਆਪਣੇ ਪਿੰਡ ਦੇ ਲੰਬੜਦਾਰ ਨੂੰ ਬਾਸੀਆਂ ਦੇ ਪਿਛੇ ਬਾਰੇ ਪੁਛਿਆ ਤਾਂ ਉਸ ਨੇ 'ਸੂਰਜ ਬੰਸੀ' ਲਕਬ ਵਿਚ ਬਾਸੀ ਜਿਹਾ ਸ਼ਬਦ ਬਾਸੀ ਹੋਣ ਕਰਕੇ ਬਾਸੀਆਂ ਨੂੰ ਸੂਰਜ ਬੰਸੀ ਨਾਲ ਜੋੜ ਦਿੱਤਾ। ਅਕਾਲ ਤਖਤ ਦਾ ਇਕ ਜਥੇਦਾਰ ਸਿੱਖਾਂ ਦੇ ਉਦਗਮ ਨੂੰ ਲਵ ਕੁਸ ਤੋਂ ਦਸਦਾ ਸੀ। ਇਸੇ ਤਰ੍ਹਾਂ ਲੇਵਾ ਕਣਬੀ ਆਪਣਾ ਪਿਛਾ ਲਵ ਅਤੇ ਕੜਵਾ ਕਣਬੀ ਕੁਸ਼ ਨਾਲ ਜੋੜਦੇ ਹਨ ਪਰ ਅਜਿਹੇ ਦਾਅਵਿਆਂ ਪਿਛੇ ਕੋਈ ਸੱਚਾਈ ਨਹੀਂ ਹੁੰਦੀ। ਕੜਵਾ ਕਣਬੀ ਲੋਕ ਗੁਜਰਾਤ ਦੇ ਉਤਰੀ ਹਿੱਸੇ ਵਿਚ ਤੇ ਲੇਵਾ ਕਣਬੀ ਖੰਭਾਤ ਦੇ ਆਸ-ਪਾਸ ਆਬਾਦ ਹੋਏ। ਇਨ੍ਹਾਂ ਦੀ ਜੀਅ ਤੋੜ ਮਿਹਨਤ ਨਾਲ ਗੁਜਰਾਤ ਖੁਸ਼ਹਾਲ ਹੋਣ ਲੱਗਾ।

ਸਮਾਂ ਪੈ ਕੇ ਫਸਲਾਂ ਤੋਂ ਰਾਜਿਆਂ ਦਾ ਕਰ ਵਧਦਾ ਵਧਦਾ ਛੇਵਾਂ ਹਿੱਸਾ ਹੋ ਗਿਆ। ਖੰਭਾਤ ਮੌਰੀਆਵੰਸ਼ੀਆਂ ਦੀ ਰਿਆਸਤ ਬਣ ਗਿਆ। ਕਿਸਾਨਾਂ ਤੋਂ ਵਸੂਲ ਕੀਤਾ ਜਾਣ ਵਾਲਾ ਮਾਲੀਆਂ ਆਏ ਸਾਲ ਰਾਜੇ ਦੀ ਮਰਜ਼ੀ ਅਨੁਸਾਰ ਕਦੇ ਚੜ੍ਹਦਾ ਉਤਰਦਾ ਰਹਿੰਦਾ। ਕਿਹਾ ਜਾਂਦਾ ਹੈ ਕਿ ਇਸੇ ਕਰਕੇ ਗੁਜਰਾਤ ਦੇ ਇਸ ਹਿੱਸੇ ਨੂੰ ਚਰੋਤਰ (ਚੜ੍ਹ+ਉਤਰ) ਕਿਹਾ ਜਾਣ ਲੱਗਾ। ਚੌਧਵੀਂ ਸਦੀ ਵਿਚ ਦਿੱਲੀ ਦੇ ਅਲਾਉਦੀਨ ਖਿਲਜੀ ਨੇ ਹਿੰਦੂਆਂ ਦੇ ਰਾਜ ਦਾ ਖਾਤਮਾ ਕਰ ਦਿੱਤਾ। ਖਿਲਜੀ ਨੇ ਆਪਣੇ 'ਸੂਬਿਆਂ' ਨੂੰ ਹਦਾਇਤ ਕੀਤੀ ਕਿ ਕਿਸਾਨਾਂ ਦੀ ਦੌਲਤ ਜਿੰਨੀ ਨਿਚੋੜੀ ਜਾ ਸਕਦੀ ਹੈ ਨਿਚੋੜੋ। ਬੱਸ ਉਨ੍ਹਾਂ ਕੋਲ ਅਗਲੇ ਸਾਲ ਲਈ ਬੀਜ ਰੱਖਣ ਜਿੰਨੀ ਫਸਲ ਛੱਡ ਦੇਵੋ। ਹਰ ਕਿਸਾਨ ਤੋਂ 50% ਕਰ ਲਿਆ ਜਾਣ ਲੱਗਾ। ਖਿਲਜੀ ਦੇ 15-20 ਸਾਲ ਦੇ ਰਾਜ ਦੌਰਾਨ ਕਿਸਾਨ ਬਹੁਤ ਗਰੀਬ ਹੋ ਗਏ।

ਗੁਜਰਾਤ ਦਾ ਅਗਲਾ ਹਾਕਿਮ ਮੁਹੰਮਦ ਬਾਗਦੋ ਸੀ। ਉਹ ਫਸਲ ਦਾ ਤੀਜਾ ਹਿੱਸਾ ਲੈਣ ਲੱਗਾ, ਉਸ ਨੇ ਚੋਰੀ ਦੇ ਖਿਲਾਫ ਕਾਨੂੰਨ ਬਣਾਏ। ਉਸ ਨੇ ਚੰਗੇ ਚੰਗੇ ਕਿਸਾਨਾਂ ਨੂੰ ਚੁਣ ਕੇ ਉਨ੍ਹਾਂ ਨੂੰ ਭੋਇੰ ਦਿੱਤੀ। ਬਦਲੇ ਵਿਚ ਉਸ ਨੇ ਕਿਸਾਨਾਂ ਤੋਂ ਖੇਤੀ ਸੁਧਾਰਨ, ਪਿੰਡ ਦੀ ਹਿਫਾਜ਼ਤ ਕਰਨ ਅਤੇ ਨਕਦ ਰੂਪ ਵਿਚ ਮਾਲੀਆ (ਬੰਧੀ ਅਵਾਕ) ਦੇਣ ਦੀ ਮੰਗ ਕੀਤੀ। ਇਸ ਤਰ੍ਹਾਂ ਜ਼ਮੀਨ ਦੀ ਸਥਾਈ ਮਲਕੀਅਤ ਸ਼ੁਰੂ ਹੋ ਗਈ। ਜ਼ਮੀਨ ਦਾ ਹਰ ਮਾਲਿਕ ਪਹਿਲਾਂ ਪਟੀਦਾਰ, ਫਿਰ ਕਣਬੀ ਪਟੀਦਾਰ ਤੇ ਫਿਰ ਪਟੇਲ ਪਟੀਦਾਰ ਕਹਾਉਣ ਲੱਗਾ। ਇਸ ਤਰ੍ਹਾਂ ਪਟੇਲ ਪਟੇਦਾਰ ਫਿਰ ਪਿੰਡਾਂ ਦੇ ਮਾਲਿਕ ਬਣ ਗਏ। ਉਨ੍ਹਾਂ ਆਪਣੀ ਖੇਤੀ ਵਿਚ ਹੋਰ ਕੰਮੀ ਰੱਖ ਲਏ। ਗੁਜਰਾਤ ਫਿਰ ਖੁਸ਼ਹਾਲ ਹੋਣ ਲੱਗਾ।




1600 ਈ. ਦੇ ਲਗਭਗ ਅਕਬਰ ਨੇ ਗੁਜਰਾਤ ਫਤਿਹ ਕਰ ਲਿਆ ਤੇ ਟੋਡਰਮੱਲ ਨੇ ਸਾਰੀ ਜ਼ਮੀਨ ਮਿਣ ਕੇ 'ਵਿੰਧੋਤੀ' ਨਾਂ ਦਾ ਟੈਕਸ ਉਗਰਾਹੁਣ ਦੀ ਪਰਿਪਾਟੀ ਲਾਗੂ ਕਰ ਦਿੱਤੀ ਜਿਸ ਨੂੰ ਅੱਜ ਮਹਿਸੂਲ ਕਿਹਾ ਜਾਂਦਾ ਹੈ। ਖੇੜਾ ਇਲਾਕੇ ਦੇ ਕਣਬੀਆਂ ਨੇ ਪਹਿਲਾਂ ਪਹਿਲਾਂ ਪਟਲਾਦ, ਭਾਦਰਾਂ ਅਤੇ ਹੋਰ ਤਅਲੁਕਿਆਂ ਵਿਚ ਸੋਜਿਤਰਾ, ਨਾਰ ਭਾਦਰਾਂ, ਕਰਮਸਾਦ, ਵਿਰਸਾਦ, ਧਰਮਾਜ ਆਦਿ ਪਿੰਡ ਵਸਾਏ। ਹਰ ਪਿੰਡ ਪਾਸ ਪਹਿਲਾਂ ਤਕਰੀਬਨ 500 ਵਿਘੇ ਜ਼ਮੀਨ ਹੁੰਦੀ ਸੀ। ਹੌਲੀ ਹੌਲੀ ਆਬਾਦੀ ਵਧਣ ਨਾਲ ਹਿੱਸੇ ਆਉਂਦੀ ਜ਼ਮੀਨ ਘਟਦੀ ਗਈ। 1820-1830 ਦੇ ਵਿਚਕਾਰ ਕੁਝ ਗਰੀਬ ਪੱਟੀਦਾਰ ਪਰਿਵਾਰਾਂ ਨੇ ਦੱਖਣੀ ਗੁਜਰਾਤ ਜਾ ਵਸਣ ਦਾ ਫੈਸਲਾ ਕਰ ਲਿਆ। ਕੁਝ ਲੇਵਾ ਪਾਟੀਦਾਰ ਵੀ ਨਾਲ ਰਲ ਗਏ ਤੇ ਉਹ ਸੂਰਤ ਵਿਚ ਆ ਟਿਕੇ। ਉਨ੍ਹਾਂ ਇਸ ਇਲਾਕੇ ਦੇ ਸੰਘਣੇ ਜੰਗਲ ਸਾਫ ਕਰਕੇ ਇਸ ਨੂੰ ਰਹਿਣ ਤੇ ਵਾਹੀਯੋਗ ਬਣਾ ਲਿਆ। ਪਹਿਲਾਂ ਪਹਿਲਾਂ ਇਨ੍ਹਾਂ ਲੋਕਾਂ ਨੇ ਖੇੜਾ ਨਾਲ ਰਾਬਤਾ ਰੱਖਿਆ ਪਰ ਉਸ ਜ਼ਮਾਨੇ ਵਿਚ ਆਵਾਜਾਈ ਸੌਖੀ ਨਹੀ ਸੀ। ਚਾਰੋਤਰ ਤੋਂ ਗੱਡਿਆਂ, ਊਠਾਂ, ਆਦਿ 'ਤੇ ਚੜ੍ਹ ਕੇ ਸੂਰਤ ਜਾਣ ਵਿਚ ਦਸ ਬਾਰਾਂ ਦਿਨ ਲੱਗ ਜਾਂਦੇ ਸਨ। ਇਸ ਕਰਕੇ ਹੌਲੀ ਹੌਲੀ ਇਹ ਸਬੰਧ ਲਗਭਗ ਟੁੱਟ ਹੀ ਗਏ। ਵਿਆਹ ਸ਼ਾਦੀਆਂ ਕਰਨ ਵਿਚ ਵੀ ਕਠਨਾਈ ਆਉਂਦੀ ਸੀ। ਸੂਰਤ ਵਿਚ ਇਨ੍ਹਾਂ ਲੋਕਾਂ ਨੇ 50-60 ਪਿੰਡ ਵਸਾ ਲਏ। ਹਰ ਪਿੰਡ ਵਿਚ 50-60 ਘਰ ਹੁੰਦੇ ਸਨ। ਏਥੇ ਜਗ੍ਹਾ ਖੁੱਲ੍ਹੀ ਹੋਣ ਕਾਰਨ ਉਨ੍ਹਾਂ ਵੱਡੇ ਵੱਡੇ ਘਰ ਛੱਤ ਲਏ। ਘਰ ਦੇ ਪਿਛਵਾੜੇ ਵੱਡਾ 'ਵਾਡੋ' (ਵਾੜਾ) ਰੱਖਿਆ ਜਾਂਦਾ ਸੀ ਜਿਸ ਵਿਚ ਖੂਹ ਵੀ ਹੁੰਦਾ ਸੀ। ਪਸ਼ੂਆਂ ਵਾਸਤੇ ਵਾੜੇ ਵੀ ਬਣਾਏ ਗਏ। ਰੂੜੀ ਰੱਖਣ ਲਈ 'ਉਕਾਰਦੋ' ਬਣਾਏ ਗਏ। ਵਾੜਿਆਂ ਵਿਚ ਫਸਲ ਰੱਖਣ ਲਈ 'ਖਾਰੀ' ਰੱਖੀ ਗਈ। ਉਨ੍ਹਾਂ ਦਾ ਗੁਜ਼ਾਰਾ ਚੰਗਾ ਚੱਲਣ ਲੱਗ ਪਿਆ।

19ਵੀਂ ਸਦੀ ਦੇ ਅੱਧ ਵਿਚ ਕੁਝ ਲੇਵਾ ਪਟੀਦਾਰ ਗੱਡਿਆਂ 'ਤੇ ਚੜ੍ਹ ਕੇ ਕਾਸ਼ੀ ਦੀ ਤੀਰਥ ਯਾਤਰਾ 'ਤੇ ਨਿਕਲੇ। ਪਿੰਡੋ ਪਿੰਡ ਡੇਰੇ ਲਾਉਂਦੇ ਹੋਏ ਇਕ ਮਹੀਨੇ ਵਿਚ ਅਹਿਮਦਾਬਾਦ ਨੇੜੇ ਪਿਰਾਨਾ ਨਾਂ ਦੇ ਪਿੰਡ ਪਹੁੰਚ ਗਏ। ਇਥੇ ਇਮਾਮਸ਼ਾਹ ਨਾਂ ਦੇ ਇਕ ਫਕੀਰ ਦਾ ਡੇਰਾ ਸੀ। ਉਸ ਨੇ ਸਾਰੇ ਤੀਰਥ ਯਾਤਰੀਆਂ ਨੂੰ ਆਪਣੇ ਪਾਸ ਠਹਿਰਾਇਆ ਤੇ ਉਨ੍ਹਾਂ ਨੂੰ ਸ਼ਾਕਾਹਾਰੀ ਭੋਜਨ ਕਰਾਇਆ। ਕਿਹਾ ਜਾਂਦਾ ਹੈ ਕਿ ਉਸ ਨੇ ਯਾਤਰੂਆਂ ਨੂੰ ਕਿਹਾ ਕਿ ਮੈਂ ਤੁਹਾਨੂੰ ਏਥੇ ਹੀ ਕਾਸ਼ੀ ਵਿਸ਼ਵਨਾਥ ਦੇ ਦਰਸ਼ਨ ਕਰਾ ਦਿੰਦਾ ਹਾਂ, ਅੱਗੇ ਨਾ ਜਾਵੋ। ਕੁਝ ਲੋਕਾਂ ਨੇ ਇਸ ਪੇਸ਼ਕਸ਼ ਨੂੰ ਪਸੰਦ ਨਾ ਕੀਤਾ ਤੇ ਉਹ ਅੱਗੇ ਚਲਦੇ ਗਏ ਪਰ ਕੁਝ ਹੋਰ ਇਮਾਮਸ਼ਾਹ ਦੁਆਰਾ ਕਰਾਏ 'ਕਾਸ਼ੀ ਵਿਸ਼ਵਨਾਥ ਦੇ ਦਰਸ਼ਨ' ਉਥੇ ਹੀ ਕਰਕੇ ਵਾਪਿਸ ਪਿੰਡ ਆ ਗਏ।

ਲੇਵਾ ਪਟੀਦਾਰ ਤੋਂ ਕੁਝ ਲੋਕਾਂ ਦੁਆਰਾ ਕਿਨਾਰਾਕਸ਼ੀ ਕਰਨ ਦਾ ਇਕ ਕਾਰਨ ਇਹ ਵੀ ਸੀ ਕਿ ਇਹ ਲੋਕ ਲੇਵਾ ਪਟੀਦਾਰ ਸਮਾਜ ਦੀਆਂ ਅਤਿਸ਼ ਰਵਾਇਤਾਂ ਤੋਂ ਤੰਗ ਪੈ ਚੁਕੇ ਸਨ। ਵੱਖ ਹੋ ਕੇ ਉਨ੍ਹਾਂ ਨੂੰ ਨਵੀਆਂ ਰਵਾਇਤਾਂ ਸਥਾਪਤ ਕਰਨ ਦਾ ਮੌਕਾ ਵੀ ਮਿਲਿਆ। ਉਹ ਦਹੇਜ ਦੀ ਰਸਮ ਤੋਂ ਬਹੁਤ ਦੁਖੀ ਸਨ। ਗਰੀਬਾਂ ਦੀਆਂ ਲੜਕੀਆਂ ਅਣਵਿਆਹੀਆਂ ਰਹਿ ਜਾਂਦੀਆਂ ਤੇ ਸਾਰੀ ਸਾਰੀ ਉਮਰ ਭਰਜਾਈਆਂ ਦਾ ਪਾਣੀ ਭਰਦੀਆਂ ਰਹਿੰਦੀਆਂ। ਉਨ੍ਹਾਂ ਦਹੇਜ ਦੀ ਪ੍ਰਥਾ ਖਤਮ ਕਰ ਦਿੱਤੀ। ਵਿਧਵਾ ਅਤੇ ਤਲਾਕਸ਼ੁਦਾ ਔਰਤਾਂ ਨੂੰ ਮੁੜ ਵਿਆਹ ਕਰ ਕੇ ਜ਼ਿੰਦਗੀ ਮਾਨਣ ਦਾ ਅਧਿਕਾਰ ਦੇ ਦਿੱਤਾ।

ਕੁਝ ਹੋਰ ਤੱਥ ਵੀ ਬਿਆਨਣਯੋਗ ਹਨ। ਪਟੇਲਾਂ ਨੂੰ ਇਹ ਅੱਲ ਮਿਲਣ ਤੋਂ ਪਹਿਲਾਂ ਕਣਬੀ ਕਿਹਾ ਜਾਂਦਾ ਸੀ। ਇਕ ਜਗ੍ਹਾ ਇਨ੍ਹਾਂ ਦੀ ਸ਼ਨਾਖਤ ਪੰਜਾਬ ਦੇ ਕੁਰਮੀਆਂ ਨਾਲ ਕੀਤੀ ਗਈ ਹੈ। ਕਣਬੀ ਸ਼ਬਦ ਕੁਟੰਬਿਕਾ ਤੋਂ ਵਿਉਤਪਤ ਹੋਇਆ ਦੱਸਿਆ ਜਾਂਦਾ ਹੈ। ਕੁਣਬਾ ਜਾਂ ਕੁਨਬਾ ਕੁਟੰਬ ਸ਼ਬਦ ਦਾ ਹੀ ਰੁਪਾਂਤਰ ਹੈ। ਇਸ ਸ਼ਬਦ ਦੀ ਵਿਉਤਪਤੀ ਹੋਰ ਕਈ ਤਰ੍ਹਾਂ ਵੀ ਕੀਤੀ ਜਾਂਦੀ ਹੈ। ਇਹ ਲੋਕ ਮੁਖ ਤੌਰ 'ਤੇ ਕੱਛ, ਸੌਰਾਸ਼ਟਰ, ਉਤਰੀ, ਦੱਖਣੀ ਅਤੇ ਮੱਧ ਗੁਜਰਾਤ ਵਿਚ ਵਸੇ ਹੋਏ ਹਨ। ਪਟੇਲਾਂ ਨੇ ਆਪਣਾ ਕੰਮ ਜ਼ਮੀਨ ਵਾਹੁਣ ਤੋਂ ਕੀਤਾ ਸੀ। ਖੇਤੀ ਵਿਚ ਹੱਥ ਵਟਾਉਣ ਲਈ ਉਨ੍ਹਾਂ ਨੇ ਸ਼ਿਲਪਕਾਰਾਂ ਅਤੇ ਕਾਮਿਆਂ ਨੂੰ ਰੱਖ ਲਿਆ ਜੋ ਪਿੰਡ ਵਿਚ ਹੀ ਰਹਿਣ ਲੱਗ ਪਏ। ਹੌਲੀ ਹੌਲੀ ਕਈ ਅਜਿਹੇ ਪਿੰਡ ਕਸਬੇ ਬਣ ਗਏ। ਕਈ ਥਾਂਵਾਂ 'ਤੇ ਪੰਜ ਪੰਜ ਪਿੰਡਾਂ ਦੇ ਮੁਖੀ ਪਟੇਲ ਹਨ ਪਰ ਕਈ ਥਾਂਵਾਂ 'ਤੇ ਕੇਵਲ ਇਕ ਦਾ ਹੀ। ਪਟੇਲ ਸਿਰਫ ਇਕ ਜਾਤੀ ਵਿਸ਼ੇਸ਼ ਦੇ ਲੋਕਾਂ ਦਾ ਹੀ ਉਪਨਾਮ ਨਹੀਂ ਸਗੋਂ ਸ਼ੂਦਰ, ਖੱਤਰੀ, ਵੈਸ਼ ਸਭ ਤਰ੍ਹਾਂ ਦੇ ਲੋਕਾਂ ਨੇ ਅਪਨਾ ਲਿਆ ਹੈ। ਕੁਝ ਪਾਰਸੀ ਅਤੇ ਮੁਸਲਮਾਨ ਵੀ ਪਟੇਲ ਹਨ। ਅਸਲ ਵਿਚ ਪਟੇਲ ਉਪਨਾਮ ਇਕ ਪ੍ਰਤਿਸ਼ਠਾ ਦੀ ਨਿਸ਼ਾਨੀ ਸਮਝਿਆ ਜਾਣ ਲੱਗਾ ਹੈ। ਇਸ ਨਾਂ ਦੀ ਛਤਰੀ ਹੇਠਾਂ ਲੋਕਾਂ ਦੀ ਜਾਤ ਲੁਕ ਜਾਂਦੀ ਹੈ ਪਰ ਸ਼ੁਰੂ ਵਿਚ ਪੰਜਾਬ ਤੋਂ ਗਏ ਲੋਕਾਂ ਦੀ ਜਾਤ ਸ਼ੂਦਰ ਹੀ ਸੀ।

ਪਟੇਲਾਂ ਬਾਰੇ ਇਹ ਜਾਣਕਾਰੀ ਕਈ ਸਰੋਤਾਂ ਤੋਂ ਮਿਲੀ ਹੈ। ਉਹ ਬੜੇ ਮਾਣ ਨਾਲ ਪੰਜਾਬ ਨੂੰ ਆਪਣਾ ਪਿਛਾ ਬਿਆਨਦੇ ਹਨ। ਮੈਂ ਇਸ ਜਾਣਕਾਰੀ ਦੀ ਡੂੰਘੀ ਤਰ੍ਹਾਂ ਪੜਤਾਲ ਨਹੀਂ ਕੀਤੀ। ਇਸ ਵਿਚ ਮਿਥ ਅਤੇ ਦੰਦ-ਕਥਾਵਾਂ ਦਾ ਰਲਾ ਜ਼ਰੂਰ ਹੋਵੇਗਾ। ਇਸ ਉਪਨਾਮ ਦਾ ਇਕ ਰੂਪਾਂਤਰ ਪਾਟੀਲ (ਪਾਟਿਲ) ਵੀ ਮਹਾਰਾਸ਼ਟਰ, ਕਰਨਾਟਕ ਅਤੇ ਆਂਧਰਾ ਪਰਦੇਸ਼ ਵਿਚ ਮਿਲਦਾ ਹੈ ਤੇ ਪਾਟੇਲਾ ਵੀ। (ਪੰਜਾਬ ਦੇ ਪਿੰਡਾਂ ਦੀਆਂ ਪੱਟੀਆਂ ਜਾਂ ਪੱਤੀਆਂ ਪਟ ਜਾਂ ਪਟੇ ਸ਼ਬਦ ਤੋਂ ਬਣੀਆਂ ਹਨ।) ਮੈਂ ਇਤਿਹਾਸ ਤੇ ਮਾਨਵ-ਵਿਗਿਆਨ ਦਾ ਡੂੰਘਾ ਗਿਆਤਾ ਵੀ ਨਹੀਂ ਹਾਂ ਪਰ ਇਸ ਵਿਸ਼ੇ 'ਤੇ ਹੋਰ ਅਧਿਐਨ ਕਰਨ ਦਾ ਮਨ ਜ਼ਰੂਰ ਹੈ। ਇਸ ਦਾ ਇਕ ਕਾਰਨ ਇਹ ਹੈ ਕਿ ਅਮਰੀਕਾ ਵਿਚ ਪੰਜਾਬੀਆਂ ਦਾ ਸਾਡੇ ਹਮਵਤਨੀ ਗੁਜਰਾਤੀਆਂ ਨਾਲ ਬਹੁਤ ਵਾਹ ਪੈਂਦਾ ਹੈ। ਸਾਨੂੰ ਉਨ੍ਹਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਪਟੇਲਾਂ ਦੀ ਇਕ ਸਿਫਤ ਇਹ ਵੀ ਹੈ ਕਿ ਇਕ ਦੂਜੇ ਦੇ ਬਹੁਤ ਮਦਦਗਾਰ ਸਾਬਤ ਹੁੰਦੇ ਹਨ ਪਰ ਬੜੀ ਹਿਸਾਬੀ ਕਿਤਾਬੀ ਵੀ ਹਨ। ਇਕੱਠੇ ਰਹਿਣਗੇ ਪਰ ਇਕ ਇਕ ਪੈਸੇ ਦਾ ਲੈਣ ਦੇਣ ਬੜੀ ਦਿਆਨਤਦਾਰੀ ਨਾਲ ਕਰਨਗੇ। ਸ਼ਾਇਦ ਉਨ੍ਹਾਂ ਦਾ ਅਕੀਦਾ ਹੈ, ਸ਼ਰ੍ਹਾ ਵਿਚ ਸ਼ਰਮ ਕਾਹਦੀ। ਅਮਰੀਕਾ ਵਿਚ ਰਹਿੰਦੇ ਉਹ ਆਪਣੇ ਸਭਿਆਚਾਰ ਨੂੰ ਵੀ ਨਹੀਂ ਭੁੱਲਦੇ। ਹਰ ਵਰ੍ਹੇ ਫਲੋਰਿਡਾ ਵਿਚ ਇਕ ਮੇਲਾ ਲਾਉਂਦੇ ਹਨ ਜਿਥੇ ਨੌਜਵਾਨ ਮੁੰਡੇ-ਕੁੜੀਆਂ ਨੂੰ ਆਪਸ ਵਿਚ ਮਿਲਣ ਦਾ ਮੌਕਾ ਮਿਲਦਾ ਹੈ ਅਤੇ ਇਸੇ ਆਧਾਰ 'ਤੇ ਬਹੁਤ ਸਾਰੇ ਵਿਆਹ ਵੀ ਹੁੰਦੇ ਹਨ। ਨਾਲੇ ਗੁਜਰਾਤੀ ਪੰਜਾਬੀਆਂ ਦੀ ਤਰ੍ਹਾਂ ਹੀ ਪਰਵਾਸ-ਉਨਮੁਖ ਹਨ। ਇਹ ਲੱਛਣ ਵੀ ਦੋਵਾਂ ਦੀ ਇਕ ਦੂਜੇ ਨਾਲ ਸਾਂਝ ਦਾ ਪ੍ਰਗਟਾਵਾ ਕਰਦਾ ਹੈ।

# ਪੱਥਰ ਦਿਲ ਇਨਸਾਨ, ਬਾਹਰੋਂ ਬੀਬੇ ਅੰਦਰੋਂ ਸ਼ੈਤਾਨ

**ਮਨਜੀਤ ਸਿੰਘ ਬੇਕਰਜ਼ਫੀਲਡ***

ਜਿਸ ਇਨਸਾਨ ਵਿਚ ਦਇਆ ਨਾ ਹੋਵੇ ਅਤੇ ਉਹ ਗੁੱਸੇ ਅਤੇ ਈਰਖਾ ਨਾਲ ਭਰਿਆ ਹੋਵੇ, ਤਾਂ ਉਹ ਬੰਦਾ ਪੱਥਰ ਵਾਂਗ ਕਠੋਰ ਦਿਲ ਹੀ ਹੋਵੇਗਾ। ਪੱਥਰ ਸਰੀਰ 'ਤੇ ਵੱਜੇ ਤਾਂ ਸਰੀਰ ਜ਼ਖ਼ਮੀ ਹੋ ਜਾਂਦਾ ਹੈ, ਇਸੇ ਤਰ੍ਹਾਂ ਜਦੋਂ ਪੱਥਰ ਦਿਲ ਬੰਦਾ ਚੋਟ ਮਾਰਦਾ ਹੈ ਤਾਂ ਜ਼ਮੀਰ ਜਖ਼ਮੀ ਹੁੰਦੀ ਹੈ। ਕਿਸੇ ਵਿਦਵਾਨ ਨੇ ਬੜੀ ਰਮਜ਼ ਵਾਲੀ ਕਹਾਣੀ ਲਿਖੀ ਹੈ ਕਿ ਪੱਥਰ ਘੜਨ ਵਾਲਾ ਕੋਈ ਕਾਰੀਗਰ ਤੁਰਿਆ ਜਾ ਰਿਹਾ ਸੀ। ਰਸਤੇ ਵਿਚ ਉਸ ਦਾ ਪੈਰ ਪੱਥਰ ਨਾਲ ਟਕਰਾ ਕੇ ਜ਼ਖ਼ਮੀ ਹੋ ਗਿਆ। ਨੇੜੇ ਹੀ ਇਕ ਸਾਧੂ ਇਹ ਸਭ ਕੁਝ ਦੇਖ ਰਿਹਾ ਸੀ। ਉਸ ਨੇ ਪੱਥਰ ਘੜਨ ਵਾਲੇ ਨੂੰ ਮੁਖਾਤਿਬ ਹੋ ਕੇ ਕਿਹਾ-ਪੱਥਰ ਬਾਹਰੋਂ ਕਠੋਰ ਹੈ ਅਤੇ ਬੰਦਾ ਅੰਦਰੋਂ ਕਠੋਰ ਹੈ। ਪੱਥਰ ਬਾਹਰੋਂ ਚੋਟ ਕਰਦਾ ਹੈ ਅਤੇ ਬੰਦਾ ਅੰਦਰੋਂ।

ਪੱਥਰ ਘੜਨ ਵਾਲੇ ਨੇ ਸਾਧੂ ਦੀ ਗੱਲ ਸੁਣ ਕੇ ਕਿਹਾ ਕਿ ਜੇ ਇਸ ਪੱਥਰ ਦੀ ਮੂਰਤੀ ਘੜ ਦਿਆਂ, ਫਿਰ? ਉਹ ਸਾਧੂ ਕਹਿਣ ਲੱਗਾ, ਫਿਰ ਇਹੀ ਪੱਥਰ ਕਿਸੇ ਮੰਦਰ ਵਿਚ ਪੂਜਿਆ ਜਾਵੇਗਾ ਅਤੇ ਮੁੱਲਵਾਨ ਹੋਵੇਗਾ। ਪੱਥਰ ਘਾੜਾ ਪੁੱਛਣ ਲੱਗਾ ਕਿ ਪੱਥਰ ਨੂੰ ਤਾਂ ਕੋਈ ਕਾਰੀਗਰ ਹਥਿਆਰ ਨਾਲ ਘੜ ਸਕਦਾ ਹੈ ਪਰ ਪੱਥਰ ਦਿਲ ਇਨਸਾਨ ਨੂੰ ਕਿਵੇਂ ਘੜਿਆ ਜਾਵੇ?

ਸਾਧੂ ਬੋਲਿਆ, ਪੱਥਰ ਦਿਲ ਇਨਸਾਨਾਂ ਨੂੰ ਪਹਿਲਾਂ ਪਿਆਰ ਦੇ ਯੰਤਰ ਨਾਲ ਹੌਲੀ-ਹੌਲੀ ਤਰਾਸ਼ਣਾ ਪੈਂਦਾ ਹੈ। ਫਿਰ ਸ਼ਬਦ ਗਿਆਨ ਨਾਲ ਫਾਲਤੂ ਟੁਕੜੇ (ਸ਼ੈਤਾਨ ਬਿਰਤੀਆਂ) ਝਾੜਨੇ ਪੈਂਦੇ ਹਨ। ਜਿੰਨੀ ਦੇਰ ਤੱਕ ਬੰਦਾ ਘੜਿਆ ਨਾ ਜਾਵੇ, ਫਾਲਤੂ ਟੁਕੜੇ ਗਿਰ ਨਾ ਜਾਣ, ਉਨੀ ਦੇਰ ਤੱਕ ਮਨੁੱਖ ਦੇ ਅੰਦਰੋਂ ਦਇਆ ਪ੍ਰਗਟ ਨਹੀਂ ਹੁੰਦੀ। ਜਿਸ ਇਨਸਾਨ ਦੇ ਕੋਲ ਦਇਆ ਦਾ ਰਸ ਨਹੀਂ, ਉਹ ਉਸ ਸੁੱਕੇ ਹੋਏ ਦਰਖ਼ਤ ਵਾਂਗ ਹੈ ਜਿਸ ਨੂੰ ਨਾ ਸਿਰਫ ਫ਼ਲ ਅਤੇ ਪੱਤੇ ਹੀ ਨਹੀਂ ਲਗਦੇ ਸਗੋਂ ਉਸ ਦੀ ਛਾਂ ਵੀ ਕਿਸੇ ਨੂੰ ਨਸੀਬ ਨਹੀਂ ਹੁੰਦੀ; ਭਾਵ ਉਹ ਸੁੱਕਾ ਹੋਇਆ ਦਰਖ਼ਤ ਕਰੂਪ ਅਤੇ ਕਠੋਰ ਹੁੰਦਾ ਹੈ।

ਪੱਥਰ ਦਿਲ ਇਨਸਾਨ ਈਰਖਾ ਵਸ ਕਿਸੇ ਨੂੰ ਤਾਂ ਦੁਖੀ ਕਰਦਾ ਹੀ ਹੈ, ਕਦੀ ਆਪਣਾ ਭਲਾ ਵੀ ਨਹੀਂ ਕਰ ਸਕਦਾ। ਉਸ ਦੀ ਜ਼ਮੀਰ ਇੰਨੀ ਜ਼ਖ਼ਮੀ ਹੋ ਜਾਂਦੀ ਹੈ ਕਿ ਉਹ ਆਪਣੇ ਮਨ ਦੀ ਭੜਾਸ ਕੱਢਣ ਲਈ ਆਪਣੇ ਬੱਚਿਆਂ ਕੋਲੋਂ ਵੀ ਗ਼ਲਤ ਕੰਮ ਕਰਵਾਉਣ ਤੋਂ ਨਹੀਂ ਝਿਜਕਦਾ ਅਤੇ ਆਪਣੇ ਪਰਿਵਾਰ ਵਿਚ ਕੋਈ ਨਾ ਕੋਈ ਝੰਜਟ ਪਾਈ ਰੱਖਦਾ ਹੈ। ਉਸ ਦੇ ਯਾਰ-ਦੋਸਤ ਵੀ ਅਕਸਰ ਈਰਖਾਲੂ ਅਤੇ ਸਹੂਲਤਪ੍ਰਸਤ ਹੁੰਦੇ ਹਨ। ਇਹੋ ਜਿਹੇ ਬੰਦਿਆਂ ਕੋਲ ਪਰਮਾਤਮਾ ਵੀ ਆ ਜਾਵੇ ਤਾਂ ਇਹ ਦੁੱਖ ਹੀ ਮੰਗਣਗੇ ਪਰ ਦਿਆਲੂ ਬੰਦੇ ਕੋਲ ਸ਼ੈਤਾਨ ਵੀ ਆ ਜਾਵੇ ਤਾਂ ਉਹ ਸਦਾ ਭਲਾ ਹੀ ਮੰਗਦੇ ਹਨ।

ਈਰਖਾ ਅਜਿਹੀ ਅੱਗ ਹੈ ਜਿਸ ਵਿਚ ਬੰਦੇ ਦੇ ਸਭ ਗੁਣ ਸੜ ਜਾਂਦੇ ਹਨ। ਦਇਆ ਅਜਿਹਾ ਸੀਤਲ ਜਲ ਹੈ ਜਿਸ ਨਾਲ ਤਪਦੇ-ਬਲਦੇ ਹਿਰਦੇ ਵੀ ਠਰ ਜਾਂਦੇ ਹਨ। ਦਇਆਵਾਨ ਕਿੰਨਾ ਵੀ ਨਿਰਗੁਨਿਆਰਾ ਹੋਵੇ, ਉਸ ਦੀ ਹਰ ਥਾਂ ਇੱਜ਼ਤ ਹੁੰਦੀ ਹੈ। ਈਰਖਾ ਤਾਂ ਅੱਗ ਦੀ ਅਜਿਹੀ ਹਨੇਰੀ ਹੈ ਜਿਸ ਨਾਲ ਵੱਡਿਆਂ-ਵੱਡਿਆਂ ਦੀ ਬੋਲਤੀ ਬੰਦ ਹੋ ਜਾਂਦੀ ਹੈ।

ਸੋ, ਜ਼ਰਾ ਬਚ ਕੇ! ਪੱਥਰ ਦਿਲ ਇਨਸਾਨ ਬਾਹਰੋਂ ਬੜੇ ਬੀਬੇ ਦਿਖਾਈ ਦਿੰਦੇ ਹਨ ਪਰ ਸ਼ੈਤਾਨੀ ਨਾਲ ਭਰੇ ਹੋਣ ਕਰਕੇ ਅਜਿਹਾ ਡੰਗ ਮਾਰਦੇ ਹਨ ਕਿ ਹਰ ਕੋਈ ਦੰਗ ਰਹਿ ਜਾਂਦਾ ਹੈ। ਸ਼ੇਖ਼ ਸਾਅਦੀ ਦਾ ਕਹਿਣਾ ਹੈ ਕਿ ਅਜਿਹੇ ਬੰਦਿਆਂ 'ਤੇ ਤਰਸ ਕਰਨਾ, ਚੰਗਿਆਂ 'ਤੇ ਜ਼ੁਲਮ ਕਰਨ ਦੇ ਬਰਾਬਰ ਹੈ। ਦੋ ਬੰਦਿਆਂ ਵਿਚਕਾਰ ਅੱਗ ਦਾ ਭਾਂਬੜ ਬਾਲ ਕੇ ਉਸ ਵਿਚ ਆਪ ਸੜਨਾ ਸਿਆਣਪ ਨਹੀਂ, ਸਗੋਂ ਮੂਰਖਤਾ ਹੈ।

*ਫੋਨ:661-817-5988

# ਮੁਖ਼ਤਾਰਾਂ ਮਾਈ ਦੀ ਕਹਾਣੀ, ਮੁਖ਼ਤਾਰਾਂ ਦੀ ਜ਼ੁਬਾਨੀ



***ਲਹਿੰਦੇ ਪੰਜਾਬ ਦੇ ਪਿੰਡ ਮੀਰਵਾਲਾ (ਤਹਿਸੀਲ ਜੈਤੋਈ, ਜ਼ਿਲ੍ਹਾ ਮੁਜ਼ੱਫ਼ਰਗੜ੍ਹ) ਦੀ ਰਹਿਣ ਵਾਲੀ ਮੁਖ਼ਤਾਰਾਂ ਬੀਬੀ ਜੋ ਮਗਰੋਂ ਮੁਖ਼ਤਾਰਾਂ ਮਾਈ ਦੇ ਨਾਂ ਸਾਰੇ ਜੱਗ ਦੇ ਸਾਹਮਣੇ ਆਈ, ਨੂੰ ਪਿੰਡ ਦੇ ਹੀ ਮਸਤੋਈ ਕਬੀਲੇ ਨਾਲ ਸਬੰਧਤ ਲੋਕਾਂ ਨੇ ਪੰਚਾਇਤ (ਜਿਰਗਾ) ਰਾਹੀਂ ਸਮੂਹਿਕ ਬਲਾਤਕਾਰ ਦੀ 'ਸਜ਼ਾ' ਸੁਣਾਈ। ਉਸ ਦਾ ਕਸੂਰ ਕੋਈ ਨਹੀਂ ਸੀ। ਉਸ ਦੇ 12 ਵਰ੍ਹਿਆਂ ਦੇ ਭਰਾ ਉਤੇ ਦੋਸ਼ ਲਾਇਆ ਗਿਆ ਸੀ ਕਿ ਉਸ ਨੇ ਕਬੀਲੇ ਦੀ ਕੁੜੀ ਨਾਲ ਜਬਰ-ਜਨਾਹ ਕੀਤਾ ਹੈ। ਇਹ ਦੋਸ਼ ਵੀ ਬੇਬੁਨਿਆਦ ਸੀ। ਮੁਖ਼ਤਾਰਾਂ ਮਾਈ ਨੇ ਇਸ ਜਲਾਲਤ ਤੋਂ ਖਹਿੜਾ ਛੁਡਾਉਣ ਲਈ ਖ਼ੁਦਕੁਸ਼ੀ ਦਾ ਰਾਹ ਛੱਡ ਕੇ, ਲੜਨ ਦਾ ਰਾਹ ਫੜਿਆ ਅਤੇ 6 ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦਿਵਾਈ। ਆਪਣੀ ਇਸ ਲੜਾਈ ਕਾਰਨ ਉਹ ਪੂਰੇ ਸੰਸਾਰ ਵਿਚ ਚਰਚਾ ਵਿਚ ਆਈ। ਹੁਣ ਉਹ ਇਕ ਵਾਰ ਫਿਰ ਚਰਚਾ ਵਿਚ ਹੈ...ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਦੋਸ਼ੀਆਂ ਵਿਚੋਂ 5 ਨੂੰ ਸਾਫ਼ ਬਰੀ ਕਰ ਦਿੱਤਾ ਹੈ। ਛੇਵੇਂ ਦੋਸ਼ੀ ਦੀ ਸਜ਼ਾ ਘਟਾ ਕੇ ਉਮਰ ਕੈਦ ਕਰ ਦਿੱਤੀ ਹੈ। ਪੇਸ਼ ਹੈ ਮੁਖ਼ਤਾਰਾਂ ਮਾਈ ਦੀ ਕਹਾਣੀ, ਮੁਖ਼ਤਾਰਾਂ ਮਾਈ ਦੀ ਜ਼ੁਬਾਨੀ...ਸੰਪਾਦਕ***

ਜੂਨ ਮਹੀਨੇ ਦੀ 22 ਤਾਰੀਖ਼ ਨੂੰ ਮੇਰੇ ਟੱਬਰ ਨੇ ਫ਼ੈਸਲਾ ਕਰ ਲਿਆ ਸੀ।

ਮੈਂ, ਮੁਖ਼ਤਾਰਾਂ ਬੀਬੀ, ਪਿੰਡ ਮੀਰਵਾਲਾ ਦੇ ਗੁੱਜਰ ਕਿਸਾਨ ਟੱਬਰ ਦੀ ਧੀ, ਆਪਣੇ ਟੱਬਰ ਵੱਲੋਂ ਪਿੰਡ ਦੇ ਅਸਰ-ਰਸੂਖ਼ ਵਾਲੇ ਮਸਤੋਈ ਜਾਤ ਦੇ ਟੱਬਰ ਅੱਗੇ ਪੇਸ਼ ਹੋਵਾਂਗੀ।

ਮੇਰੇ ਛੋਟੇ ਭਰਾ ਸ਼ਕੂਰ ਉਤੇ ਦੋਸ਼ ਸੀ ਕਿ ਉਸ ਨੇ ਇਸ ਮਸਤੋਈ ਟੱਬਰ ਦੀ ਜਵਾਨ ਕੁੜੀ ਸਲਮਾ ਨਾਲ ਗੱਲ ਕੀਤੀ ਹੈ। ਸ਼ਕੂਰ ਸਿਰਫ਼ 12 ਵਰ੍ਹਿਆਂ ਦਾ ਹੈ ਅਤੇ ਸਲਮਾ ਦੀ ਉਮਰ ਵੀਹਾਂ ਤੋਂ ਉਪਰ ਹੈ। ਅਸੀਂ ਸਾਰੇ ਹੀ ਜਾਣਦੇ ਹਾਂ ਕਿ ਮੇਰੇ ਭਰਾ ਨੇ ਕੁਝ ਵੀ ਗ਼ਲਤ ਨਹੀਂ ਕੀਤਾ ਪਰ ਮਸਤੋਈਆਂ ਨੇ ਫ਼ੈਸਲਾ ਹੀ ਕਰ ਲਿਆ ਸੀ ਕਿ ਅਸੀਂ ਗੁੱਜਰ ਉਨ੍ਹਾਂ ਦੀਆਂ ਮੰਗਾਂ ਅੱਗੇ ਸਿਰ ਝੁਕਾਵਾਂਗੇ। ਸਦੀਆਂ ਤੋਂ ਇਹੀ ਰੀਤ ਚਲੀ ਆ ਰਹੀ ਸੀ!

ਮੇਰੇ ਅੱਬਾ ਅਤੇ ਮੇਰੇ ਚਾਚਾ ਨੇ ਇਸ ਬਾਰੇ ਮੈਨੂੰ ਦੱਸ ਦਿੱਤਾ ਹੈ:

'ਸਾਡਾ ਮੌਲਵੀ ਵੀ ਫਸਿਆ ਹੋਇਆ ਹੈ। ਪਿੰਡ ਦੀ ਪੰਚਾਇਤ (ਜਿਰਗਾ) ਵਿਚ ਮਸਤੋਈਆਂ ਦੀ ਬਹੁਮਤ ਹੈ। ਉਨ੍ਹਾਂ ਮਸਲੇ ਦੇ ਹੱਲ ਲਈ ਸਭ ਰਾਹ ਬੰਦ ਕਰ ਦਿੱਤੇ ਹਨ। ਉਨ੍ਹਾਂ ਕੋਲ ਹਥਿਆਰ ਹਨ। ਤੇਰੇ ਮਾਮੇ ਅਤੇ ਮਸਤੋਈਆਂ ਦੇ ਮਿੱਤਰ ਰਮਜ਼ਾਨ ਪੱਚਰ ਨੇ ਜਿਰਗਾ ਦੇ ਮੈਂਬਰਾਂ ਨੂੰ ਸ਼ਾਂਤ ਕਰਨ ਦਾ ਹਰ ਹੀਲਾ ਕੀਤਾ ਹੈ। ਹੁਣ ਸਾਨੂੰ ਇਕ, ਆਖ਼ਰੀ ਮੌਕਾ ਮਿਲਿਆ ਹੈ-ਕੋਈ ਗੁੱਜਰ ਔਰਤ ਉਨ੍ਹਾਂ ਦੇ ਕਬੀਲੇ ਅੱਗੇ ਪੇਸ਼ ਹੋਵੇ। ਆਪਣੇ ਟੱਬਰ 'ਚੋਂ ਅਸੀਂ ਤੈਨੂੰ ਚੁਣਿਆ ਹੈ।'

'ਮੈਨੂੰ ਹੀ ਕਿਉਂ।'

'ਹੋਰ ਕੁੜੀਆਂ ਦੀ ਉਮਰ ਘੱਟ ਹੈ। ਤੇਰਾ ਤਲਾਕ ਹੋ ਚੁੱਕਾ ਹੈ। ਕੋਈ ਬੱਚਾ ਵੀ ਨਹੀਂ। ਤੂੰ ਕੁਰਾਨ ਦਾ ਪ੍ਰਚਾਰ ਵੀ ਕਰਦੀ ਹੈਂ। ਤੂੰ ਸਤਿਕਾਰਯੋਗ ਔਰਤ ਏਂ!'

ਸੂਰਜ ਕਦੋਂ ਦਾ ਲਹਿ ਚੁੱਕਾ ਸੀ, ਮੈਨੂੰ ਪੂਰੀ ਗੱਲ ਨਹੀਂ ਦੱਸੀ ਜਾ ਰਹੀ ਕਿ ਅੱਜ ਦੇ ਇਸ ਗੰਭੀਰ ਵਿਵਾਦ ਦਾ ਜ਼ਰੀਆ ਕਿਹੜੀ ਗੱਲ ਬਣੀ। ਜਿਰਗਾ ਨਾਲ ਸਬੰਧਤ ਬੰਦੇ ਕਈ ਘੰਟਿਆਂ ਤੋਂ ਇਸ ਮਸਲੇ ਬਾਰੇ ਵਿਚਾਰਾਂ ਵਿਚ ਮਸਰੂਫ਼ ਸਨ। ਤੇ ਸਿਰਫ਼ ਉਨ੍ਹਾਂ ਨੂੰ ਹੀ ਪਤਾ ਸੀ ਕਿ ਮੈਨੂੰ ਕਿਉਂ ਮਸਤੋਈ ਟੱਬਰ ਅੱਗੇ ਪੇਸ਼ ਹੋਣਾ ਪਵੇਗਾ।

ਸ਼ਕੂਰ ਦੁਪਹਿਰ ਵੇਲੇ ਤੋਂ ਹੀ ਲਾਪਤਾ ਹੈ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਉਹ ਦੁਪਹਿਰੇ ਘਰ ਦੇ ਨੇੜੇ ਹੀ ਖੇਤਾਂ ਵੱਲ ਗਿਆ ਸੀ। ਹੁਣ ਉਹ ਪਿੰਡੋਂ ਤਿੰਨ ਮੀਲ ਦੂਰ ਥਾਣੇ ਵਿਚ ਬੰਦ ਸੀ। ਬਾਪੂ ਦਾ ਕਹਿਣਾ ਸੀ ਕਿ ਮੁੰਡੇ ਨੂੰ ਕੁੱਟਿਆ-ਮਾਰਿਆ ਵੀ ਗਿਆ ਹੈ: 'ਜਦੋਂ ਪੁਲਿਸ ਸ਼ਕੂਰ ਨੂੰ ਮਸਤੋਈਆਂ ਦੀ ਹਵੇਲੀ 'ਚੋਂ ਲੈ ਕੇ ਗਈ ਤਾਂ ਅਸੀਂ ਆਪ ਤੱਕਿਆ ਸੀ। ਮੁੰਡਾ ਲਹੂ-ਲੁਹਾਣ। ਕੱਪੜੇ ਪਾਟੇ ਹੋਏ। ਹੱਥਕੜੀ ਲਾਈ ਹੋਈ। ਸਾਡੇ ਨਾਲ ਤਾਂ ਗੱਲ ਵੀ ਨਾ ਕਰਨ ਦਿੱਤੀ। ਪਹਿਲਾਂ ਮੈਂ ਉਹਨੂੰ ਲੱਭਦੇ ਨੇ ਪਤਾ ਨਹੀਂ ਕਿੱਥੇ-ਕਿੱਥੇ ਟੱਕਰਾਂ ਮਾਰੀਆਂ। ਰੁੱਖ ਛਾਂਗ ਰਹੇ ਇਕ ਬੰਦੇ ਨੇ ਦੱਸਿਆ ਕਿ ਸ਼ਕੂਰ ਨੂੰ ਤਾਂ ਮਸਤੋਈ ਅਗਵਾ ਕਰਕੇ ਲੈ ਗਏ ਹਨ। ਪਿੰਡ ਵਾਲਿਆਂ ਨੇ ਦੱਸਿਆ ਕਿ ਉਸ ਉਤੇ ਮਾੜੇ ਵਿਹਾਰ ਅਤੇ ਚੋਰੀ ਦੇ ਦੋਸ਼ ਲਾਏ ਗਏ ਹਨ।'

ਪਹਿਲਾਂ ਵੀ ਮਸਤੋਈ ਇਸੇ ਤਰ੍ਹਾਂ ਕਰਦੇ ਆਏ ਹਨ। ਇਨ੍ਹਾਂ ਦੇ ਲੀਡਰ ਦੀ ਪਹੁੰਚ ਰਸੂਖ਼ ਵਾਲੇ ਲੋਕਾਂ ਤੱਕ ਹੈ। ਇਹ ਬੜੇ ਹਿੰਸਕ ਲੋਕ ਹਨ ਜਿਹੜੇ ਬੰਦੂਕਾਂ ਲੈ ਕੇ ਕੋਈ ਵੀ ਘਰ ਲੁੱਟ ਸਕਦੇ ਹਨ, ਕਿਸੇ ਨਾਲ ਵੀ ਜਬਰ-ਜਨਾਹ ਕਰ ਸਕਦੇ ਹਨ ਅਤੇ ਭੰਨ੍ਹ-ਤੋੜ ਕਰ ਸਕਦੇ ਹਨ।

ਧਾਰਮਿਕ ਰਸੂਖ਼ ਹੋਣ ਕਰਕੇ ਮੌਲਵੀ ਹੀ ਇਕੱਲਾ ਅਜਿਹਾ ਸ਼ਖ਼ਸ ਹੈ ਜਿਹੜਾ ਇਸ ਸੰਕਟ 'ਚ ਦਖ਼ਲ ਦੇ ਸਕਦਾ ਹੈ ਪਰ ਉਸ ਦਾ ਹਰ ਯਤਨ ਬੇਕਾਰ ਗਿਆ। ਇਸ ਗੱਲ ਤੋਂ ਔਖੇ ਸਨ ਕਿ ਕਿਸੇ ਗੁੱਜਰ ਨੇ ਉਨ੍ਹਾਂ ਦੀ ਹਵੇਲੀ ਪੁਲਿਸ ਭੇਜੀ ਹੈ, ਫਿਰ ਮਸਤੋਈਆਂ ਨੇ ਕਹਾਣੀ ਹੀ ਬਦਲ ਲਈ: ਹੁਣ ਉਹ ਦੋਸ਼ ਲਾ ਰਹੇ ਸਨ ਕਿ ਸਲਮਾ ਨਾਲ ਜਬਰ-ਜਨਾਹ ਕੀਤਾ ਗਿਆ ਹੈ।...ਮੇਰੇ ਭਰਾ ਨੂੰ ਪੁਲਿਸ ਦੇ ਹਵਾਲੇ ਕਰਦਿਆਂ ਨਾਲ ਹੀ ਕਿਹਾ ਗਿਆ ਕਿ ਇਸ ਨੂੰ ਅੰਦਰ ਬੰਦ ਕੀਤਾ ਜਾਵੇ। ਉਹ ਇਹ ਜ਼ੋਰ ਵੀ ਪਾ ਰਹੇ ਸਨ ਕਿ ਜੇ ਛੱਡਣਾ ਵੀ ਹੋਵੇ ਤਾਂ ਵਾਪਸ ਉਨ੍ਹਾਂ ਨੂੰ ਹੀ ਸੌਂਪਿਆ ਜਾਵੇ। ਸ਼ਰ੍ਹਾ ਮੁਤਾਬਕ ਜਬਰ-ਜਨਾਹ ਦੀ ਸਜ਼ਾ ਮੌਤ ਹੈ। ਪੁਲਿਸ ਨੇ ਸ਼ਕੂਰ ਨੂੰ ਸਿਰਫ਼ ਇਸ ਕਰਕੇ ਹੀ ਸੀਖਾਂ ਪਿੱਛੇ ਨਹੀਂ ਸੀ ਡੱਕਿਆ ਕਿ ਉਸ ਨੇ ਇਹ ਬੱਜਰ ਗੁਨਾਹ ਕੀਤਾ ਹੈ ਬਲਕਿ ਇਸ ਲਈ ਵੀ ਕਿ ਮੁੰਡੇ ਨੂੰ ਮਸਤੋਈਆਂ ਦੀ ਹਿੰਸਾ ਤੋਂ ਬਚਾਇਆ ਜਾਵੇ। ਮਸਤੋਈ ਤਾਂ ਆਪ ਹੀ ਫ਼ੈਸਲਾ ਕਰਨ ਨੂੰ ਭੱਜੇ ਫਿਰ ਰਹੇ ਸਨ। ਬਾਅਦ ਦੁਪਹਿਰ ਤੱਕ ਸਾਰੇ ਪਿੰਡ ਨੂੰ ਇਹ ਖ਼ਬਰ ਹੋ ਗਈ ਸੀ ਅਤੇ ਮੇਰੇ ਅੱਬਾ ਆਪਣੇ ਟੱਬਰ ਦੀਆਂ ਔਰਤਾਂ ਨੂੰ ਬਚਾਅ ਵਜੋਂ ਗੁਆਂਢੀਆਂ ਦੇ ਘਰ ਛੱਡ ਆਏ ਸਨ। ਸਭ ਨੂੰ ਪਤਾ ਸੀ ਕਿ ਮਸਤੋਈ ਆਪਣਾ ਬਦਲਾ ਹੇਠਲੀ ਜਾਤ ਦੀ ਔਰਤ ਨੂੰ ਖੱਜਲ ਕਰਕੇ ਲੈਂਦੇ ਸਨ। ਮਸਤੋਈਆਂ ਦੀ ਹਵੇਲੀ ਦੇ ਸਾਹਮਣੇ ਜਿਰਗਾ ਲਈ ਸਾਰਾ ਪਿੰਡ ਜੁੜਦਾ ਸੀ ਅਤੇ ਫਿਰ ਉਥੇ ਔਰਤ ਦੀ ਬੇਪੱਤੀ ਕੀਤੀ ਜਾਂਦੀ ਸੀ, ਉਸ ਨੂੰ ਮੁਆਫ਼ੀ ਮੰਗਣੀ ਪੈਂਦੀ ਸੀ।

ਇਹ ਹਵੇਲੀ ਸਾਰੇ ਖੇਤਾਂ ਤੋਂ ਮਸਾਂ 300 ਗਜ਼ ਦੂਰ ਹੋਵੇਗੀ, ਹੁਣ ਤੱਕ ਅਸੀਂ ਹਵੇਲੀ ਦੀਆਂ ਉੱਚੀਆਂ ਕੰਧਾਂ ਹੀ ਦੇਖੀਆਂ ਸਨ, ਤੇ ਜਾਂ ਉਹ ਬਾਲਕਾਨੀ ਦਿਸਦੀ ਸੀ ਜਿਥੋਂ ਸਭ 'ਤੇ ਨਿਗ੍ਹਾ ਰੱਖਦੇ ਸਨ। ਉਹ ਇਸ ਧਰਤੀ ਦੇ ਮਾਲਕ ਸਨ।

'ਮੁਖਤਾਰਾਂ, ਚੱਲ ਉੱਠ। ਚੱਲ ਸਾਡੇ ਨਾਲ।'

ਉਸ ਰਾਤ ਮੈਨੂੰ ਨਹੀਂ ਸੀ ਪਤਾ ਕਿ ਆਪਣੇ ਘਰ ਤੋਂ ਮਸਤੋਈਆਂ ਦੀ ਹਵੇਲੀ ਤੱਕ ਦਾ ਸਫ਼ਰ ਸਦਾ-ਸਦਾ ਲਈ ਮੇਰੀ ਜ਼ਿੰਦਗੀ ਹੀ ਬਦਲ ਕੇ ਰੱਖ ਦੇਵੇਗਾ। ਜੇ ਮਸਤੋਈਆਂ ਦੇ ਬੰਦੇ ਮੇਰੀ ਮੁਆਫ਼ੀ ਸਵੀਕਾਰ ਕਰ ਲੈਣ ਤਾਂ ਕੰਮ ਛੇਤੀ ਮੁੱਕ ਜਾਣਾ ਸੀ। ਮੇਰਾ ਇਹ ਕਦਮ ਭਾਵੇਂ ਖ਼ਤਰੇ ਤੋਂ ਖਾਲੀ ਨਹੀਂ ਸੀ ਪਰ ਮੈਨੂੰ ਆਪਣੇ-ਆਪ 'ਤੇ ਭਰੋਸਾ ਸੀ। ਕੁਰਾਨ ਬੁੱਕਲ ਵਿਚ ਘੁੱਟੀ ਹੋਈ ਮੈਂ ਜਾ ਰਹੀ ਸਾਂ। ਕੁਰਾਨ ਮੇਰੀ ਰੱਖਿਆ ਕਰੇਗੀ!

ਮੇਰੇ ਅੱਬਾ ਕੋਲੋਂ ਇਹੀ ਫ਼ੈਸਲਾ ਸਰਿਆ ਸੀ। ਮੈਂ ਅਠਾਈਆਂ ਦੀ ਸਾਂ, ਤੇ ਮੈਨੂੰ ਪੜ੍ਹਨਾ-ਲਿਖਣਾ ਭਾਵੇਂ ਨਹੀਂ ਸੀ ਆਉਂਦਾ (ਕੁੜੀਆਂ ਲਈ ਪਿੰਡ ਵਿਚ ਸਕੂਲ ਹੀ ਕਿੱਥੇ ਸੀ), ਪਰ ਮੈਂ ਸੁਣ-ਸੁਣ ਕੇ ਕੁਰਾਨ ਯਾਦ ਕਰ ਲਈ ਸੀ। ਤਲਾਕ ਤੋਂ ਬਾਅਦ ਮੈਂ ਬੱਚਿਆਂ ਨੂੰ 'ਪੜ੍ਹਾਉਣਾ' ਸ਼ੁਰੂ ਕਰ ਦਿੱਤਾ-ਮੈਂ ਬੱਚਿਆਂ ਨੂੰ ਆਇਤਾਂ ਬਾਰੇ ਦੱਸਦੀ। ਇਸੇ ਕਰਕੇ ਪਿੰਡ ਵਿਚ ਮੇਰਾ ਮਾਣ-ਸਤਿਕਾਰ ਵਧ ਗਿਆ। ਬੱਸ, ਇਹੀ ਮੇਰੀ ਤਾਕਤ ਸੀ।

ਮੈਂ ਗੰਦ ਨਾਲ ਭਰੀਆਂ ਗਲੀਆਂ 'ਚੋਂ ਲੰਘ ਰਹੀ ਸਾਂ। ਨਾਲ ਮੇਰੇ ਸੀ ਮੇਰੇ ਅੱਬਾ, ਚਾਚਾਜਾਨ ਹਾਜੀ ਅਲਤਾਫ਼ ਅਤੇ ਗ਼ੁਲਾਮ ਨਬੀ ਜਿਸ ਨੇ ਜਿਰਗਾ ਦੀ ਮੀਟਿੰਗ ਦੌਰਾਨ ਵਿਚੋਲਗੀ ਕੀਤੀ ਸੀ। ਮੇਰੀ ਹਿਫ਼ਾਜ਼ਤ ਪੱਖੋਂ ਉਹ ਡਰੇ ਹੋਏ ਸਨ, ਮੇਰੇ ਚਾਚਜਾਨ ਤਾਂ ਸਾਡੇ ਨਾਲ ਆਉਣ ਤੋਂ ਵੀ ਝਿਜਕ ਰਹੇ ਸਨ। ਫਿਰ ਵੀ ਮੈਂ ਬੱਚਿਆਂ ਵਾਲੇ ਵਿਸ਼ਵਾਸ ਨਾਲ ਅੱਗੇ ਵਧ ਰਹੀ ਸਾਂ। ਮੈਂ ਕੋਈ ਅਪਰਾਧ ਨਹੀਂ ਸੀ ਕੀਤਾ। ਮੇਰਾ ਆਪਣਾ ਕੋਈ ਕਸੂਰ ਨਹੀਂ ਸੀ। ਅੱਲਾ ਵਿਚ ਮੇਰਾ ਵਿਸ਼ਵਾਸ ਸੀ। ਤਲਾਕ ਤੋਂ ਬਾਅਦ ਮੈਂ ਪਰਿਵਾਰ ਨਾਲ ਰਹਿ ਰਹੀ ਸਾਂ ਅਤੇ ਮਰਦਾਂ ਦੀ ਦੁਨੀਆਂ ਤੋਂ ਦੂਰ ਸਾਂ। ਕਿਸੇ ਨੇ ਕਦੀ ਮੇਰੀ ਬਦਖੋਈ ਨਹੀਂ ਸੀ ਕੀਤੀ। ਮਸਲਨ, ਸਲਮਾ ਤਾਂ ਆਪਣੀਆਂ ਗੁਸਤਾਖ਼ੀਆਂ ਕਾਰਨ ਚਰਚਿਤ ਸੀ: ਇਹ ਕੁੜੀ ਬੜੀ ਮੂੰਹ-ਫਟ ਸੀ



ਅਤੇ ਗੇੜੇ ਦਿੰਦੀ ਫਿਰਦੀ ਸੀ। ਜਿੱਥੇ ਚਾਹੁੰਦੀ, ਉਹ ਉਥੇ ਜਾਂਦੀ ਸੀ। ਇਹ ਵੀ ਸੰਭਵ ਹੈ ਕਿ ਸਲਮਾ ਦੀ ਕੋਈ ਗੁਸਤਾਖ਼ੀ ਲੁਕੋਣ ਲਈ ਮਸਤੋਈ ਮੇਰੇ ਭਰਾ ਨੂੰ ਬਲੀ ਦਾ ਬੱਕਰਾ ਬਣਾ ਰਹੇ ਸਨ। ਜੋ ਵੀ ਸੀ, ਮਸਤੋਈ ਡਾਢੇ ਸਨ ਅਤੇ ਗੁੱਜਰਾਂ ਨੂੰ ਉਨ੍ਹਾਂ ਦੀ ਮੰਨਣੀ ਪੈਂਦੀ ਸੀ।

ਜੂਨ ਦੀ ਇਹ ਰਾਤ ਅਜੇ ਵੀ ਦਿਨ ਭਰ ਦੀ ਤਪਸ਼ ਨਾਲ ਸੜ ਰਹੀ ਸੀ; ਪੰਛੀ ਸੌਂ ਗਏ ਸਨ ਅਤੇ ਬੱਕਰੀਆਂ ਵੀ ਸੁਸਤਾ ਰਹੀਆਂ ਸਨ। ਕਿਤੇ-ਕਿਤੇ ਕੋਈ ਕੁੱਤਾ ਭੌਂਕਦਾ ਸੀ ਤਾਂ ਆਲੇ-ਦੁਆਲੇ ਪੱਸਰੀ ਖ਼ਾਮੋਸ਼ੀ ਟੁੱਟਦੀ ਸੀ ਜਿਹੜੀ ਲਗਾਤਾਰ ਨਿਸੱਤੀ ਹੋਈ ਜਾਂਦੀ ਸੀ। ਅੱਗੇ ਵਧੇ ਤਾਂ ਮਸਤੋਈਆਂ ਦੀ ਹਵੇਲੀ ਨੇੜੇ ਪੁੱਜਣ 'ਤੇ ਗੁੱਸੇ ਵਿਚ ਭਖ਼ੇ ਬੰਦਿਆਂ ਦੀਆਂ ਆਵਾਜ਼ਾਂ ਸੁਣਨ ਲੱਗ ਪਈਆਂ। ਮਸੀਤ ਨੇੜੇ ਸੌ ਤੋਂ ਵੱਧ ਬੰਦਾ ਇਕੱਠਾ ਹੋਇਆ ਪਿਆ ਸੀ, ਸਗੋਂ ਸੌ ਤੋਂ ਵੀ ਵੱਧ ਦੋ-ਢਾਈ ਸੌ ਬੰਦਾ ਹੋਵੇਗਾ। ਇਨ੍ਹਾਂ ਵਿਚੋਂ ਬਹੁਤੇ ਮਸਤੋਈ ਸਨ ਜਿਨ੍ਹਾਂ ਦਾ ਜਿਰਗਾ ਉਤੇ ਵੀ ਕਬਜ਼ਾ ਸੀ। ਅਬਦੁੱਲ ਰੱਜ਼ਾਕ ਭਾਵੇਂ ਪਿੰਡ ਦਾ ਮੌਲਵੀ ਸੀ ਪਰ ਉਹ ਵੀ ਉਨ੍ਹਾਂ ਸਾਹਮਣੇ ਅੱਖ ਨਹੀਂ ਸੀ ਚੁੱਕ ਸਕਦਾ। ਮੈਂ ਭੀੜ ਵਿਚੋਂ ਉਨ੍ਹਾਂ ਨੂੰ ਲੱਭਣ ਦਾ ਯਤਨ ਕੀਤਾ; ਉਹ ਉਥੇ ਨਹੀਂ ਸੀ। ਮੈਨੂੰ ਉਦੋਂ ਤੱਕ ਨਹੀਂ ਸੀ ਪਤਾ ਕਿ ਮਸਤੋਈਆਂ ਵੱਲੋਂ ਕੀਤੇ ਫ਼ੈਸਲੇ ਨਾਲ ਅਸਹਿਮਤੀ ਜ਼ਾਹਿਰ ਕਰਦਿਆਂ ਜਿਰਗਾ ਦੇ ਕੁਝ ਮੈਂਬਰ ਉਥੋਂ ਜਾ ਚੁੱਕੇ ਸਨ। ਹੁਣ ਉਥੇ ਮਸਤੋਈਆਂ ਦਾ ਹੀ ਰਾਜ ਸੀ।...

ਮੈਂ ਆਪਣੇ ਨਾਲ ਲਿਆਂਦਾ ਸ਼ਾਲ ਉਨ੍ਹਾਂ ਦੇ ਪੈਰਾਂ ਅੱਗੇ ਵਿਛਾਅ ਦਿੱਤਾ ਜਿਸ ਦਾ ਮਤਲਬ ਸੀ ਕਿ 'ਅਸੀਂ ਤੁਹਾਡੇ ਤਾਬਿਆਦਾਰ ਹਾਂ'। ਫਿਰ ਮੈਂ ਆਇਤ ਉਚਾਰੀ, ਕੁਰਾਨ ਮੇਰੇ ਹੱਥ ਵਿਚ ਸੀ। ਇਹ ਆਇਤਾਂ ਮੈਂ ਪੜ੍ਹ ਕੇ ਨਹੀਂ ਸਗੋਂ ਸੁਣ-ਸੁਣ ਕੇ ਯਾਦ ਕੀਤੀਆਂ ਸਨ ਅਤੇ ਇਸ ਪਵਿੱਤਰ ਪੋਥੀ ਬਾਰੇ ਮੈਨੂੰ ਇਨ੍ਹਾਂ ਉਜੱਡ ਤੇ ਜ਼ਾਲਮ ਬੰਦਿਆਂ ਤੋਂ ਵੱਧ ਪਤਾ ਸੀ ਜਿਹੜੇ ਮੇਰੇ ਵੱਲ ਨਫ਼ਰਤ ਨਾਲ ਦੇਖ ਰਹੇ ਸਨ। ਫਿਰ, ਇਕ ਵਾਰ ਫਿਰ ਮਸਤੋਈਆਂ ਦੀ ਮਾਣ-ਮਰਿਯਾਦ ਨੂੰ ਪਾਕ ਕਰਨ ਦਾ ਪਲ ਆ ਗਿਆ। ਪੰਜਾਬ ਜਿਸ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ, ਨੂੰ ਪਾਕ ਦਾਮਨ ਧਰਤੀ ਵੀ ਕਹਿੰਦੇ ਹਨ। ਪਰ ਪਾਕ ਦਾਮਨ ਕੌਣ ਨੇ ਭਲਾ?

ਮਸਤੋਈਆਂ ਦੀਆਂ ਬੰਦੂਕਾਂ ਅਤੇ ਮੈਲ਼ੀਆਂ ਨਜ਼ਰਾਂ ਨੇ ਮੈਨੂੰ ਨਿਰਬਲ ਕਰ ਸੁੱਟਿਆ। ਅਬਦੁਲ ਖ਼ਾਲਿਕ ਦੀਆਂ ਅੱਖਾਂ ਵਿਚੋਂ ਪਾਗਲਪਨ ਝਾਕ ਰਿਹਾ ਸੀ, ਉਹ ਮੇਰੇ ਵੱਲ ਨਫ਼ਰਤ ਨਾਲ ਦੇਖ ਰਿਹਾ ਸੀ। ਮੈਨੂੰ ਭਾਵੇਂ ਛੋਟੀ ਜਾਤ 'ਚੋਂ ਹੋਣ ਕਾਰਨ ਆਪਣੀ ਔਕਾਤ ਬਾਰੇ ਇਲਮ ਸੀ ਪਰ ਸਾਡੀ ਗੁੱਜਰਾਂ ਦੀ, ਤੇ ਮੇਰੀ ਵੀ ਕੋਈ ਇੱਜ਼ਤ ਸੀ। ਸਾਡਾ ਛੋਟਾ ਜਿਹਾ ਭਾਈਚਾਰਾ ਜਿਹੜਾ ਖੇਤੀ ਕਰਦਾ ਸੀ, ਸਦੀਆਂ ਤੋਂ ਇਥੇ ਵਸਦਾ ਸੀ। ਮੈਨੂੰ ਆਪਣੇ ਪੁਰਖਿਆਂ ਦੇ ਇਤਿਹਾਸ ਬਾਰੇ ਭਾਵੇਂ ਬਹੁਤਾ ਨਹੀਂ ਸੀ ਪਤਾ ਪਰ ਮੇਰੇ ਸਰੀਰ ਵਿਚ ਉਨ੍ਹਾਂ ਦਾ ਖ਼ੂਨ ਦੌੜ ਰਿਹਾ ਸੀ। ਮੈਂ ਉਥੇ ਖੜ੍ਹੀ ਕੰਬ ਰਹੀ ਸਾਂ। ਅੱਖਾਂ ਮੇਰੀਆਂ ਧਰਤੀ ਵਿਚ ਗੱਡੀਆਂ ਹੋਈਆਂ ਸਨ।

ਮੈਂ ਅੱਖਾਂ ਉਪਰ ਚੁੱਕ ਕੇ ਝਾਕਣ ਦਾ ਹੀਆ ਕੀਤਾ ਪਰ ਫ਼ੈਜ਼ੇ ਨੇ ਬਿਨਾ ਕੁਝ ਕਹੇ ਹਕਾਰਤ ਨਾਲ ਸਿਰ ਹਿਲਾਇਆ। ਕੁਝ ਪਲ ਖ਼ਾਮੋਸ਼ੀ ਛਾਈ ਰਹੀ। ਮੈਂ ਚੁੱਪ-ਚਾਪ ਅਰਜ਼ ਕੀਤੀ, ਤੇ ਫਿਰ ਅਚਾਨਕ ਚੁਫ਼ੇਰੇ ਭੈਅ ਪੱਸਰ ਗਿਆ ਜਿਸ ਤਰ੍ਹਾਂ ਬਰਸਾਤਾਂ ਵਿਚ ਛਰਾਟਾ ਪੈਂਦਾ ਹੈ। ਇਸ ਨੇ ਮੇਰੇ ਸਰੀਰ ਨੂੰ ਸੁੰਨ ਕਰ ਦਿੱਤਾ।

ਹੁਣ ਮੈਨੂੰ ਇਸ ਬੰਦੇ ਦੀਆਂ ਅੱਖਾ ਵਿਚੋਂ ਉਹ ਕਹਿਰ ਦਿਸਣ ਲੱਗਾ ਜੋ ਇਹ ਸਭ ਦੇ ਸਾਹਮਣੇ ਬਦਲਾ ਲੈਣ ਲਈ ਵਰਪਾਉਣਾ ਚਾਹੁੰਦਾ ਸੀ। ਇਸੇ ਕਰਕੇ ਹੀ ਮੈਨੂੰ ਮਸਤੋਈਆਂ ਦੀ ਜਿਰਗਾ ਅੱਗੇ ਪੇਸ਼ ਹੋਣ ਲਈ ਕਿਹਾ ਗਿਆ ਸੀ। ਇਨ੍ਹਾਂ ਬੁਰਛਿਆਂ ਨੇ ਮੌਲਵੀ, ਮੇਰੇ ਅੱਬਾ, ਮੇਰੇ ਟੱਬਰ ਅਤੇ ਜਿਰਗਾ ਦੇ ਕੁਝ ਮੈਂਬਰਾਂ ਨੂੰ ਮੂਰਖ਼ ਬਣਾਇਆ ਸੀ। ਇਹ ਪਹਿਲੀ ਵਾਰ ਸੀ ਕਿ ਜਿਰਗਾ ਨੇ ਸਜ਼ਾ ਵਜੋਂ ਸਮੂਹਿਕ ਜਬਰ-ਜਨਾਹ ਦਾ ਫ਼ੈਸਲਾ ਸੁਣਾਇਆ ਸੀ। ਆਪਣੀ 'ਇੱਜ਼ਤ ਨਾਲ ਇਨਸਾਫ਼' ਲਈ ਇਨ੍ਹਾਂ ਨੇ ਇਹ ਤੈਅ ਕੀਤਾ ਸੀ।

ਅਬਦੁੱਲ ਖ਼ਾਲਿਕ ਨੇ ਆਪਣੇ ਭਾਈਬੰਦਾਂ ਵੱਲ ਮੂੰਹ ਭੁਆਇਆ ਜਿਹੜੇ ਫ਼ੈਸਲੇ 'ਤੇ ਅਮਲ ਕਰਨ ਲਈ ਕਾਹਲੇ ਸਨ, ਜਿਹੜੇ ਆਪਣਾ ਬਾਹੂਬਲ ਦਿਖਾਉਣਾ ਚਾਹੁੰਦੇ ਸਨ। ਫਿਰ ਅਬਦੁੱਲ ਖ਼ਾਲਿਕ ਨੇ ਮੇਰੀਆਂ ਬਾਹਾਂ ਫੜ ਲਈਆਂ; ਗ਼ੁਲਾਮ ਫ਼ਰੀਦ, ਅੱਲਾ ਦਿੱਤਾ ਤੇ ਮੁਹੰਮਦ ਫ਼ੈਜ਼ ਨੇ ਖਿੱਚ-ਧੂਹ ਕਰਨੀ ਸ਼ੁਰੂ ਕਰ ਦਿੱਤੀ।

ਉਸ ਵਕਤ ਮੇਰਾ ਸਰੀਰ ਤਾਂ ਭਾਵੇਂ ਉਥੇ ਸੀ, ਮੈਂ ਆਪ ਉਥੇ ਨਹੀਂ ਸਾਂ: ਪੱਥਰ ਹੋਇਆ ਨਿਰਜਿੰਦ ਸਰੀਰ, ਥਿੜਕ ਰਹੀ ਲੱਤਾਂ ਮੇਰੀਆਂ ਨਹੀਂ ਸਨ ਰਹੀਆਂ। ਮੈਂ ਤਕਰੀਬਨ ਬੇਹੋਸ਼, ਬੇਸੁੱਧ ਹੋਣ ਵਾਲੀ ਹਾਂ, ਧਰਤੀ 'ਤੇ ਡਿੱਗਣ ਹੀ ਵਾਲੀ ਹਾਂ, ਪਰ ਮੈਨੂੰ ਇਹ ਮੌਕਾ ਵੀ ਨਹੀਂ ਸੀ ਮਿਲਿਆ-ਉਹ ਮੈਨੂੰ ਧੂਹ ਕੇ ਲੈ ਗਏ ਜਿਸ ਤਰ੍ਹਾਂ ਜਿਬ੍ਹਾ ਕਰਨ ਲਈ ਬੱਕਰੀ ਲਿਜਾਈਦੀ ਹੈ। ਮਰਦਾਵੀਆਂ ਬਾਹਾਂ ਨੇ ਮੈਨੂੰ ਨਿੰਸਲ ਕਰ ਦਿੱਤਾ ਹੈ, ਮੇਰੇ ਕੱਪੜੇ ਨੋਚੇ ਜਾ ਰਹੇ ਨੇ। ਮੇਰਾ ਸ਼ਾਲ, ਮੇਰੇ ਵਾਲ।

'ਕੁਰਾਨ ਦਾ ਵਾਸਤਾ, ਮੈਨੂੰ ਛੱਡ ਦਿਓ!' ਮੈਂ ਮਮਿਆਉਂਦੀ ਹਾਂ। 'ਖ਼ੁਦਾ ਦੇ ਵਾਸਤੇ ਛੱਡ ਦਿਓ ਮੈਨੂੰ!'

ਫਿਰ ਅੱਧੀ ਰਾਤੀਂ ਤਾਰੀਖ਼ ਦਾ ਜਾਮਾ ਬਦਲਦਾ ਹੈ, ਬਾਹਰਲੇ ਹਨ੍ਹੇਰੇ ਤੋਂ ਉਸ ਹਨ੍ਹੇਰੇ ਤੱਕ ਦਾ ਸਫ਼ਰ ਜਿਸ ਵਿਚ ਹੁਣ ਮੈਂ ਘਿਰੀ ਹੋਈ ਹਾਂ। ਖਿੜਕੀ ਵਿਚੋਂ ਛਣ ਕੇ ਆ ਰਹੀ ਚਾਨਣੀ ਵਿਚੋਂ ਮੈਨੂੰ ਸਿਰਫ਼ ਇਹੀ ਚਾਰ ਚਿਹਰੇ ਦਿਸਦੇ ਹਨ। ਚਾਰ ਕੰਧਾਂ ਤੇ ਇਕ ਦਰਵਾਜ਼ਾ ਜਿਸ ਉਥੇ ਕਿਸੇ ਬੰਦੂਕਧਾਰੀ ਦਾ ਪਹਿਰਾ ਹੈ।

ਭੱਜਣਾ ਮੁਸ਼ਕਿਲ ਹੈ। ਫ਼ਰਿਆਦ ਵੀ ਮੁਸ਼ਕਿਲ ਹੈ।

ਇਹ ਉਹ ਜਗ੍ਹਾ ਹੈ ਜਿਥੇ ਮੇਰੇ ਨਾਲ ਜਬਰ ਹੋਇਆ। ਖਾਲੀ ਤਬੇਲਾ। ਚਾਰ ਬੰਦੇ: ਅਬਦੁੱਲ ਖ਼ਾਲਿਕ, ਗ਼ੁਲਾਮ ਫ਼ਰੀਦ, ਅੱਲਾ ਦਿੱਤਾ ਤੇ ਮੁਹੰਮਦ ਫ਼ੈਜ਼। ਪਤਾ ਨਹੀਂ ਤਸ਼ੱਦਦ ਦਾ ਦੌਰ ਕਿੰਨਾ ਚੱਲਿਆ। ਘੰਟਾ? ਜਾਂ ਸਾਰੀ ਰਾਤ?

ਮੈਂ, ਮੁਖ਼ਤਾਰਾਂ ਬੀਬੀ, ਗ਼ੁਲਾਮ ਫ਼ਰੀਦ ਜੱਟ ਦੀ ਵੱਡੀ ਧੀ, ਆਪਣਾ-ਆਪ ਭੁੱਲ ਗਈ ਪਰ ਮੈਨੂੰ ਉਨ੍ਹਾਂ ਚਾਰ ਜਾਨਵਰਾਂ ਦੇ ਚਿਹਰੇ ਕਦੀ ਵੀ ਨਹੀਂ ਭੁੱਲਣਗੇ। ਉਨ੍ਹਾਂ ਲਈ ਔਰਤ ਸਿਰਫ਼ ਵਸਤੂ ਮਾਤਰ ਹੈ ਜਿਸ ਉਤੇ ਕਬਜ਼ਾ ਰੱਖਣਾ ਹੈ, ਜਿਸ ਨਾਲ ਇੱਜ਼ਤ ਜੁੜੀ ਹੈ ਜਾਂ ਜਿਸ ਨੂੰ ਖਦੇੜ ਕੇ ਬਦਲਾ ਲੈਣਾ ਹੈ। ਆਪਣੇ ਕਬੀਲੇ ਦੇ ਹਿਸਾਬ ਮੁਤਾਬਕ ਇਹ ਉਨ੍ਹਾਂ ਨਾਲ ਨਿਕਾਹ ਕਰਦੇ ਨੇ ਜਾਂ ਬਲਾਤਕਾਰ। ਉਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਭੰਨ੍ਹੀ-ਲਤਾੜੀ ਔਰਤ ਲਈ ਖ਼ੁਦਕੁਸ਼ੀ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ। ਉਨ੍ਹਾਂ ਨੇ ਤਾਂ ਆਪਣੇ ਹਥਿਆਰ ਚਲਾਉਣ ਦੀ ਵੀ ਲੋੜ ਨਹੀਂ ਸਮਝੀ। ਬਲਾਤਕਾਰ ਨੇ ਹੀ ਔਰਤ ਨੂੰ ਮਾਰ ਦੇਣਾ ਸੀ। ਬਲਾਤਕਾਰ ਸਭ ਤੋਂ ਘਾਤਕ ਹਥਿਆਰ ਸੀ: ਇਸ ਨੇ ਬਰਾਦਰੀ ਨੂੰ ਸਦਾ-ਸਦਾ ਲਈ ਕਲੰਕ ਲਾ ਦੇਣਾ ਸੀ।...

ਫਿਰ ਉਨ੍ਹਾਂ ਮੈਨੂੰ ਅੱਧ-ਨੰਗੀ ਨੂੰ ਬਾਹਰ ਧਕੇਲ ਦਿੱਤਾ। ਮੈਂ ਠੋਕਰ ਖਾ ਕੇ ਡਿੱਗ ਪਈ। ਮੇਰੀ ਸਲਵਾਰ ਉਨ੍ਹਾਂ ਮੇਰੇ ਮੂੰਹ 'ਤੇ ਮਾਰੀ। ਤਬੇਲੇ

*(ਬਾਕੀ ਸਫਾ 35 'ਤੇ)*

# ਗੁਰੂ ਗ੍ਰੰਥ ਸਾਹਿਬ ਦੇ ਜਰਮਨ ਅਨੁਵਾਦ ਦੀ ਸਾਖੀ

**ਸਮੀਖਿਆ**

ਮਦਰ ਟੇਰੇਸਾ ਸੰਤ ਹੈ ਜਾਂ ਨਹੀਂ, ਈਸਾਈ ਜਗਤ ਨੂੰ ਇਸ ਦਾ ਫੈਸਲਾ ਕਰਨ ਲਈ ਸਾਲਾਂ ਦਾ ਸਮਾਂ ਲੱਗਿਆ, ਪੋਪ ਤੱਕ ਸਲਾਹਕਾਰ ਕਮੇਟੀਆਂ ਬਣੀਆਂ। ਸਿੱਖਾਂ ਨੇ ਇਸ ਤਰ੍ਹਾਂ ਦੇ ਝਮੇਲਿਆਂ ਵਿਚ ਪੈਣ ਦੀ ਕਦੀ ਲੋੜ ਨਹੀਂ ਸਮਝੀ। ਜੋ ਚਾਹੇ ਆਪਣੀ ਮਰਜ਼ੀ ਨਾਲ ਆਪਣੇ ਨਾਂ ਅੱਗੇ ਸੰਤ, ਪ੍ਰੋਫੈਸਰ ਜਾਂ ਪ੍ਰਿੰਸੀਪਲ ਲਿਖ ਲਵੇ। ਇਸ ਧਰਮ ਵਿਚ ਏਨੀਆਂ ਮੌਜਾਂ ਹੋਣ ਦੇ ਬਾਵਜੂਦ ਦੁਨੀਆਂ ਅੰਮ੍ਰਿਤ ਕਿਉਂ ਨਹੀਂ ਛਕਦੀ, ਪਤਾ ਨਹੀਂ ਲਗਦਾ।

ਡਾ. ਜਰਨੈਲ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦਾ ਜਰਮਨ ਭਾਸ਼ਾ ਵਿਚ ਅਨੁਵਾਦ ਕੀਤਾ ਹੈ, ਮੈਂ ਨਾ ਅਨੁਵਾਦਕ ਨੂੰ ਜਾਣਾਂ ਨਾ ਜਰਮਨ ਭਾਸ਼ਾ ਤੋਂ ਵਾਕਫ ਪਰ ਜਦੋਂ ਪੰਜ ਕੁ ਸਾਲ ਪਹਿਲਾਂ ਇਹ ਖਬਰ ਪੜ੍ਹੀ ਤਾਂ ਖੁਸ਼ੀ ਹੋਣੀ ਸੁਭਾਵਕ ਸੀ। ਫਿਰ ਇੰਟਰਨੈਟ 'ਤੇ ਇਕ ਹੋਰ ਖਬਰ ਪ੍ਰਕਾਸ਼ਿਤ ਹੋਈ:

**ਪ੍ਰੋਫੈਸਰ ਹਰਪਾਲ ਸਿੰਘ ਪੰਨੂ**
***ਮੁਖੀ, ਧਰਮ ਅਧਿਐਨ ਵਿਭਾਗ,***
***ਪੰਜਾਬੀ ਯੂਨੀਵਰਸਿਟੀ, ਪਟਿਆਲਾ।***

"ਸੰਤ ਸਿੰਘ ਖਾਲਸਾ ਨੇ ਗੁਰੂ ਗ੍ਰੰਥ ਸਾਹਿਬ ਦਾ 54 ਵਿਦੇਸ਼ੀ ਭਾਸ਼ਾਵਾਂ ਵਿਚ ਅਨੁਵਾਦ ਅਤੇ 22 ਲਿਪੀਆਂ ਵਿਚ ਇਸ ਦਾ ਲਿਪੀਅੰਤਰ ਕੀਤਾ ਹੈ। ਉਸ ਦਾ ਦਾਅਵਾ ਹੈ ਕਿ ਇਸ ਕੰਮ ਦੇ 99% ਸਹੀ ਹੋਣ ਦੀ ਗਾਰੰਟੀ ਹੈ। ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਨੂੰ ਕਿਹਾ ਗਿਆ ਕਿ ਉਹ ਸੰਤ ਸਿੰਘ ਖਾਲਸਾ ਨੂੰ ਪ੍ਰਸ਼ੰਸਾ ਪੱਤਰ ਜਾਰੀ ਕਰੇ। ਜੋ ਕੰਮ ਯੂਨੀਵਰਸਿਟੀਆਂ ਅਤੇ ਸ਼੍ਰੋਮਣੀ ਕਮੇਟੀ ਨਹੀਂ ਕਰ ਸਕੀਆਂ ਉਹ ਸੰਤ ਸਿੰਘ ਨੇ ਕਰ ਦਿਖਾਇਆ ਹੈ। ਇਹ ਵੀ ਦੱਸ ਦੇਈਏ ਕਿ ਸ਼੍ਰੋਮਣੀ ਕਮੇਟੀ ਅਧੀਨ ਚੱਲਦੀਆਂ ਵਿਸ਼ਵ ਸਿੱਖ ਯੂਨੀਵਰਸਿਟੀਆਂ ਫਰਾਡ ਸਿੱਧ ਹੋਈਆਂ ਹਨ। ਭਾਰਤੀ ਸਿੱਖ ਵਿਦਵਾਨਾਂ ਦੇ ਦਿਮਾਗ ਲੱਕੜ ਬਣ ਗਏ ਹਨ, ਇਹੋ ਜਿਹੇ ਕੰਮ ਉਨ੍ਹਾਂ ਦੇ ਵਸ ਦੀ ਗੱਲ ਨਹੀਂ।"

ਅਲਿਜ਼ਾਬੇਥ ਮੀਰੂ ਜਰਮਨੀ ਦੀ ਜੰਮਪਲ ਔਰਤ ਹੈ, ਉਹ ਅਕਸਰ ਗੁਰਦੁਆਰੇ ਜਾਂਦੀ, ਕੀਰਤਨ ਸੁਣਦੀ ਤੇ ਕੀਰਤਨ ਦੀਆਂ ਸੁਰਾਂ ਨੇ ਉਸ ਨੂੰ ਸਿੱਖ ਧਰਮ ਬਾਰੇ ਜਾਣਨ, ਸਮਝਣ ਦੀ ਪ੍ਰੇਰਨਾ ਦਿੱਤੀ। ਹੁਣ ਉਹ ਸਮਰਪਿਤ ਸਿੱਖ ਹੈ। ਉਸ ਨੇ ਮੇਰਾ ਈਮੇਲ ਸਿਰਨਾਵਾਂ ਕਿੱਥੋਂ ਲਿਆ? ਪਤਾ ਨਹੀਂ, ਪਰ ਮੈਨੂੰ ਖਤਾਂ ਦਾ ਪੂਰਾ ਪੁਲੰਦਾ ਭੇਜ ਦਿੱਤਾ। ਉਹ ਦੱਸਦੀ ਹੈ ਕਿ ਸਿੱਖ ਕਿੰਨਾ ਵੱਡਾ ਫਰਾਡ ਕਰ ਰਹੇ ਹਨ। ਡਾ. ਜਰਨੈਲ ਸਿੰਘ ਨੂੰ ਜਰਮਨ ਭਾਸ਼ਾ ਨਹੀਂ ਆਉਂਦੀ। ਜਿਹੜੇ ਭਾੜੇ ਦੇ ਦੋ ਮੁੰਡਿਆਂ ਤੋਂ ਉਸ ਨੇ ਅਨੁਵਾਦ ਕਰਵਾਇਆ, ਉਨ੍ਹਾਂ ਦੀ ਮਾਂ ਬੋਲੀ ਵੀ ਜਰਮਨ ਨਹੀਂ। ਏਨੀਆਂ ਭਿਅੰਕਰ ਗਲਤੀਆਂ ਹਨ ਕਿ ਜਰਮਨ ਭਾਸ਼ਾ ਤੋਂ ਵਾਕਫ ਬੰਦਾ ਸ਼ਰਮਸਾਰ ਹੋ ਜਾਂਦਾ ਹੈ।

ਡਾ. ਹਰਦੇਵ ਸਿੰਘ ਵਿਰਕ, ਸ. ਗਜਿੰਦਰ ਸਿੰਘ ਅਤੇ ਡਾ. ਦਵਿੰਦਰ ਸਿੰਘ ਚਹਿਲ ਨੂੰ ਮੇਰੂ ਨੇ ਪੱਤਰ ਲਿਖੇ ਤੇ ਦੱਸਿਆ ਕਿ ਉਸ ਨੇ ਇਸ ਪਾਪ ਦੀ ਸੂਚਨਾ ਦੋ ਸਾਲ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਦਵਾਨ ਡਾ. ਗੁਰਸ਼ਰਨਜੀਤ ਸਿੰਘ ਨੂੰ ਨਿੱਜੀ ਤੌਰ 'ਤੇ ਮਿਲ ਕੇ ਦਿੱਤੀ ਕਿ ਇਸ ਅਨੁਵਾਦ ਉਪਰ ਪਾਬੰਦੀ ਲਾਈ ਜਾਏ ਪਰ ਸਫਲ ਨਹੀਂ ਹੋਈ। ਇਸ ਅਨੁਵਾਦ ਨੂੰ ਸਿੰਘ ਬ੍ਰਦਰਜ਼ ਨੇ ਛਾਪਿਆ ਹੈ।

ਸ. ਦਲਮੇਘ ਸਿੰਘ ਨੇ ਭਰੋਸਾ ਦਿਵਾਇਆ ਕਿ ਇਸ ਗਲਤ ਅਨੁਵਾਦਿਤ ਗ੍ਰੰਥ ਨੂੰ ਵੇਚਣ/ਵੰਡਣ/ਛਾਪਣ ਉਪਰ ਪਾਬੰਦੀ ਲਾਈ ਜਾਏਗੀ ਪਰ ਅਜਿਹਾ ਕੁਝ ਨਹੀਂ ਹੋਇਆ।

ਇਹ ਸਾਰੀ ਸੂਚਨਾ ਮੈਨੂੰ ਪਰੂਫ ਰੀਡਿੰਗ ਸਮੇਤ ਇੰਟਰਨੈਟ ਤੋਂ ਪ੍ਰਾਪਤ ਹੋਈ ਹੈ ਤੇ ਇਹ ਸੂਚਨਾ ਹਜ਼ਾਰਾਂ ਦੀ ਗਿਣਤੀ ਵਿਚ ਦੁਨੀਆਂ ਵਿਚ ਪੁੱਜ ਰਹੀ ਹੈ। ਸਿੰਘ ਬ੍ਰਦਰਜ਼ ਅੰਮ੍ਰਿਤਸਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤਿਅੰਤ ਸਤਿਕਾਰਯੋਗ ਅਦਾਰੇ ਹਨ। ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਆਪਣਾ ਪੱਖ ਪੰਥ ਅੱਗੇ ਰੱਖਣ ਤਾਂ ਕਿ ਨੁਕਤਾਚੀਨੀ ਰੁਕ ਸਕੇ।

### ਬੀਬੀ ਮੀਰੂ ਨੇ ਫਿਰ ਸ. ਦਲਮੇਘ ਸਿੰਘ ਦੇ ਨਾਂ ਖੁੱਲ੍ਹਾ ਖਤ ਲਿਖਿਆ ਜੋ ਇਸ ਪ੍ਰਕਾਰ ਹੈ:

**ਵਿਸ਼ਾ:** ਸਗਲ ਸੰਸਾਰ ਅਗੇ ਰੋਸ

ਦਲਮੇਘ ਸਿੰਘ ਜੀ, ਹੱਦ ਹੋ ਗਈ ਹੈ। ਹੁਣ ਮੈਂ ਲੋਕਾਂ ਸਾਹਮਣੇ ਖਤਾਂ ਰਾਹੀਂ ਜਾਣ ਦਾ ਫੈਸਲਾ ਕਰ ਲਿਆ ਹੈ, ਕਿਉਂਕਿ ਜਰਮਨ ਭਾਸ਼ਾ ਵਿਚਲੇ ਅਨੁਵਾਦ ਨੇ ਮੈਨੂੰ ਦੁਖੀ ਕੀਤਾ ਹੈ, ਮੈਂ ਬੇਚੈਨ ਹਾਂ। ਮੈਂ ਤੁਹਾਡੇ ਨਾਲ ਨਾਰਾਜ਼ ਹਾਂ ਦਲਮੇਘ ਸਿੰਘ, ਸਖਤ ਨਾਰਾਜ਼। ਮੇਰੇ ਖਤਾਂ ਦਾ ਤੁਹਾਡੇ 'ਤੇ ਕੋਈ ਅਸਰ ਨਹੀਂ, ਜਿਵੇਂ ਮੈਂ ਬਾਲਟੀ ਹੋਵਾਂ ਤੇ ਤੁਹਾਡੇ ਵੱਡੇ ਗੰਭੀਰ ਮਸਲਿਆਂ ਵਿਚ ਦਖਲ ਦੇਣ ਦੀ ਥਾਂ ਗੁੱਡੀਆਂ ਨਾਲ ਖੇਡਿਆ ਕਰਾਂ। ਜਿਸ ਮੁਹਿੰਮ ਨੂੰ ਸਿੱਖਾਂ ਨੇ ਹੱਥ ਵਿਚ ਲੈਣਾ ਸੀ, ਉਹ ਮੈਨੂੰ ਕਰਨਾ ਪੈ ਰਿਹਾ ਹੈ, ਆਖਰ ਵਿਚ ਗੁਰੂ ਗ੍ਰੰਥ ਦਾ ਸਨਮਾਨ ਬਹਾਲ ਕਰਨ ਦਾ ਮਸਲਾ ਜੁ ਹੋਇਆ।

ਮੈਂ ਤੁਹਾਨੂੰ ਮੁੜ ਯਾਦ ਕਰਾਵਾਂ, 20 ਜੂਨ, 2009 ਨੂੰ ਮੈਂ ਸਿੰਘ ਬ੍ਰਦਰਜ਼ ਨੂੰ ਖਤ ਲਿਖ ਕੇ ਗਲਤੀਆਂ ਤੋਂ ਜਾਣੂ ਕਰਵਾਇਆ ਜਿਸ ਦੀ ਨਕਲ ਸ਼੍ਰੋਮਣੀ ਕਮੇਟੀ ਨੂੰ ਭੇਜੀ। ਦੁਬਾਰਾ ਇਹੋ ਪੱਤਰ ਫਿਰ ਤੁਹਾਨੂੰ ਭੇਜਦੀ ਹਾਂ। ਕਿਸੇ ਨੇ ਅੱਜ ਤੱਕ ਉਤਰ ਨਹੀਂ ਦਿੱਤਾ।

3 ਨਵੰਬਰ 2009 ਨੂੰ ਮੈਂ ਤੁਹਾਨੂੰ ਤੁਹਾਡੇ ਦਫਤਰ ਵਿਚ ਅੰਮ੍ਰਿਤਸਰ ਮਿਲੀ। ਤੁਸੀਂ ਕਿਹਾ, ਜਰਮਨ ਭਾਸ਼ਾਈ ਖੇਤਰਾਂ ਵਿਚ ਇਹ ਗ੍ਰੰਥ ਨਹੀਂ ਜਾਵੇਗਾ। 9 ਜਨਵਰੀ 2010 ਨੂੰ ਮੈਂ ਤੁਹਾਨੂੰ ਅਤੇ ਸਿੰਘ ਬ੍ਰਦਰਜ਼ ਨੂੰ ਫਿਰ ਚਿੱਠੀਆਂ ਲਿਖੀਆਂ ਕਿ ਇਸ ਗ੍ਰੰਥ ਉਪਰ ਪਾਬੰਦੀ ਨਹੀਂ ਲੱਗੀ। ਫਿਰ ਕੋਈ ਉਤਰ ਨਹੀਂ।

ਇਹ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਹੈ ਦਲਮੇਘ ਸਿੰਘ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਬੇਅਦਬੀ ਨਾ ਹੋਵੇ। ਇਹ ਹੋ ਰਹੀ ਹੈ। ਮੈਂ ਇਕ ਜਰਮਨ ਸਿੱਖ ਨਾਲ ਇਸ ਬਾਰੇ ਗੱਲ ਕੀਤੀ, ਉਹ ਲਾਪ੍ਰਵਾਹੀ ਨਾਲ ਬੋਲਿਆ, "ਫੇਰ ਕੀ ਹੋਇਆ। ਇਹ ਕਿਹੜਾ ਅਸਲੀ ਹੈ। ਇਹ ਤਾਂ ਅਨੁਵਾਦ ਹੈ ਕੇਵਲ।"

ਮੈਂ ਹੋਰ ਜਰਮਨਾਂ ਨਾਲ ਵੀ ਗੱਲ ਕੀਤੀ। ਆਖਰਕਾਰ ਇਹ ਰੱਬ ਦੀ ਬਾਣੀ ਹੈ ਦਲਮੇਘ ਸਿੰਘ, ਬਹੁਤ ਪਵਿਤਰ ਬਾਣੀ। ਮੈਨੂੰ ਇਕ ਜਰਮਨ ਦੋਸਤ ਨੇ ਕਿਹਾ, "ਮੈਂ ਸਿੱਖਾਂ ਬਾਰੇ ਜਾਣਨ ਦਾ ਇੱਛਕ ਹਾਂ। ਪੜ੍ਹਦਾ ਰਹਿੰਦਾ ਹਾਂ। ਗੁਰਦੁਆਰਿਆਂ ਵਿਚ ਪਾਠ ਕਰਨ ਦੀ ਥਾਂ ਇਹ ਸਿਆਸਤ ਵਧੀਕ ਕਰਦੇ ਹਨ। ਇਹੀ ਕਾਰਨ ਹੈ ਇਨ੍ਹਾਂ ਨੂੰ ਗ੍ਰੰਥ ਦੇ ਗਲਤ ਮਲਤ ਅਨੁਵਾਦ ਦੀ ਪ੍ਰਵਾਹ ਨਹੀਂ। ਉਹ ਇਉਂ ਵਰਤਾਉ ਕਰਦੇ ਹਨ ਜਿਵੇਂ ਅਣਜਾਣ ਹੋਣ ਜਾਂ ਫਿਰ, ਚਲੋ ਮੈਨੂੰ ਕੀ।" ਅਜਿਹਾ ਵਰਤਾਰਾ ਸਹੀ ਨਹੀਂ ਦਲਮੇਘ ਸਿੰਘ। ਸਿੰਘ ਬ੍ਰਦਰਜ਼ ਇਸ ਨੂੰ 390 ਯੂਰੋ ਡਾਲਰ ਪ੍ਰਤੀ ਕਾਪੀ ਵੇਚ ਰਹੇ ਹਨ। ਵਿਆਪਕ ਰੂਹਾਨੀ ਤਬਾਹੀ ਦੀ ਨਿਸ਼ਾਨੀ ਹੈ ਇਹ। ਧਰਮ ਗ੍ਰੰਥ ਵਿਚਲੀ ਇਕ ਗਲਤੀ ਲੱਖ ਦੁਨੀਆਵੀ ਗਲਤੀਆਂ ਦੇ ਬਰਾਬਰ ਹੁੰਦੀ ਹੈ। ਇਹੋ ਜਿਹੀਆਂ ਗਲਤੀਆਂ ਵੀ ਹਨ ਜਿਨ੍ਹਾਂ ਨੂੰ ਪੜ੍ਹ ਪੜ੍ਹ ਮੈਂ ਹਸਦੀ ਰਹੀ। ਸ. ਜਰਨੈਲ ਸਿੰਘ, ਜਿਸ ਦੇ ਨਾਂ ਹੇਠ ਇਹ ਅਨੁਵਾਦ ਛਾਪਿਆ ਗਿਆ ਹੈ ਨਿਹਾਇਤ ਸ਼ਰੀਫ ਆਦਮੀ ਹੋਵੇਗਾ ਪਰ ਜਰਮਨ ਬੋਲੀ ਉਸ ਨੂੰ ਬਿਲਕੁਲ ਨਹੀਂ ਆਉਂਦੀ। ਜਿਨ੍ਹਾਂ ਗੈਰ-ਜ਼ਿੰਮੇਵਾਰ ਦੋ ਛੋਕਰਿਆਂ ਦੀ ਉਸ ਨੇ ਮਦਦ ਲਈ ਹੈ ਉਨ੍ਹਾਂ ਦੀ ਮਾਂ ਬੋਲੀ ਵੀ ਜਰਮਨ ਨਹੀਂ। ਡਾ. ਜਰਨੈਲ ਸਿੰਘ ਮੇਰੀਆਂ ਗੱਲਾਂ ਦਾ ਬੁਰਾ ਨਾ ਮਨਾਉਣ।

ਆਖਰ ਵਿਚ ਮੈਂ ਇਹ ਦੱਸਣਾ ਹੈ ਦਲਮੇਘ ਸਿੰਘ! ਦੱਸਿਆ ਜਾ ਰਿਹੈ ਕਿ ਇਹ ਗ੍ਰੰਥ ਮੁਫਤ ਵਿਚ ਵੰਡਿਆ ਜਾ ਰਿਹੈ ਪਰ ਇਹ ਵਿਕ ਰਿਹਾ ਹੈ। ਕਿਤੇ ਇਹ ਗਲਤ ਮਲਤ ਅਨੁਵਾਦ ਜਰਮਨੀ ਦੇ ਇੰਡੈਕਸ ਵਿਚ ਦਰਜ ਨਾ ਹੋ ਜਾਵੇ, ਮੈਨੂੰ ਡਰ ਹੈ। ਮੇਰੇ ਵਾਸਤੇ ਗੁਰੂ ਗ੍ਰੰਥ ਸਾਹਿਬ ਤੋਂ ਵਧੀਕ ਅਹਿਮ ਵਸਤੂ ਕੋਈ ਨਹੀਂ।

**ਨੋਟ:** ਤੁਹਾਨੂੰ ਜਿਹੜਾ ਇਹ ਖਤ ਭੇਜ ਰਹੀ ਹਾਂ, ਮੈਂ ਕਿਸੇ ਤੋਂ ਅੰਗਰੇਜ਼ੀ ਵਿਚ ਅਨੁਵਾਦ ਕਰਵਾ ਕੇ ਭੇਜਿਆ ਹੈ ਕਿਉਂਕਿ ਮੇਰੀ ਅੰਗਰੇਜ਼ੀ ਸਹੀ ਨਹੀਂ।

***-ਅਲਿਜ਼ਾਬੇਥ ਮੀਰੂ।***

### ਦਲਮੇਘ ਸਿੰਘ ਦੇ ਨਾਂ ਦੂਜਾ ਖੁੱਲ੍ਹਾ ਖਤ

ਦਲਮੇਘ ਸਿੰਘ, ਥੋੜ੍ਹੇ ਸਮੇਂ ਦੌਰਾਨ ਦੂਜਾ ਖੁੱਲ੍ਹਾ ਖਤ ਸ਼ੋਭਨੀਕ ਤਾਂ ਨਹੀਂ ਪਰ ਮਾਮਲਾ ਗੰਭੀਰ ਹੈ। ਮੈਂ ਸਿੰਘ ਬ੍ਰਦਰਜ਼ ਨੂੰ ਅਤੇ ਤੁਹਾਨੂੰ 20-6-2009 ਨੂੰ ਜਿਹੜਾ ਖਤ ਲਿਖਿਆ, ਉਸ ਨਾਲ ਨਮੂਨੇ ਵਜੋਂ ਦੋ ਪੰਨਿਆਂ ਦੀ ਪਰੂਫ ਰੀਡਿੰਗ ਵੀ ਨੱਥੀ ਕਰਕੇ ਭੇਜੀ ਸੀ। ਵਿਆਕਰਣ, ਸ਼ਬਦ ਜੋੜਾਂ ਅਤੇ ਅਰਥਾਂ ਦੀਆਂ ਭਿਆਨਕ ਗਲਤੀਆਂ ਹਨ ਜਿਨ੍ਹਾਂ ਬਾਬਤ ਜੇ ਕੋਈ ਨਹੀਂ ਜਾਣਦਾ ਉਹ ਸਿੱਖ ਸੰਗਤ ਹੈ। ਸਿੱਖ ਸੰਗਤ ਇਸ ਬਾਰੇ ਜਾਣ ਜਾਏਗੀ ਤਾਂ ਗ੍ਰੰਥ ਦੀ ਵਿਕਰੀ ਰੋਕ ਦਏਗੀ ਇਸ ਕਰਕੇ ਹੁਣ ਮੈਂ ਇਹ ਪੰਨੇ ਸਕੈਨ ਕਰਕੇ ਇੰਟਰਨੈਟ ਰਾਹੀਂ ਥਾਂ ਥਾਂ ਭੇਜ ਰਹੀ ਹਾਂ। ਸਿੰਘ ਬ੍ਰਦਰਜ਼, ਜਰਮਨੀ ਦੀ ਸਿੱਖ ਸੰਗਤ ਅਤੇ ਤੁਹਾਡੀ ਅਨੰਤ ਖਾਮੋਸ਼ੀ ਦੇਖਦਿਆਂ ਮੈਂ ਫੈਸਲਾ ਕੀਤਾ ਕਿ ਇਸ ਗ੍ਰੰਥ ਦੀ ਇਕ ਕਾਪੀ ਮੈਂ ਖਰੀਦ ਹੀ ਲਵਾਂ। ਪਰ ਮੈਂ ਅਮੀਰ ਨਹੀਂ, ਇਹ ਮਹਿੰਗਾ ਹੈ। ਕੀ ਕਰਾਂ? ਮੇਰੇ ਨਾਲ ਕਰਾਮਾਤਾਂ ਹੁੰਦੀਆਂ ਰਹਿੰਦੀਆਂ ਹਨ। ਮੈਂ ਇਕ ਪ੍ਰੋਟੈਸਟੈਂਟ ਈਸਾਈ ਨਾਲ ਗੱਲ ਕੀਤੀ ਕਿ ਸਿੱਖਾਂ ਦੇ ਧਰਮ ਗ੍ਰੰਥ ਦੇ ਅਨੁਵਾਦ ਵਿਚ ਕਿਸੇ ਅਨਜਾਣ ਬੰਦੇ ਨੇ ਭਿਅੰਕਰ ਨੁਕਸ ਪਾ ਦਿੱਤੇ ਹਨ, ਮੈਂ ਠੀਕ ਕਰਨ ਦੀ ਇੱਛਕ ਹਾਂ ਪਰ ਖਰੀਦਣ ਲਈ ਮੇਰੇ ਕੋਲ ਪੈਸੇ ਨਹੀਂ। ਉਸ ਨੇ ਕਿਹਾ, ਧਰਮ ਗ੍ਰੰਥ ਕਿਸੇ ਦਾ ਵੀ ਹੋਵੇ, ਗਲਤ ਨਹੀਂ ਹੋਣਾ ਚਾਹੀਦਾ, ਉਸ ਨੇ ਮੈਨੂੰ ਪੈਸੇ ਦੇ ਦਿੱਤੇ। ਮੈਨੂੰ ਇਹ ਜਾਣਨ ਦੀ ਇੱਛਾ ਰਹਿੰਦੀ ਹੈ ਕਿ ਅਕਸਰ ਮੇਰੇ ਨਾਲ ਅਜਿਹੀ ਕਰਾਮਾਤ ਕਿਵੇਂ ਹੋ ਜਾਂਦੀ ਹੈ।

ਇਸ ਭਿਆਨਕ ਅਨੁਵਾਦ ਦੇ ਕੁਝ ਪੰਨੇ ਮੈਂ ਗਲਤੀਆਂ ਸੋਧ ਕੇ ਰਜਿਸਟਰਡ ਡਾਕ ਰਾਹੀਂ ਤੁਹਾਡੇ ਕੋਲ ਭੇਜ ਦਿੱਤੇ। ਮੈਂ ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੂੰ ਵੀ ਇਹ ਵਰਕੇ ਨਿੱਜੀ ਤੌਰ 'ਤੇ ਫੜਾ ਕੇ ਬੇਨਤੀ ਕੀਤੀ ਕਿ ਇਸ ਦਾ ਇਲਾਜ ਕਰੋ। ਇਸ ਪਿੱਛੋਂ ਕੀ ਹੋਇਆ, ਤੁਹਾਨੂੰ ਪਤਾ ਹੀ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਨਵੰਬਰ 2009 ਵਿਚ ਮੈਂ ਡਾ. ਗੁਰਸ਼ਰਨਜੀਤ ਸਿੰਘ ਨੂੰ ਮਿਲੀ ਤੇ ਉਨ੍ਹਾਂ ਨੂੰ ਵੀ ਇਹ ਪੰਨੇ ਦਿੱਤੇ। ਉਨ੍ਹਾਂ ਨੇ ਮੈਨੂੰ ਕਿਹਾ ਕਿ ਦਲਮੇਘ ਸਿੰਘ ਅਤੇ ਸਿੰਘ ਬ੍ਰਦਰਜ਼ ਦੋਸਤ ਹਨ, ਸੋ ਕੁਝ ਨਹੀਂ ਹੋਵੇਗਾ। ਪਤਾ ਤਾਂ ਕਰੋ ਕਿੰਨੀ ਗਿਣਤੀ ਵਿਚ ਛਾਪਿਆ ਗਿਆ ਹੈ ਇਹ ਗ੍ਰੰਥ? ਸਿੰਘ ਬ੍ਰਦਰਜ਼ ਹੋਰ ਕਾਪੀਆਂ ਵੀ ਛਾਪ ਸਕਦੇ ਹਨ ਕਿਉਂਕਿ ਲਾਹੇਵੰਦਾ ਕੰਮ ਹੈ। ਡਾ. ਗੁਰਸ਼ਰਨਜੀਤ ਸਿੰਘ, ਤੁਹਾਨੂੰ ਯਾਦ ਹੋਵੇਗਾ ਸਪੋਕਸਮੈਨ ਅਖਬਾਰ ਰਾਹੀਂ 13-11-2009 ਨੂੰ ਤੁਸੀਂ ਮੈਨੂੰ ਮਦਦ ਦੇਣ ਦਾ ਭਰੋਸਾ ਦਿਵਾਇਆ ਸੀ? ਛਪੇ ਲੇਖ ਦਾ ਆਖਰੀ ਹਿੱਸਾ ਪੜ੍ਹੋ।

ਮੈਂ ਹਰੇਕ ਨਵੀਂ ਛਪੀ ਐਡੀਸ਼ਨ ਦਾ ਕਵਰ ਪੰਨਾ ਆਪਣੇ ਕੋਲ ਰਿਕਾਰਡ ਵਾਸਤੇ ਰੱਖਾਂਗੀ। ਦਲਮੇਘ ਸਿੰਘ ਜੀ, ਗੁਰੂ ਗੋਬਿੰਦ ਸਿੰਘ ਜੀ ਨੇ ਆਖਰੀ ਸੁਆਸਾਂ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਕੇ ਕਿਹਾ ਸੀ- ਹੁਣ ਇਹੋ ਸੰਸਾਰ ਦੇ ਗੁਰੂ ਹੋਣਗੇ। ਤੁਹਾਨੂੰ ਜਿਸ ਦੀ ਤਲਾਸ਼ ਹੋਵੇ, ਇਥੋਂ ਮਿਲੇਗਾ। ਜਰਮਨ ਅਨੁਵਾਦ ਵਿਚ ਕੋਈ ਗਲਤੀ ਨਹੀਂ ਹੋਣੀ ਚਾਹੀਦੀ। ਗੁਰੂ ਗ੍ਰੰਥ ਰੱਬ ਦੀ ਰੋਸ਼ਨੀ ਹੈ ਦਲਮੇਘ ਸਿੰਘ, ਸਾਡੇ ਅਤੇ ਇਸ ਰੋਸ਼ਨੀ ਦੇ ਵਿਚਕਾਰ ਤੁਸੀਂ ਨਾ ਖਲੋਵੋ।

***-ਅਲਿਜ਼ਾਬੇਥ ਮੀਰੂ***

**ਨੋਟ:** 25 ਅਪਰੈਲ 2011 ਨੂੰ ਸਿੰਘ ਬ੍ਰਦਰਜ਼ ਦੇ ਸ. ਗੁਰਸਾਗਰ ਸਿੰਘ ਦਾ ਫੋਨ ਆਇਆ ਤੇ ਉਨ੍ਹਾਂ ਮੇਰੇ ਨਾਲ ਅਲਿਜ਼ਾਬੇਥ ਮੀਰੂ ਬਾਰੇ ਗੱਲ ਕੀਤੀ ਕਿ ਉਹ ਬਿਨਾ ਵਜ੍ਹਾ ਸ਼ੋਰ ਕਰ ਰਹੀ ਹੈ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਮੀਰੂ ਵੱਲੋਂ ਆਏ ਪੱਤਰ ਮੈਂ ਤੁਹਾਨੂੰ ਮਹੀਨਾ ਪਹਿਲਾਂ ਭੇਜੇ ਸਨ ਪ੍ਰੰਤੂ ਤੁਹਾਡੇ ਵੱਲੋਂ ਕੋਈ ਪ੍ਰਤੀਕਰਮ ਨਹੀਂ ਆਇਆ। ਮੀਰੂ ਨੇ ਜੋ ਗਲਤੀਆਂ ਕੱਢੀਆਂ ਹਨ ਉਨ੍ਹਾਂ ਦਾ ਇਲਾਜ ਜ਼ਰੂਰੀ ਹੈ। ਸਿੰਘ ਸਾਹਿਬ ਨੇ ਕਿਹਾ ਕਿ ਉਹ ਕਰਦੀ ਤਾਂ ਕੁਝ ਹੈ ਨਹੀਂ, ਕੇਵਲ ਗਲਤੀਆਂ ਕੱਢਦੀ ਹੈ। ਇਸ ਸਬੰਧੀ ਮੇਰਾ ਸੁਝਾਓ ਹੈ ਕਿ ਜਿਸ ਵਿਅਕਤੀ ਨੇ ਗਲਤੀਆਂ ਕੱਢ ਕੇ ਸੋਧਣ ਲਈ ਸੁਝਾਓ ਦਿੱਤੇ ਹਨ ਉਸ ਦਾ ਸ਼ੁਕਰਾਨਾ ਕਰੋ ਤੇ ਜੇ ਉਸ ਪਾਸ ਸੁਧਾਈ ਕਰਨ ਦੀ ਫੁਰਸਤ ਨਹੀਂ ਤਾਂ ਆਪ ਸੁਧਾਈ ਕਰੋ। ਗੁਰੂ ਗ੍ਰੰਥ ਸਾਹਿਬ ਦੇ ਤਰਜਮੇ ਵਿਚ ਬੇਸ਼ੁਮਾਰ ਗਲਤੀਆਂ ਹੋਣ ਦੇ ਬਾਵਜੂਦ ਇਸ ਨੂੰ ਵੰਡੀ ਜਾਣਾ ਉਚਿਤ ਨਹੀਂ, ਬੇਸ਼ੱਕ ਸਿੰਘ ਸਾਹਿਬ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਇਸ ਵਿਚੋਂ ਮੁਨਾਫਾ ਨਹੀਂ ਕਮਾਇਆ।

# ਡੰਗ ਬੜੇ ਜ਼ਹਿਰੀਲੇ ਉਡਣੇ ਸੱਪਾਂ ਦੇ

**ਜੀਵਨ ਜਾਚ**



**ਅਜੈ ਤਨਵੀਰ**

ਜਿਹੜੇ ਆਦਮੀ ਜ਼ਿਆਦਾ ਸਵਾਲ ਕਰਨ ਵਿਚ ਆਪਣੇ-ਆਪ ਨੂੰ ਨਾਢੂ ਖਾਂ ਸਮਝਣ, ਉਨ੍ਹਾਂ ਦੇ ਅੰਦਰ ਜ਼ਰੂਰ ਹੀ ਕਮਜ਼ੋਰੀ ਲੁਕੀ ਹੁੰਦੀ ਹੈ। ਉਹ ਆਪਣੀ ਕਮਜ਼ੋਰੀ ਲੁਕਾਉਣ ਲਈ ਸ਼ਬਦਾਂ ਦੇ ਨਕਾਬ ਦਾ ਸਹਾਰਾ ਲੈਂਦੇ ਹਨ। ਜੇ ਸੱਚ ਕਹਿਣ ਵਾਲਾ ਮਹਾਨ ਏ ਤਾਂ ਸੱਚ ਸੁਣਨ ਵਾਲਾ ਵੀ ਮਹਾਨ ਹੀ ਹੁੰਦਾ ਹੈ। ਹਰ ਦੁੱਖ ਅਤੇ ਹਰ ਮੁਸ਼ਕਿਲ ਵਿਚ ਆਉਣ ਵਾਲੀ ਸੁੱਖਾਂ ਦੀ ਸਵੇਰ ਹੁੰਦੀ ਹੈ ਪਰ ਕਈ ਵਿਚਾਰੇ ਸਵੇਰ ਨੂੰ ਲੱਭਦੇ ਹਨੇਰਿਆਂ ਵਿਚ ਹੀ ਗੁਆਚ ਜਾਂਦੇ ਹਨ। ਸਿਦਕੀ ਲੋਕ ਨਾ ਹੀ ਗੁਆਚਦੇ ਹਨ, ਨਾ ਹੀ ਭਟਕਦੇ ਹਨ ਕਿਉਂਕਿ ਥਕਾਵਟ ਅਤੇ ਥਕੇਵਾਂ ਉਨ੍ਹਾਂ ਦੇ ਪੈਰਾਂ ਨਾਲ ਬੰਨ੍ਹਿਆ ਹੁੰਦਾ ਹੈ।

ਸੀਰੀਆ ਦਾ ਮਹਾਨ ਸਾਹਿਤਕਾਰ ਖ਼ਲੀਲ ਜਿਬਰਾਨ ਆਖਦਾ ਹੈ ਕਿ ਖ਼ੁਦਾ ਦੇ ਘਰ ਵਿਚ ਕੀਤੀਆਂ ਲੰਮੀਆਂ ਅਤੇ ਖੋਖਲੀਆਂ ਅਰਦਾਸਾਂ ਨਾਲੋਂ ਕਮਜ਼ੋਰ ਮੁਜਰਮ ਅਤੇ ਗੁਨਾਹਗਾਰ ਲਈ ਪਿਆਰ ਦੇ ਦੋ ਸ਼ਬਦ ਹੀ ਵਧੇਰੇ ਮਹੱਤਤਾ ਰੱਖਦੇ ਹਨ ਪਰ ਸਾਡੇ ਸਮਾਜ ਵਿਚ ਲਹੂ ਪੀਣੀਆਂ ਜੋਕਾਂ ਦਾ ਢਿੱਡ ਨਹੀਂ ਭਰ ਰਿਹਾ। ਪਤਾ ਨਹੀਂ ਇਨ੍ਹਾਂ ਨੇ ਅਜੇ ਕਿੰਨਾ ਕੁ ਲਹੂ ਹੋਰ ਪੀਣਾ ਹੈ ਕਿਰਤੀਆਂ, ਮਜ਼ਦੂਰਾਂ ਅਤੇ ਕਿਸਾਨਾਂ ਦਾ। ਆਦਮੀ ਨਾਲੋਂ ਆਦਮੀ ਦਾ ਕੁੱਤਾ ਜ਼ਿਆਦਾ ਵਫ਼ਦਾਰ ਹੁੰਦਾ ਹੈ। ਹਰ ਸਮੇਂ ਮਾਲਕ ਦੀ ਸੁੱਖ ਲੋੜਦਾ ਹੈ ਜਿਸ ਤਰ੍ਹਾਂ ਫੌਜੀ ਦੇਸ਼ ਲਈ ਸਰਹੱਦਾਂ 'ਤੇ ਪਹਿਰਾ ਦਿੰਦੇ ਹਨ। ਇਹ ਸਦਾ ਘਰ ਦਾ ਪਹਿਰੇਦਾਰ ਮੰਨਿਆ ਜਾਂਦਾ ਏ। ਆਦਮੀ ਆਦਮੀ ਦੇ ਲਹੂ ਦਾ ਪਿਆਸਾ ਏ। ਆਖਦੇ ਨੇ ਸੱਪਾਂ ਨੂੰ ਜਿੰਨਾ ਮਰਜ਼ੀ ਦੁੱਧ ਪਿਆਓ, ਇਨ੍ਹਾਂ ਨੇ ਡੰਗ ਮਾਰਨਾ ਹੀ ਮਾਰਨਾ ਹੈ ਪਰ ਕਈ ਆਖਦੇ ਹਨ ਕਿ ਸੱਪ ਦੁੱਧ ਪੀਂਦਾ ਹੀ ਨਹੀਂ। ਚਲੋ ਅਸੀਂ ਇਨ੍ਹਾਂ ਗੱਲਾਂ ਤੋਂ ਕੀ ਲੈਣਾ! ਅੱਜ ਤੁਹਾਡੀ ਮੁਲਾਕਾਤ ਉਨ੍ਹਾਂ ਸੱਪਾਂ ਨਾਲ ਕਰਾਉਂਦੇ ਹਾਂ ਜਿਹੜੇ ਦੁੱਧ ਨਹੀਂ, ਲਹੂ ਪੀਂਦੇ ਹਨ ਅਤੇ ਡੰਗ ਵੀ ਮੱਥੇ 'ਤੇ ਮਾਰਦੇ ਨੇ। ਇਹ ਸੱਪ ਤੁਹਾਨੂੰ ਹਰ ਖੇਤਰ ਵਿਚ ਦੇਖਣ ਨੂੰ ਮਿਲਣਗੇ।

ਅਮਰੂ ਨੇ ਮਾਮਲੇ 'ਤੇ ਪੰਜ ਖੇਤ ਲੈ ਕੇ ਕਣਕ ਬੀਜ ਦਿੱਤੀ। ਖੇਤ ਐਨੇ ਉਪਜਾਊ ਨਹੀਂ ਸਨ। ਮਾਰੂ ਜ਼ਮੀਨ ਸੀ ਪਰ ਚੰਗੇ ਭਾਅ ਨਾਲ ਮਿਲ ਗਈ ਸੀ। ਮਾਲਕ ਅਮਰੀਕਾ ਵਿਚ ਸਨ। ਸਸਤੀ ਜ਼ਮੀਨ ਕਰਕੇ ਅਮਰੂ ਨੇ ਵੇਰ-ਮਿੱਟੀ ਦੀ ਕੋਈ ਕਸਰ ਨਾ ਛੱਡੀ। ਉਸਾਰੂ ਸੋਚ ਵਾਲੇ ਅਮਰੂ ਨਾਲ ਉਸ ਦੀ ਘਰਵਾਲੀ ਜੀਤੋ ਵੀ ਮੋਢੇ ਨਾਲ ਪੂਰਾ ਮੋਢਾ ਲਾਉਂਦੀ। ਅਮਰੂ ਗਰੀਬ ਜ਼ਰੂਰ ਸੀ ਪਰ ਦਿਲ ਦਾ ਬਾਦਸ਼ਾਹ ਸੀ। ਘਰ ਦੋ ਮੱਝਾਂ ਵੀ ਰੱਖੀਆਂ ਹੋਈਆਂ ਸਨ। ਥੋੜ੍ਹਾ ਦੁੱਧ ਦੋਧੀ ਨੂੰ ਵੀ ਪਾ ਦਿੰਦੇ ਜਿਸ ਨਾਲ ਘਰ ਦਾ ਗੁਜ਼ਾਰਾ ਤੁਰਿਆ ਹੋਇਆ ਸੀ।

ਮੀਹਾਂ ਦਾ ਸਮੇਂ ਸਿਰ ਵਰ੍ਹਨਾ ਅਮਰੂ ਨੂੰ ਰਾਸ ਆ ਗਿਆ। ਕਣਕ ਦਿਨੋਂ-ਦਿਨ ਜਵਾਨ ਹੋਈ ਮੁਟਿਆਰ ਵਾਂਗ ਨਿੱਸਰਦੀ ਜਾਵੇ। ਰਾਹ ਗਲੀ ਹਰ ਕੋਈ ਅਮਰੂ ਨੂੰ ਪੁੱਛਦਾ-ਐਤਕੀਂ ਤਾਂ ਅਮਰੂ ਦੀ ਕਾਟੋ ਫੁੱਲਾਂ 'ਤੇ ਖੇਡਦੀ ਏ। ਨਾ ਪਾਣੀ ਲਾਉਣ ਦੀ ਲੋੜ ਪਈ, ਨਾ ਹੀ ਰਾਤਾਂ ਝਾਕਣ ਦੀ। ਨਹੀਂ ਤਾਂ ਸਾਰੀ-ਸਾਰੀ ਰਾਤ ਨੱਕੇ ਮੋੜੀ ਜਾਂਦੇ ਸਨ ਪਰ ਪਿੰਡ ਵਿਚ ਕੁਝ ਐਸੇ ਵੀ ਉਡਣੇ ਸੱਪ ਰਹਿੰਦੇ ਸਨ ਜਿਨ੍ਹਾਂ ਨੂੰ ਅਮਰੂ ਗਰੀਬ ਦੀ ਫਸਲ ਕੰਡਿਆਂ ਵਾਂਗ ਚੁੱਭਦੀ ਸੀ। ਤਾਂ ਹੀ ਸਿਆਣੇ ਆਖਦੇ ਨੇ ਗਰੀਬ ਦੀ ਨੂੰਹ ਸਾਰਿਆਂ ਦੀ ਭਰਜਾਈ। ਇਹ ਉਡਣੇ ਸੱਪ ਹਰ ਵੇਲੇ ਈਰਖਾ ਅਤੇ ਨਫ਼ਰਤ ਨਾਲ ਆਪਣੇ ਡੰਗ ਭਰੀ ਰੱਖਦੇ। 'ਜੀਤੋ ਐਤਕੀਂ ਫ਼ਸਲ ਦਾ ਭਾਅ ਸੋਹਣਾ ਲੱਗ ਗਿਆ ਤਾਂ ਤੈਨੂੰ ਢਾਕੇ ਦੀ ਮਲ-ਮਲ ਦਾ ਸੂਟ ਸੂਆ ਕੇ ਦੇਵਾਂਗਾ।' ਅਮਰੂ ਦੇ ਅਰਮਾਨ ਬਿਨਾਂ ਪਰਾਂ ਤੋਂ ਉੱਡਣ ਲੱਗੇ। ਵਿਸਾਖੀ ਤੋਂ ਦੋ-ਚਾਰ ਦਿਨ ਪਹਿਲਾਂ ਹੀ ਉਸ ਨੇ ਗੁਆਂਢੀਆਂ ਦੀ ਗੱਡੀ ਲੈ ਕੇ ਜਿੰਨੀ ਥੋੜ੍ਹੀ-ਬਹੁਤ ਫਸਲ ਸੀ, ਮੰਡੀ ਸੁੱਟ ਦਿੱਤੀ ਪਰ ਅਮਰੂ ਇਸ ਗੱਲੋਂ ਬੇ-ਫਿਕਰ ਸੀ ਕਿ ਉੱਡਣੇ ਸੱਪ ਮੰਡੀਆਂ ਵਿਚ ਵੀ ਬੈਠੇ ਨੇ। ਇਹ ਵੀ ਲਹੂ ਦੇ ਪਿਆਸੇ ਨੇ।

ਜਦੋਂ ਦੋ-ਤਿੰਨ ਦਿਨ ਅਮਰੂ ਵਿਚਾਰੇ ਦੀ ਕਣਕ ਮੰਡੀ ਵਿਚ ਰੁਲਦੀ ਰਹੀ ਤਾਂ ਕਈਆਂ ਨੇ ਕਹਿ-ਸੁਣ ਕੇ ਕਿਹਾ, "ਅਫ਼ਸਰ ਸਾਬ੍ਹ! ਇਸ ਗਰੀਬ ਦਾ ਵੀ ਕੰਮ ਨਬੇੜੋ।" ਆੜ੍ਹਤੀਆਂ ਨਾਲ ਰਲਿਆ ਅਫ਼ਸਰ ਅਮਰੂ ਦੀ ਫਸਲ ਦਾ ਬੇਤੁਕਾ ਮੁੱਲ ਲਾ ਕੇ ਤੁਰਦਾ ਬਣਿਆ। ਅਮਰੂ ਵਿਚਾਰੇ ਨੂੰ ਕੀ ਪਤਾ ਸੀ ਕਿ ਇਹ ਸਾਰੇ ਉਡਣੇ ਸੱਪ ਇਕ-ਦੂਜੇ ਨਾਲ ਰਲੇ ਹੋਏ ਹਨ। ਬਿਨਾ ਪਰਾਂ ਤੋਂ ਉੱਡਣ ਵਾਲੇ ਅਮਰੂ ਦੇ ਅਰਮਾਨ ਉਸ ਪੰਛੀ ਦੀ ਤਰ੍ਹਾਂ ਸਨ ਜਿਸ ਕੋਲ ਉਡਾਣ ਤਾਂ ਬਹੁਤ ਸੀ ਪਰ ਫਿਰ ਵੀ ਉੱਡ ਨਾ ਸਕਿਆ।

ਆੜ੍ਹਤੀਆਂ ਦਾ ਹਿਸਾਬ-ਕਿਤਾਬ ਕਰਦਾ ਹੋਇਆ ਅਮਰੂ ਸੋਚਾਂ ਵਿਚ ਡੁੱਬਾ ਪਿੰਡ ਦੇ ਰਾਹ ਪੈ ਗਿਆ। ਜੋ ਰਾਹ ਫਸਲ ਦੇ ਹੌਸਲੇ ਵਿਚ ਕਦੇ ਕੁਝ ਵੀ ਨਹੀਂ ਲਗਦਾ ਸੀ, ਅੱਜ ਉਹ ਹੀ ਪੈਂਡਾ ਬਹੁਤ ਲੰਮਾ ਹੋ ਗਿਆ ਸੀ ਅਤੇ ਪੈਰ ਭਾਰੇ-ਭਾਰੇ ਲਗ ਰਹੇ ਸਨ। ਇਸ ਹਾਦਸੇ ਨੇ ਅਮਰੂ ਨੂੰ ਹਿਲਾ ਕੇ ਰੱਖ ਦਿੱਤਾ। ਉਸ ਨੇ ਮਾਲਕਾਂ ਨੂੰ ਕਿਹਾ, "ਮੈਂ ਨਹੀਂ ਖੇਤੀ ਕਰ ਸਕਦਾ। ਤੁਸੀਂ ਆਪਣੀ ਜ਼ਮੀਨ ਜਿਸ ਨੂੰ ਵੀ ਮਰਜ਼ੀ ਦੇ ਦਿਓ।" ਅਮਰੂ ਅੰਦਰੋਂ ਪੂਰੀ ਤਰ੍ਹਾਂ ਟੁੱਟ ਚੁੱਕਾ ਸੀ। ਕਈ ਵਾਰੀ ਜਦੋਂ ਘਰ ਵਿਚ ਕੋਈ ਮਰੀਜ਼ ਹੋਵੇ ਤਾਂ ਸਾਰੇ ਡਾਕਟਰ ਬਣ ਜਾਂਦੇ ਹਨ। ਅਮਰੂ ਨੂੰ ਸਾਰੇ ਸਲਾਹਾਂ ਦੇਣ ਲੱਗੇ, "ਅਮਰੂ ਤੂੰ ਪ੍ਰਵਾਹ ਨਾ ਕਰ। ਅਸੀਂ ਤੇਰੇ ਨਾਲ ਹਾਂ। ਹੌਸਲਾ ਨਹੀਂ ਹਾਰੀਦਾ। ਤਕੜਾ ਹੋ। ਬੰਦਾ ਜ਼ਿੰਦਗੀ ਵਿਚ ਕਈ ਵਾਰ ਡਿੱਗਦਾ ਏ, ਤੇ ਕਈ ਵਾਰ ਉੱਠਦਾ ਏ।"

ਜਿਸ ਦਾ ਹਰ ਚਾਅ ਇਕ-ਇਕ ਕਰ ਕੇ ਕਿਰ ਜਾਵੇ, ਉਸ ਆਦਮੀ ਨੂੰ ਦਿਨੇ ਵੀ ਹਨ੍ਹੇਰਾ ਦਿਸਦਾ ਏ:

'ਕੱਲਾ 'ਕੱਲਾ ਖਾਬ ਕਿਰ ਗਿਆ ਅੱਖਾਂ 'ਚੋਂ
ਜਦੋਂ ਪਛਾਣ ਲਿਆ ਮੈਂ ਉਹ ਨੂੰ ਲੱਖਾਂ 'ਚੋਂ।
ਉਹਨੂੰ ਮਿਲ ਕੇ ਇਸ ਗੱਲ ਦਾ ਅਹਿਸਾਸ ਰਿਹਾ
ਨਿੱਘ ਕਦੇ ਨਹੀਂ ਮਿਲਦਾ ਗਿੱਲੇ ਸੱਕਾਂ 'ਚੋਂ।

ਅਖੀਰ ਪਿੰਡ ਦੇ ਸਿਆਣੇ ਬੰਦਿਆਂ ਦੇ ਕਹਿਣ 'ਤੇ ਅਮਰੂ ਨੇ ਪਿੰਡ ਦੇ ਲਾਗੇ ਸਕੂਲ ਕੋਲ ਦੋ ਖੇਤ ਮਾਮਲੇ 'ਤੇ ਲੈ ਲਏ। ਜ਼ਮੀਨ ਬੜੀ ਭਾਰੀ ਸੀ। ਟੱਕ ਨਿਆਈਆਂ ਦਾ ਸੀ। ਅਮਰੂ ਨੇ ਐਤਕੀਂ ਬੇਫਿਕਰ ਹੋ ਕੇ ਕਣਕ ਬੀਜੀ। ਕਣਕ ਦਾ ਜਾਮਾ ਐਨਾ ਵਧੀਆ ਸੀ ਜਿਵੇਂ ਅੱਲੜ ਨੇ ਫੁੱਲਕਾਰੀ 'ਤੇ ਫੁੱਲ ਕੱਢੇ ਹੋਣ। ਜੀਤੋ ਨੇ ਖੇਤ ਨੂੰ ਨਜ਼ਰ ਲੱਗਣ ਤੋਂ ਕਾਲਾ ਡਰਨਾ ਗੱਡ ਦਿੱਤਾ ਕਿ ਮੇਰੇ ਪੁੱਤਾਂ ਵਰਗੀ ਫਸਲ ਨੂੰ ਕਿਸੇ ਦੀਆਂ ਭੈੜੀਆਂ ਨਜ਼ਰਾਂ ਨਾ ਲੱਗਣ। ਕਿਸਾਨ ਨੂੰ ਫਸਲ ਉਸ ਦੇ ਪੁੱਤਾਂ ਤੋਂ ਵੀ ਪਿਆਰੀ ਹੁੰਦੀ ਏ। ਸਵੇਰੇ-ਸ਼ਾਮ ਅਮਰੂ ਨੇ ਖੇਤਾਂ ਵੱਲ ਗੇੜਾ ਰੱਖਣਾ। ਖੇਤ ਘਰਾਂ ਦੇ ਲਾਗੇ ਹੋਣ ਕਰਕੇ ਕਾਫ਼ੀ ਮੌਜ ਸੀ। ਗੋਡੀ ਅਮਰੂ ਅਤੇ ਜੀਤੋ ਨੇ ਐਨੇ ਪਿਆਰ ਨਾਲ ਕੀਤੀ ਕਿ ਫਸਲ ਵੀ ਦੋਹਾਂ ਦੇ ਪਿਆਰ ਦੀਆਂ ਰਮਜ਼ਾਂ ਸਮਝਦੀ ਹੋਈ ਦਿਨੋ-ਦਿਨ ਜਵਾਨ ਹੋ ਗਈ। ਜਵਾਨ ਹੋਈ ਫ਼ਸਲ ਅਤੇ ਜਵਾਨ ਹੋਈ ਧੀ ਦਾ ਬਾਪ ਨੂੰ ਉਨਾ ਚਿਰ ਫਿਕਰ ਹੀ ਰਹਿੰਦਾ ਹੈ, ਜਿੰਨਾ ਚਿਰ ਉਹ ਆਪਣੇ ਘਰ ਨਾ ਚਲੇ ਜਾਵੇ। ਸਮੇਂ ਸਿਰ ਪਾਣੀ ਲਾ-ਲਾ ਅਮਰੂ ਨੇ ਕੋਈ ਕਸਰ ਨਾ ਛੱਡੀ। ਸਿੱਟਾ ਵੇਖ ਕੇ ਮਨ ਖੁਸ਼ ਹੁੰਦਾ ਸੀ। ਮੋਟੀ ਨਾਲੀ ਹੋਣ ਕਰਕੇ ਕਣਕ ਝਾੜ ਸੋਹਣਾ ਕਰ ਗਈ ਸੀ। ਬੇਸ਼ਕ ਖੇਤ ਦੋ ਹੀ ਸਨ ਪਰ ਦੇਖ ਕੇ ਲਗਦਾ ਸੀ, ਪੁੱਤ ਬੇਸ਼ਕ ਹੋਵੇ ਇਕ, ਹੋਵੇ ਅਕਲ ਵਾਲਾ। ਇਕ ਹੀ ਲੱਖਾਂ ਵਰਗਾ ਹੁੰਦਾ ਹੈ, ਜੇ ਕੀਤੀ ਮਿਹਨਤ ਨੂੰ ਫਲ ਲੱਗ ਜਾਵੇ। ਮੁਸੀਬਤ ਉਹ ਤੱਕੜੀ ਹੈ ਜਿਸ ਵਿਚ ਸਦਾ ਹੀ ਤੁਹਾਡੀ ਮਿਹਨਤ ਤੋਲੀ ਜਾਂਦੀ ਹੈ। ਮਿਹਨਤ ਦਾ ਪੱਲਾ ਸਦਾ ਹੀ ਭਾਰੂ ਹੁੰਦਾ ਹੈ ਪਰ ਸਮਝਦਾਰਾਂ ਲਈ, ਬੇ-ਸਮਝਾਂ ਲਈ ਨਹੀਂ।

ਅਮਰੂ ਫ਼ਸਲ ਵੱਲ ਦੇਖ ਕੇ ਕਈ ਤਰ੍ਹਾਂ ਦੇ ਖ਼ਾਬਾਂ ਵਿਚ ਘਿਰਿਆ ਰਹਿਣ ਲੱਗਾ। ਕਦੇ ਸੋਚਦਾ, ਐਤਕੀਂ ਦੋ ਬਲਦ ਲੈ ਲੈਣੇ ਹਨ ਅਤੇ ਖੇਤੀ ਰੱਜ ਕੇ ਕਰਨੀ ਹੈ। ਘੜੀ-ਮੁੜੀ ਐਵੇਂ ਕਿਉਂ ਕਦੇ

(ਬਾਕੀ ਸਫਾ 35 'ਤੇ)

# ਗੁਰਮਤਿ ਅਤੇ ਅਵਤਾਰਵਾਦ-3

## ਗੁਰਮਤਿ ਚਿੰਤਨ

ਡਾ. ਗੁਰਨਾਮ ਕੌਰ

ਪਿਛਲੇ ਲੇਖ ਵਿਚ ਅਸੀਂ ਗੁਰਮਤਿ ਅਤੇ ਅਵਤਾਰਵਾਦ ਦੀ ਗੱਲ, ਹਿੰਦੂ ਅਵਤਾਰਾਂ ਸਬੰਧੀ ਪ੍ਰਾਪਤ ਉਨ੍ਹਾਂ ਰਚਨਾਵਾਂ ਦੇ ਸੰਦਰਭ ਵਿਚ ਸ਼ੁਰੂ ਕੀਤੀ ਸੀ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਅਵਤਾਰਾਂ ਸਬੰਧੀ ਇਨ੍ਹਾਂ ਰਚਨਾਵਾਂ ਦੀ ਭਾਸ਼ਾ ਅਤੇ ਮੁਹਾਵਰਾ 'ਜਾਪੁ ਸਾਹਿਬ' ਅਤੇ 'ਅਕਾਲ ਉਸਤਤਿ' ਨਾਲ ਉਕਾ ਹੀ ਮੇਲ ਨਹੀਂ ਖਾਂਦਾ। ਪਹਿਲਾਂ ਵੀ ਕਵੀ ਸ਼ਾਮ ਦਾ ਜ਼ਿਕਰ ਕੀਤਾ ਗਿਆ ਸੀ ਕਿ ਉਸ ਨੇ ਬਹੁਤ ਥਾਂਵਾਂ 'ਤੇ ਇੱਕ ਕਵੀ ਦੇ ਨਾਤੇ ਇਨ੍ਹਾਂ ਰਚਨਾਵਾਂ ਦਾ ਰਚੈਤਾ ਹੋਣਾ ਤਸਲੀਮ ਕੀਤਾ ਹੈ। ਉਸ ਨੇ ਬਹੁਤ ਹੀ ਸਪਸ਼ਟ ਸ਼ਬਦਾਂ ਵਿਚ ਕਈ ਜਗ੍ਹਾ ਕਿਹਾ ਹੈ ਕਿ ਉਹ ਇੱਕ ਕਵੀ ਹੋਣ ਕਰਕੇ ਫਲਾਂ ਫਲਾਂ ਕਹਾਣੀ ਨੂੰ ਕਵਿਤਾ ਵਿਚ ਦੱਸ ਰਿਹਾ ਹੈ। ਮਸਲਨ 'ਅਥ ਸ਼ੀਰ ਸਮੁੰਦ੍ਰ ਮਥਨ, ਚਉਦਹ ਰਤਨ ਕਥਨੰ' ਦੇ ਸ਼ੁਰੂ ਵਿਚ ਹੀ ਕਵੀ ਸ਼ਾਮ ਦਸਦਾ ਹੈ ਕਿ ਜਿਸ ਤਰ੍ਹਾਂ ਦੇਵਾਂ ਅਤੇ ਦਾਨਵਾਂ ਨੇ ਰਲ ਕੇ ਖ਼ੀਰ ਸਮੁੰਦਰ ਰਿੜਕਿਆ ਉਸ ਦਾ ਬਿਆਨ ਕਵੀ ਸ਼ਾਮ ਕਵਿਤਾ ਵਿਚ ਦਸਦਾ ਹੈ, "ਮਿਲਿ ਦੇਵ ਅਦੇਵਨ ਸਿੰਧੁ ਮਥਯੋ। ਕਬਿ 'ਸਯਾਮ' ਕਵਿੱਤਨ ਮੱਧਿ ਕਥਯੋ।" ਡਾ. ਰਤਨ ਸਿੰਘ ਜੱਗੀ, ਜਿਨ੍ਹਾਂ ਨੇ 'ਦਸਮ ਗ੍ਰੰਥ ਕਾ ਕ੍ਰਿਤਤਵ' ਵਿਸ਼ੇ 'ਤੇ ਬਹੁਤ ਹੀ ਮਿਹਨਤ ਨਾਲ ਖੋਜ ਕੀਤੀ ਹੈ, ਨੇ ਵੀ ਸਮੁੱਚੇ ਦਸਮ ਗ੍ਰੰਥ ਦਾ ਟੀਕਾ ਕਰਦਿਆਂ ਜਿਥੇ ਕਿਸੇ ਕਵੀ ਰਾਮ ਜਾਂ ਸ਼ਾਮ ਦਾ ਨਾਮ ਆਇਆ ਹੈ ਉਥੇ ਉਸੇ ਕਵੀ ਦਾ ਨਾਮ ਲਿਖਿਆ ਹੈ, ਗੁਰੂ ਗੋਬਿੰਦ ਸਿੰਘ ਦਾ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਤੰਤ੍ਰਾਂ-ਮੰਤ੍ਰਾਂ ਦਾ ਸਬੰਧ ਭਰਮ ਅਤੇ ਪਰਪੰਚ ਨਾਲ ਦਸਦਿਆਂ ਇਨ੍ਹਾਂ ਨੂੰ ਨਕਾਰਿਆ ਹੈ ਕਿਉਂਕਿ ਇਹ ਮਨੁੱਖ ਨੂੰ ਕੋਈ ਰਸਤਾ ਦਿਖਾਉਣ ਦੀ ਥਾਂ ਉਸ ਨੂੰ ਭਰਮ-ਭੁਲੇਖਿਆਂ ਵਿਚ ਪਾਉਂਦੇ ਹਨ। ਗੁਰੂ ਨਾਨਕ ਦੇਵ ਰਾਗ ਮਾਰੂ ਵਿਚ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ 'ਸੁੰਨ' ਅਵਸਥਾ ਦਾ ਜ਼ਿਕਰ ਕਰਦਿਆਂ ਵਿਸ਼ਨੂੰ, ਖਾਸ ਕਰਕੇ ਉਸ ਦੇ ਅਵਤਾਰ ਕ੍ਰਿਸ਼ਨ ਬਾਰੇ ਕਹਿੰਦੇ ਹਨ ਕਿ ਉਦੋਂ ਨਾ ਕੋਈ ਸੁਚਮ ਅਤੇ ਭਿੱਟ ਵਰਗਾ ਖਿਆਲ ਪ੍ਰਚੱਲਤ ਹੋਇਆ ਸੀ, ਨਾ ਕੋਈ ਤੁਲਸੀ ਦੀ ਮਾਲਾ ਸੀ, ਨਾ ਕੋਈ ਗਊਆਂ ਚਰਾਉਣ ਵਾਲਾ ਕਾਨ੍ਹ ਸੀ ਅਤੇ ਨਾ ਉਸ ਦੀਆਂ ਗੋਪੀਆਂ ਸਨ। ਨਾ ਕੋਈ ਜਾਦੂ-ਟੂਣੇ ਜਾਂ ਤੰਤ੍ਰ-ਮੰਤ੍ਰ ਸਨ ਅਤੇ ਨਾ ਹੀ ਕੋਈ ਬੰਸਰੀ ਵਜਾਉਣ ਵਾਲਾ ਸੀ:



ਡਾ. ਗੁਰਨਾਮ ਕੌਰ

ਨ ਸੁਚਿ ਸੰਜਮ ਤੁਲਸੀ ਮਾਲਾ॥
ਗੋਪੀ ਕਾਨੁ ਨ ਗਊ ਗੁਆਲਾ॥
ਤੰਤੁ ਮੰਤੁ ਪਾਖੰਡੁ ਨ ਕੋਈ
ਨ ਕੋ ਵੰਸੁ ਵਜਾਇਦਾ॥ (ਪੰਨਾ 1035)

ਇਸੇ ਤਰ੍ਹਾਂ ਗੁਰੂ ਨਾਨਕ ਦੇਵ ਨੇ ਅੱਗੇ ਫੁਰਮਾਇਆ ਹੈ ਕਿ ਪਰਮਾਤਮਾ ਨੂੰ ਪਾਉਣ ਲਈ ਮੈਂ ਕੋਈ ਜਾਦੂ-ਟੂਣਾ, ਕੋਈ ਮੰਤ੍ਰ ਆਦਿ ਪਖੰਡ ਕਰਨਾ ਨਹੀਂ ਜਾਣਦਾ। ਮੈਂ ਤਾਂ ਕੇਵਲ ਉਸ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੈ ਅਤੇ ਮੇਰਾ ਮਨ ਉਸ ਦੀ ਯਾਦ ਵਿਚ ਗਿਝ ਗਿਆ ਹੈ, ਉਸ ਪ੍ਰਭੂ-ਪਤੀ ਨੂੰ ਪ੍ਰਸੰਨ ਕਰਨ ਲਈ ਉਸ ਦਾ ਨਾਮ ਹੀ ਸੁਰਮਾ ਹੈ ਅਤੇ ਇਸ ਨਾਮ-ਰੂਪੀ ਸੁਰਮੇ ਦੀ ਸੂਝ ਵੀ ਉਸੇ ਪਾਸੋਂ ਮਿਲਦੀ ਹੈ। ਜਿਸ ਜੀਵ ਨੂੰ ਇਸ ਦੀ ਸੂਝ ਪੈ ਜਾਂਦੀ ਹੈ ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ ਉਸ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ:

ਤੰਤ ਮੰਤ ਪਾਖੰਡੁ ਨ ਜਾਣਾ
ਰਾਮੁ ਰਿਦੈ ਮਨੁ ਮਾਨਿਆ॥
ਅੰਜਨੁ ਨਾਮੁ ਤਿਸੈ ਤੇ ਸੂਝੈ
ਗੁਰ ਸਬਦੀ ਸਚੁ ਜਾਨਿਆ॥ (ਪੰਨਾ 766)

ਭਾਵੇਂ ਆਮ ਸਿੱਖ ਮਨਾਂ 'ਚ ਦੁਬਿਧਾ ਪੈਦਾ ਕਰਨ ਲਈ 'ਅਥ ਚੌਬੀਸ ਅਵਤਾਰ' 'ਚ ਇਹ ਕਿਹਾ ਗਿਆ ਹੈ ਕਿ ਪਰਮਾਤਮਾ ਸ਼ੁਭ-ਅਸ਼ੁਭ ਦੇ ਵਹਿਮਾਂ-ਭਰਮਾਂ ਤੋਂ ਉਤੇ ਹੈ ਅਤੇ ਇਹ ਸਾਰੀ ਦੁਨੀਆਂ ਜਾਣਦੀ ਹੈ। ਉਸ ਨੂੰ ਜਾਦੂ-ਮੰਤ੍ਰਾਂ ਅਤੇ ਟੂਣੇ-ਟਾਮਣਾਂ ਨਾਲ ਰੀਝਾਇਆ ਨਹੀਂ ਜਾ ਸਕਦਾ ਅਤੇ ਵੱਖ ਵੱਖ ਭੇਖਾਂ ਨਾਲ ਉਸ ਨੂੰ ਪਾਇਆ ਨਹੀਂ ਜਾ ਸਕਦਾ:

ਜੰਤ੍ਰ ਮੰਤ੍ਰ ਤੰਤ੍ਰ ਨਾ ਰਿਝਾਇਆ॥
ਭੇਖ ਕਰਤ ਕਿਨਹੂੰ ਨਹਿ ਪਾਇਆ॥7॥
(ਚਉਬੀਸ ਅਉਤਾਰ)

ਫਿਰ ਕਿਉਂ ਦਸਮ ਪਾਤਿਸ਼ਾਹ ਵਿਸ਼ਨੂੰ ਦੇ ਅਵਤਾਰ ਅਤੇ ਉਸ ਦੇ ਤੰਤ੍ਰਾਂ-ਮੰਤ੍ਰਾਂ ਨੂੰ ਧਰਮ ਨੂੰ ਬਚਾਉਣ ਖਾਤਰ ਜਾਂ ਦੈਂਤਾਂ ਅਤੇ ਬੁਰੀਆਂ ਸ਼ਕਤੀਆਂ ਨੂੰ ਨਸ਼ਟ ਕਰਨ ਲਈ ਬੜਾਵਾ ਦੇਣਗੇ? ਜਿਵੇਂ ਕਿ 'ਅਥ ਨਰ ਨਾਰਾਇਣ ਅਵਤਾਰ ਕਥਨੰ' ਵਿਚ ਕਿਹਾ ਹੈ:

ਸੁਰੇ ਜੰਗ ਹਾਰਿਯ ਕੀਯ ਬਿਸਨ ਮੰਤ੍ਰ॥
ਭਯੋ ਅੰਤ੍ਰਧਯਾਨੰ ਕਰੱਯੋ ਤਾਨੁਤੰਤ੍ਰ॥
ਮਹਾਂ ਮੋਹਨੀ ਰੂਪ ਧਾਰਯੋ ਅਨੂਪੰ॥
ਛਕੇ ਦੇਖਿ ਦੋਊ ਦਿਤਿਯਦਿਤਿ ਭੂਪੰ॥

ਦੇਵਤਿਆਂ ਅਤੇ ਦਾਨਵਾਂ ਦੀ ਲੜਾਈ ਵਿਚ ਜਦੋਂ ਦੇਵਤੇ ਹਾਰ ਜਾਂਦੇ ਹਨ ਤਾਂ ਵਿਸ਼ਨੂੰ ਉਨ੍ਹਾਂ ਨਾਲ ਸਲਾਹ-ਮਸ਼ਵਰਾ ਕਰਕੇ ਮੰਤ੍ਰਾਂ-ਤੰਤ੍ਰਾਂ, ਜਾਦੂ-ਟੂਣਿਆਂ ਦੀ ਮਦਦ ਨਾਲ ਅਲੋਪ ਹੋ ਜਾਂਦਾ ਹੈ ਅਤੇ ਮਹਾਂ ਮੋਹਣੀ ਦਾ ਸੁੰਦਰ ਰੂਪ ਧਾਰਨ ਕਰ ਲੈਂਦਾ ਹੈ, ਜਿਸ ਨੂੰ ਦੇਖ ਕੇ ਦੇਵਤੇ ਅਤੇ ਦਾਨਵ ਦੋਵੇਂ ਹੁਲਸਾ ਜਾਂਦੇ ਹਨ। ਇਸੇ ਤਰ੍ਹਾਂ 'ਅਥ ਬੈਰਾਹ ਅਵਤਾਰ ਕਥਨੰ' ਵਿਚ ਵਿਸ਼ਨੂੰ ਨੂੰ ਭਗਵਾਨ ਕਿਹਾ ਗਿਆ ਹੈ ਜਿਹੜਾ ਸ਼ਰਾਬ ਅਤੇ ਅੰਮ੍ਰਿਤ ਦੋਵੇਂ ਵਰਤਾਉਂਦਾ ਹੈ। ਅੰਮ੍ਰਿਤ ਦੇ ਨਾਲ ਸ਼ਰਾਬ ਵਰਤਾਉਣਾ ਗੁਰਮਤਿ ਵਿਚਾਰਧਾਰਾ ਦੇ ਖਿਲਾਫ ਹੈ। ਕਿਸੇ ਵੀ ਕਿਸਮ ਦਾ ਨਸ਼ਾ ਗੁਰਮਤਿ ਸਿਧਾਂਤਾਂ ਵਿਚ ਵਰਜਿਤ ਹੈ ਅਤੇ ਕੋਈ ਵੀ ਅਵਤਾਰ ਗੁਰਮਤਿ ਅਨੁਸਾਰ ਪਰਮਾਤਮਾ ਦਾ ਸਥਾਨ ਨਹੀਂ ਲੈ ਸਕਦਾ:

ਦਯੋ ਬਾਟ ਮਦਯੰਮ ਅਮਦਿਯੰ ਭਗਵਾਨੰ॥
ਗਏ ਠਾਮੰ ਠਾਮੰ ਸਬੈ ਦੇਵ ਦਾਨੰ॥

ਸਾਰੇ ਬਿਰਤਾਂਤ ਵਿਚ ਹੀ ਬਹੁਤ ਵਿਰੋਧਾਭਾਸ ਹੈ। ਹਵਾਲੇ ਲਈ ਜਿਵੇਂ ਉਪਰ ਦੱਸਿਆ ਹੈ ਕਿ ਵਿਸ਼ਨੂੰ ਨੂੰ 'ਭਗਵਾਨ' ਕਿਹਾ ਹੈ ਪਰ 'ਅਥ ਬਾਵਨ ਅਵਤਾਰ ਬਰਨਨ' ਵਿਚ ਦੱਸਿਆ ਹੈ ਕਿ ਜਦੋਂ ਦੇਵਤਿਆਂ ਨੇ 'ਕਾਲ ਪੁਰਖੰ' (ਅਕਾਲ ਪੁਰਖ ਨਹੀਂ-ਇਹ ਤੱਥ ਨੋਟ ਕਰਨ ਵਾਲਾ ਹੈ) ਦੀ ਵਡਿਆਈ ਕੀਤੀ ਤਾਂ ਉਸ ਨੇ ਵਿਸ਼ਨੂੰ ਨੂੰ ਹੁਕਮ ਕੀਤਾ ਕਿ ਹੁਣ ਅੱਠਵਾਂ ਅਵਤਾਰ 'ਬਾਵਨ' (ਵਾਮਨ) ਧਾਰਨ ਕਰ। ਇਸੇ ਤਰ੍ਹਾਂ 'ਅਥ ਪਰਸਰਾਮ ਅਵਤਾਰ ਕਥਨੰ' ਵਿਚ ਸਾਰੀ ਧਰਤੀ ਉਤੇ ਖੱਤ੍ਰੀਆਂ ਦੇ ਕਬਜੇ ਦੀ ਗੱਲ ਕੀਤੀ ਗਈ ਹੈ ਜਿਸ ਤੋਂ ਦੇਵਤੇ ਪ੍ਰੇਸ਼ਾਨ ਹੁੰਦੇ ਹਨ ਕਿਉਂਕਿ ਸਾਰੇ ਦਾਨਵਾਂ ਨੇ ਖੱਤ੍ਰੀਆਂ ਦਾ ਰੂਪ ਧਾਰਨ ਕਰ ਲਿਆ ਹੈ। ਇਸ ਲਈ ਉਹ 'ਕਾਲ ਪੁਰਖੰ' ਦੀ ਵਡਿਆਈ ਅਤੇ ਪੂਜਾ ਕਰਦੇ ਹਨ, ਜਿਸ ਨੇ ਵਿਸ਼ਨੂੰ ਨੂੰ ਦੇਵਤਿਆਂ ਦੀ ਸਹਾਇਤਾ ਕਰਨ ਲਈ ਅਤੇ ਖੱਤ੍ਰੀਆਂ ਨੂੰ ਸਜਾ ਦੇਣ ਲਈ ਪਰਸਰਾਮ ਦਾ ਅਵਤਾਰ ਧਾਰਨ ਕਰਨ ਲਈ ਕਿਹਾ। ਇਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਪਰਮਾਤਮਾ ਜਾਂ 'ਕਾਲ ਪੁਰਖ' ਖੱਤ੍ਰੀਆਂ ਪ੍ਰਤੀ ਪੱਖਪਾਤੀ ਨਜ਼ਰੀਆਂ ਕਿਉਂ ਅਪਨਾਏਗਾ? ਕੀ ਪਰਮਾਤਮਾ ਜਾਂ ਸਿੱਖ ਧਰਮ ਵਰਣ-ਵੰਡ ਵਿਚ ਵਿਸ਼ਵਾਸ ਰੱਖਦਾ ਹੈ? ਜਿਸ ਕਰਕੇ ਉਹ ਖੱਤ੍ਰੀਆਂ ਦੇ ਖਿਲਾਫ ਹੋਣਗੇ? ਕੀ ਦਸਮ ਪਾਤਿਸ਼ਾਹ ਹਜ਼ੂਰ ਵਰਣਵੰਡ ਜਾਂ ਜਾਤ-ਪ੍ਰਬੰਧ ਨੂੰ ਅਤੇ ਖੱਤ੍ਰੀਆਂ ਪ੍ਰਤੀ ਦੁਸ਼ਮਣੀ ਵਰਗੀ ਵਿਚਾਰਧਾਰਾ ਨੂੰ ਅੱਗੇ ਤੋਰਨਗੇ, ਜਿਨ੍ਹਾਂ ਨੇ ਆਪ 'ਨਾਸ ਮਾਡਲ ਦਿੱਤਾ? ਕੀ ਇਹ ਸਿੱਖ ਧਰਮ ਦੇ ਅਸੂਲਾਂ ਦੇ ਮੁਤਾਬਿਕ ਹੈ?

ਪੁਨਿ ਕੇਤਿਕ ਦਿਨ ਭਏ ਬਿਤੀਤਾ॥
ਛੱਤ੍ਰਨਿ ਧਰਾ ਕੱਹੁ ਜੀਤਾ॥
...ਤਹ ਤੁਮ ਧਰੋ ਬਿਸਨ ਅਵਤਾਰਾ॥
ਹਨਹੁ ਸੱਕ੍ਰ ਕੇ ਸਤ੍ਰ ਸੁਧਾਰਾ॥

ਇਸੇ ਤਰ੍ਹਾਂ ਬ੍ਰਹਮ ਨੂੰ ਵਿਸ਼ਨੂੰ ਕਰਕੇ ਪੇਸ਼ ਕੀਤਾ ਹੈ ਜਿਸ ਨੂੰ ਸ੍ਰਿਸ਼ਟੀ ਦਾ ਕਰਤਾ ਵੀ ਕਿਹਾ ਹੈ, ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਬਿਲਕੁਲ ਹੀ ਵਿਰੋਧੀ ਵਿਚਾਰ ਹੈ। ਸ੍ਰੀ ਗੁਰੂ ਸਾਹਿਬ ਦੀ ਬਾਣੀ ਦੇ ਸ਼ੁਰੂ ਵਿਚ ਹੀ ਮੂਲ ਮੰਤ੍ਰ ਵਿਚ ਪਰਮਾਤਮਾ ਨੂੰ ਕਰਤਾ ਪੁਰਖ ਕਿਹਾ ਹੈ, ਫਿਰ ਦਸਵੀਂ ਨਾਨਕ ਜੋਤਿ ਗੁਰਬਾਣੀ ਦੇ ਵਿਰੋਧ ਵਿਚ ਬ੍ਰਹਮਾ ਅਤੇ ਵਿਸ਼ਨੂੰ ਨੂੰ ਇੱਕੋ ਸਰੂਪ ਜਾਣ ਕੇ ਸ੍ਰਿਸ਼ਟੀ ਦਾ ਰਚਣਹਾਰਾ ਦੱਸ ਕੇ ਅਜਿਹੇ ਸਿਧਾਂਤ ਨੂੰ ਕਿਉਂ ਪ੍ਰਚਾਰਨਗੇ? ਗੁਰੂ ਸਾਹਿਬ ਵੇਦਾਂ ਅਤੇ ਸ਼ਾਸਤ੍ਰਾਂ ਦੀ ਵਡਿਆਈ ਕਿਉਂ ਕਰਨਗੇ ਜਿਨ੍ਹਾਂ ਦੇ ਕਰਮ-ਕਾਂਡ ਤੋਂ ਗੁਰੂ ਨਾਨਕ ਦੇਵ ਨੇ ਸਿੱਖ ਨੂੰ ਆਜ਼ਾਦ ਕਰਾਇਆ ਹੈ? 'ਅਬ ਉਚਰੋ ਮੈ ਕਥਾ ਚਿਰਾਨੀ॥ ਜਿਮ ਉਪਜਯੋ ਬ੍ਰਹਮਾ ਸੁਰ ਗਿਆਨੀ॥ ਚਤੁਰਾਨਨ ਅਘ ਓਘਨ ਹਰਤਾ॥ ਉਪਜਯੋ ਸਕਲ ਸ੍ਰਿਸਟਿ ਕੋ ਕਰਤਾ॥' ਇਸੇ ਤਰ੍ਹਾਂ 'ਰੁਦਰ ਅਵਤਾਰ' ਦੇ ਵਰਣਨ ਵਿਚ ਕਿਹਾ ਗਿਆ ਹੈ ਕਿ ਜਦੋਂ ਧਰਤੀ 'ਤੇ ਜਗ-ਜੀਵਨ ਦਾ ਭਾਰ ਵੱਧ ਗਿਆ, ਲੋਕ ਧਰਮ-ਕਰਮ ਵਿਚ ਰੁੱਝ ਗਏ ਤਾਂ ਉਨ੍ਹਾਂ ਨੇ 'ਯੋਗ' ਦਾ ਤਿਆਗ ਕਰ ਦਿੱਤਾ। ਅਜਿਹੀ ਹਾਲਤ ਪੈਦਾ ਹੋਣ ਤੇ ਧਰਤੀ ਨੇ ਗਊ ਦਾ ਰੂਪ ਧਾਰਿਆ ਅਤੇ ਪਰਮਾਤਮਾ ਕੋਲ ਗਈ ਅਤੇ ਜੀਵਾਂ ਨੂੰ ਖ਼ਤਮ ਕਰਨ ਲਈ ਫ਼ਰਿਆਦ ਕੀਤੀ। 'ਕਾਲ ਪੁਰਖੰ' ਨੇ ਉਸ ਦੀ ਬੇਨਤੀ ਨੂੰ ਮੰਨ ਲਿਆ ਅਤੇ ਬਿਸ਼ਨ ਨੂੰ ਰੁਦਰ ਦਾ ਰੂਪ ਧਾਰਨ ਕਰਕੇ ਜੀਵਾਂ ਦਾ ਨਾਸ ਕਰਨ ਦਾ ਆਦੇਸ਼ ਕੀਤਾ। ਗੁਰਬਾਣੀ ਵਿਚ ਤਾਂ ਦੱਸਿਆ ਹੈ ਕਿ ਪਰਮਾਤਮਾ ਆਪਣੀ ਜੋਤਿ ਮਨੁੱਖ ਵਿਚ ਰੱਖਦਾ ਹੈ ਤਾਂ ਉਹ ਸੰਸਾਰ 'ਤੇ ਆਉਂਦਾ ਹੈ। ਫਿਰ ਗੁਰੂ ਸਾਹਿਬ ਅਜਿਹੇ ਅਵਤਾਰ ਦੀ ਕਥਾ ਕਿਉਂ ਉਚਾਰਨਗੇ ਜਿਹੜਾ ਸੰਸਾਰ ਉਤੇ ਸਿਰਫ ਜੀਵਨ ਦਾ ਨਾਸ ਕਰਨ ਲਈ ਅਵਤਾਰ ਧਾਰਦਾ ਹੈ ਅਤੇ ਗੁਰੂ ਸਾਹਿਬ ਧਰਤੀ ਉਤੇ 'ਯੋਗ' ਦੀ ਪੁਨਰ-ਸਥਾਪਨਾ ਕਰਨ ਨੂੰ ਕਿਉਂ ਪਸੰਦ ਕਰਨਗੇ ਜਦਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਇਸ ਨੂੰ ਅਧਿਆਤਮਕ ਪ੍ਰਾਪਤੀ ਦਾ ਰਸਤਾ ਹੀ ਨਹੀਂ ਮੰਨਿਆ ਗਿਆ? ਇਸ ਕਿਸਮ ਦੀ ਵਿਚਾਰਧਾਰਾ ਦਾ ਸਿੱਖ ਧਰਮ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਰੁਦਰ ਦੀ ਕਥਾ, ਗੌਰੀ ਦੀ ਮੌਤ, ਜਲੰਧਰ ਆਦਿ ਦੇ ਵਰਣਨ ਵਿਚ ਚਮਤਕਾਰਾਂ, ਦੈਂਤਾਂ, ਭੂਤਾਂ ਆਦਿ ਦਾ ਹੀ ਜ਼ਿਕਰ ਹੈ ਜਿਨ੍ਹਾਂ ਦਾ ਸਬੰਧ ਤਬਾਹੀ ਅਤੇ ਯੁੱਧ ਨਾਲ ਹੈ। ਇਹ ਕਿਸੇ ਤਰ੍ਹਾਂ ਨਾਲ ਵੀ ਗੁਰੂਆਂ ਦੇ ਉਪਦੇਸ਼ ਜਾਂ ਸਿਖਿਆਵਾਂ ਨਾਲ ਮੇਲ ਨਹੀਂ ਖਾਂਦੇ। ਇਹ ਕਥਾ-ਕਹਾਣੀਆਂ ਗੁਰੂ ਦੇ ਸਿੱਖਾਂ ਵਿਚ, ਜਿਹੜੇ ਗੁਰੂ ਦੇ ਮੁੱਖ ਤੋਂ ਨਿਕਲੇ ਇੱਕ ਹੁਕਮ ਤੇ ਆਪਣਾ ਸੀਸ ਦੇਣ ਲਈ ਤਿਆਰ ਸਨ, ਕਿਸ ਕਿਸਮ ਦੀ ਬਹਾਦਰੀ ਜਾਂ ਮਨੁੱਖਤਾ ਦੀ ਖਾਤਰ ਲੜਨ ਮਰਨ ਦਾ ਉਤਸ਼ਾਹ ਭਰਦੀਆਂ ਹਨ? ਗੁਰੂ ਸਾਹਿਬ ਅਜਿਹੇ ਦੈਂਤਾਂ, ਭੂਤਾਂ, ਤਬਾਹੀ ਅਤੇ ਭੱਦੀਆਂ ਚੀਜਾਂ ਵਿਚ ਵਿਸ਼ਵਾਸ ਨਹੀਂ ਸੀ ਕਰਦੇ। ਉਨ੍ਹਾਂ ਨੇ ਤਾਂ ਸੰਸਾਰ ਨੂੰ ਰੱਬ ਸੱਚੇ ਦੀ ਕੋਠੜੀ ਕਰਕੇ ਚਿਤਰਿਆ ਹੈ ਅਤੇ ਵਾਰ ਵਾਰ ਉਸ ਦੀ ਰਚਨਾ ਦੀ ਸੁੰਦਰਤਾ ਦੀ ਸ਼ਲਾਘਾ ਕੀਤੀ ਹੈ:

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਿਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ॥
(ਪੰਨਾ 663)

ਇਹ ਕਹਿਣਾ ਬਿਲਕੁਲ ਹੀ ਤਰਕਸੰਗਤ ਨਹੀਂ ਹੈ ਕਿ ਸਿੱਖਾਂ ਵਿਚ ਬਹਾਦਰੀ ਦੀ ਰੂਹ ਫੂਕਣ ਲਈ ਜਾਂ ਜੁੱਧ ਦਾ ਉਤਸ਼ਾਹ ਪੈਦਾ ਕਰਨ ਲਈ ਗੁਰੂ ਸਾਹਿਬ ਨੇ ਅਜਿਹੀਆਂ ਤਰਕਹੀਣ ਕਹਾਣੀਆਂ ਦਾ ਪੁਨਰਕਥਨ ਕੀਤਾ। ਇਹ ਪੌਰਾਣਕ ਕਥਾਵਾਂ ਤਾਂ ਬਹੁਤ ਪਹਿਲਾਂ ਦੀਆਂ ਮੌਜੂਦ ਸਨ ਫਿਰ ਗੁਰੂ ਨਾਨਕ ਦੇਵ ਨੂੰ ਮੁਰਦਾ ਰੂਹਾਂ ਨੂੰ ਜਗਾਉਣ ਲਈ ਇਹ ਕਿਉਂ ਕਹਿਣਾ ਪਿਆ:

ਏਤੀ ਮਾਰ ਪਈ ਕੁਰਲਾਣੇ
ਤੈਂ ਕੀ ਦਰਦੁ ਨ ਆਇਆ॥ (ਪੰਨਾ 360)
ਅਤੇ
ਕੋਟੀ ਹੂ ਪੀਰ ਵਰਜਿ ਰਹਾਏ
ਜਾ ਮੀਰੁ ਸੁਣਿਆ ਧਾਇਆ॥
ਥਾਨ ਮੁਕਾਮ ਜਲੇ ਬਿਜ ਮੰਦਰਿ
ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਆ ਅੰਧਾ
ਕਿਨੈ ਨ ਪਰਚਾ ਲਾਇਆ॥
(ਪੰਨਾ 417-18)

ਸਿੱਖ-ਮਨਾਂ ਵਿਚ ਸੂਰਬੀਰਤਾ ਭਰਨ ਲਈ ਗੁਰੂ ਮਹਾਰਾਜ ਦੇ ਸਾਹਮਣੇ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਅਤੇ ਨੌਵੀਂ ਨਾਨਕ ਜੋਤਿ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਅਤੇ ਗੁਰੂ ਹਰਗੋਬਿੰਦ ਸਾਹਿਬ ਦਾ ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਦ੍ਰਿੜ ਕਰਾਉਣ ਲਈ ਦੋ ਤਲਵਾਰਾਂ ਦਾ ਪਹਿਨਣਾ ਅਤੇ ਜ਼ਾਲਮ ਹਕੂਮਤ ਨਾਲ ਟੱਕਰ ਲੈਣ ਦੀ ਉਦਾਹਰਣ ਸਾਹਮਣੇ ਸੀ। ਗੁਰੂ ਨਾਨਕ ਦੇਵ ਨੇ ਤਾਂ ਇਸ ਮਾਰਗ 'ਤੇ ਚਲਣ ਲਈ ਸੀਸ ਤਲੀ 'ਤੇ ਧਰਨ ਦਾ ਆਦੇਸ਼ ਪਹਿਲਾਂ ਹੀ ਕਰ ਦਿੱਤਾ ਸੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥ 20॥
(ਪੰਨਾ 1412)

ਅਤੇ
ਗਗਨ ਦਮਾਮਾ ਬਾਜਿਓ
ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਡਿਓ ਸੂਰਮਾ
ਅਬ ਜੂਝਨ ਕੋ ਦਾਉ॥1॥
ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤੁ॥
(ਭਗਤ ਕਬੀਰ, ਪੰਨਾ 1105)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਮਨੁੱਖ ਨੂੰ ਜੂਝਣਾ ਹੀ ਤਾਂ ਸਿਖਾਉਂਦੀ ਹੈ, ਪਹਿਲਾਂ ਆਪਣੇ ਅੰਦਰ ਬੈਠੇ 'ਪੰਚ ਚੋਰ' ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਵਿਕਾਰਾਂ ਨਾਲ ਫਿਰ ਦੀਨ ਅਤੇ ਦੁਖੀ ਨੂੰ ਇਨਸਾਫ ਦੁਆਉਣ ਲਈ। ਸਿੱਖ ਧਰਮ ਚਿੰਤਨ ਅਨੁਸਾਰ ਧਰਮ ਦਾ ਅਰਥ ਨਿਆਉਂ ਹੀ ਬਣਦਾ ਹੈ ਅਤੇ ਇਹ ਨਿਆਉਂ ਕਿਸੇ ਇਕੱਲੇ-ਦੁਕੱਲੇ, ਕਿਸੇ ਜਾਤ-ਬਿਰਾਦਰੀ ਲਈ ਨਹੀਂ ਸਗੋਂ ਹਰ ਮਨੁੱਖ ਲਈ ਹੈ। ਇਸੇ ਲਈ ਇਸ ਨੂੰ 'ਦੀਨ ਕੇ ਹੇਤ' ਭਾਵ ਗ਼ਰੀਬ ਲਈ ਲੜਨਾ ਕਿਹਾ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਿਸੇ ਸ਼ਖਸੀ ਮੁਕਤੀ ਦੀ ਸ਼ਾਹਦੀ ਨਹੀਂ ਭਰਦੀ ਸਗੋਂ 'ਸਗਲੈ ਨਿਸਤਾਰੈ' ਦੀ ਮੁੱਦਈ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਨੁੱਖ ਅੰਦਰ ਜੂਝਣ ਦਾ ਉਤਸ਼ਾਹ ਭਰਨ ਲਈ ਪੂਰਨ ਸਮਰੱਥਾ ਹੈ।

ਅਵਤਾਰਾਂ ਦੀ ਗੁਰੂ ਸਾਹਿਬ ਦੇ ਨਾਮ ਨਾਲ ਥੋਪੀ ਇਹ ਕਥਾ ਨਾ ਹੀ ਸਿੱਖ ਸਪਿਰਿਟ ਵਿਚ ਹੈ ਅਤੇ ਨਾ ਹੀ ਹਿੰਦੂ ਸਪਿਰਿਟ ਵਿਚ ਫਿੱਟ ਬੈਠਦੀ ਹੈ ਕਿਉਂਕਿ ਇਨ੍ਹਾਂ ਦੋਵਾਂ ਧਰਮਾਂ ਵਿਚ ਕੀਤੇ ਗਏ ਕਿਸੇ ਚੰਗੇ ਕੰਮ ਦੇ ਇਵਜ਼ ਵਿਚ ਹੂਰਾਂ ਪ੍ਰਾਪਤ ਹੋ ਜਾਣ ਦਾ ਸੰਕਲਪ ਨਹੀਂ ਮਿਲਦਾ। ਸਿੱਖ ਰਹਿਤ ਮਰਿਆਦਾ ਵਿਚ ਗੁਰੂ ਸਾਹਿਬ ਵੱਲੋਂ ਕਿਸੇ ਨੂੰ ਵੀ ਦੁਸ਼ਮਣ ਨਾਲ ਵੀ ਸਬੰਧਤ ਪਰਾਈ ਔਰਤ ਨੂੰ ਛੋਹਣ ਦੀ ਵੀ ਸਖਤ ਮਨਾਹੀ ਹੈ। ਦੁਸ਼ਮਣ ਦੇ ਹਾਰ ਜਾਣ ਤੋਂ ਬਾਅਦ ਵੀ ਕਿਸੇ ਦੁਸ਼ਮਣ ਨਾਲ ਸਬੰਧਤ ਔਰਤ ਦੀ ਇਜ਼ਤ ਕਰਨਾ ਸਿੱਖ ਦਾ ਨੈਤਿਕ ਫਰਜ਼ ਬਣਦਾ ਹੈ ਜੋ ਸੰਤ-ਸਿਪਾਹੀ ਦੇ ਤੌਰ 'ਤੇ ਉਸ ਦੇ ਚਰਿਤਰ ਨੂੰ ਬਾਕੀਆਂ ਨਾਲੋਂ ਨਿਖੇੜਦਾ ਹੈ। ਹਾਰੇ ਹੋਏ ਦੁਸ਼ਮਣ ਦੀ ਔਰਤ ਨਾਲ ਬਦ-ਸਲੂਕੀ ਕਰਨਾ ਸਿੱਖ ਰਹਿਤ ਮਰਿਯਾਦਾ ਦੇ ਖਿਲਾਫ ਹੈ ਜਦਕਿ ਇਸ ਕਥਾ ਵਿਚ ਕਿਹਾ ਹੈ ਕਿ ਜਿਨ੍ਹਾਂ ਜੋਧਿਆਂ ਨੇ ਲੜਾਈ ਦੇ ਮੈਦਾਨ ਵਿਚ ਦੁਸ਼ਮਣਾਂ ਨੂੰ ਮਾਰਿਆ, ਉਨ੍ਹਾਂ ਨੇ ਆਪਣੀ ਮਰਜ਼ੀ ਦੀਆਂ ਇਸਤ੍ਰੀਆਂ ਚੁਣ ਕੇ ਸ਼ਾਦੀ ਕੀਤੀ, 'ਏਕ ਏਕ ਬਰੀ ਅਨੇਕਨ ਹੇਰਿ ਹੇਰਿ ਸੁ ਹਰ॥ 8॥' ਇਹ ਪੂਰਨ ਤੌਰ 'ਤੇ ਮੁਸਲਿਮ ਸੰਕਲਪ ਹੈ ਕਿ ਕੀਤੇ ਕੰਮ ਦੇ ਇਨਾਮ ਲਈ 'ਹੂਰਾਂ' ਨਾਲ ਵਿਆਹ ਹੁੰਦਾ ਹੈ।

ਸਾਰੇ ਬਿਰਤਾਂਤ ਵਿਚ ਸਿਰੇ ਦਾ ਵਿਰੋਧਾਭਾਸ ਹੈ। ਕਈ ਵਾਰ ਸ਼ਿਵ ਨੂੰ ਇੰਦਰ ਦੇਵ ਦੀ ਮਦਦ ਕਰਦੇ ਦੱਸਿਆ ਗਿਆ ਹੈ। ਕਿਧਰੇ ਇੰਦਰ ਨੂੰ ਸ਼ਿਵ ਤੇ ਸ਼ਸਤ੍ਰ ਸੁੱਟਦੇ ਦੱਸਿਆ ਗਿਆ ਹੈ ਅਤੇ ਸਮੁੰਦਰ ਨੂੰ ਸ਼ਿਵ ਨੂੰ ਅਵਤਾਰ ਮੰਨਣ ਤੋਂ ਇਨਕਾਰ ਕਰਦੇ ਦੱਸਿਆ ਹੈ। ਕਿਧਰੇ ਜਲੰਧਰ ਦੈਂਤ ਨੂੰ ਬ੍ਰਹਮਾ ਦੀ ਦਾੜ੍ਹੀ ਪੁਟ ਕੇ ਉਸ ਨੂੰ ਰੁਆਉਂਦੇ ਦੱਸਿਆ ਹੈ। ਉਹ ਇੰਦ੍ਰ ਨੂੰ ਹਰਾ ਕੇ ਉਸ ਦਾ ਸ਼ਾਹੀ ਛਤਰ ਆਪਣੇ ਸਿਰ 'ਤੇ ਸਜਾ ਲੈਂਦਾ ਹੈ, 'ਪਕਰ ਸਮਸ ਤੇ ਬ੍ਰਹਮ ਰੁਵਾਇਯੋ। ਇੰਦ੍ਰ ਜੀਤ ਸਿਰ ਛਤ੍ਰ ਢੁਰਾਇਯੋ'। ਇਨ੍ਹਾਂ ਸਾਰੀਆਂ ਕਹਾਣੀਆਂ ਦਾ ਸਿੱਖ-ਸਪਿਰਿਟ ਨਾਲ ਕੀ ਸਬੰਧ ਹੈ? ਸ਼ਿਵ ਨੂੰ ਹਿੰਦੂ ਤ੍ਰੈਮੂਰਤੀ ਵਿਚ ਮੌਤ ਜਾਂ ਤਬਾਹੀ ਦਾ ਦੇਵਤਾ ਮੰਨਿਆ ਗਿਆ ਹੈ ਅਤੇ ਇਥੇ ਇਸ ਨੂੰ ਕਾਮ ਤੋਂ ਪੀੜਤ ਦੱਸਿਆ ਗਿਆ ਹੈ ਜੋ ਬਹੁਤ ਹੀ ਪ੍ਰੇਸ਼ਾਨ ਹੋ ਕੇ ਕਾਮ-ਦੇਵ ਨੂੰ ਸਾੜ ਕੇ ਸੁਆਹ ਕਰ ਦਿੰਦਾ ਹੈ। ਇਹੋ ਜਿਹੀਆਂ ਘਟਨਾਵਾਂ ਦਾ ਵਰਣਨ ਪੜ੍ਹ ਕੇ ਸੋਚ ਆਉਣੀ ਜ਼ਰੂਰੀ ਹੈ ਕਿ ਸਿੱਖ ਧਰਮ ਚਿੰਤਨ ਨਾਲ ਇਸ ਦਾ ਕੀ ਸਬੰਧ ਹੈ?

ਗੁਰਬਾਣੀ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਗੁਰੂ ਦੀ ਸਿੱਖਿਆ ਦਾ ਅਨੁਸਾਰੀ ਹੋ ਕੇ ਕਿਸ ਤਰ੍ਹਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਗੁਰਮੁਖਿ ਨੇ ਵੱਸ ਵਿਚ ਕਰਨਾ ਹੈ ਅਤੇ ਸੰਤੁਲਿਤ ਜੀਵਨ ਜਿਉਣਾ ਹੈ। 'ਅਥ ਜਲੰਧਰ ਅਵਤਾਰ ਕਥਨੰ' ਵਿਚ ਦੱਸਿਆ ਹੈ ਕਿ ਨਾਰਦ ਭੁੱਖ ਮਹਿਸੂਸ ਕਰਨ ਤੇ ਲਕਸ਼ਮੀ ਤੋਂ ਬੈਂਗਣ ਮੰਗਦਾ ਹੈ। ਲਕਸ਼ਮੀ ਜੁਆਬ ਦੇ ਦਿੰਦੀ ਹੈ ਤਾਂ ਨਾਰਦ ਉਸ ਨੂੰ ਸਰਾਪ ਦਿੰਦਾ ਹੈ ਕਿ ਤੂੰ ਅਗਲੇ ਜਨਮ ਵਿਚ ਦੈਂਤਣੀ ਪੈਦਾ ਹੋਵੇਂ ਅਤੇ ਤੇਰੀ ਸ਼ਾਦੀ ਜਲੰਧਰ ਦੈਂਤ ਨਾਲ ਹੋਵੇ। ਸਿੱਖ ਧਰਮ ਚਿੰਤਨ ਵਿਚ ਵਰ ਅਤੇ ਸਰਾਪ ਦਾ ਕੋਈ ਸੰਕਲਪ ਹੀ ਨਹੀਂ ਹੈ। ਬੰਦਾ ਭੁੱਲ ਕਰ ਸਕਦਾ ਹੈ ਅਤੇ ਕਰਤਾਰ ਬਖਸ਼ਣਹਾਰ ਹੈ। ਮਨੁੱਖ ਜਾਂ ਕੋਈ ਦੇਵੀ-ਦੇਵਤਾ ਤਾਂ ਇਸ ਦੇ ਸਮਰੱਥ ਹੀ ਨਹੀਂ ਹੈ। ਜਿਨ੍ਹਾਂ ਕਥਾ ਕਹਾਣੀਆਂ ਨੂੰ ਭਾਰਤੀ ਦਰਸ਼ਨ ਵਿਚ ਵੀ ਕੋਈ ਮਹੱਤਵਪੂਰਨ ਥਾਂ ਪ੍ਰਾਪਤ ਨਹੀਂ ਹੈ ਉਨ੍ਹਾਂ ਦਾ ਸਿੱਖ ਧਰਮ-ਚਿੰਤਨ ਨਾਲ ਕੀ ਸਬੰਧ ਹੋ ਸਕਦਾ ਹੈ?

*(ਚਲਦਾ...)*

## ਸਿਆਣਿਆਂ ਦਾ ਕਿਹਾ

(1) ਪੜੋ ਤੇ ਲਿਖੋ, ਸਿੱਖ ਕੌਮ ਦੇ ਹਾਕਰੋ, ਖੂਬ ਪੜੋ ਤੇ ਖੂਬ ਲਿਖੋ, ਪੰਥ ਦੇ ਚਾਕਰੋ, ਲਿਖੋ ਤੇ ਖੂਬ ਲਿਖੋ, ਆਪਣੀ ਕਲਮ ਦੀ ਤੇਜ ਧਾਰ ਨਾਲ ਹਿੰਦੂ ਮਾਫੀਆ ਅਤੇ ਭਾਰਤ ਦੇਸ਼ ਦੀ ਹਰ ਬੁਰਾਈ ਦਾ ਸੀਨਾ ਚਾਕ ਕਰ ਦਿਉ ਅਤੇ ਪੰਜਾਬ ਨੂੰ ਈਰਖਾ ਦੂਈ, ਦਵੈਤ ਤੇ ਨਾਚਾਕੀ ਅਤੇ ਬੇਇਤਫਾਕੀ ਜਹੇ ਅਵਗੁਣਾਂ ਤੋਂ ਪਾਕ ਕਰ ਦਿਉ।

(2) ਸਿੱਖ ਕੌਮ ਵਿਚਲੇ ਪੰਥਕ ਲਿਖਾਰੀਉ, ਕਿਸੇ ਮਾਨ ਅਤੇ ਸਤਿਕਾਰ ਜਾਂ ਫਿਰ ਕਿਸੇ ਸਾਹਿਤਕ ਸੰਸਾਰ ਵਲੋਂ ਕਿਸੇ ਪੁਰਸਕਾਰ ਦੀ ਖਾਤਰ ਨਹੀਂ ਲਿਖਣਾ ਹੈ। ਕੇਵਲ ਤੇ ਕੇਵਲ ਸਿੱਖ ਕੌਮ ਦੇ ਸੁਧਾਰ ਅਤੇ ਗੁਰਮਤਿ ਪ੍ਰਚਾਰ ਦੀ ਖਾਤਰ ਲਿਖਣਾ ਹੈ। ਸਿੱਖ ਕੌਮ ਦੇ ਵੱਕਾਰ ਦੀ ਖਾਤਰ ਲਿਖਣਾ ਹੈ।

(3) ਕੌਮ ਦੇ ਖੈਰਖਵਾਹੋ, ਕਿਸੇ ਧਨ ਦੌਲਤ ਦੀ ਕੋਈ ਚਾਹ ਨਹੀਂ ਕਰਨੀ, ਕਿਸੇ ਹਾਣ ਲਾਭ ਦੀ ਪਰਵਾਹ ਨਹੀਂ ਕਰਨੀ। ਚੰਗੇ ਉਸਾਰੂ ਲੇਖ ਲਿਖ ਲਿਖ ਕੇ ਛਪਵਾਉ ਅਤੇ ਕੌਮ ਦੇ ਘਰ ਘਰ ਤਕ ਪਹੁੰਚਾਉ। ਛਪਵਾਉਂਦੇ ਜਾਉ, ਹਰ ਗੁਰਸਿੱਖ ਦੇ ਘਰ ਪਹੁੰਚਾਉਂਦੇ ਜਾਉ ਅਤੇ ਆਪਣੇ ਸਿਰ ਚੜ੍ਹਿਆ ਕੌਮ ਦਾ ਕਰਜ਼ ਲਾਹੁੰਦੇ ਜਾਉ।

(4) ਮੈਂ ਢਹਿ ਪਿਆ ਸਾਂ, ਗੁਰਬਾਣੀ ਦਾ ਓਟ ਆਸਰਾ ਪਾ ਕੇ ਉਠ ਕੇ ਖੜ੍ਹ ਗਿਆ ਹਾਂ, ਖੜ੍ਹ ਕੇ ਤੁਰ ਪਿਆ ਹਾਂ ਅਤੇ ਤੁਰਦਿਆਂ ਤੁਰਦਿਆਂ ਖਾਲਿਸਤਾਨ ਦੀ ਮੰਜ਼ਿਲ 'ਤੇ ਪੁਜ ਹੀ ਜਾਵਾਂਗਾ।

(5) ਸੰਤ ਜਰਨੈਲ ਸਿੰਘ ਤੇਰੇ ਬਿਨਾ ਬੇਸ਼ਕ ਮੇਰੇ ਮਨ ਦਾ ਅਮਨ ਭੰਗ ਹੈ ਪਰ ਤੇਰੀ ਹੱਲਾਸ਼ੇਰੀ ਮੇਰੇ ਅੰਗ ਸੰਗ ਹੈ।

(6) ਅਰਬ, ਚੀਨ, ਫਲਸਤੀਨ, ਵੀਅਤਨਾਮ, ਵਿਚ ਅਤਿਆਚਾਰ ਹੁੰਦਾ ਸੁਣ ਕੇ ਤਾਂ ਹਰ ਭਾਰਤੀ ਲੇਖਕ ਦੀ ਕਲਮ ਕੀਰਨੇ ਪਾਉਣ ਲੱਗ ਪੈਂਦੀ ਹੈ ਪਰ ਦਿਨ ਦਿਹਾੜੇ ਦਿੱਲੀ ਵਿਚ ਅਨੇਕਾਂ ਨਿਰਦੋਸ਼ ਸਿੱਖਾਂ ਦਾ ਕਤਲੇਆਮ ਹੁੰਦਾ ਸੁਣ ਕੇ ਇਕ ਵੀ ਕਲਮ ਨਾ ਰੋਈ।

(7) ਸੱਚ ਨੂੰ ਝੂਠ ਦੇ ਮੱਥੇ 'ਤੇ ਨਿੱਤ ਮਾਰਦੇ ਰਹੋ, ਝੂਠ ਚਕਨਾਚੂਰ ਜ਼ਰੂਰ ਹੁੰਦਾ ਹੈ ਤੇ ਸੱਚ ਸੁਰਖਰੂ ਹੁੰਦਾ ਹੈ।

(8) ਪੰਜਾਬ ਦੀ ਧਰਤੀ 'ਤੇ ਪੈਦਾ ਹੋਏ ਸ਼ੇਰਾਂ ਜਿਹੇ ਜਿਗਰਿਆਂ ਅਤੇ ਪਰਬਤਾਂ ਜਿਹੇ ਵਿਸ਼ਾਲ ਕੱਦ ਕਾਠ ਵਾਲੇ ਸਿੱਖ ਰਾਠਾਂ ਦੇ ਠਾਠ ਹੀ ਭਾਰਤੀਆਂ ਤੋਂ ਬਹੁਤ ਵੱਖਰੇ ਤੇ ਨਿਰਾਲੇ ਹਨ।

(9) ਸਿੱਖਾਂ ਅੰਦਰ, ਜਨਤਾ ਦੇ ਹਿਤਕਾਰੀਆਂ ਅਤੇ ਪਰਉਪਕਾਰੀਆਂ ਦੇ ਹਿਰਦੇ ਦੀ ਵਿਸ਼ਾਲਤਾ ਦਿਲ ਦੀ ਦਿਆਲਤਾ ਅਤੇ ਦੀਨਾਂ ਦੁਖਿਆਰਿਆਂ ਪ੍ਰਤੀ ਪ੍ਰੀਤੀ ਤੇ ਪ੍ਰਿਤਪਾਲਤਾ ਦੇ ਸਾਰੇ ਹੀ ਜਹਾਨ ਵਿਚ ਬੋਲ ਬਾਲੇ ਹਨ।

(10) ਸਿੱਖ, ਚਮਨਾਂ ਦੇ ਸੂਹੇ ਗੁਲਾਬੀ ਫੁੱਲ, ਫੁੱਲਾਂ ਵਾਂਗਰ ਖਿੜਨਾ ਵੀ ਜਾਣਦੇ ਹਨ ਤੇ ਮੌਲਣਾ ਵੀ ਜਾਣਦੇ ਹਨ। ਭੀੜ ਬਣੇ ਤੇ ਮੁਕਾਬਲੇ ਵਿਚ ਦੁਸ਼ਮਣ ਨਾਲ ਭਿੜਨਾ ਵੀ ਜਾਣਦੇ ਹਨ।

(11) ਮਸ਼ਹੂਰ ਕਹਾਵਤ ਹੈ ਕਿ ਜੈਸਾ ਦੇਸ਼, ਵੈਸਾ ਭੇਸ ਪਰ ਕਹਾਵਤਾਂ ਸੁਣਨ ਅਤੇ ਸਮਝਣ ਦਾ ਵਿਹਲ ਜਾਂ ਵੱਲ ਕੇਵਲ ਉਨ੍ਹਾਂ ਸੁਭਾਗਿਆਂ ਨੂੰ ਹੀ ਪ੍ਰਾਪਤ ਹੈ ਜਿਨ੍ਹਾਂ ਦੇ ਆਪਣੇ ਅਤੇ ਘਰਦਿਆਂ ਦੇ ਦਿਲਾਂ ਦੇ ਸੋਕੜੇ ਅਤੇ ਢਿੱਡਾਂ ਦੇ ਭੋਖੜੇ ਕਿਸੇ ਹੱਦ ਤਕ ਮਿਟ ਜਾਂਦੇ ਹਨ। ਜਿਨ੍ਹਾਂ ਅਭਾਗਿਆਂ ਦੇ ਪੇਟ ਪਾਅ ਭਰ ਆਟੇ ਤੋਂ ਵੀ ਮੁਹਤਾਜ ਹੋਣ, ਉਨ੍ਹਾਂ ਦੇ ਦਿਲਾਂ ਅਤੇ ਦਿਮਾਗਾਂ ਨੂੰ ਇਹ ਕਹਾਵਤ ਮੂਲੋਂ ਛੋਹੰਦੀ ਹੀ ਨਹੀਂ, ਮਨਾਂ ਨੂੰ ਪੋਹੰਦੀ ਹੀ ਨਹੀਂ। ਉਨ੍ਹਾਂ ਵਿਚਾਰਿਆਂ ਨੂੰ ਤਾਂ ਆਪਣੇ ਪੇਟ ਦੀ ਅਗਨੀ ਬੁਝਾਉਣ ਦੀ ਹੀ ਚਿੰਤਾ ਰਹਿੰਦੀ ਹੈ, ਭੇਸ ਬਦਲਾਉਣ ਦੀ ਨਹੀਂ ਰਹਿੰਦੀ, ਕਤਈ ਨਹੀਂ ਰਹਿੰਦੀ।

(12) ਗੁਰੂ ਦਾ ਸਿੱਖ ਅਕਸਰ ਭੁਲਣਹਾਰ ਹੈ ਅਤੇ ਅਭੁੱਲ ਕੇਵਲ ਗੁਰੂ ਕਰਤਾਰ ਹੈ।

(13) ਸਮਾਜਕ ਜਾਂ ਧਾਰਮਿਕ ਸ਼ੁਭ ਕਾਰਜਾਂ ਦੀ ਪੂਰਤੀ ਸਮੇਂ ਗਲਤੀ ਦਰ ਗਲਤੀ ਕਰੀ ਜਾਣ ਦਾ ਅਤੇ ਮੁਆਫੀ ਦਰ ਮੁਆਫੀ ਮੰਗੀ ਜਾਣ ਦਾ ਸਿੱਖ ਸਮਾਜ ਵਿਚ ਅੱਜ ਕਲ ਇਕ ਚੰਦਰਾ ਜਿਹਾ ਰਿਵਾਜ ਹੀ ਬਣ ਕੇ ਰਹਿ ਗਿਆ ਹੈ।

(14) ਉਚੇ ਸੁੱਚੇ ਜੀਵਨ ਵਾਲੀ ਸਿੱਖ ਕੌਮ ਦੇ ਚੋਖੇ ਵਰਗ ਨੂੰ ਕਿਸੇ ਹੱਦ ਤੱਕ, ਹਿੰਦੂਆਂ ਦੀ ਰੰਗਤ ਤੇ ਸੰਗਤ ਨੇ, ਕਰਮਹੀਨ, ਧਰਮਹੀਨ ਅਤੇ ਸ਼ਰਮਹੀਨ ਅਥਵਾ ਭੁਲੱਕੜ ਤੇ ਧੱਕੜ ਜਿਹਾ ਬਣਾ ਦਿੱਤਾ ਹੈ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਜਦ ਪੁੱਤ ਦੀ ਅਰਥੀ ਪਿਉ ਦੇ ਮੋਢੇ ਜਾਵੇ ਮੜ੍ਹੀਆਂ ਨੂੰ...

*ਜ਼ਮਾਨੇ ਨੇ ਅਰਥ ਭਾਵੇਂ ਜਿਹੜੇ ਮਰਜ਼ੀ ਕੱਢ ਲਏ ਹੋਣ ਪਰ ਮਾਪੇ ਪੁੱਤਾਂ ਨੂੰ ਤਰਸਦੇ ਇਸ ਕਰਕੇ ਰਹੇ ਹਨ ਕਿ ਧੀਆਂ ਦੇ ਸਹੁਰੀਂ ਜਾਣ ਪਿੱਛੋਂ ਘਰ ਬੀਆਬਾਨ ਨਾ ਲੱਗਣ, ਤੇ ਉਂਜ ਵੀ ਬੁਢਾਪੇ 'ਚ ਜਵਾਈ ਡੰਗੋਰੀ ਵਿਰਲੇ ਹੀ ਬਣਦੇ ਹਨ ਤੇ ਜੇ ਬਹੁਤੇ ਬਣੇ ਵੀ ਹੋਣਗੇ ਤਾਂ ਸੱਸ-ਸਹੁਰੇ ਦੀਆਂ ਜਾਇਦਾਦਾਂ ਚੰਗੀਆਂ ਜ਼ਰੂਰ ਹੋਣਗੀਆਂ। ਸ਼ਕਲ ਤੇ ਸਮਾਂ ਬਦਲਣ ਦਾ ਨਾਂ ਜੁਆਨੀ ਤੇ ਬੁਢਾਪਾ ਹੁੰਦਾ ਹੈ। ਬੁੱਢੇ ਨਹੀਂ, ਜੁਆਨ ਹੀ ਇਹ ਤਸ਼ਬੀਹ ਦਿੰਦੇ ਹਨ ਕਿ 'ਇਹ ਗੱਲ ਪੁਰਾਣੇ ਜ਼ਮਾਨੇ ਦੀ'। ਗਾਣੇ ਤਾਂ ਸੁਣੀ ਜਾਨੇ ਆ, ਘਰ ਵਿਚ ਵੜ੍ਹ ਕੇ ਦੇਖੋ। ਰਾਜੇ ਹਰੀਸ਼ ਚੰਦਰ ਦਾ ਪੁੱਤਰ ਹੋਵੇ ਪਰ ਮਾਂ ਤਾਰਾ ਰਾਣੀ ਨੂੰ ਪੁੱਤ ਦੀ ਲਾਸ਼ ਦਬਾਉਣ ਲਈ ਟਕਾ ਮੰਗਣਾ ਪੈ ਜਾਵੇ? ਇੱਛਰਾਂ ਨੇ ਕਿਵੇਂ ਜਰਿਆ ਕਿ ਦੂਜੀ ਸੁਨੱਖੀ ਤੀਵੀਂ ਦੇ ਮਗਰ ਲੱਗ ਕੇ ਸਲਵਾਨ ਨੇ ਪੁੱਤ ਪੂਰਨ ਜਦੋਂ ਖੂਹ 'ਚ ਲਟਕਾਇਆ ਹੋਊ। ਭੀਮ ਨੂੰ ਗਦਾ ਕਰਕੇ, ਅਰਜੁਨ ਨੂੰ ਨਿਮਰਤਾ ਕਰਕੇ, ਸ਼ਕੁਨੀ ਨੂੰ ਚਲਾਕੀ ਕਰਕੇ, ਦੁਰਯੋਧਨ ਨੂੰ ਗੁੱਸੇ ਕਰਕੇ, ਸੀਤਾ ਨੂੰ ਸਵਿੱਤਰੀ ਕਰਕੇ, ਕੰਸ ਨੂੰ ਜ਼ਾਲਮ ਕਰਕੇ ਅਤੇ ਰਾਵਣ ਨੂੰ ਹੰਕਾਰ ਕਰਕੇ ਆਪੋ-ਆਪਣੇ ਨਜ਼ਰੀਏ ਨਾਲ ਵੇਖਿਆ ਜਾਂਦਾ ਰਿਹਾ ਹੋਵੇ, ਵੱਖਰੀ ਗੱਲ ਹੈ ਪਰ ਸਰਵਣ ਦਾ ਅਰਥ ਹਾਲੇ ਤੀਕਰ ਬੀਬੇ ਪੁੱਤਰ ਵਜੋਂ ਹੀ ਲਿਆ ਜਾਂਦਾ ਹੈ। ਜਿਨ੍ਹਾਂ ਮਾਵਾਂ ਨੂੰ ਦਿੱਤਾ ਵੀ ਦੇਰੀ ਨਾਲ ਪਰ ਦਿੱਤਾ ਵੀ ਇਕ ਪੁੱਤਰ, ਉਨ੍ਹਾਂ ਦੇ ਦੀਦੇ ਉਨ੍ਹਾਂ ਰਾਹਾਂ ਵੱਲ ਤੱਕਦੇ ਹੀ ਬੁੱਢੇ ਹੋ ਗਏ ਜਿਧਰੋਂ ਪੁੱਤਰ ਨੇ ਆਉਣਾ ਹੁੰਦਾ ਸੀ। ਜਿਨ੍ਹਾਂ ਬੁੱਢੀਆਂ ਮਾਵਾਂ ਦੇ ਜੁਆਨ ਪੁੱਤ ਸਿਹਰੇ ਬੰਨ੍ਹਣ ਤੋਂ ਪਹਿਲਾਂ ਕੱਫਣ 'ਚ ਲੁਕ ਗਏ, ਉਨ੍ਹਾਂ ਦੇ ਉਲਾਭਿਆਂ ਜਾਂ ਵੈਣਾਂ ਨੇ ਜੇ ਕਿਤੇ ਧਰਮ ਰਾਜ ਹੈ? ਤਾਂ ਮਧੋਲਿਆ ਜ਼ਰੂਰ ਹੋਊ। ਸੁਣਦੇ ਤਾਂ ਆਏ ਹਾਂ ਕਿ ਰੱਬ ਪਰਉਪਕਾਰੀ ਬਹੁਤ ਐ, ਪਰ ਆਹ ਸਿਆਪੇ ਫਿਰ ਉਹ ਕਿਹੜੀ ਮੌਜ ਲਈ ਪਾਈ ਜਾ ਰਿਹੈ...?*

ਹਰ ਕੋਈ ਚਾਹੁੰਦਾ ਹੈ ਕਿ ਮੈਂ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਜਿਉਣ ਵਿਚ ਸਫਲ ਹੋਵਾਂ ਪਰ ਜਿਸ ਉਪਰ ਵਾਲੇ ਨੂੰ ਬੇਅੰਤ ਕਹਿੰਦੇ ਨੇ, ਜੇ ਇੱਦਾਂ ਹੋਣ ਲੱਗ ਪਵੇ ਤਾਂ ਉਹਦਾ ਤਾਂ ਵਿਕ ਗਿਆ ਫਿਰ ਮਾਲ? ਲੱਖਾਂ ਪੰਡਿਤ, ਜੋਤਸ਼ੀ, ਪਾਦਰੀ, ਭਾਈ, ਮੁੱਲਾਂ, ਬਾਬੇ ਫਿਰ ਵਿਹਲੇ ਹੋ ਜਾਣੇ ਨੇ, ਅਤੇ ਪਾਖੰਡ ਦੀਆਂ ਦੁਕਾਨਾਂ 'ਤੇ ਉਲੂਆਂ ਦਾ ਕਬਜ਼ਾ ਹੋ ਜਾਵੇਗਾ। ਸੋਚ ਕੇ ਵੇਖੋ-ਬੱਕਰੀਆਂ, ਭੇਡਾਂ, ਮੁਰਗੇ ਜਿੰਨੇ ਮਰਜ਼ੀ ਮੁਜ਼ਾਹਰੇ ਕਰ ਲੈਣ ਕਿ ਸਾਡੀ ਜਾਨ ਬਖ਼ਸ਼ ਦਿਉ; ਭਲਾ ਬਘਿਆੜ ਉਨ੍ਹਾਂ ਦੀ ਇਕ ਵੀ ਚੱਲਣ ਦੇਣਗੇ? ਅਸਲ ਵਿਚ 'ਉਹਦੀਆਂ ਉਹੀ ਜਾਣੇ' ਵਾਲੀ ਗੱਲ ਵਿਚ ਲੁਕਿਆ ਬਹੁਤ ਕੁਝ ਹੈ।

ਨਾ ਦੇਣਾ ਕੋਈ ਗੱਲ ਨ੍ਹੀਂ, ਦੇ ਕੇ ਖੋਹ ਲੈਣਾ ਬਹੁਤ ਦੁਖਦਾਈ ਹੈ। ਜਰਿਆ ਨ੍ਹੀਂ ਜਾਂਦਾ। ਜ਼ਿਮੀਦਾਰ ਨੇ ਹਾੜ੍ਹੀ ਦੇਖ ਕੇ ਧੀ ਦਾ ਵਿਆਹ ਧਰਿਆ ਹੋਵੇ ਤੇ ਗੜਿਆਂ ਦੀ ਮਾਰ ਪੈ ਜਾਵੇ, ਜਿਉਣ ਨੂੰ ਜੀ ਨ੍ਹੀਂ ਕਰਦਾ, ਬੱਸ ਧਰਤੀ ਵਿਹਲ ਨਹੀਂ ਦੇ ਰਹੀ ਹੁੰਦੀ। ਕਹਿਣ ਨੂੰ ਲੱਖ ਕਹੀ ਜਾਣ ਕਿ ਮੁੰਡੇ ਤੇ ਕੁੜੀ ਵਿਚ ਹੁਣ ਕੋਈ ਬਹੁਤਾ ਫਰਕ ਨਹੀਂ ਰਿਹਾ ਪਰ ਬੜੇ ਮਾਂ-ਬਾਪ ਨੇ ਜਿਨ੍ਹਾਂ ਨੇ ਪੁੱਤਾਂ ਦੀ ਉਡੀਕ ਵਿਚ ਕੁੜੀਆਂ ਨਾਲ ਘਰ ਭਰ ਲਏ। ਉਂਜ, ਦੁੱਖ ਦਾ ਪਹਾੜ ਦੇਖੋ ਕਿ ਜਿਸ ਮਾਂ-ਬਾਪ ਦੇ ਚਾਰ ਧੀਆਂ ਪਿੱਛੋਂ ਪੁੱਤ ਵੀ ਮਿਲ ਗਿਆ; ਸੁਨੱਖਾ ਵੀ ਮਿਲਿਆ; ਸਰਵਣ ਵਰਗਾ ਵੀ ਨਿਕਲਿਆ ਪਰ ਜਦੋਂ ਵਿਆਹੁਣ ਦੀ ਵੱਤੇ ਆਇਆ ਤਾਂ ਬਾਜ਼ ਵਾਂਗ ਉਸ ਬੇਅੰਤ ਨੇ ਡਾਢਾ ਬਣ ਕੇ ਖੋਹ ਲਿਆ। ਮਨ ਸਮਝਾਉਣ ਨੂੰ ਕਹਿ ਲਵਾਂਗੇ ਕਿ ਇੱਦਾਂ ਬੜਿਆਂ ਨਾਲ ਹੁੰਦੀ ਆਈ ਹੈ ਪਰ ਪਤਾ ਸਿਰਫ ਉਨ੍ਹਾਂ ਨੂੰ ਹੁੰਦਾ ਹੈ ਜਿਨ੍ਹਾਂ ਨਾਲ ਹੋਈ ਹੋਵੇ ਜਾਂ ਜਿਨ੍ਹਾਂ ਦੇ ਸਾਹਮਣੇ ਹੋਈ ਹੋਵੇ। ਤੇ ਜੋ ਕੁਝ ਮੇਰਿਆਂ ਹੱਥਾਂ ਵਿਚ, ਅੱਖਾਂ ਦੇ ਸਾਹਮਣੇ ਹੋਇਆ ਹੈ, ਕਹਿ ਤਾਂ ਝੱਟ ਦਿੰਨੇ ਆਂ ਕਿ ਮਾਲਕ ਜੋ ਕਰਦਾ ਏ, ਭਲਾ ਈ ਕਰਦਾ ਏ; ਸ਼ਾਇਦ ਤੁਸੀ ਵੀ ਮੱਥੇ 'ਤੇ ਹੱਥ ਮਾਰੋ ਕਿ ਚਲੋ ਚੰਗਾ ਦੇਰ ਨਾਲ ਤਾਂ ਕੀਤਾ ਸੀ ਪਰ ਹਨ੍ਹੇਰ ਵੀ ਨਾਲੇ ਪਾ ਗਿਆ। ਇਸੇ ਲਈ ਕਈ ਵਾਰ ਦਿਲ ਕਰਦਾ ਹੈ ਕਿ ਧੂਪ-ਬੱਤੀ ਹਰ ਥਾਂ ਨਹੀਂ ਜਗਾਉਣੀ ਚਾਹੀਦੀ। ਜਿਸ ਦੇ ਹੱਥ ਸਾਡੀ ਡੋਰ ਹੈ, ਉਹ ਦਰਿਆਵਾਂ ਦੀਆਂ ਛੱਲਾਂ ਨਹੀਂ ਬਣਨ ਦਿੰਦਾ, ਛੱਪੜ ਦਾ ਪਾਣੀ ਹੀ ਬਣਾ ਕੇ ਰੱਖਦਾ ਹੈ।

ਭਾਵੇਂ ਸੱਚ ਹੈ ਕਿ ਬਾਪ ਦੇ ਜਿਉਂਦੇ-ਜੀਅ ਔਲਾਦ ਮਰਨ ਬਾਰੇ ਨਹੀਂ ਸੋਚਦੀ ਪਰ ਇਸ ਤੋਂ ਵੱਡਾ ਕਹਿਰ ਵੀ ਕੋਈ ਨਹੀਂ ਹੁੰਦਾ ਜਦ ਪਿਉ ਦੇ ਮੋਢਿਆਂ 'ਤੇ ਪੁੱਤਰ ਦੀ ਅਰਥੀ ਹੋਵੇ ਅਤੇ ਚਿਤਾ ਨੂੰ ਅਗਨੀ ਵੀ ਦੇਣੀ ਪੈ ਜਾਵੇ। ਗੱਲ ਪੂਰੇ ਇੱਕੀ ਸਾਲ ਪੁਰਾਣੀ ਹੈ ਪਰ ਮੈਂ ਇਸ ਦੁਰਘਟਨਾ ਨਾਲ ਹਰ ਰੋਜ਼ ਉਪਰ-ਥੱਲੇ ਹੁੰਦਾ ਹਾਂ। ਪੁੱਤ ਤੋਰਿਆ ਤਾਂ ਘਰੋਂ ਤੇਲ ਚੋਅ ਕੇ ਸ਼ਗਨਾਂ ਅਤੇ ਚਾਵਾਂ ਨਾਲ ਸੀ ਪਰ ਬਾਹਰਵੇਂ ਦਿਨ ਲਾਸ਼ ਘਰ ਨੂੰ ਆ ਗਈ। ਮੈਂ ਉਦੋਂ ਮਾਂ ਨੂੰ, ਰੱਬ ਨੂੰ ਵੀ ਗਾਲ੍ਹਾਂ ਕੱਢਦਿਆਂ ਸੁਣਿਆ ਸੀ, 'ਥੇਹ ਪੈਣਿਆਂ ਤੇਰਾ ਵੀ ਕੱਖ ਨਾ ਰਹੇ, ਤੂੰ ਸਾਡੇ ਘਰ ਦਾ ਚਿਰਾਗ ਬੁਝਾਇਆ ਤੇ ਬੱਤੀ ਤੇਰੇ ਅਸੀਂ ਵੀ ਨਹੀਂ ਕਦੇ ਜਗਾਉਣੀ।'

ਮੇਰੇ ਪਿੰਡ ਵਿਚ ਗੁਰਬਖ਼ਸ਼ ਸਿੰਘ ਤੇ ਸੰਤੋਖ ਸਿੰਘ ਦੋ ਭਰਾ ਸਨ। ਵੱਡਾ ਗੁਰਬਖ਼ਸ਼ ਸਿੰਘ ਨੰਬਰਦਾਰ ਵੀ ਸੀ; ਪੰਚ ਵੀ ਰਿਹੈ ਅਤੇ ਕਦੇ-ਕਦਾਈਂ ਠੰਢਾ-ਤੱਤਾ ਵੀ ਹੋ ਜਾਂਦਾ ਸੀ ਪਰ ਸੰਤੋਖ ਸਿੰਘ ਸੰਤ ਸੁਭਾਅ। ਦੋਹਾਂ ਭਰਾਵਾਂ ਵਿਚ ਪਿਆਰ ਇੰਨਾ ਕਿ ਦੋਹਾਂ ਦੀ ਕਬੀਲਦਾਰੀ ਵੱਡੇ ਨੇ ਹੀ ਚਲਾਈ। ਘਰ ਵੀ ਸਾਡੇ ਸਾਹਮਣੇ, ਪਸ਼ੂਆਂ ਤੇ ਪੱਠੇ-ਦੱਥੇ ਵਾਲੀ ਹਵੇਲੀ ਵੀ ਕੋਲੇ। ਸੰਤੋਖ ਸਿੰਘ ਦੇ ਘਰ ਚਾਰ ਧੀਆਂ ਤੋਂ ਪਿੱਛੋਂ ਪੁੱਤਰ ਜੰਮਿਆ ਅਤੇ ਨਾਂ ਵੀ ਰੱਖਿਆ ਮਰਿਆਦਾ ਪ੍ਰਸ਼ੋਤਮ ਵਾਂਗ ਪ੍ਰਸ਼ੋਤਮ ਸਿੰਘ। ਕਹਿ ਸਕਦੇ ਸਾਂ ਕਿ ਸਾਡੇ ਪਰਿਵਾਰ ਨਾਲ ਦੰਦ-ਟੁੱਕਵੀਂ ਰੋਟੀ ਸੀ। ਪ੍ਰਸ਼ੋਤਮ ਦੇ ਜੰਮਣ ਦੀ ਖੁਸ਼ੀ ਇੰਨੀ ਹੋਈ ਸੀ ਕਿ ਸਾਰਾ ਪਿੰਡ ਜਾਣਦਾ ਸੀ ਲੋਹੜੀ ਦਾ ਜਸ਼ਨ ਹੋਵੇ ਤਾਂ ਇੱਦਾਂ ਦਾ ਹੋਵੇ। ਇਸ ਟੱਬਰ ਦੇ ਕਾਫੀ ਜੀਅ ਇੰਗਲੈਂਡ ਸਮੇਤ ਕਈ ਯੂਰਪੀ ਮੁਲਕਾਂ ਵਿਚ ਚਲੇ ਗਏ ਸਨ।

ਮੇਰੇ ਨਾਲ ਡੀਗਰੀਆ ਪਿੰਡ ਦੇ ਦੋ ਮੁੰਡੇ ਚਰਨਜੀਤ ਅਤੇ ਕੁਲਵੰਤ ਫਗਵਾੜੇ ਪੜ੍ਹਦੇ ਹੁੰਦੇ ਸੀ। ਉਹ ਆਸਟਰੀਆ ਚਲੇ ਗਏ। ਸਾਲ 1990 ਵਿਚ ਸਰਦੂਲ ਸਿਕੰਦਰ ਅਤੇ ਅਮਰ ਨੂਰੀ ਦੀ ਬੜੀ ਚੜ੍ਹਾਈ ਸੀ। ਚਰਨਜੀਤ ਕਹਿਣ ਲੱਗਾ ਕਿ ਐਤਕੀਂ ਕ੍ਰਿਸਮਸ 'ਤੇ ਵਿਆਨਾ ਵਿਚ ਇਨ੍ਹਾਂ ਦਾ ਪ੍ਰੋਗਰਾਮ ਕਰਵਾਉਂਦੇ ਆਂ। ਤੀਹ ਹਜ਼ਾਰ ਵਿਚ ਗੱਲ ਮੁੱਕ ਗਈ। ਗੁਰਬਖ਼ਸ਼ ਸਿੰਘ ਮੈਨੂੰ ਕਹਿਣ ਲੱਗਾ ਕਿ ਪ੍ਰਸ਼ੋਤਮ ਨੂੰ ਵੀ ਨਾਲ ਘੁਮਾ ਲਿਆ। ਵੀਜ਼ਾ ਲੱਗ ਜੂ, ਫਿਰ ਕਿਸੇ ਵੱਡੇ ਮੁਲਕ ਨੂੰ ਭੇਜ ਦਿਆਂਗੇ। ਪਿਆਰ ਦੀ ਸਾਂਝ 'ਚ ਮੈਂ ਨਾਂਹ ਨਾ ਕਰ ਸਕਿਆ। ਤੇ ਮਨ੍ਹਾਂ ਸਰਦੂਲ ਨੇ ਵੀ ਨਹੀਂ ਕੀਤਾ।

ਕਮਾਲ ਇਹ ਹੋਈ ਕਿ ਟਰੇਨ ਦੀ ਬੁਕਿੰਗ ਕਰਵਾਉਣ ਵਾਂਗ ਵੀਜ਼ੇ ਵੀ ਸਾਰਿਆਂ ਦੇ ਠਾਹ-ਠਾਹ ਲੱਗ ਗਏ। ਜਿਸ ਦਿਨ ਅਸੀਂ ਪਿੰਡੋਂ ਤੁਰੇ, ਪ੍ਰਸ਼ੋਤਮ ਦੀਆਂ ਸਾਰੀਆਂ ਭੈਣਾਂ, ਰਿਸ਼ਤੇਦਾਰੀ ਨਾਲ ਗਲੀਆਂ ਭਰੀਆਂ ਪਈਆਂ ਸਨ ਹਾਲਾਂਕਿ ਦੋ ਹਫਤਿਆਂ ਬਾਅਦ ਪਰਤ ਆਉਣਾ ਸੀ ਪਰ ਚਾਅ ਅਤੇ ਮਾਹੌਲ ਵਿਆਹ ਵਰਗਾ ਸੀ। ਅਤੇ ਫਿਰ ਅਸੀਂ 25 ਦਸੰਬਰ ਵਾਲੇ ਦਿਨ ਪ੍ਰੋਗਰਾਮ ਕਰਨ ਲਈ ਤਿੰਨ ਦਿਨ ਪਹਿਲਾਂ ਹੀ, ਜਾਣੀ 22 ਦਸੰਬਰ ਨੂੰ ਲੁਫਥਾਂਸਾ ਏਅਰਲਾਈਨਜ਼ ਰਾਹੀਂ ਵਿਆਨਾ ਪੁੱਜ ਗਏ।

ਪਹਿਲਾ ਵਾਕਿਆ ਇਹ ਹੋਇਆ ਕਿ ਪੰਜਾਬੀਆਂ ਦੇ ਅਜਿਹੇ ਪ੍ਰੋਗਰਾਮਾਂ ਵਿਚ ਲੜਨਾ ਆਮ ਗੱਲ ਹੁੰਦਾ ਹੈ। ਦੋ ਪੰਜਾਬਣਾਂ ਕਿਸੇ ਮੁਸਲਮਾਨ ਮੁੰਡੇ ਵੱਲੋਂ ਰਖੇਲਾਂ ਵਾਂਗ ਰੱਖੇ ਜਾਣ ਕਾਰਨ ਪਹਿਲਾਂ ਤੋਂ ਭਰੇ-ਪੀਤੇ ਕੁਝ ਪੰਜਾਬੀ ਉਸ ਵੇਲੇ ਬੇਕਾਬੂ ਹੋ ਗਏ ਜਦੋਂ ਉਹ ਬੰਦਾ ਕੁੜੀਆਂ ਸਮੇਤ ਪ੍ਰੋਗਰਾਮ ਦੇਖਣ ਆ ਗਿਆ। ਅੱਧਾ ਕੁ ਪ੍ਰੋਗਰਾਮ ਚੱਲਿਆ ਸੀ, ਵਿਚੋਂ ਮਹਾਂਭਾਰਤ ਚਲ ਪਿਆ। ਸੱਤ-ਸੱਤ ਫੁੱਟੇ ਪੁਲਿਸ ਵਾਲੇ ਆਏ, ਦੋਵੇਂ ਧਿਰਾਂ ਦੇ ਕੁਝ ਲੋਕਾਂ ਨੂੰ ਚੁੱਕ ਕੇ ਲੈ ਗਏ। 'ਮਾਝੇ ਮਾਲਵੇ ਦੁਆਬੇ ਦੀਆਂ ਜੱਟੀਆਂ...', 'ਤੇਰਾ ਲਿਖ ਦੂੰ ਸਫੈਦਿਆਂ 'ਤੇ ਨਾਂ...', 'ਤੂੰ ਗੁੱਸੇ ਰਹੀਂ ਜਾਂ ਰਾਜ਼ੀ ਵੇ...', 'ਮੈਂ ਤੇਰੀ ਮਾਂ ਖੜਕਾਉਣੀ ਆ...' ਆਦਿ ਗੀਤਾਂ ਨਾਲ ਪ੍ਰੋਗਰਾਮ ਭਖ਼ਿਆ ਤਾਂ ਲੋਕਾਂ ਨੂੰ ਚੇਤਾ ਹੀ ਨਾ ਰਿਹਾ ਕਿ ਹੁਣੇ ਬੋਤਲਾਂ ਅਤੇ ਚਾਕੂ ਵੀ ਚੱਲ ਕੇ ਹਟੇ ਹਨ।

ਸਟੇਜ ਚਲਾਉਂਦਿਆਂ ਪ੍ਰਸ਼ੋਤਮ ਮੇਰੇ ਕੋਲ ਆਇਆ ਕਿ ਪੇਟ ਵਿਚ ਦਰਦ ਹੋ ਰਿਹੈ। ਗੱਲ ਨੂੰ ਗੰਭੀਰਤਾ ਨਾਲ ਨਾ ਲੈਂਦਿਆਂ ਮੈਂ ਕਿਹਾ, 'ਪੈੱਗ ਲਾ ਠੋਕ ਕੇ, ਪਾਣੀ ਬਦਲਣ ਕਰਕੇ ਹੈ।' ਉਹ ਚੁੱਪ ਕਰਕੇ ਚਲੇ ਗਿਆ। ਫਿਰ ਅਗਲੇ ਦਿਨ ਵੀ ਉਹਦੇ ਮਾੜਾ-ਮੋਟਾ ਦਰਦ ਹੁੰਦਾ ਰਿਹਾ। ਤੇ ਸਾਰਿਆਂ ਨੇ ਕੋਈ ਖਾਸ ਗੱਲ ਨ੍ਹੀਂ ਕਹਿ ਕੇ ਬਹੁਤੀ ਤਵੱਜੋ ਨਾ ਦਿੱਤੀ।

27 ਤਾਰੀਖ਼ ਦੀ ਸ਼ਾਮ ਨੂੰ ਪ੍ਰਸ਼ੋਤਮ ਨੇ ਇਕ ਪਰਿਵਾਰਕ ਪ੍ਰੋਗਰਾਮ 'ਤੇ ਜਾਣ ਤੋਂ ਇਨਕਾਰ ਕਰ ਦਿੱਤਾ। ਉਹ ਘਰ ਹੀ ਰਿਹਾ ਪਰ ਮੈਂ ਫੋਨ 'ਤੇ ਵਾਰ-ਵਾਰ ਹਾਲ-ਚਾਲ ਪੁੱਛਦਾ ਰਿਹਾ। ਰਾਤੀਂ ਸਾਰੇ ਜਣੇ ਦੇਰ ਨਾਲ ਆਏ ਸੌਂ ਗਏ। ਹਾਲੇ ਬਾਕੀ ਸਾਰੇ ਸੁੱਤੇ ਹੀ ਪਏ ਸਨ ਕਿ ਪ੍ਰਸ਼ੋਤਮ ਮੇਰੇ ਸਿਰਹਾਣੇ ਆ ਖੜ੍ਹਾ ਹੋਇਆ। ਆਪਣੇ ਜੁਬਾੜੇ ਵੱਲ ਇਸ਼ਾਰਾ ਕਰਕੇ ਅੱਖਾਂ ਭਰ ਲਈਆਂ। ਮੇਰੀ ਜਾਨ ਨਿਕਲ ਗਈ। ਉਹਦਾ ਕੋਈ ਵੀ ਦੰਦ ਨਜ਼ਰੀ ਨਹੀਂ ਪੈ ਰਿਹਾ ਸੀ। ਬੁੱਲ੍ਹਾਂ ਦਾ ਮਾਸ ਹੇਠਾਂ ਲਟਕਣ ਕਾਰਨ ਸਾਰੇ ਦੰਦ ਲੁਕ ਗਏ ਸਨ। ਮੈਂ ਚਰਨਜੀਤ ਨੂੰ ਉਠਾਇਆ, 'ਫ਼ਿਕਰ ਵਾਲੀ ਗੱਲ ਹੈ, ਕੁਝ ਕਰੋ।'

ਸਾਰੀ ਸਮੱਸਿਆ ਇਹ ਸੀ ਕਿ ਮੈਡੀਕਲ ਇੰਸੋਰੈਂਸ ਕਿਸੇ ਦੀ ਵੀ ਨਹੀਂ ਸੀ ਕਰਵਾਈ ਗਈ। ਪੇਨ ਕਿਲਰ ਅਤੇ ਫਸਟ ਏਡ ਨਾਲ ਕੰਮ ਚਲਾਉਣ ਦਾ ਯਤਨ ਕੀਤਾ। ਸਰਦੂਲ, ਨੂਰੀ, ਗਮਦੂਰ, ਭਰਪੂਰ ਸਾਰੇ 28 ਦੀ ਸ਼ਾਮ ਨੂੰ ਪਰਤ ਗਏ। ਅਸੀਂ 10 ਨੂੰ ਮੁੜਨਾ ਸੀ ਪਰ ਪ੍ਰਸ਼ੋਤਮ ਦੀ ਵਿਗੜਦੀ ਹਾਲਤ ਦੇਖਦਿਆਂ ਇਕੱਤੀ ਦੀਆਂ ਟਿਕਟਾਂ ਹੀ ਓ.ਕੇ. ਕਰਵਾ ਲਈਆਂ।

...ਤੇ 30 ਦੀ ਰਾਤ ਜਿਹੋ-ਜਿਹੀ ਗੁਜ਼ਰੀ, ਉਹ 7 ਜਨਮ ਵੀ ਨਾ ਭੁੱਲਣ ਵਾਲੀ ਸੀ। ਪ੍ਰਸ਼ੋਤਮ ਦੀ ਹਾਲਤ ਨਾਜ਼ੁਕ ਹੋ ਰਹੀ ਸੀ। ਮੈਂ ਚਰਨਜੀਤ, ਕੁਲਵੰਤ, ਉਹਦੀ ਗੋਰੀ ਪਤਨੀ ਧਾਹਾਂ ਮਾਰਨ ਤਕ ਪੁੱਜ ਗਏ ਸਾਂ। ਪੇਟ ਦਾ ਦਰਦ ਘਟ ਨਹੀਂ ਸੀ ਰਿਹਾ। ਮਾਸ ਨਾਲ ਢਕੇ ਦੰਦਾਂ ਵਾਲੇ ਜੁਆਨ ਤੇ ਮਾਂ ਬਾਪ ਦੇ ਇਕਲੌਤੇ ਛੇ ਫੁੱਟੇ ਪੁੱਤਰ ਦਾ ਮੂੰਹ ਦੇਖ ਕੇ ਭੁੱਬਾਂ ਉਠ ਰਹੀਆਂ ਸਨ। ਆਖਿਰ ਚਰਨਜੀਤ ਨੇ ਆਪਣੇ ਹੀ ਨਾਂ 'ਤੇ ਡਾਕਟਰ ਨੂੰ ਫੋਨ ਕਰ ਦਿੱਤਾ।

ਦਸ ਕੁ ਮਿੰਟ ਵਿਚ ਦੋ ਡਾਕਟਰਾਂ ਦੀ ਟੀਮ ਘਰ ਆਣ ਪਹੁੰਚੀ ਅਤੇ ਪੰਜ ਕੁ ਮਿੰਟਾਂ ਵਿਚ ਉਨ੍ਹਾਂ ਦੇ ਰੰਗ ਵੀ ਪੀਲੇ ਪੈ ਗਏ।

'ਐਂਬੂਲੈਂਸ ਮੰਗਵਾਉਣੀ ਪਵੇਗੀ।' ਡਾਕਟਰ ਕਹਿਣ ਲੱਗੇ।

'ਸਵੇਰੇ ਸਾਡੀ ਫਲਾਈਟ ਹੈ। ਵੀਜ਼ਾ ਪਰਸੋਂ ਤਕ ਹੈ। ਬੱਸ ਦਿੱਲੀ ਪਹੁੰਚਣ ਜੋਗਾ ਕਰ ਦਿਓ।'

ਵੀਜ਼ਾ ਖਤਮ ਹੋਣ ਦੇ ਮੇਰੇ ਝੂਠੇ ਬਹਾਨੇ ਦਾ ਵੀ ਡਾਕਟਰਾਂ 'ਤੇ ਕੋਈ ਅਸਰ ਨਾ ਹੋਇਆ। ਉਨ੍ਹਾਂ ਵਿਚੋਂ ਇਕ ਗੁੱਸੇ ਵਿਚ ਬੋਲਿਆ, 'ਕਮਾਲ ਦੇ ਇੰਡੀਅਨ ਹੋ। ਵੀਜ਼ਾ ਬਾਅਦ ਵਿਚ ਦੇਖਾਂਗੇ। ਪਹਿਲਾਂ ਇਹਦੀ ਜ਼ਿੰਦਗੀ ਦਾ ਸਵਾਲ ਹੈ।' ਤੇ ਨਾਲ ਹੀ ਉਹ ਐਂਬੂਲੈਂਸ ਨੂੰ ਫੋਨ ਕਰਕੇ ਹੇਠਾਂ ਉਤਰ ਗਏ।

ਚਰਨਜੀਤ ਡਰ ਗਿਆ ਕਿ ਮੇਰੇ ਨਾਂ 'ਤੇ ਇਹ ਦਾਖਲ ਹੋਵੇਗਾ, ਹਿਸਟਰੀ ਮੇਲ ਨਹੀਂ ਖਾਣੀ। ਕਹਾਣੀ ਪੁੱਠੀ ਪੈ ਜੂ।

ਗੋਰੀ ਕਹਿਣ ਲੱਗੀ, 'ਪ੍ਰਸ਼ੋਤਮ ਨੂੰ ਅੰਦਰ ਪਾ ਦਿਓ। ਇਹਦੇ ਲਈ ਮੈਂ ਦਵਾਈ ਲੈ ਕੇ ਆਉਨੀ ਆਂ।' ਤੇ ਉਹਨੇ ਚਰਨਜੀਤ ਨੂੰ ਮਸ਼ਵਰਾ ਦਿੱਤਾ ਕਿ ਤੂੰ ਲੇਟ ਜਾ। ਆਖੀਂ ਮੈਂ ਪੈਗ ਪੀ ਲਿਆ ਸੀ ਜਿਸ ਨਾਲ ਦਰਦ ਹੋਣ ਲੱਗ ਪਿਆ, ਹੁਣ ਠੀਕ ਹਾਂ।

ਹਾਲੇ ਅਸੀਂ ਚੱਕ-ਥੱਲ ਕਰਕੇ ਹਟੇ ਹੀ ਸਾਂ ਕਿ ਐਂਬੂਲੈਂਸ ਦੀ ਟੀਮ ਆ ਗਈ। ਚਰਨਜੀਤ ਨੇ ਆਪਣੇ ਨਕਲੀ ਬਿਮਾਰੀ ਹੋਣ ਦਾ ਬਹਾਨਾ ਦੱਸਿਆ ਤਾਂ ਡਾਕਟਰ ਹੈਰਾਨ ਰਹਿ ਗਏ ਕਿ 'ਪਹਿਲਾ ਡਾਕਟਰ ਕਹਿੰਦਾ ਸੀ ਕਿ ਇਹ ਸਵੇਰ ਤੀਕਰ ਬਚੇਗਾ ਨਹੀਂ, ਇਹ ਘੋੜੇ ਵਰਗਾ ਦੰਦ ਕੱਢਦੈ' ਤੇ ਉਹ ਚਰਨਜੀਤ ਤੋਂ ਦਸਤਖ਼ਤ ਕਰਵਾ ਕੇ ਚਲੇ ਗਏ।

ਗੋਰੀ ਚਾਰ-ਚਾਰ ਇੰਚ ਮੋਮਬੱਤੀਆਂ ਵਰਗੀਆਂ ਗੋਲੀਆਂ ਲਿਆਈ ਜੋ ਪ੍ਰਸ਼ੋਤਮ ਦੀ ਗੁਦਾ ਵਿਚੋਂ ਦੋ-ਦੋ ਘੰਟੇ ਤੱਕ ਅੰਦਰ ਲੰਘਾਈਆਂ। ਦਰਦ ਨੂੰ ਕੁਝ ਠੱਲ੍ਹ ਪੈ ਗਈ ਸੀ। ਸਵੇਰੇ ਭੁੱਖਣ-ਭਾਣੇ ਅਸੀਂ ਵਿਆਨਾ ਤੋਂ ਫਰੈਂਕਫਰਟ ਲਈ ਜਹਾਜ਼ ਚੜ੍ਹ ਗਏ। ਮਾੜੀ ਕਿਸਮਤ ਇਹ ਕਿ ਫਰੈਂਕਫਰਟ ਉਤਰਦਿਆਂ ਪ੍ਰਸ਼ੋਤਮ ਫਿਰ ਦਰਦ ਨਾਲ ਕੁਰਲਾਉਣ ਲੱਗਾ। ਜਹਾਜ਼ ਬਦਲਣ ਜੋਗਾ ਪੰਤਾਲੀ ਮਿੰਟ ਦਾ ਸਮਾਂ। ਮੈਂ ਬੈਗ ਗਲ਼ ਵਿਚ, ਮੋਢੇ ਤੋਂ ਪ੍ਰਸ਼ੋਤਮ ਦੀ ਬਾਂਹ ਘੁਮਾ ਕੇ ਦਿੱਲੀ ਵਾਲੇ ਜਹਾਜ਼ ਵਿਚ ਵੜਨ ਲੱਗਾ ਤਾਂ ਏਅਰਹੋਸਟਸ ਨੇ ਕੈਪਟਨ ਨੂੰ ਦੱਸਿਆ ਕਿ ਪੈਸੰਜਰ ਬਿਮਾਰ ਲਗਦੈ।

ਤੇ ਉਹਨੇ ਫ਼ਰਮਾਨ ਜਾਰੀ ਕਰ'ਤਾ 'ਪੇਸ਼ੈਂਟ ਨੂੰ ਅਸੀਂ ਨਹੀਂ ਲਿਜਾ ਸਕਦੇ।'

ਮੇਰਾ ਚਿਹਰਾ ਉਤਰ ਗਿਆ ਪਰ ਦਿਮਾਗ ਕੰਮ ਕਰ ਗਿਆ, 'ਸਰ ਇਹ ਜਹਾਜ਼ ਵਿਚ ਪਹਿਲੀ ਵਾਰ ਸਫ਼ਰ ਕਰਨ ਕਰਕੇ ਘਬਰਾਉਂਦੈ।' ਤੇ ਨਾਲ ਹੀ ਮੈਂ ਪ੍ਰਸ਼ੋਤਮ ਨੂੰ ਕਿਹਾ, 'ਚਿਹਰੇ 'ਤੇ ਮੁਸਕਰਾਹਟ ਲਿਆ।' ਖੋਟੀ ਚੁਆਨੀ ਚੱਲ ਗਈ। ਸਾਡੀ ਸੁਣ ਲਈ ਗਈ। ਉਨ੍ਹਾਂ ਜੂਸ ਪਿਆਇਆ, ਤੇ ਜਹਾਜ਼ ਉਡ ਪਿਆ ਦਿੱਲੀ ਵਾਲੇ ਰਾਹ।

ਬੱਸ ਡੂਢ ਕੁ ਘੰਟਾ ਦਮ ਘੁੱਟ ਕੇ ਕੱਢਿਆ, ਪੈਣ ਲਗ ਪਈ ਦੁਹਾਈ। ਚੰਗੀ ਕਿਸਮਤ ਕਿ ਸਾਡੀ

*(ਬਾਕੀ ਸਫਾ 32 ਉਤੇ)*

## ਗੱਲ ਬਣੀ ਕਿ ਨਹੀਂ

**ਐਸ. ਅਸ਼ੋਕ ਭੌਰਾ**

### *ਮੱਠੀ ਮੱਠੀ ਅੱਗ*

ਦੁੱਖਾਂ ਵਿਚ ਕਿੰਨੀ ਬੀਤੀ ਹਾਸਿਆਂ 'ਚ ਕਿੰਨੀ ਲੰਘੀ,
ਜ਼ਿੰਦਗੀ 'ਚ ਇਹੋ ਹੀ ਹਿਸਾਬ ਰਹੇ ਕਰਦੇ।
ਲਾਉਣ ਤੇ ਨਿਭਾਉਣ ਦੀਆਂ ਜਿਨ੍ਹਾਂ ਨਾਲ ਸਹੁੰਆਂ ਪਾਈਆਂ,
ਉਹੀ ਛੱਡ ਗਏ, ਛੱਡੇ ਘਾਟ ਦੇ ਨਾ ਘਰਦੇ।
ਉਨ੍ਹਾਂ ਨੂੰ ਕੀ ਹਾਰਾਂ ਦਾ ਏ ਰੋਸ ਕਦੇ ਹੋਵਣਾ,
ਹਰ ਮੋੜ ਉਤੇ ਜਿਹੜੇ ਸਦਾ ਰਹੇ ਹਰਦੇ।
ਕੱਚਿਆਂ ਨਾ' ਪੱਕਿਆਂ ਦੀ ਕਦੋਂ ਦੱਸ ਨਿਭਦੀ ਏ,
ਸੋਹਣੀਆਂ ਤੋਂ ਪਹਿਲਾਂ ਜਿਹੜੇ ਆਪ ਰਹੇ ਖ਼ਰਦੇ।
ਹਾਸਿਆਂ 'ਚ ਗੁੰਮ ਹੋਏ ਹੌਕਿਆਂ 'ਚ ਲੱਭੇ ਨਾ,
ਜਿਨ੍ਹਾਂ ਲਈ ਸੀ ਬੇਨਿਆਈਂ ਮੌਤ ਰਹੇ ਮਰਦੇ।
ਗ਼ਮਾਂ ਤੇ ਉਦਾਸੀਆਂ ਨੇ ਪਿੱਛਾ ਕਦੇ ਛੱਡਿਆ ਨਾ
ਮੱਠੀ-ਮੱਠੀ ਅੱਗ ਵਿਚ ਮੁੱਕ ਚੱਲੇ ਸੜਦੇ।

## ਇਕਬਾਲ, ਇਕਬਾਲ ਵਿਚ ਫ਼ਰਕ ਹੁੰਦੈ!

**ਧੁੱਪੇ ਬੈਠੀਆਂ ਯਾਦਾਂ**

ਇਕਬਾਲ, ਇਕਬਾਲ ਵਿਚ ਫ਼ਰਕ ਹੁੰਦੈ! ਬਹੁਤੇ ਮੁਲਕਾਂ ਵਿਚ ਹਾਲਾਤ ਇਹੋ ਜਿਹੇ ਨੇ ਕਿ ਪੰਝੀ-ਤੀਹ ਪਰਿਵਾਰ ਹੀ ਸਿਆਸਤ 'ਤੇ ਕਾਬਜ਼ ਹੋ ਕੇ ਹਕੂਮਤਾਂ ਚਲਾਈ ਜਾਂਦੇ ਨੇ; ਕਿਉਂਕਿ ਵੈਦਾਂ ਵਾਂਗ ਇਹ ਵੀ ਖਾਨਦਾਨੀ ਸਿਆਸਤਦਾਨ ਬਣ ਗਏ ਹੁੰਦੇ ਹਨ। ਖ਼ੈਰ! ਕਈ ਵਾਰ ਇਹ ਹੁੰਦਾ ਹੈ ਕਿ ਦੇਸ਼ ਵਾਂਗ ਟੁਕੜੇ ਵੀ ਹੋ ਜਾਣ, ਕਈ ਨਾਂ ਭੁੱਲਦੇ ਨਹੀਂ। ਸ਼ਾਇਰ ਡਾ. ਮੁਹੰਮਦ ਇਕਬਾਲ ਨੂੰ ਕੁੱਲ ਦੁਨੀਆਂ ਜਾਣਦੀ ਹੈ। ਉਸ ਨੂੰ ਪਾਕਿਸਤਾਨ ਦਾ ਬਾਨੀ ਸ਼ਾਇਰ ਵੀ ਕਹਿ ਲਿਆ ਜਾਂਦਾ ਹੈ ਪਰ ਮੇਰੇ ਹੋਰ ਵੀ ਕਈ ਇਕਬਾਲ ਸਤਿਕਾਰਯੋਗ ਰਹੇ ਨੇ। ਜਿਨ੍ਹਾਂ ਨੂੰ ਮੈਂ ਜਾਣਦਾ ਹਾਂ, ਉਨ੍ਹਾਂ ਵਿਚ ਭਾਰਤੀ ਹਾਕੀ ਖਿਡਾਰੀ ਜ਼ਫ਼ਰ ਇਕਬਾਲ, ਕੁਝ ਸਮਾਂ ਇਟਲੀ ਦੀ ਫੁੱਟਬਾਲ ਟੀਮ ਲਈ ਖੇਡਣ ਵਾਲਾ ਮੇਰਾ ਪੇਂਡੂ ਇਕਬਾਲ ਸੱਜਣ, ਸੁਰਿੰਦਰ ਕੌਰ ਕਰਕੇ ਵੀ ਤੇ ਮੇਰਾ ਗੁਆਂਢੀ ਹੋਣ ਕਰਕੇ ਵੀ ਇਕਬਾਲ ਮਾਹਲ ਅਤੇ ਸੋਹਣਾ ਲਿਖਣ ਵਾਲਾ ਇਕਬਾਲ ਜੱਬੋਵਾਲੀਆ ਵੀ ਮੇਰੇ ਚੇਤੇ ਅਤੇ ਯਾਦਾਂ ਵਿਚ ਵਸੇ ਹੋਏ ਹਨ। ਹਾਲ ਹੀ 'ਚ ਘੋੜਿਆਂ ਦੇ ਵਪਾਰੀ ਹਸਨ ਅਲੀ ਜੋ ਅਰਬਾਂ-ਖਰਬਾਂਪਤੀ ਹੋਣ ਨਾਲੋਂ ਪੁੱਠੇ-ਸਿੱਧੇ ਕੰਮਾਂ ਕਰਕੇ ਬਦਨਾਮ ਹੋ ਕੇ ਬੇਸ਼ਰਮ ਹੋਇਆ ਫਿਰਦਾ ਹੈ, ਦੇ ਕਰਕੇ ਚਰਚਾ ਵਿਚ ਆਏ ਜਾਂ ਬੁਰੇ ਫਸੇ ਪਾਂਡੂਚੇਰੀ (ਹੁਣ ਪੁੱਡੂਚੇਰੀ) ਦੇ ਲੈਫਟੀਨੈਂਟ ਗਵਰਨਰ ਇਕਬਾਲ ਸਿੰਘ ਵੀ ਮੇਰੀ ਜਾਣ-ਪਛਾਣ ਵਾਲਿਆਂ ਵਿਚ ਰਿਹਾ ਹੈ। ਕਿਹੜਾ ਸਿਆਸਤ 'ਚ ਜਾਣੈ, ਇਹ ਸੋਚ ਕੇ ਮੈਂ ਕਦੀ ਇਨ੍ਹਾਂ ਲੋਕਾਂ ਦੀ ਪੈੜ 'ਚ ਪਹੁੰਚਾ ਫਸਾਇਆ ਹੀ ਨਹੀਂ। ਕੋਈ ਰਿਸ਼ਤੇਦਾਰੀਆਂ ਕਰਕੇ ਜਾਣੇ, ਕੋਈ ਪਾਰਟੀਆਂ ਕਰਕੇ ਜਾਣੇ ਪਰ ਮੈਂ ਸਿਰਫ਼ ਇਸ ਨੇਕ ਇਨਸਾਨ ਇਕਬਾਲ ਸਿੰਘ ਨੂੰ ਜਾਣਦਾ ਹਾਂ, ਹਾਲਾਂਕਿ ਹਸਨ ਅਲੀ ਨੂੰ ਪਾਸਪੋਰਟ ਜਾਰੀ ਕਰਨ ਦੀ ਸਿਫ਼ਾਰਿਸ਼ ਕਰਕੇ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਉਹਦੇ ਤੋਂ ਪੁੱਛ-ਪੜਤਾਲ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਉਹਨੇ ਵੀ ਆਪਣੇ ਗਵਰਨਰੀ ਪਦ ਤੋਂ ਅਸਤੀਫ਼ਾ ਦੇਣ ਤੋਂ ਫਿਲਹਾਲ ਇਨਕਾਰ ਕਰ ਦਿੱਤਾ ਹੈ। ਸੱਚਾਈ ਕੀ ਹੈ? ਚੋਰ ਨਾਲ ਸਾਧ ਦਾ ਨਾਂ ਕਿਉਂ ਜੁੜ ਗਿਆ? ਇਹਦੇ ਬਾਰੇ ਤਾਂ ਇਕਬਾਲ ਸਿੰਘ ਹੀ ਜਾਣਦਾ ਹੋਵੇਗਾ ਪਰ 1993 ਵਿਚ ਜਗਦੇਵ ਸਿੰਘ ਜੱਸੋਵਾਲ ਕਹਿਣ ਲੱਗੇ, 'ਸ਼ੌਂਕੀ ਮੇਲੇ 'ਤੇ ਰਾਜ ਸਭਾ ਮੈਂਬਰ ਇਕਬਾਲ ਸਿੰਘ ਨੂੰ ਬੁਲਾ।' ਨਿਮਰਤਾ ਤੇ ਸਾਦਗੀ ਦੇਖੋ-ਉਹ ਕਹਿਣ ਲੱਗੇ, 'ਬਰਾਸਤਾ ਜੱਸੋਵਾਲ ਗੱਲ ਹੋਈ ਹੋਵੇ, ਅਸ਼ੋਕ ਬੁਲਾਵੇ ਤੇ ਸ਼ੌਂਕੀ ਮੇਲਾ ਹੋਵੇ, ਮੈਂ ਨਾ ਆਵਾਂ; ਇੱਦਾਂ ਹੋ ਨਹੀਂ ਸਕਦਾ।' ਤਸਵੀਰ ਵਿਚ 18 ਸਾਲ ਪਹਿਲਾਂ ਮੇਰੇ ਨਾਲ ਤਤਕਾਲੀ ਏ.ਡੀ.ਸੀ. (ਹੁਸ਼ਿਆਰਪੁਰ) ਜਗਜੀਤ ਸਿੰਘ, ਇਕਬਾਲ ਸਿੰਘ, ਜਗਦੇਵ ਸਿੰਘ ਜੱਸੋਵਾਲ, ਫੁੱਟਬਾਲਰ ਰਾਮ ਕ੍ਰਿਸ਼ਨ ਬਿੱਲਾ ਨਜ਼ਰੀਂ ਪੈ ਰਹੇ ਹਨ। ਕੜੇ-ਕਲਮਾਡੀ ਹੋਰੀਂ ਕੀ ਚੰਦ ਚੜ੍ਹਾਇਐ? ਹਰ ਕੋਈ ਜਾਣਦੈ, ਰਾਜੇ ਨੇ ਭ੍ਰਿਸ਼ਟਾਚਾਰ ਦੀ 'ਜੀ-ਸਪੈਕਟ੍ਰਮ' ਮਾਮਲੇ ਵਿਚ ਬੇਹਿਆਈ ਦੀ ਹੱਦ ਹੀ ਨਹੀਂ ਛੱਡੀ। ਚੰਗੇ ਬੰਦਿਆਂ ਦੇ ਨਾਂ ਹਸਨ ਅਲੀ ਵਰਗਿਆਂ ਨਾਲ ਨਹੀਂ ਜੁੜਨੇ ਚਾਹੀਦੇ। ਚਲੋ! ਮਨ ਤਾਂ ਨਹੀਂ ਮੰਨਦਾ ਕਿ ਇਕਬਾਲ ਨੇ ਕੁਝ ਕੀਤਾ ਹੋਵੇਗਾ ਪਰ ਫਿਰ ਚੁੱਪ ਇਸ ਕਰਕੇ ਰਹਿਣਾ ਪੈਂਦੈ ਕਿ ਭਾਰਤ ਵਿਚ ਅਸੰਭਵ ਕੁਝ ਵੀ ਨਹੀਂ।



**-ਐਸ. ਅਸ਼ੋਕ ਭੌਰਾ**

ਵਿਚਾਰ-ਚਰਚਾ

## ਇਕੀਵੀਂ ਸਦੀ ਵਿਚ "ਸਿੱਖ ਸਟੇਟ" ਦਾ ਸੁਪਨਾ-6

# 1984 ਦਾ ਕਹਿਰ ਬਖਸ਼ਣਯੋਗ ਨਹੀਂ ਪਰ ਮੰਨਣਯੋਗ ਤੇ ਭੁੱਲਣਯੋਗ

***ਸਿੱਖ ਚਿੰਤਕ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਉਤੇ ਬਹਿਸ ਜਾਰੀ ਹੈ। ਇਸ ਬਹਿਸ ਦੇ ਸਿਲਸਿਲੇ ਵਿਚ ਖੱਬੇ ਪੱਖੀ ਚਿੰਤਕ ਸ੍ਰੀ ਕਰਮ ਬਰਸਟ ਦਾ ਇਹ ਛੇਵਾਂ ਲੇਖ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਕਰਮ ਬਰਸਟ ਨੇ ਇਸ ਲੇਖ ਵਿਚ ਵੀ ਅਜਮੇਰ ਸਿੰਘ ਦੀਆਂ ਪੁਸਤਕਾਂ ਵਿਚਲੇ ਵਿਰੋਧਾਭਾਸਾਂ ਉਪਰ ਉਂਗਲ ਧਰਨ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਇਸ ਸਿਲਸਿਲੇ ਵਿਚ ਹੋਰ ਚਿੰਤਕਾਂ ਦੇ ਵਿਚਾਰਾਂ ਦੀ ਉਡੀਕ ਰਹੇਗੀ। ਫਿਰ ਸਪਸ਼ਟ ਕਰ ਦਈਏ ਕਿ ਅਦਾਰਾ ਪੰਜਾਬ ਟਾਈਮਜ਼ ਦਾ ਇਸ ਬਹਿਸ ਵਿਚ ਪੇਸ਼ ਕੀਤੇ ਜਾ ਰਹੇ ਵੱਖੋ ਵੱਖਰੇ ਨੁਕਤਾ ਨਿਗਾਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ***

**ਕਰਮ ਬਰਸਟ**

ਸਰਦਾਰ ਅਜਮੇਰ ਸਿੰਘ ਨੇ ਆਪਣੀ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਪੁਸਤਕ ਲੜੀ ਦੀ ਤੀਜੀ ਕੜੀ "1984-ਅਣਚਿਤਵਿਆ ਕਹਿਰ" ਵਿਚ ਉਸ ਸਾਲ ਦੀਆਂ ਦੋ ਵੱਡੀਆਂ ਘਟਨਾਵਾਂ-ਸ੍ਰੀ ਦਰਬਾਰ ਸਾਹਿਬ ਸਮੂਹ ਉਪਰ ਫੌਜੀ ਹਮਲੇ ਅਤੇ ਇੰਦਰਾ ਗਾਂਧੀ ਦੇ ਕਤਲ ਮਗਰੋਂ ਦਿੱਲੀ ਸਮੇਤ ਕਈ ਵੱਡੇ ਸ਼ਹਿਰਾਂ ਵਿਚ ਸਿੱਖਾਂ ਵਿਰੁਧ ਕੀਤੇ ਗਏ ਵਿਉਂਤਬੱਧ ਹਮਲਿਆਂ ਦੀ ਚੀਰਫਾੜ ਕੀਤੀ ਹੈ। ਪਹਿਲਾਂ ਵੀ ਕਿਹਾ ਜਾ ਚੁੱਕਿਆ ਹੈ, ਹੁਣ ਦੁਹਰਾਉਣ ਦੀ ਲੋੜ ਪੈ ਰਹੀ ਹੈ ਕਿ 'ਸਾਕਾ ਨੀਲਾ ਤਾਰਾ' ਦਾ ਕੁਲਹਿਣਾ ਸਾਕਾ ਬਿਲਕੁਲ ਹੀ ਨਾਵਾਜਬ ਸੀ। ਇਸੇ ਕਰਕੇ ਉਘੇ ਸਿੱਖ ਇਤਿਹਾਸਕਾਰ ਅਤੇ ਕਾਲਮਨਵੀਸ ਸ. ਖੁਸ਼ਵੰਤ ਸਿੰਘ, ਜੋ ਪਹਿਲੇ ਦਿਨ ਤੋਂ ਹੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਯੁੱਧਨੀਤਕ ਪੈਂਤੜਿਆਂ ਦੇ ਖਤਰਨਾਕ ਸੰਭਾਵੀ ਸਿੱਟਿਆਂ ਤੋਂ ਦੇਸ਼ ਦੇ ਹੁਕਮਰਾਨਾਂ ਅਤੇ ਆਪਣੇ ਸਿੱਖ ਭਾਈਚਾਰੇ ਨੂੰ ਵੀ ਲਗਾਤਾਰ ਸਾਵਧਾਨ ਕਰਦਾ ਆ ਰਿਹਾ ਸੀ, ਨੇ ਇਸ ਕਾਰਵਾਈ ਨੂੰ ਬੇਲੋੜੀ ਅਤੇ ਨਾ-ਸਹਿਣਯੋਗ ਕਰਾਰ ਦਿੰਦਿਆਂ ਰੋਹ ਅਤੇ ਰੋਸ ਵਜੋਂ ਭਾਰਤ ਸਰਕਾਰ ਵੱਲੋਂ ਮਿਲੇ ਸਭ ਸਨਮਾਨ ਪੱਤਰ ਤੁਰੰਤ ਵਾਪਸ ਕਰ ਦਿੱਤੇ ਸਨ।

ਬਾਅਦ ਵਿਚ ਇੰਦਰਾ ਗਾਂਧੀ ਦੀ ਹੱਤਿਆ ਦੇ ਕਥਿਤ ਪ੍ਰਤੀਕਰਮ ਵਜੋਂ ਮੈਡਮ ਦੇ ਜਾਨਸ਼ੀਨਾਂ ਦੇ ਨਿਰਦੇਸ਼ਨ ਹੇਠ ਕੁਝ ਹੀ ਸਮੇਂ ਬਾਅਦ ਆ ਰਹੀਆਂ ਆਮ ਚੋਣਾਂ ਦੇ ਮੱਦੇਨਜ਼ਰ ਦੇਸ਼ ਦੀ ਵਿਸ਼ਾਲ ਗਰੀਬ ਲੋਕਾਈ ਨੂੰ ਰੋਟੀ-ਰੋਜ਼ੀ ਦੇ ਅਸਲ ਮੁੱਦਿਆਂ ਤੋਂ ਗੁੰਮਰਾਹ ਕਰਕੇ ਵੋਟਾਂ ਲੈਣ ਵਾਸਤੇ ਦਿੱਲੀ ਦੰਗਿਆਂ ਦਾ ਜੋ ਵਹਿਸ਼ੀ ਅਤੇ ਨੰਗਾ ਨਾਚ ਨੱਚਿਆ ਗਿਆ, ਉਸ ਦਾ ਨਿਖੇਧ ਕਰਨ ਲਈ ਤਾਂ ਬਹੁਤ ਸਾਰੇ ਜਮਹੂਰੀਅਤਪਸੰਦ ਲੋਕ, ਬੁੱਧੀਜੀਵੀ ਅਤੇ ਬਾਜ਼ਮੀਰ ਸਮਾਜ ਸੇਵੀ ਸੰਗਠਨ ਅਤੇ ਸੰਸਥਾਵਾਂ ਖੁੱਲ੍ਹ ਕੇ ਸਾਹਮਣੇ ਆਏ ਸਨ। ਅਜਿਹੀਆਂ ਸਾਰੀਆਂ ਧਿਰਾਂ ਵੱਲੋਂ ਇਨ੍ਹਾਂ ਮੂਲੋਂ ਹੀ ਟਾਲੇ ਜਾ ਸਕਣ ਵਾਲੇ ਕਾਲੇ ਕਾਰਿਆਂ ਦੀ ਸਖਤ ਨਿੰਦਾ ਕੀਤੀ ਗਈ ਸੀ ਅਤੇ ਮੇਰੇ ਵਰਗੇ ਸਿਖਾਂਦਰੂ ਲੇਖਕਾਂ/ਪਾਠਕਾਂ ਨੇ ਵੀ ਉਸ ਵਕਤ ਪੰਜਾਬੀ ਦੇ ਉਘੇ ਰੋਜ਼ਾਨਾ ਅਖ਼ਬਾਰਾਂ ਤੋਂ ਇਲਾਵਾ ਰੰਗਕਰਮੀ ਗੁਰਸ਼ਰਨ ਸਿੰਘ ਵਲੋਂ ਸੰਪਾਦਿਤ ਰਸਾਲੇ 'ਸਮਤਾ' ਅਤੇ 'ਸਮਕਾਲੀ ਦਿਸ਼ਾ' ਨਾਂ ਦੇ ਰਸਾਲਿਆਂ ਵਿਚ ਲੇਖ ਵੀ ਛਪਵਾਏ ਸਨ। ਮੈਨੂੰ ਯਾਦ ਹੈ, ਅਜਮੇਰ ਸਿੰਘ ਦੀ ਪੁਜੀਸ਼ਨ ਵੀ ਉਦੋਂ ਮੇਰੇ ਵਰਗਿਆਂ ਨਾਲ ਹੀ ਮਿਲਦੀ-ਜੁਲਦੀ ਸੀ।

ਹੈਰਾਨੀ ਦੀ ਗੱਲ ਹੈ ਕਿ ਅਜਮੇਰ ਸਿੰਘ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਵਾਲੀ ਪੁਸਤਕ ਲੜੀ ਵਿਚ ਹੁਣ ਜੋ ਕਹਾਣੀ ਸੁਣਾਈ ਜਾ ਰਿਹਾ ਹੈ, ਉਹ ਬਿਲਕੁਲ ਹੀ ਸਿਰ ਪਰਨੇ ਖੜ੍ਹੀ ਹੈ। ਸ਼ਾਇਦ ਇਸ ਦਾ ਕਾਰਨ ਇਹੋ ਹੀ ਹੋਵੇ ਕਿ ਉਸ ਸਮੇਂ ਉਸ ਦਾ ਨਜ਼ਰੀਆ ਜਮਾਤੀ ਤੌਰ 'ਤੇ ਸਾਫ ਤੇ ਸਪਸ਼ਟ ਸੀ। ਉਹ ਦੱਸਦੇ ਹੁੰਦੇ ਸਨ ਕਿ ਭਾਈ ਲਾਲੋ ਵਰਗੇ ਲੋਕ ਭਾਵੇਂ ਸਿੱਖਾਂ 'ਚ ਹੋਣ, ਹਿੰਦੂਆਂ 'ਚ ਹੋਣ, ਮੁਸਲਮਾਨਾਂ 'ਚ ਹੋਣ ਜਾਂ ਦਲਿਤਾਂ 'ਚ ਹੋਣ, ਉਨ੍ਹਾਂ ਦੇ ਹਿੱਤ ਸਾਂਝੇ ਹਨ ਅਤੇ ਮਲਿਕ ਭਾਗੋ ਵਰਗੇ ਲੋਕ ਪੰਜਾਬ 'ਚ ਹੋਣ ਜਾਂ ਉਤਰ ਪ੍ਰਦੇਸ਼-ਬਿਹਾਰ ਵਿਚ, ਉਨ੍ਹਾਂ ਦੇ ਹਿੱਤ ਵੱਖਰੇ ਹਨ। ਮਸਲਾ ਇਨਸਾਨ ਦੇ ਅਣਖ ਅਤੇ ਆਬਰੂ ਨਾਲ ਜਿਊਣ ਦੇ ਹੱਕ ਦੀ ਬਹਾਲੀ ਦਾ ਸੀ ਅਤੇ ਅਜਮੇਰ ਬਾਈ ਨੂੰ ਇਹ ਪਤਾ ਸੀ ਕਿ ਸਾਡੇ ਗੁਰੂਆਂ ਪੀਰਾਂ-ਰਹਿਨੁਮਾਵਾਂ ਦਾ ਇਹ ਸੁਪਨਾ ਕਿਸੇ ਠੋਸ ਆਰਥਿਕ-ਰਾਜਨੀਤਕ ਏਜੰਡੇ ਦੇ ਤਹਿਤ ਲੰਮੀ ਲੜਾਈ ਵਿੱਢ ਕੇ ਹੀ ਸਾਕਾਰ ਕੀਤਾ ਜਾ ਸਕਦਾ ਸੀ। ਪੰਜਾਬੀ ਕੌਮ ਦੀ ਮੁਕਤੀ ਜਾਂ ਸਿੱਖਾਂ ਲਈ ਪਾਤਸ਼ਾਹੀ ਦੀਆਂ ਗੱਲਾਂ ਤਾਂ ਉਦੋਂ ਦੂਰ-ਦੂਰ ਵੀ ਨਹੀਂ ਸਨ। ਕੌਮੀ ਤਾਂ ਕੀ, ਉਦੋਂ ਤਾਂ ਉਹ ਖਰੇ ਕੌਮਾਂਤਰੀਵਾਦੀ ਸਨ ਅਤੇ 'ਸਭੈ ਸਾਂਝੀਵਾਲ' ਵਾਲੇ ਸਿਧਾਂਤ ਨੂੰ ਪੂਰਨ ਲਗਨ ਨਾਲ ਪ੍ਰਣਾਏ ਹੋਏ ਸਨ। ਖ਼ੈਰ! ਉਹ ਪੁਰਾਣੇ ਜ਼ਮਾਨਿਆਂ ਦੀਆਂ ਗੱਲਾਂ ਹਨ, ਪਰ ਉਹ ਜ਼ਮਾਨੇ ਅਜੇ ਇੰਨੇ ਪੁਰਾਣੇ ਵੀ ਤਾਂ ਨਹੀਂ ਹੋਏ!

'ਪੰਜਾਬ ਟਾਈਮਜ਼' ਵਿਚ ਛਪ ਰਹੀ ਵਿਚਾਰ-ਚਰਚਾ ਨੂੰ ਪੜ੍ਹਨ ਵਾਲੇ ਲੋਕਾਂ ਨੂੰ ਪਤਾ ਹੈ ਕਿ ਅਜਮੇਰ ਸਿੰਘ ਨੇ ਵਿਚਾਰਧਾਰਕ ਨਜ਼ਰੀਏ ਦੇ ਪੱਖ ਤੋਂ 180 ਦਾ ਮੋੜ ਕੱਟਿਆ ਹੈ। ਅਸੀਂ ਵਾਰ-ਵਾਰ ਸਪਸ਼ਟ ਕਰ ਚੁੱਕੇ ਹਾਂ ਕਿ ਅਜਿਹਾ ਮੋੜ ਕੱਟ ਜਾਣ ਦਾ ਉਨ੍ਹਾਂ ਦਾ ਜਨਮ ਸਿੱਧ ਅਧਿਕਾਰ ਹੈ। ਜੇ ਉਨ੍ਹਾਂ ਨੇ ਵਰਤ ਲਿਆ ਕੋਈ ਇਤਰਾਜ ਨਹੀਂ ਹੈ। ਉਨ੍ਹਾਂ ਨੇ ਆਪਣੀ ਰਹਿੰਦੀ ਜ਼ਿੰਦਗੀ ਪੰਜਾਬ ਤੇ ਸਮਕਾਲੀ ਅਕਾਲੀ ਰਾਜਨੀਤੀ ਅਤੇ ਖਾਸ ਕਰਕੇ ਖਾੜਕੂ ਸਿੱਖ ਸੰਘਰਸ਼ ਦਾ ਇਤਿਹਾਸ ਲਿਖਣ ਦੇ ਲੇਖੇ ਲਾਈ ਹੋਈ ਹੈ। ਇਸ ਵਿਚ ਵੀ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ? ਸਾਡਾ ਇਤਰਾਜ਼ ਤਾਂ ਅਜਿਹਾ ਇਤਿਹਾਸ ਲਿਖਣ ਪਿੱਛੇ ਕੰਮ ਕਰਦੇ ਉਨ੍ਹਾਂ ਦੇ ਇਰਾਦਿਆਂ ਅਤੇ ਮਨੋਰਥਾਂ 'ਤੇ ਹੈ ਜਿਸ ਦਾ ਚੰਗਾ-ਮਾੜਾ ਸੰਤਾਪ ਸਾਰੇ ਪੰਜਾਬੀਆਂ ਦੀਆਂ ਨਸਲਾਂ ਨੇ ਭੁਗਤਿਆ ਹੈ ਅਤੇ ਆਉਣ ਵਾਲੀਆਂ ਨਸਲਾਂ ਨੂੰ ਹੋਰ ਵਧ ਭਿਆਨਕਤਾ ਨਾਲ ਭੁਗਤਣਾ ਪੈਣਾ ਹੈ।

ਅਜਮੇਰ ਸਿੰਘ ਨੇ ਆਪਣੀ ਤੀਸਰੀ ਕਿਤਾਬ ਵਿਚ ਵਾਪਰ ਗਈਆਂ ਘਟਨਾਵਾਂ ਨੂੰ ਅਣਚਿਤਵਿਆ ਤਾਂ ਮੰਨਿਆ ਹੀ ਹੈ ਸਗੋਂ "ਨਾ ਮੰਨਣਯੋਗ, ਨਾ ਭੁੱਲਣਯੋਗ ਅਤੇ ਨਾ ਬਖਸ਼ਣਯੋਗ" ਦੀਆਂ ਕੋਟੀਆਂ ਵਿਚ ਵੀ ਖੜ੍ਹਾ ਕੀਤਾ ਹੈ ਪਰ ਇਹ ਵਿਸ਼ੇਸ਼ਣ ਅੱਧੇ ਤੋਂ ਵੀ ਅਧੂਰੇ ਸੱਚ ਨੂੰ ਬਿਆਨ ਕਰਦੇ ਹਨ। ਉਹ ਆਪਣੀਆਂ ਪਹਿਲੀਆਂ ਦੋ ਕਿਤਾਬਾਂ ਵਿਚ ਵਾਰ-ਵਾਰ ਬਾਖੂਬੀ ਜ਼ਿਕਰ ਕਰ ਚੁੱਕੇ ਹਨ ਕਿ ਇੰਦਰਾ ਗਾਂਧੀ ਨੇ ਜਿਹੜੀ ਭੱਠੀ ਬਾਲੀ ਸੀ, ਉਸ ਦਾ ਸੇਕ ਮੱਠਾ ਨਹੀਂ ਪੈਣ ਦਿੱਤਾ ਗਿਆ; ਅਰਥਾਤ ਉਸ ਨੇ ਸਿੱਖਾਂ ਲਈ ਅਜਿਹਾ ਚੱਕਰਵਿਊ ਬੁਣ ਦਿੱਤਾ ਸੀ ਜਿਸ ਵਿਚ ਉਹ ਅਭਿਮੰਨਿਊ ਵਾਂਗ ਵੜਨ ਦਾ ਰਸਤਾ ਤਾਂ ਜਾਣਦੇ ਸਨ, ਲੇਕਿਨ ਨਿਕਲਣ ਦੀ ਜੁਗਤ ਹਾਸਲ ਨਹੀਂ ਕਰ ਸਕੇ। ਉਨ੍ਹਾਂ ਦੀਆਂ ਦਲੀਲਾਂ ਦਾ ਤੱਤ ਇਹ ਹੈ ਕਿ ਇੰਦਰਾ ਗਾਂਧੀ ਨੇ ਇਕ ਤੋਂ ਬਾਅਦ ਇਕ, ਅਜਿਹੀਆਂ ਗੋਟੀਆਂ ਖੇਡੀਆਂ ਕਿ ਨਰਮ ਤੇ ਗਰਮ ਦਲੀ ਸਿੱਖ, ਪਾਂਡਵ ਭਰਾਵਾਂ ਵਾਂਗ ਸਾਰਾ ਕੁੱਝ ਦਾਅ 'ਤੇ ਲਾਉਂਦੇ ਚਲੇ ਗਏ ਅਤੇ ਅੰਤ ਕੱਖੋਂ ਹੌਲੇ ਹੋ ਕੇ ਰਹਿ ਗਏ। ਕਾਰਨ ਇਹੀ ਸੀ ਕਿ "ਉਨ੍ਹਾਂ ਦਾ ਵਾਹ ਚਾਣਕਯ ਨੀਤੀ 'ਤੇ ਚੱਲ ਰਹੀ ਅਜਿਹੀ 'ਬ੍ਰਾਹਮਣਵਾਦੀ' ਸਟੇਟ ਨਾਲ ਪਿਆ ਸੀ ਜਿਸ ਦੀ ਆਗੂ ਇੰਦਰਾ ਗਾਂਧੀ ਦੁਆਰਾ ਅਪਨਾਇਆ ਗਿਆ ਫਿਰਕੂ ਫਾਸ਼ੀਵਾਦੀ ਪੈਂਤੜਾ ਇਕੱਲਾ ਭਾਰਤੀ ਰਾਜ ਦੇ ਹਿੱਤਾਂ ਤੇ ਲੋੜਾਂ ਨੂੰ ਹੀ ਮੁਖਾਤਬ ਨਹੀਂ ਸੀ। ਇਹ ਉਸ ਵੇਲੇ ਬਰਾਬਰ ਰੂਪ ਵਿਚ, ਇੰਦਰਾ ਗਾਂਧੀ ਨੂੰ ਨਿੱਜੀਗਤ ਪੱਧਰ 'ਤੇ ਦਰਪੇਸ਼ ਸੰਕਟ ਨੂੰ ਵੀ ਮੁਖਾਤਬ ਸੀ।" ਨਾਲ ਹੀ ਉਹ ਇਹ ਵੀ ਕਹਿੰਦੇ ਹਨ ਕਿ, "ਇੰਦਰਾ ਗਾਂਧੀ ਦੀਆਂ ਵਿਰੋਧੀ ਰਾਜਸੀ ਧਿਰਾਂ ਕਸੂਤੀ ਹਾਲਤ ਵਿਚ ਫਸੀਆਂ ਹੋਈਆਂ ਸਨ...ਉਸ ਨੇ ਵਿਰੋਧੀ ਪਾਰਟੀਆਂ ਦੀ ਹਾਲਤ ਬੇਹੱਦ ਪਤਲੀ ਤੇ ਹਾਸੋਹੀਣੀ ਬਣਾ ਕੇ ਰੱਖ ਦਿੱਤੀ ਹੋਈ ਸੀ।" (ਪੰਨਾ-95)



*ਉਮਰ ਕੈਦ ਕੱਟਣ ਪਿਛੋਂ ਨਛੱਤਰ ਸਿੰਘ ਰੋਡੇ (ਖੱਬੇ) ਆਪਣੇ ਖੇਤਾਂ ਵਿਚ*

ਸਾਡੀ ਰਾਏ ਅਨੁਸਾਰ ਇਹ ਗੁੰਝਲਦਾਰ ਮਸਲੇ ਦੀ ਬਹੁਤ ਹੀ ਸਿੱਧੜ ਅਤੇ ਸਤਹੀ ਪੇਸ਼ਕਾਰੀ ਹੈ। ਸਾਲ 1977-80 ਦੌਰਾਨ ਜਨਤਾ ਪਾਰਟੀ ਮਾਰਕਾ ਸਤਨਾਜ਼ੇ ਦੇ ਬੁਰੀ ਤਰ੍ਹਾਂ ਖਿੰਡ ਜਾਣ ਕਰਕੇ ਵਿਰੋਧੀ ਪਾਰਟੀਆਂ ਵਿਚ ਕਾਂਗਰਸ ਨੂੰ ਟੱਕਰ ਦੇਣ ਦਾ ਤੰਤ ਹੀ ਨਹੀਂ ਸੀ ਬਚਿਆ। ਉਹ ਜਿਸ ਸ਼ਾਨੋ-ਸ਼ੌਕਤ ਨਾਲ ਦੁਬਾਰਾ ਸੱਤਾ ਵਿਚ ਆਈ ਸੀ, ਨੇੜ ਭਵਿੱਖ ਵਿਚ ਉਸ ਨੂੰ ਕਿਸੇ ਸਿਆਸੀ ਚੁਣੌਤੀ ਦਾ ਕੋਈ ਜ਼ਾਹਰਾ ਖਤਰਾ ਨਹੀਂ ਸੀ। ਦੇਸ਼ ਪੱਧਰ 'ਤੇ ਉਦੋਂ ਕੋਈ ਬੱਝਵੀਂ ਖਾੜਕੂ ਲਹਿਰ ਵੀ ਨਹੀਂ ਸੀ ਚੱਲ ਰਹੀ ਕਿ ਇੰਦਰਾ ਗਾਂਧੀ ਨੂੰ ਫਾਸ਼ੀਵਾਦੀ ਕਦਮ ਚੁੱਕਣੇ ਪੈਂਦੇ ਜਾਂ ਨਵੇਂ ਕਾਲੇ ਕਾਨੂੰਨ ਬਣਾਉਣ ਦੀ ਲੋੜ ਪੈਂਦੀ। ਆਰਥਿਕ ਮੋਰਚੇ 'ਤੇ ਹਾਲਤ ਜ਼ਰੂਰ ਪਤਲੀ ਸੀ ਜਿਸ ਨੂੰ ਉਸ ਨੇ ਕੌਮਾਂਤਰੀ ਮੁਦਰਾ ਕੋਸ਼ ਕੋਲੋਂ ਪੰਜ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੁੱਕ ਕੇ ਅਤੇ ਰੁਪਏ ਦੀ ਕਦਰ ਘਟਾਈ ਕਰਕੇ ਕਿਸੇ ਨਾ ਕਿਸੇ ਤਰ੍ਹਾਂ ਕਾਬੂ ਹੇਠ ਕਰ ਲਿਆ ਸੀ। ਉਸ ਦਾ ਸਿੱਖੇਬੰਦ 'ਕੌਮਾਂਤਰੀ ਦੋਸਤ' ਅਖੌਤੀ ਸਮਾਜਵਾਦੀ ਸੋਵੀਅਤ ਰੂਸ ਅਫਗਾਨਿਸਤਾਨ ਉਤੇ ਹਮਲਾ ਕਰਕੇ ਬੁਰੀ ਤਰ੍ਹਾਂ ਘਿਰ ਚੁੱਕਿਆ ਸੀ ਅਤੇ ਉਹ ਦੋਵਾਂ ਮਹਾਂਸ਼ਕਤੀਆਂ ਦੇ ਵਿਰੋਧ ਦਾ ਲਾਹਾ ਲੈ ਕੇ ਹਰ ਪੱਖ ਤੋਂ ਭਾਰਤੀ ਸਰਮਾਏਦਾਰੀ ਲਈ ਸੌਦੇਬਾਜ਼ੀ ਕਰਨ ਦੀ ਸਮਰੱਥਾ ਵਿਚ ਵੀ ਸੀ। ਇਸ ਹਾਲਤ ਵਿਚ ਉਸ ਨੂੰ ਰਵਾਇਤੀ ਕਮਿਊਨਿਸਟ ਪਾਰਟੀਆਂ ਦੇ ਕਿਸੇ ਅੰਦੋਲਨ ਦਾ ਵੀ ਧੁੜਕੂ ਨਹੀਂ ਸੀ। ਉਹ ਤਾਂ ਸਗੋਂ ਇੰਦਰਾ ਦੀ ਵਿਦੇਸ਼ ਨੀਤੀ ਦੇ ਵੱਡੇ ਢਾਡੀ ਬਣੇ ਹੋਏ ਸਨ।

ਇਸੇ ਦੌਰ ਵਿਚ ਸੋਵੀਅਤ ਰੂਸ ਦਿਨੋਂ ਦਿਨ ਕਮਜ਼ੋਰ ਹੋ ਰਿਹਾ ਸੀ ਅਤੇ ਬਦਲਵੇਂ ਪੈਂਤੜੇ ਦੇ ਤੌਰ 'ਤੇ ਭਾਰਤੀ ਸਟੇਟ ਦੀ ਘਰੋਗੀ ਅਤੇ ਵਿਦੇਸ਼ ਨੀਤੀ ਅਮਰੀਕਾ ਦੇ ਪੱਖ ਵਿਚ ਝੁੱਕਣ ਲੱਗ ਪਈ ਸੀ; ਲੇਕਿਨ ਭਾਰਤ ਦੀ ਵਿਦੇਸ਼ ਨੀਤੀ ਮੋਟੇ ਤੌਰ 'ਤੇ ਬਾਜ਼ੀਗਰੀ ਰੱਸੀ 'ਤੇ ਚੱਲ ਰਹੀ ਸੀ। ਕਹਿਣ ਦਾ ਮਤਲਬ ਹੈ ਕਿ ਅੰਦਰੂਨੀ ਅਤੇ ਬਹਿਰੂਨੀ ਮੋਰਚੇ 'ਤੇ ਭਾਰਤੀ ਸਟੇਟ ਖਾਸ ਕਰਕੇ ਇੰਦਰਾ ਗਾਂਧੀ ਦੇ ਨਿੱਜਤਵ ਨੂੰ ਕੋਈ ਵੱਡਾ ਖਤਰਾ ਨਹੀਂ ਸੀ। ਇਸ ਲਈ ਅਜਮੇਰ ਸਿੰਘ ਵਲੋਂ ਅਸੂਤੋਸ ਵਰਸਨੇ ਦੇ ਹਵਾਲੇ ਨਾਲ ਇਹ ਕਹਿਣਾ ਕਿ "ਪੱਲੇ ਪਈਆਂ ਮਾਯੂਸੀਆਂ, ਅਸਫਲਤਾਵਾਂ ਅਤੇ ਨਿਰਾਸ਼ਤਾਵਾਂ ਨੇ ਹਿੰਦੂ ਵਰਗ ਅੰਦਰ 'ਕਿਸੇ ਅਦਿਖ ਖਤਰੇ ਦਾ ਖੌਫ਼' ਪੈਦਾ ਕਰ ਦਿੱਤਾ ਸੀ" ਜਾਂ ਹਾਕਮਾਂ ਤੇ ਪਰਜਾ ਦੀ ਖਤਰੇ ਬਾਰੇ ਧਾਰਨਾ ਜਦੋਂ ਸਾਂਝੀ ਹੋ ਜਾਂਦੀ ਹੈ ਤਾਂ ਉਨ੍ਹਾਂ ਦੇ ਪੈਂਤੜਿਆਂ ਤੇ ਪ੍ਰਤੀਕਰਮ ਵਿਚ ਇਕਸੁਰਤਾ ਆ ਜਾਂਦੀ ਹੈ। ਆਪਣੀ ਵਿਸ਼ੇਸ਼ ਮਨੋਵਿਗਿਆਨਕ ਲੋੜ ਵਿਚੋ ਇੰਦਰਾ ਗਾਂਧੀ ਨੇ 'ਤਕੜੀ ਕਾਰਵਾਈ' ਕਰਨ ਲਈ ਸਿੱਖਾਂ ਨੂੰ ਚੋਟ-ਨਿਸ਼ਾਨਾ ਬਣਾਉਣ ਦੀ ਚੋਣ ਕੀਤੀ। (ਪੰਨਾ-99) ਇਹ ਦਾਰਸ਼ਨਿਕ ਵਿਸ਼ਲੇਸ਼ਣ ਪੜ੍ਹਨ-ਸੁਣਨ ਨੂੰ ਤਾਂ ਚੰਗਾ ਲੱਗ ਸਕਦਾ ਹੈ ਲੇਕਿਨ ਇਹ ਤੱਥਾਂ ਨਾਲ ਬਹੁਤਾ ਮੇਲ ਨਹੀਂ ਖਾਂਦਾ। ਉਸ ਨੇ ਇਕੱਲੀ ਅਕਾਲੀ ਸਰਕਾਰ ਹੀ ਨਹੀਂ ਸੀ ਤੋੜੀ ਸਗੋਂ ਵਿਰੋਧੀ ਦਲਾਂ ਦੀਆਂ ਦਰਜਨਾਂ ਹੀ ਸਰਕਾਰਾਂ ਤੋੜ ਦਿੱਤੀਆਂ ਸਨ। ਇਸ ਲਈ ਇਸ ਨੂੰ ਸਿੱਖਾਂ ਪ੍ਰਤੀ ਵਿਸ਼ੇਸ਼ ਦਰੈਂਤ ਕਹਿਣਾ ਵੀ ਬਹੁਤਾ ਉਚਤ ਨਹੀਂ ਜਾਪਦਾ।

ਦੇਖਿਆ ਜਾਵੇ ਤਾਂ 13 ਅਪ੍ਰੈਲ 1978 ਨੂੰ ਟਕਸਾਲੀ ਸਿੱਖਾਂ ਅਤੇ ਨਿਰੰਕਾਰੀਆਂ ਵਿਚਾਲੇ ਵਾਪਰੇ ਖੂਨੀ ਕਾਂਡ ਅਤੇ 3-6 ਜੂਨ 1984 ਨੂੰ ਹੋਏ ਦਰਬਾਰ ਸਾਹਿਬ ਉਪਰ ਫੌਜੀ ਹਮਲੇ ਵਿਚਕਾਰ ਕਰੀਬ ਸਵਾ ਛੇ ਸਾਲ ਦੀ ਵਿੱਥ ਹੈ। ਲੇਖਕ ਦੀ ਤਾਜ਼ਾ ਸਮਝ ਅਨੁਸਾਰ ਸੰਤ ਭਿੰਡਰਾਂਵਾਲੇ ਨੇ ਹਿੰਦੂ ਹਾਕਮਾਂ ਦੀਆਂ ਸਾਰੀਆਂ 'ਕਰਤੂਤਾਂ ਅਗਾਊਂ ਹੀ ਸਮਝ ਲਈਆਂ ਸਨ ਅਤੇ ਉਨ੍ਹਾਂ ਦੀ ਸਾਰੀ ਮੰਚ-ਕਲਾ ਬਿਖੇਰ ਕੇ ਰੱਖ ਦਿੱਤੀ ਸੀ।' ਫੇਰ ਵੀ ਗਰਮਦਲੀ ਅਤੇ ਨਰਮਦਲੀ, ਦੋਵੇਂ ਤਰ੍ਹਾਂ ਦੇ ਸਿੱਖ ਕਥਿਤ ਹਿੰਦੂ ਹਾਕਮਾਂ ਦੀ ਇੰਨੇ ਲੰਬੇ ਸਮੇਂ ਦੀ ਰਣਨੀਤੀ ਤੇ ਦਾਅਪੇਚਾਂ ਨੂੰ ਹੀ ਸਮਝਣ ਵਿਚ ਖਤਾ ਖਾਣ ਦਾ ਸਰਾਪ ਹੰਢਾਉਂਦੇ ਰਹੇ। ਸੰਤ ਜਰਨੈਲ ਸਿੰਘ ਨੂੰ ਹੋਈ "ਦਿੱਭ ਦ੍ਰਿਸ਼ਟੀ" ਵਾਲੀ ਧਾਰਨਾ ਉਸਤਤ ਕਰਨ ਲਈ ਤਾਂ ਠੀਕ ਹੈ ਲੇਕਿਨ ਇਹ ਤੱਥਾਂ ਨਾਲ ਮੇਲ ਨਹੀਂ ਖਾਂਦੀ। ਉਨ੍ਹਾਂ ਲਈ "ਹਿੰਦੂ ਸਟੇਟ" ਦੇ ਵਿਛਾਏ ਚੱਕਰਵਿਊ ਵਿਚ ਫਸਣ ਤੋਂ ਟਾਲਾ ਵੱਟਣ ਜਾਂ ਜੇਕਰ ਉਸ ਅੰਦਰ ਵੜ ਹੀ ਗਏ ਸਨ, ਫੇਰ ਨਿਕਲਣ ਦੀ ਕੋਈ ਨਾ ਕੋਈ ਸਬੀਲ ਸੋਚਣੀ ਬਣਦੀ ਸੀ, ਜਦੋਂਕਿ ਉਨ੍ਹਾਂ ਅੱਗੇ ਗੁਰੂ ਹਰਗੋਬਿੰਦ, ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ ਅਤੇ ਸਿੱਖ ਮਿਸਲਾਂ ਦੀਆਂ ਰਣਨੀਤਕ ਤੇ ਦਾਅਪੇਚਕ ਜੁਗਤਾਂ ਅਤੇ ਤਾਜ਼ਾ ਇਤਿਹਾਸ ਵਿਚ 1922 ਦੀ ਚੌਰਾ ਚੌਰੀ ਦੀ ਮਹਾਤਮਾ ਗਾਂਧੀ ਨੂੰ ਦਰਪੇਸ਼ ਆਈ ਜਗਤ ਪ੍ਰਸਿੱਧ ਘਟਨਾ ਦਾ ਅਮਲੀ ਤਜਰਬਾ ਪਿਆ ਸੀ। ਉਸ ਅੰਦੋਲਨ ਨਾਲ ਮਹਾਤਮਾ ਗਾਂਧੀ ਨੇ ਸਮੁੱਚੇ ਭਾਰਤ ਦੇ ਲੋਕਾਂ ਨੂੰ ਭਾਵਨਾਤਮਕ ਤੌਰ 'ਤੇ ਇਕ ਲੜੀ ਵਿਚ ਪਰੋਏ ਹੋਣ ਦਾ ਅਹਿਸਾਸ ਵੀ ਕਰਵਾ ਦਿੱਤਾ ਸੀ ਅਤੇ ਫਿਰ ਆਪਣੀ ਤਾਕਤ ਵੇਖਦਿਆਂ ਅਤੇ ਵਕਤ ਵਿਚਾਰਦਿਆਂ ਬੇਕਾਬੂ ਹੋ ਰਹੀ ਹਿੰਸਾ ਦੇ ਬਹਾਨੇ ਅੰਦੋਲਨ ਨੂੰ ਵਾਪਸ ਵੀ ਲੈ ਲਿਆ ਸੀ। ਧਰਮ ਯੁੱਧ ਮੋਰਚੇ ਦੇ ਸੰਚਾਲਕਾਂ ਦੇ ਬੋਝਿਆਂ ਵਿਚ ਰਕਾਬਗੰਜ, ਅਕਾਲੀ ਮੋਰਚਿਆਂ ਅਤੇ ਗੰਗਸਰ ਜੈਤੋ ਦੇ ਅਮਨਮਈ ਮੋਰਚਿਆਂ ਦੇ ਆਪਣੇ ਅਤੇ ਬੱਬਰ ਅਕਾਲੀਆਂ ਦੇ ਹਿੰਸਕ ਅੰਦੋਲਨਾਂ ਦੇ ਇਤਿਹਾਸ ਭਰੇ ਪਏ ਸਨ। ਬੇਲੋੜੀ ਹਿੰਸਾ ਤੋਂ ਬਚ ਬਚਾ ਕੇ ਸਾਵਧਾਨੀ ਨਾਲ ਚੱਲਣ ਦੀ ਬਥੇਰੀ ਗੁੰਜਾਇਸ਼ ਮੌਜੂਦ ਸੀ।

ਨਕਲੀ ਕਹੇ ਜਾਂਦੇ ਨਿਰੰਕਾਰੀ ਬਾਬੇ ਗੁਰਬਚਨ ਸਿੰਘ ਨੂੰ 24 ਅਪਰੈਲ 1980 ਨੂੰ ਅਤੇ ਫੇਰ 9 ਸਤੰਬਰ 1981 ਨੂੰ ਹਿੰਦੂਆਂ ਵਿਸ਼ੇਸ਼ ਕਰਕੇ ਆਰੀਆ ਸਮਾਜੀਆਂ ਤੇ ਸੰਘੀਆਂ-ਦੋਹਾਂ ਦੇ ਹੀ "ਭੀਸ਼ਮ ਪਿਤਾਮਾ" ਸਮਝੇ ਜਾਂਦੇ ਲਾਲਾ ਜਗਤ ਨਰਾਇਣ ਨੂੰ ਕਤਲ ਕਰ ਦਿੱਤਾ ਗਿਆ ਸੀ; ਲੇਕਿਨ ਕੀ ਅਜਿਹਾ ਕਰਨਾ ਜਾਂ ਕਰਾਉਣਾ ਅਤੇ ਉਨ੍ਹਾਂ ਦੇ ਕਥਿਤ ਕਾਤਲਾਂ ਨੂੰ ਸੋਨੇ ਨਾਲ ਤੋਲ ਦੇਣ ਵਰਗੇ ਬਿਆਨ ਦੇਣੇ ਜਾਇਜ਼ ਸਨ? ਜਾਪਦਾ ਹੈ ਕਿ ਸਾਡੇ ਮੌਜੂਦਾ ਦੌਰ ਦੇ ਸਿੱਖਾਂ ਅੰਦਰ ਗਿਆਨੀ ਦਿੱਤ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਅਤੇ ਪ੍ਰੋ. ਗੁਰਮੁਖ ਸਿੰਘ ਵਰਗਾ ਇਕ ਵੀ ਬੁੱਧੀਜੀਵੀ, ਕੋਈ ਕਰਤਾਰੀ ਸੰਤ ਨਹੀਂ ਬਚਿਆ ਸੀ ਜਿਹੜਾ ਨਿਰੰਕਾਰੀਆਂ, ਖੁੰਭਾਂ ਵਾਂਗ ਉਠ ਰਹੇ ਡੇਰਾਵਾਦੀਆਂ ਅਤੇ ਸਿੱਖਾਂ ਵਿਰੁਧ ਅਖੌਤੀ ਜ਼ਹਿਰ ਫੈਲਾ ਰਹੀ ਮਹਾਸ਼ਾ ਪ੍ਰੈਸ ਦਾ ਦਲੀਲ ਨਾਲ ਜਵਾਬ ਦੇ ਸਕਦਾ ਹੋਵੇ। ਕਹਿਣ ਨੂੰ ਤਾਂ ਅਸੀਂ ਬਾਬੇ ਨਾਨਕ ਦੀ 'ਸਿਧ ਗੋਸਟਿ' ਵਾਲੀ ਪਰੰਪਰਾ ਦੇ ਅਨੁਯਾਈ ਹਾਂ, ਲੇਕਿਨ ਸੋਚਣਾ ਬਣਦਾ ਹੈ ਕਿ ਅਸੀਂ ਕਿਤੇ ਵਿਰੋਧੀ ਦਾ ਮੂੰਹ ਬੰਦੂਕ ਨਾਲ ਬੰਦ ਕਰਨ ਦੀ ਨੀਤੀ ਵਿਚ ਤਾਂ ਯਕੀਨ ਨਹੀਂ ਰੱਖਣ ਲੱਗ ਪਏ ਸੀ? ਇਹ ਸਾਰਾ ਕੁੱਝ ਸਿੱਖੀ ਸਪਿਰਟ ਦੇ ਅਨੁਕੂਲ ਨਹੀਂ ਜਾਪਦਾ। ਅਜਮੇਰ ਸਿੰਘ ਖੁਦ ਮੰਨਦਾ ਹੈ ਕਿ, "ਸਿੱਖ ਭਾਈਚਾਰੇ ਦੇ ਸਾਹਮਣੇ ਸਮੱਸਿਆ ਉਨੀ ਜਿਸਮਾਨੀ ਖਾਤਮੇ ਦੀ ਨਹੀਂ ਹੈ...ਜਿਸ ਤਰ੍ਹਾਂ ਯਹੂਦੀ ਭਾਈਚਾਰੇ ਸਾਹਮਣੇ ਸੀ, ਜਾਂ ਸੰਸਾਰ ਅੰਦਰ ਹੋਰ ਘੱਟ ਗਿਣਤੀ ਭਾਈਚਾਰਿਆਂ ਦੇ ਸਾਹਮਣੇ ਹੈ...ਜਿੰਨੀ ਸਭਿਆਚਾਰਕ ਰਲੇਵੇਂ ਦੀ ਹੈ।" (ਪੰਨਾ-330) ਤਾਂ ਮਤਲਬ ਸਾਫ ਹੈ ਕਿ "ਬ੍ਰਾਹਮਣਵਾਦੀ ਹਿੰਦੂ ਭਾਰਤੀ ਸਟੇਟ" ਸਿੱਖਾਂ ਨੂੰ ਕਤਈ ਤੌਰ 'ਤੇ ਵੀ ਜਿਸਮਾਨੀ ਤੌਰ 'ਤੇ ਖਤਮ ਕਰਨਾ ਨਹੀਂ ਚਾਹੁੰਦੀ; ਲੇਕਿਨ ਸਾਡੇ ਖਾੜਕੂ ਸਿੰਘ ਬੱਸਾਂ ਅਤੇ ਰੇਲਗੱਡੀਆਂ ਵਿਚੋਂ ਬੇਗੁਨਾਹ ਹਿੰਦੂਆਂ ਨੂੰ ਕਤਲ ਕਰਨ ਦੀ 'ਯੁੱਧਮੱਤ' ਨੂੰ ਕਾਸ ਤੋਂ ਲਾਗੂ ਕਰਦੇ ਰਹੇ? ਸੰਤਾਂ ਨੂੰ 5 ਅਕਤੂਬਰ 1983 ਨੂੰ ਵਾਪਰੀ ਬੇਗੁਨਾਹ ਹਿੰਦੂਆਂ ਦੇ ਕਤਲਾਂ ਦੀ ਪਹਿਲੀ ਵੱਡੀ ਘਟਨਾ ਦੀ ਜੈ-ਜੈਕਾਰ ਕਰਨ ਦੀ ਕੀ ਲੋੜ ਪੈ ਗਈ ਸੀ?

ਅਜਮੇਰ ਸਿੰਘ ਅੱਜਕੱਲ ਜਿਸ 'ਯੁੱਧਮੱਤ' ਦੀ ਵਕਾਲਤ ਕਰ ਰਹੇ ਹਨ, ਕਿਸੇ ਵੇਲੇ ਉਹ ਇਸ ਲੀਹ ਦੇ ਕੱਟੜ ਵਿਰੋਧੀ ਹੁੰਦੇ ਸਨ। ਸ਼ਾਇਦ ਉਦੋਂ ਉਹ ਅਜੇ ਵੀ ਕਾਮਰੇਡ ਸਨ ਪਰ ਲੱਗਦਾ ਹੈ ਕਿ ਉਹ ਆਪਣੀਆਂ ਹੀ ਲਿਖਤਾਂ ਨੂੰ ਬਹੁਤ ਛੇਤੀ ਭੁੱਲ ਜਾਂਦੇ ਹਨ। ਆਪਾਂ ਪਾਠਕਾਂ ਸਾਹਮਣੇ ਉਨ੍ਹਾਂ ਦੀ ਸਿਰਫ਼ ਵੀਹ ਸਾਲ ਪਹਿਲਾਂ ਲਿਖੀ ਇਕ 'ਕੇਂਦਰੀ' ਲਿਖਤ ਦੇ ਚੋਣਵੇਂ ਹਿੱਸੇ ਪੇਸ਼ ਕਰਨ ਦੀ ਆਗਿਆ ਚਾਹਾਂਗੇ। ਉਨ੍ਹਾਂ ਨੇ 9 ਫਰਵਰੀ 1991 ਨੂੰ ਲਿਖੇ ਲੇਖ ਵਿਚ ਬਿਆਨ ਕੀਤਾ ਸੀ:

1. "ਜਦ ਵੀ ਨਿਹੱਥੇ ਤੇ ਨਿਰਦੋਸ਼ ਹਿੰਦੂਆਂ ਦਾ ਕਤਲੇਆਮ ਹੁੰਦਾ ਹੈ ਤਾਂ ਇਸ ਨਾਲ ਸਮੁੱਚੇ ਸਿੱਖ ਭਾਈਚਾਰੇ ਨੂੰ ਅੰਤਾਂ ਦੀ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਵਹਿਸ਼ੀ ਕਤਲੇਆਮ ਨੂੰ ਸਿੱਖੀ ਅਸੂਲਾਂ ਤੇ ਵਿਰਸੇ ਮੁਤਾਬਕ ਜਾਇਜ਼ ਠਹਿਰਾਉਣਾ ਉਕਾ ਹੀ ਨਾਮੁਮਕਿਨ ਹੁੰਦਾ ਹੈ। ਇਸ ਲਈ ਅਕਸਰ ਅਜਿਹਾ ਕਾਰਾ ਕਰਨ ਵਾਲੇ ਖਾੜਕੂਆਂ ਨੂੰ ਵੀ ਕਚਿਆਈ ਤੇ ਝੂਠ ਦਾ ਸਹਾਰਾ ਲੈਣਾ ਪੈਂਦਾ ਹੈ। ਕਦੇ ਇਸ ਨੂੰ ਸਰਕਾਰੀ ਏਜੰਸੀਆਂ ਦੇ ਨਾਂ ਲਾਉਣਾ ਪੈਂਦਾ ਹੈ, ਤੇ ਕਦੇ 'ਕਾਲੀਆਂ ਬਿੱਲੀਆਂ' ਦੇ ਖਾਤੇ 'ਚ ਪਾਉਣਾ ਪੈਂਦਾ ਹੈ। ਗੱਲ ਕੀ, ਕੋਈ ਵੀ ਸਿੱਖ ਅਜਿਹੇ ਕਤਲਾਂ ਦੀ ਹਿੱਕ ਠੋਕਵੀਂ ਵਕਾਲਤ ਨਹੀਂ ਕਰ ਸਕਦਾ।

2. ਨਿਰਦੋਸ਼ ਹਿੰਦੂਆਂ ਦੇ ਕਤਲਾਂ ਪਿਛੇ ਕੰਮ ਕਰਦੀ ਆਮ ਧਾਰਨਾ ਤੇ ਮੰਤਵ ਇਹ ਹੈ ਕਿ ਸਿੱਖਾਂ ਨਾਲ ਹੋਈ ਤੇ ਹੋ ਰਹੀ ਹਰ ਵਧੀਕੀ ਤੇ ਬੇਇਨਸਾਫੀ ਲਈ ਸਮੁੱਚਾ ਹਿੰਦੂ ਵਰਗ ਹੀ ਦੋਸ਼ੀ ਹੈ, ਜਿਸ ਕਰਕੇ ਕਿਸੇ ਵੀ ਹਿੰਦੂ ਨੂੰ ਨਿਰਦੋਸ਼ ਕਹਿਣਾ ਗਲਤ ਹੈ...ਇਹ ਨਿਰੋਲ ਸਿੱਖ ਵਸੋਂ ਵਾਲੇ ਖਾਲਿਸਤਾਨੀ ਰਾਜ ਦੀ ਕਾਇਮੀ ਲਈ ਰਾਹ ਪੱਧਰਾ ਕਰਨਾ ਹੈ।

3. ਅਜਿਹੇ ਕਤਲਾਂ ਪਿੱਛੇ ਕੰਮ ਕਰਦੀ ਗੁੰਮਰਾਹੂ ਦਲੀਲ ਇਹ ਹੈ ਕਿ ਅਜਿਹਾ ਕਰਨ ਨਾਲ ਭਾਰਤ ਸਰਕਾਰ ਧੁਰ ਦਿੱਲੀ ਤੱਕ ਹਿਲ ਜਾਂਦੀ ਹੈ ਅਤੇ ਉਸ ਅੰਦਰ ਮਰੋੜੇ ਖਾ ਰਹੇ ਤਸ਼ੱਦਦ-ਵਲ ਨੂੰ ਲਗਾਮ ਪੈਂਦੀ ਹੈ। ਜੱਗ ਜਹਾਨ

ਦੀਆਂ ਨਜ਼ਰਾਂ 'ਚ ਕਾਣੇ ਬਣ ਕੇ ਜੇ ਨਿਹੱਥੇ ਤੇ ਨਿਰਦੋਸ਼ ਹਿੰਦੂਆਂ ਅੰਦਰ ਸਹਿਮ ਪੈਦਾ ਕਰ ਵੀ ਲਿਆ ਜਾਵੇ ਤਾਂ ਇਸ ਨਾਲੋਂ ਘਾਟੇ ਵਾਲਾ ਸੌਦਾ ਹੋਰ ਕੋਈ ਨਹੀਂ ਹੋਣਾ।

4. ਨਿਰਦੋਸ਼ ਹਿੰਦੂਆਂ ਦੇ ਕਤਲ ਖਾਲਿਸਤਾਨੀ ਲਹਿਰ ਦਾ ਸਭ ਤੋਂ ਕਮਜ਼ੋਰ ਨੁਕਤਾ ਬਣਿਆ ਆ ਰਿਹਾ ਹੈ। ਸਿਧਾਂਤਕ ਪੱਖੋਂ ਵੀ ਤੇ ਨੈਤਿਕ ਪੱਖੋਂ ਵੀ ਇਹ 'ਮੁਕੱਦਮਾ' ਐਨਾ ਕਮਜ਼ੋਰ ਹੈ ਕਿ ਸਿੱਖ ਭਾਈਚਾਰੇ ਅੰਦਰੋਂ ਕੋਈ ਵੀ ਵਿਦਵਾਨ ਜਾਂ 'ਵਕੀਲ' ਇਸ ਦੀ ਪੈਰਵਾਈ ਨਹੀਂ ਕਰ ਸਕਿਆ।" (ਸਰੋਤ:ਅਜਮੇਰ ਸਿੰਘ ਦੀ ਲਿਖਤ 'ਖਾੜਕੂ ਸਿੱਖ ਸੰਘਰਸ਼', ਪੰਨਾ-112-113) ਪਾਠਕਾਂ ਨੂੰ ਬੇਨਤੀ ਹੈ ਕਿ ਉਹ ਲੇਖਕ ਦੀ ਸਭ ਤੋਂ ਪਹਿਲੀ ਕਿਤਾਬ ਦੇ ਪੰਨਾ 447 ਤੋਂ 450 ਨੂੰ ਜਾਂ ਮੇਰੀ ਦੂਜੀ ਟਿੱਪਣੀ ਦੇ ਉਪ ਸਿਰਲੇਖ 'ਹਿੰਦੂਆਂ ਦੇ ਕਤਲਾਂ ਦੀ ਪੈਰਵਾਈ' ਨੂੰ ਪੜ੍ਹਨ ਦੀ ਖੇਚਲ ਕਰਨ।

ਅਸਲ ਵਿਚ ਲੇਖਕ ਲਈ ਮਸਲਾ ਕਿਤੇ ਹੋਰ ਪਿਆ ਹੈ, ਉਹ ਹੈ ਸਿੱਖਾਂ ਨੂੰ ਵੱਖਰੀ ਕੌਮ ਸਿੱਧ ਕਰਨ ਦਾ ਨਵਾਂ-ਨਵਾਂ ਉਠਿਆ ਸਿਧਾਂਤਕ-ਮਰੋੜ ਅਤੇ ਫੇਰ ਇਹਦੇ ਲਈ ਹਿੰਦੂ ਭਾਈਚਾਰੇ ਦਾ ਪੰਜਾਬ ਵਿਚ ਵਧਾਂਗਾਂ ਕਰਵਾ ਕੇ, ਸਿਆਸੀ ਆਧਾਰ 'ਤੇ ਵੱਖਰੇ ਰਾਜ ਦੀ ਮੰਗ ਕਰਨਾ, ਜਿਹੜਾ ਅਨੇਕਾਂ ਕੌਮੀਅਤਾਂ, ਧਰਮਾਂ, ਨਸਲਾਂ ਅਤੇ ਜਾਤਾਂ ਵਾਲੇ ਭਾਰਤ ਵਿਚ ਸ਼ਾਇਦ ਸੰਭਵ ਨਹੀਂ ਹੈ। ਦਿੱਲੀ ਦੀ ਗੱਦੀ 'ਤੇ ਭਾਵੇਂ ਇੰਦਰਾ ਗਾਂਧੀ ਬੈਠੀ ਹੋਵੇ, ਭਾਵੇਂ ਮਨਮੋਹਨ ਸਿੰਘ ਵਰਗਾ 'ਚਕਰੈਲ' ਸਿੰਘ ਬੈਠਾ ਹੋਵੇ ਜਾਂ ਪ੍ਰਕਾਸ਼ ਸਿੰਘ ਬਾਦਲ ਵਰਗੇ 'ਮਿਲਵਰਤਨੀਏ' ਸਿੱਖ ਨੂੰ ਬਿਠਾ ਦੇਈਏ; ਸਿੱਖਾਂ ਲਈ ਨਿਆਰਾ ਦੇਸ਼ ਕਾਲ ਸਿਰਜ ਸਕਣਾ ਸ਼ਕਤੀਸ਼ਾਲੀ ਬਹੁਕੌਮੀ ਕਾਰਪੋਰੇਸ਼ਨਾਂ ਦੇ ਪੂਰਨ ਗਲਬੇ ਵਾਲੇ ਅੱਜ ਦੇ ਦੌਰ ਵਿਚ ਡਾਢਾ ਔਖਾ ਕਾਰਜ ਹੈ। ਜੇ 1947 ਵਿਚ, ਜਦੋਂ ਸਿੱਧੀਆਂ ਬਸਤੀਆਂ ਦੇ ਦੌਰ ਵਿਚ ਬਰਤਾਨਵੀ ਸਾਮਰਾਜੀਆਂ ਦਾ ਫੌਜ ਅੰਦਰਲਾ ਹਿੱਸਾ ਸਿੱਖਾਂ ਲਈ ਨਰਮ-ਗੋਸ਼ਾ ਰੱਖਦਾ ਸੀ, ਸਿੱਖਾਂ ਲਈ ਵੱਖਰੀ ਸਟੇਟ ਨਹੀਂ ਬਣ ਸਕੀ ਤਾਂ ਹੁਣ ਤਾਂ ਅਰਧ-ਬਸਤੀਆਂ ਜਾਂ ਨਵਬਸਤੀਆਂ ਦੇ ਸਮਿਆਂ ਵਿਚ, ਜੇ ਉਕਾ ਹੀ ਅਸੰਭਵ ਨਹੀਂ ਤਾਂ ਅਤਿ ਦਾ ਕਠਿਨ ਕਾਰਜ ਜ਼ਰੂਰ ਹੈ। 'ਬ੍ਰਾਹਮਣਵਾਦੀ ਸਟੇਟ' ਨੇ 1984 ਦੀਆਂ ਘਟਨਾਵਾਂ ਤੋਂ ਖੁਦ ਹੀ ਸਬਕ ਲੈ ਕੇ ਠੋਸ ਪੇਸ਼ਬੰਦੀਆਂ ਕਰ ਲਈਆਂ ਹੋਈਆਂ ਹਨ। ਲੇਖਕ ਦਾ ਇਹ ਤਰਕ ਵੀ ਦਰੁਸਤ ਨਹੀਂ ਜਾਪਦਾ ਕਿ "ਸਰਬ ਸਾਂਝੀ ਅਤੇ ਪੂਰੀ ਤਰ੍ਹਾਂ ਇਕ ਜੁਟ ਤੇ ਇਕ ਦੇਹ ਭਾਰਤੀ ਕੌਮ ਸਿਰਜਣ ਦੀ ਬਲੀ-ਵੇਦੀ 'ਤੇ ਦੇਸ਼ ਦੇ ਕਿਸੇ ਘੱਟਗਿਣਤੀ ਭਾਈਚਾਰੇ ਦੇ ਖੂਨ ਦੀ ਬਲੀ ਚੜ੍ਹਾਉਣੀ ਪੈਣੀ ਸੀ...ਭਾਰਤ ਦੇ ਕਿਸੇ ਵੀ ਹੋਰ ਘੱਟ ਗਿਣਤੀ ਵਰਗ ਨਾਲੋਂ ਵੱਧ ਇਹ ਖੂਨ ਸਿੱਖਾਂ ਦਾ ਹੀ ਹੋ ਸਕਦਾ ਸੀ।" (ਪੰਨਾ-341)

ਉਪਰੋਕਤ ਦਲੀਲ ਨੂੰ ਡੂੰਘਾਈ ਵਿਚ ਵਾਚਣ ਦੀ ਲੋੜ ਹੈ, ਲੇਕਿਨ ਇਸ ਤੋਂ ਪਹਿਲਾਂ ਅਜਮੇਰ ਸਿੰਘ ਦੀ ਇਸ ਮਨੌਤ ਦਾ (ਜਿਸ ਦਾ ਹੁਣ ਉਨ੍ਹਾਂ ਨੇ ਹੁਣ ਸਿਧਾਂਤੀਕਰਨ ਕਰ ਦਿੱਤਾ ਹੈ) ਕਿ ਭਾਰਤੀ ਰਾਜ ਤੱਤ ਰੂਪ ਵਿਚ ਹਿੰਦੂ ਰਾਜ ਹੈ, ਦੀ ਪੜਚੋਲ ਕਰਨੀ ਚਾਹਾਂਗੇ। ਅਸਲ ਵਿਚ ਭਾਰਤੀ ਰਾਜ ਵਿਚ ਹਿੰਦੂਆਂ ਦੀ ਅਬਾਦੀ 85 ਫੀਸਦੀ ਦੇ ਕਰੀਬ ਮੰਨੀ ਜਾਂਦੀ ਹੈ ਜਿਸ ਅੰਦਰ ਅੱਗੇ ਅਨੇਕਾਂ ਆਪਸ-ਵਿਰੋਧੀ ਵੰਨਗੀਆਂ ਹਨ। ਮੁਸਲਮਾਨ ਵਸੋਂ ਦੀ 12 ਕੁ ਫੀਸਦੀ ਆਬਾਦੀ ਕੱਢ ਲਈ ਜਾਵੇ ਤਾਂ ਬਾਕੀ ਸਿੱਖ, ਈਸਾਈ, ਬੋਧੀ, ਜੈਨੀ, ਪਾਰਸੀ ਆਦਿ ਅਤਿ ਦੀ ਨਿਗੂਣੀ ਘੱਟ ਗਿਣਤੀ ਰਹਿ ਜਾਂਦੇ ਹਨ। ਮੁਸਲਮਾਨਾਂ ਪ੍ਰਤੀ ਵਿਰੋਧ ਦੀ ਭਾਵਨਾ ਦੇ ਸਮਾਜਿਕ ਅਤੇ ਇਤਿਹਾਸਕ ਕਾਰਨ ਸਾਫ਼ ਦੇਖੇ ਜਾ ਸਕਦੇ ਹਨ, ਭਾਵੇਂ ਮੁਸਲਮਾਨਾਂ ਦੀ ਵਿਸ਼ਾਲ ਬਹੁਗਿਣਤੀ ਵੀ ਬਾਕੀ ਧਾਰਮਿਕ ਘੱਟ ਗਿਣਤੀਆਂ ਵਾਂਗ ਸੈਂਕੜੇ ਸਦੀਆਂ ਦੇ ਅਮਲ ਦੌਰਾਨ ਧਰਮ ਬਦਲੀ ਕਰਨ ਵਾਲਿਆਂ ਦੀ ਹੀ ਬਣਦੀ ਹੈ। ਲੇਕਿਨ ਸਿੱਖਾਂ ਨੂੰ ਵਿਸ਼ਾਲ ਭਾਰਤੀ ਸਮਾਜ ਤੋਂ ਕਦੇ ਵੀ ਅਲੱਗ ਰੂਪ ਵਿਚ ਨਹੀਂ ਦੇਖਿਆ ਗਿਆ। ਭਾਵੇਂ ਬੋਧੀਆਂ ਤੇ ਜੈਨੀਆਂ ਨੂੰ ਹਜ਼ਾਰਾਂ ਸਦੀਆਂ ਪਹਿਲਾਂ ਖਦੇੜ ਕੇ ਹਿੰਦੂ ਸਮਾਜ ਦਾ ਅਨਿੱਖੜਵਾਂ ਅੰਗ ਮੰਨ ਲਿਆ ਗਿਆ ਹੈ, ਲੇਕਿਨ ਨਾ ਤਾਂ ਬਰਤਾਨਵੀ ਭਾਰਤ ਵਿਚ ਅਤੇ ਨਾ ਮੌਜੂਦਾ ਆਜ਼ਾਦ ਭਾਰਤ ਵਿਚ, ਇਨ੍ਹਾਂ ਤਿੰਨਾਂ ਹੀ ਧਰਮਾਂ ਨਾਲ ਸਦੀਵੀ ਦੁਸ਼ਮਣੀ ਵਾਲਾ ਸਲੂਕ ਕੀਤਾ ਗਿਆ, ਨਾ ਹੀ ਕੀਤਾ ਜਾ ਰਿਹਾ ਹੈ। ਸਿੱਖਾਂ ਨਾਲ 1984 ਵਿਚ ਹੋਈ ਵਧੀਕੀ ਦੀ ਅੱਗੇ ਚੱਲ ਕੇ ਚਰਚਾ ਕਰਾਂਗੇ।


ਸਾਡੀ ਉਪਰੋਕਤ ਧਾਰਨਾ ਅਤੇ ਭਾਰਤੀ ਸਟੇਟ ਵਲੋਂ ਐਲਾਨੀਆ ਤੌਰ 'ਤੇ ਸੈਕੂਲਰ ਕਹਾਉਣ ਦੇ ਬਾਵਜੂਦ ਇਹ ਸੰਕਲਪ ਦੇ ਸੁੱਚੇ ਅਰਥਾਂ ਵਿਚ ਧਰਮ ਨਿਰਪੱਖ ਨਹੀਂ ਹੈ। ਸੁਤੰਤਰਤਾ ਪ੍ਰਾਪਤੀ ਪਿਛੋਂ ਮੁਢਲੇ ਵਰ੍ਹਿਆਂ ਵਿਚ ਭਾਰਤੀ ਸਟੇਟ ਅੰਦਰਲੇ ਅਹਿਮ ਅੰਗਾਂ ਦੇ ਮਨੁੱਖੀ ਕਲ-ਪੁਰਜ਼ੇ ਸਵਰਨ ਹਿੰਦੂ ਸਮਾਜ ਵਿਚੋਂ ਆਉਣ ਕਰਕੇ, ਇਸ ਦੀ ਬਹੁਗਿਣਤੀ ਧਰਮੀਆਂ ਪ੍ਰਤੀ ਨਜ਼ਰ ਹਮੇਸ਼ਾ ਹੀ ਸਵੱਲੀ ਰਹੀ ਹੈ ਅਤੇ ਸਾਰੀਆਂ ਧਾਰਮਿਕ ਘੱਟ ਗਿਣਤੀਆਂ ਕਿਸੇ ਨਾ ਕਿਸੇ ਰੂਪ ਵਿਚ ਵਿਤਕਰੇ ਦਾ ਸ਼ਿਕਾਰ ਹੁੰਦੀਆਂ ਰਹੀਆਂ ਹਨ; ਲੇਕਿਨ ਮੁਸਲਮਾਨਾਂ ਅਤੇ ਈਸਾਈਆਂ ਨੂੰ ਛੱਡ ਕੇ ਇਹ ਵਿਤਕਰਾ ਦੁਸ਼ਮਣਾਨਾ ਵਿਰੋਧਤਾਈ ਦੇ ਘੇਰੇ ਵਿਚ ਨਹੀਂ ਆਉਂਦਾ। ਇਸ ਦੁਸ਼ਮਣੀ ਦੇ ਦਿਨੋ ਦਿਨ ਤਿੱਖੇ ਹੋਣ ਦਾ ਇਕ ਕਾਰਨ ਰਿਜ਼ਰਵੇਸ਼ਨ ਦੇ ਮੁੱਦੇ ਵਿਚ ਵੀ ਪਿਆ ਹੈ, ਕਿਉਂਕਿ ਇਨ੍ਹਾਂ ਧਰਮਾਂ ਵਿਚ ਸ਼ਾਮਲ ਹੋਏ ਲੋਕ ਆਮ ਕਰਕੇ ਦੱਬੀਆਂ ਕੁਚਲੀਆਂ ਜਾਤਾਂ ਵਿਚੋਂ ਆਏ ਹਨ। ਧਰਮ ਬਦਲੀ ਦੇ ਬਾਵਜੂਦ ਉਨ੍ਹਾਂ ਦੇ ਆਰਥਿਕ ਅਤੇ ਸਮਾਜਿਕ ਰੁਤਬੇ ਵਿਚ ਕੋਈ ਫਰਕ ਨਹੀਂ ਪਿਆ। ਜਦੋਂ ਤੋਂ ਇਨ੍ਹਾਂ ਧਰਮਾਂ ਨੇ ਵੀ ਹਿੰਦੂ ਦਲਿਤਾਂ ਵਾਂਗ ਰਿਜ਼ਰਵੇਸ਼ਨ ਦੀ ਮੰਗ ਕਰਨੀ ਸ਼ੁਰੂ ਕੀਤੀ ਹੈ ਤਾਂ ਸਥਾਪਤ ਸਵਰਨ ਜਾਤਾਂ ਵਲੋਂ ਇਹ ਵਿਰੋਧ ਹੋਰ ਵੀ ਕੁੱਢਰ ਰੂਪ ਅਖਤਿਆਰ ਕਰਦਾ ਆ ਰਿਹਾ ਹੈ।

**ਅਫਸੋਸ ਦੀ ਗੱਲ ਇਹ ਹੈ ਕਿ ਪੰਜਾਬ ਦਾ ਸਾਬਕਾ ਪੱਤਰਕਾਰ ਅਤੇ 'ਨੇੜਿਓਂ ਡਿੱਠਾ ਭਿੰਡਰਾਂਵਾਲਾ' ਪੁਸਤਕ ਦਾ ਲਿਖਾਰੀ ਸ. ਦਲਬੀਰ ਸਿੰਘ ਜੋ ਆਪਣੀ ਅੱਧਖੜ ਉਮਰ ਤੱਕ ਕਮਿਊਨਿਸਟ ਵਿਚਾਰਧਾਰਾ ਦਾ ਕਾਇਲ ਰਿਹਾ, (ਅਜਮੇਰ ਸਿੰਘ ਦੀ ਪਹਿਲੀ ਕਿਤਾਬ-ਪੰਨਾ, 411-12) ਵਾਂਗ ਹੀ ਵਿਲਵਾਂ ਹੱਤਿਆ ਕਾਂਡ ਨੂੰ ਦਾਅ ਪੇਚ ਦੇ ਤੌਰ 'ਤੇ ਦਰੁੱਸਤ ਦੱਸਦਾ ਹੈ। ਵਿਲਵਾਂ ਕਾਂਡ ਪਿੱਛੋਂ ਸਾਰੇ ਦੇਸ਼ ਅੰਦਰ ਸੰਤ ਭਿੰਡਰਾਂਵਾਲਾ ਦੇ ਪੈਰੋਕਾਰਾਂ ਦੀਆਂ ਅਜਿਹੀਆਂ ਕਾਰਵਾਈਆਂ ਵਿਰੁਧ ਸੱਚ ਹੈ ਕਿ ਦੁਹਾਈ ਮੱਚ ਉਠੀ ਸੀ। ਲੋੜ ਉਸ ਨਾਜ਼ੁਕ ਘੜੀ ਵਕਤ ਵਿਚਾਰਨ ਦੀ ਸੀ। ਇਹੋ ਉਹ ਮੋੜ ਸੀ ਜਦੋਂ ਪਾਸਾ ਪਲਟਿਆ ਅਤੇ ਮੋਰਚਾ ਸੰਤ ਲੌਂਗੋਵਾਲ ਦੇ ਹੱਥੋਂ ਨਿਕਲਣਾ ਸ਼ੁਰੂ ਹੋਇਆ।**

ਫੇਰ ਵੀ ਅਸੀਂ ਇਹ ਵਾਰ-ਵਾਰ ਕਹਿੰਦੇ ਆ ਰਹੇ ਹਾਂ ਕਿ ਭਾਰਤੀ ਸਟੇਟ ਦੇ ਕਰਤਿਆਂ-ਧਰਤਿਆਂ ਦੀ ਬਾਹਰੀ ਪੁਸ਼ਾਕ ਅਤੇ ਚਿੰਨ੍ਹਾਂ ਦੇ ਬਾਵਜੂਦ ਉਨ੍ਹਾਂ ਦਾ ਕੋਈ ਧਰਮ ਵਿਸ਼ੇਸ਼ ਨਹੀਂ ਹੈ। ਸਾਲ 1991 ਤੋਂ ਬਾਅਦ ਦੇ ਕਾਰਪੋਰੇਟੀ ਯੁੱਗ ਵਿਚ ਤਾਂ ਇਹ ਤੱਥ ਉਘੜਵੇਂ ਰੂਪ ਵਿਚ ਦੇਖਿਆ ਜਾ ਸਕਦਾ ਹੈ। ਹੁਣ ਸਵਾਲ ਇਹ ਨਹੀਂ ਕਿ ਭਾਰਤੀ ਸਟੇਟ ਲੋੜ ਪੈਣ 'ਤੇ ਧਰਮ ਆਧਾਰਤ ਫਾਸ਼ੀਵਾਦੀ ਰੁਚੀਆਂ ਦਾ ਕਦੇ ਇਜ਼ਹਾਰ ਨਹੀਂ ਕਰੇਗੀ, ਇਹ ਜ਼ਰੂਰ ਕਰੇਗੀ; ਲੇਕਿਨ ਅੱਜ ਅਜਿਹਾ ਕਰਨਾ ਇਸ ਦੀ ਲੋੜ ਨਹੀਂ ਹੈ। ਭਾਰਤੀ ਸਟੇਟ ਦੀ ਤਾਜ਼ਾ ਲੋੜ ਵਿਦੇਸ਼ੀ ਸਾਮਰਾਜੀ ਬਹੁਕੌਮੀ ਕਾਰਪੋਰੇਸ਼ਨਾਂ ਦੀ ਮੰਗ 'ਤੇ ਹਰ ਕਿਸਮ ਦੇ ਲੋਕ-ਟਾਕਰੇ ਨੂੰ ਕੁਚਲਣ ਦੇ ਨਾਲ ਹੀ ਧਾਰਮਿਕ ਫਿਰਕਾਪ੍ਰਸਤੀ ਅਤੇ ਮੂਲਵਾਦ ਨੂੰ ਕਾਬੂ ਵਿਚ ਰੱਖਣ ਦੀ ਹੈ। ਅੱਜ ਭਾਰਤੀ ਸਟੇਟ ਜਿਸ ਢੰਗ ਨਾਲ ਭਗਵੇਂ ਬਾਣੇ ਵਾਲੀਆਂ ਹਿੰਦੂਤਵੀ ਤਾਕਤਾਂ ਨੂੰ ਬੇਪਰਦ ਅਤੇ ਬੱਦੂ ਕਰਨ ਵਿਚ ਲੱਗੀ ਹੋਈ ਹੈ, ਭਾਜਪਾ ਸਰਕਾਰ ਦੇ ਖਾਤਮੇ ਤੱਕ ਅਜਿਹਾ ਸੋਚਿਆ ਵੀ ਨਹੀਂ ਸੀ ਜਾ ਸਕਦਾ। ਲਾਲ ਕ੍ਰਿਸ਼ਨ ਅਡਵਾਨੀ ਅਤੇ ਜਸਵੰਤ ਸਿੰਘ ਵਰਗੇ ਧੁਰੰਤਰ ਭਾਜਪਾਈ ਆਗੂਆਂ ਨੂੰ ਮੁਹੰਮਦ ਅਲੀ ਜਿਨਾਹ ਦੀ ਧਰਮ ਨਿਰਪੱਖਤਾ ਦੇ ਕਸੀਦੇ ਪੜ੍ਹਨੇ ਪਏ ਹਨ। ਭਾਵੇਂ ਇਹ ਚੋਣ ਮਜਬੂਰੀਆਂ ਹੋ ਸਕਦੀਆਂ ਹਨ, ਲੇਕਿਨ ਇਹ ਮਹਿਜ਼ ਅਪਵਾਦ ਦੇ ਵਰਤਾਰੇ ਵੀ ਨਹੀਂ ਹਨ। ਆਉਣ ਵਾਲੇ ਸਾਲਾਂ ਵਿਚ ਇਨ੍ਹਾਂ ਨੇ ਵੇਗ ਫੜਨਾ ਹੈ। ਇਸ ਲਈ ਭਾਰਤੀ ਸਟੇਟ ਜਦੋਂ ਕਿਸੇ ਧਿਰ ਨੂੰ ਦਬੱਲਦੀ ਹੈ ਤਾਂ ਉਹ ਧਿਰ ਭਾਵੇਂ ਸਵਰਨ ਹਿੰਦੂ ਧਰਮੀ ਮਹੰਤ ਹੋਵੇ ਜਾਂ ਕੋਈ ਹੋਰ, ਉਸ ਦੀ ਸਮਾਜਿਕ ਤੇ ਰੂਹਾਨੀ ਹੈਸੀਅਤ ਵੀ ਪੈਰਾਂ ਵਿਚ ਰੋਲ ਦਿੰਦੀ ਹੈ।

ਮਿਸਾਲ ਕਾਂਚੀਕੋਟੀ ਪੀਠ ਦੇ ਸ਼ੰਕਰਾਚਾਰੀਆ ਸਵਾਮੀ ਜੈਏਂਦਰ ਸਰਸਵਤੀ ਦੀ ਲਈ ਜਾ ਸਕਦੀ ਹੈ। ਆਪਣੇ ਹੀ ਮੱਠ ਦੇ ਸਾਬਕਾ ਮੈਨੇਜਰ ਏ. ਸ਼ੰਕਰਰਮਨ ਦੇ ਕਤਲ ਦੀ ਸਾਜਿਸ਼ 'ਚ ਸ਼ਰੀਕ ਹੋਣ ਦੇ ਦੋਸ਼ ਹੇਠ ਤਾਮਿਲਨਾਡੂ ਦੀ ਜੈਲਲਿਤਾ ਸਰਕਾਰ ਨੇ, ਉਸ ਦੇ ਵਾਪਸ ਮੁੜਨ ਦੀ ਉਡੀਕ ਵੀ ਨਹੀਂ ਕੀਤੀ ਸੀ, ਸਗੋਂ ਦੀਵਾਲੀ ਵਾਲੀ 11-12 ਨਵੰਬਰ 2004 ਦੀ ਰਾਤ ਨੂੰ ਆਂਧਰਾ ਪ੍ਰਦੇਸ਼ ਦੇ ਮਹਿਬੂਬਨਗਰ ਸ਼ਹਿਰ ਵਿਚ ਉਸ ਨੂੰ ਜਾ ਦਬੋਚਿਆ ਸੀ। ਨਾ ਉਸ ਦੀ 70 ਸਾਲ ਦੀ ਉਮਰ ਦਾ, ਨਾ ਹੀ ਧਾਰਮਿਕ ਉਚ-ਰੁਤਬੇ ਦਾ ਖਿਆਲ ਰੱਖਿਆ ਗਿਆ ਅਤੇ ਪਿਛੋਂ ਸੁਪਰੀਮ ਕੋਰਟ ਵਿਚ ਜਾ ਕੇ ਹੀ ਉਸ ਦੀ ਜ਼ਮਾਨਤ ਹੋ ਸਕੀ ਸੀ। ਉਸ ਦੀ ਜ਼ਮਾਨਤ ਤੋਂ ਬਾਅਦ ਉਸ ਦੇ ਭਵਿੱਖੀ ਵਾਰਸ ਵਿਜੇਂਦਰ ਸਰਸਵਤੀ ਨੂੰ ਚੁੱਕ ਲਿਆ ਗਿਆ ਅਤੇ ਉਸ ਨਾਲ ਵੀ ਉਸੇ ਤਰ੍ਹਾਂ ਦਾ ਸਲੂਕ ਕੀਤਾ ਗਿਆ। ਉਸ ਦੀ ਗ੍ਰਿਫਤਾਰੀ ਦੇ ਖਿਲਾਫ਼ ਸੰਘ ਪਰਿਵਾਰ ਨੇ ਮੁੱਢ ਵਿਚ ਚੂੰ-ਚਰਾਂ ਕਰਨ ਦੀ ਕੋਸ਼ਿਸ਼ ਕੀਤੀ ਲੇਕਿਨ ਸਟੇਟ ਵਲੋਂ ਘੁਰਕੀ ਮਿਲਣ ਦੀ ਦੇਰ ਸੀ ਕਿ ਪ੍ਰਵੀਨ ਤੋਗੜੀਆ ਵਰਗੇ ਕੁੱਢਰ ਮੂਲਵਾਦੀਆਂ ਤੋਂ ਲੈ ਕੇ ਅਟੱਲ ਬਿਹਾਰੀ ਵਾਜਪਾਈ ਵਰਗੇ ਨਰਮ-ਖਿਆਲੀ ਸੰਘੀਆਂ ਦੀ ਜੀਭ ਵੀ ਗੋਤਾ ਖਾ ਗਈ। ਸ਼ੰਕਰਾਚਾਰੀਆ ਸਾਢੇ ਛੇ ਸਾਲ ਬੀਤ ਜਾਣ ਮਗਰੋਂ ਵੀ ਕੋਰਟ ਕਚਹਿਰੀਆਂ ਦੇ ਚੱਕਰ ਕੱਟ ਰਿਹਾ ਹੈ। ਭਾਰਤੀ ਰਾਜਤੰਤਰ ਨੇ ਉਸ ਦੀ ਮੱਤ ਮਾਰੀ ਹੋਈ ਹੈ।

ਕਾਂਚੀਕੋਟੀ ਪੀਠ ਉਨ੍ਹਾਂ ਚਾਰ ਪ੍ਰਮੁੱਖ ਹਿੰਦੂ ਧਾਮਾਂ 'ਚੋਂ ਇਕ ਹੈ ਜੋ ਆਦਿ ਸ਼ੰਕਰਾਚਾਰੀਆ ਨੇ 982ਵੀਂ ਪੂਰਵ ਈਸਵੀ ਵਿਚ ਸਥਾਪਤ ਕੀਤੇ ਸਨ। ਜਿਵੇਂ ਸਿੱਖ ਭਾਈਚਾਰੇ ਲਈ ਪੰਜ ਤਖਤਾਂ ਦੀ ਅਹਿਮੀਅਤ ਹੈ, ਉਵੇਂ ਹੀ ਭਾਰਤ ਦੇਸ਼ ਦੇ ਵਿਸ਼ਾਲ ਸਨਾਤਨੀ ਹਿੰਦੂ ਸਮਾਜ ਲਈ ਜੋਤੀ ਮੱਠ (ਬਦਰੀ ਨਾਥ), ਗੋਵਰਧਨ ਮੱਠ (ਜਗਨਨਾਥਪੁਰੀ), ਕਾਲਿਕਾ ਮੱਠ (ਦਵਾਰਕਾਪੁਰੀ) ਅਤੇ ਸ਼ਰਧਾ ਮੱਠ (ਸ੍ਰਿੰਗੇਰੀ) ਬਨਾਮ ਕਾਂਚੀਕੋਟੀ ਪੀਠ ਦੀ ਮਹੱਤਤਾ ਹੈ। ਇਸ ਤਰ੍ਹਾਂ ਕਿਸੇ ਚੋਟੀ ਦੇ ਹਿੰਦੂ ਮੱਠ ਦੇ ਸ਼ੰਕਰਾਚਾਰੀਆ ਨੂੰ ਅਤੇ ਉਹ ਵੀ ਦੀਵਾਲੀ ਵਾਲੀ ਰਾਤ ਨੂੰ (ਜਦੋਂ ਪੂਰਾ ਹਿੰਦੂ ਸਮਾਜ ਜਾਂ ਵੱਧ ਠੀਕ ਕਹਿਣਾ ਹੋਵੇ, ਸਾਰੇ ਹੀ ਧਰਮਾਂ ਦੇ ਲੋਕ ਬੜੇ ਉਤਸ਼ਾਹ ਨਾਲ ਮਨਾਉਂਦਾ ਹੈ) ਗ੍ਰਿਫਤਾਰ ਕਰਕੇ ਵੈਲੋਰ ਦੀ ਜੇਲ੍ਹ ਦੇ ਆਮ ਕੈਦੀਆਂ ਵਿਚ ਬੰਦ ਕਰਨਾ ਕੋਈ ਛੋਟੀ ਘਟਨਾ ਨਹੀਂ ਸੀ। ਇਵੇਂ ਹੀ ਹਿੰਦੂ ਮੂਲਵਾਦ ਦੇ ਇਕ ਹੋਰ ਅਖੌਤੀ ਪੈਗੰਬਰ ਬਾਪੂ ਆਸਾ ਰਾਮ ਦਾ ਕੇਸ ਭਾਵੇਂ ਜ਼ਰਾ ਕੁ ਵੱਖਰੀ ਕਿਸਮ ਦਾ ਹੈ ਲੇਕਿਨ ਨਰਿੰਦਰ ਮੋਦੀ ਦੀ ਹਿੰਦੂ ਫ਼ਾਸ਼ੀਵਾਦੀ ਸਰਕਾਰ ਨੇ ਜਿਵੇਂ ਇਸ "ਬਾਪੂ" ਨੂੰ ਪਸੀਨੇ ਲਿਆਂਦੇ ਹੋਏ




ਹਨ ਅਤੇ ਪਿਛਲੇ ਕਈ ਸਾਲਾਂ ਤੋਂ ਜਿਵੇਂ ਸਟੇਟ ਮਸ਼ੀਨਰੀ ਤੇ ਮੀਡੀਏ ਨੇ ਕੁੱਝ ਹਿੰਦੂ ਸੰਨਿਆਸੀ ਤੇ ਸੰਨਿਆਸਣਾਂ ਦੀ ਮਿੱਟੀ ਪਲੀਤ ਕੀਤੀ ਹੋਈ ਹੈ, ਸ਼ਾਇਦ ਹੀ ਇਹੋ ਜਿਹਾ ਭਾਣਾ ਕਦੇ ਵਾਪਰਿਆ ਹੋਵੇ। ਇਥੇ ਅਜਮੇਰ ਸਿੰਘ ਦੀ ਹਿੰਦੂਆਂ ਦੀ "ਸਮੂਹਿਕ ਜ਼ਮੀਰ" ਵਾਲੀ ਦਲੀਲ ਬੁਰੀ ਤਰ੍ਹਾਂ ਰੁਲੀ ਪਈ ਦਿਖਾਈ ਦਿੰਦੀ ਹੈ।

ਇਸ ਦੇ ਉਲਟ ਅਸੀਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵਰਤਾਰੇ ਅਤੇ ਭਾਰਤੀ ਸਟੇਟ ਵਲੋਂ ਉਨ੍ਹਾਂ ਨਾਲ ਕੀਤੇ ਮੁੱਢਲੇ ਦੌਰ ਦੇ ਵਿਹਾਰ ਦੀ ਝਲਕ ਵੇਖ ਸਕਦੇ ਹਾਂ। ਤੀਜੀ ਕਿਤਾਬ ਪੜ੍ਹਦੇ-ਪੜ੍ਹਦੇ ਪਾਠਕਾਂ ਦੀ ਨਜ਼ਰ ਸਫ਼ਾ-183 ਅਤੇ ਇਸ ਦੀ ਚਰਨ-ਟੂਕ (ਫੁੱਟ ਨੋਟ) 'ਤੇ ਆ ਕੇ ਰੁਕ ਜਾਂਦੀ ਹੈ:

1. ਸੰਤ ਜਰਨੈਲ ਸਿੰਘ ਨੇ ਆਪਣੀ ਦਿੱਭ-ਦ੍ਰਿਸ਼ਟੀ ਨਾਲ ਬਹੁਤ ਚਿਰ ਪਹਿਲਾਂ ਹੀ ਆਉਣ ਵਾਲੇ ਸਮੇਂ ਦਾ ਪੂਰਾ ਤੇ ਸਹੀ ਅਨੁਮਾਨ ਲਾ ਲਿਆ ਹੋਇਆ ਸੀ। 1978 ਦੀ ਵਿਸਾਖੀ ਦੀ ਖੂਨੀ ਘਟਨਾ ਤੋਂ ਉਨ੍ਹਾਂ ਨੂੰ ਇਹ ਸਹੀ ਹੋ ਗਿਆ ਸੀ ਕਿ ਹਿੰਦੂ ਹਾਕਮਾਂ ਦੀ ਸਿੱਖਾਂ ਪ੍ਰਤੀ ਨੀਤ ਵਿਗੜੀ ਹੋਈ ਹੈ ਅਤੇ ਸਿੱਖਾਂ ਦੇ ਦਿਮਾਗਾਂ 'ਤੇ ਹਿਰਦਿਆਂ ਵਿਚੋਂ, ਸਿੱਖ ਧਰਮ ਦੀ ਸਦੀਵੀ ਸੁਤੰਤਰਤਾ ਅਤੇ ਸਿੱਖ ਹਸਤੀ ਦੇ ਨਿਆਰੇਪਣ ਦੇ ਅਹਿਸਾਸ ਤੇ ਚੇਤਨਾ ਨੂੰ ਮਲੀਆਮੇਟ ਕਰਨ ਲਈ ਉਨ੍ਹਾਂ ਨੇ ਕੋਈ ਵੀ ਅਪਰਾਧ ਕਰਨ ਤੋਂ ਨਹੀਂ ਝਿਜਕਣਾ ਤੇ ਨਾ ਹੀ ਰੁਕਣਾ ਹੈ। ਇਸ ਲਈ ਉਹ ਪੰਥ ਅੰਦਰ ਕੌਮੀ ਚੇਤਨਾ ਤੇ ਜਜ਼ਬੇ ਦਾ ਸੰਚਾਰ ਕਰਦੇ ਗਏ; ਤੇ ਨਾਲ ਹੀ ਪੈਦਾ ਹੋ ਰਹੀਆਂ ਨਵੀਆਂ ਜਥੇਬੰਦਕ ਤੇ ਸੈਨਿਕ ਲੋੜਾਂ ਦਾ ਵੀ ਬਰਾਬਰ ਖਿਆਲ ਤੇ ਬੰਦੋਬਸਤ ਕਰਦੇ ਰਹੇ।

2. ਉਨ੍ਹਾਂ ਨੇ ਭਵਿੱਖਬਾਣੀ ਕਰ ਦਿੱਤੀ ਸੀ, "ਦਰਬਾਰ ਸਾਹਿਬ ਵਿਚ ਗਹਿਗੱਚ ਲੜਾਈ ਹੋਵੇਗੀ, ਪਰਿਕਰਮਾ ਅੰਦਰ ਲਹੂ ਵਿਚ ਘੋੜੇ ਦੀ ਟਾਪ ਡੁੱਬੇਗੀ।"

ਜਦੋਂ ਮੇਰੇ ਵਰਗੇ ਪਾਠਕ ਦੀਆਂ ਨਜ਼ਰਾਂ ਇਸੇ ਪੰਨੇ ਦੀਆਂ ਚਰਨ-ਟੂਕਾਂ 'ਤੇ ਪਈਆਂ ਤਾਂ ਸਾਰਾ ਮਾਮਲਾ ਸਪਸ਼ਟ ਹੋ ਗਿਆ। ਸੰਤਾਂ ਦੀ ਪਹਿਲੀ ਗੱਲ ਨਛੱਤਰ ਸਿੰਘ ਰੋਡੇ ਨਾਲ ਸਬੰਧਤ ਹੈ ਜੋ ਅਪਰੈਲ 1981 ਵਿਚ ਹੋਈ ਅਤੇ ਦੂਜੀ ਉਨ੍ਹਾਂ ਦੇ ਕਿਸੇ ਵੇਲੇ ਨਜ਼ਦੀਕੀ ਰਹੇ ਕਿਸੇ ਉਘੇ ਪੱਤਰਕਾਰ ਨਾਲ ਅਣਕਿਆਸੇ ਸਮੇਂ ਤੇ ਸਥਾਨ 'ਤੇ ਅਜਮੇਰ ਸਿੰਘ ਦੀ ਹੋਈ ਨਿੱਜੀ ਗੱਲਬਾਤ ਉਪਰ ਆਧਾਰਤ ਹੈ। ਵੈਸੇ "ਦਰਬਾਰ ਸਾਹਿਬ ਵਿਚ ਗਹਿਗੱਚ ਲੜਾਈ ਹੋਵੇਗੀ, ਪਰਿਕਰਮਾ ਅੰਦਰ ਲਹੂ ਵਿਚ ਘੋੜੇ ਦੀ ਟਾਪ ਡੁੱਬੇਗੀ" ਵਰਗੀਆਂ ਗੱਲਾਂ ਗੋਰੇ ਹਾਕਮਾਂ ਦੇ ਵੇਲਿਆਂ ਤੋਂ ਹੀ ਸੁਣਨ ਨੂੰ ਮਿਲਦੀਆਂ ਰਹੀਆਂ ਹਨ।

ਭਾਈ ਨਛੱਤਰ ਸਿੰਘ ਰੋਡੇ ਸਾਬਕਾ ਨਕਸਲੀ, ਨਾਸਤਕ ਅਤੇ ਪਤਿਤ ਸਿੱਖ ਹੋਣ ਦੇ ਬਾਵਜੂਦ ਦਿਲ ਗੁਰਦੇ ਵਾਲਾ ਇਨਸਾਨ ਮੰਨਿਆ ਜਾਂਦਾ ਸੀ। 'ਖਾਲਸਾ ਫਤਿਹਨਾਮਾ' ਦੇ ਸਤੰਬਰ 2008 ਦੇ ਅੰਕ ਦੇ ਪੰਨਾ 44 ਤੋਂ 47 ਤੱਕ ਲਾਲਾ ਜਗਤ ਨਰਾਇਣ ਦੇ ਕਤਲ ਦੇ ਸਾਰੇ ਵੇਰਵੇ ਦਰਜ ਹਨ। ਬਹੁਤੇ ਪਾਠਕਾਂ ਲਈ ਇਹ ਹਵਾਲਾ ਲੱਭਣਾ ਮੁਸ਼ਕਲ ਹੋਵੇਗਾ ਲੇਕਿਨ ਆਪਾਂ ਸੰਖੇਪ ਵਿਚ ਦੱਸਣਾ ਚਾਹਾਂਗੇ ਕਿ ਨਛੱਤਰ ਸਿੰਘ ਅਤੇ ਸੰਤ ਜਰਨੈਲ ਸਿੰਘ ਇਕੋ ਪਿੰਡ ਰੋਡੇ ਦੇ ਵਸਨੀਕ ਸਨ। ਸ਼ੁਰੂ-ਸ਼ੁਰੂ ਵਿਚ ਸੰਤ ਆਪ ਕਿਸੇ ਝਮੇਲੇ ਵਿਚ ਫਸਣਾ ਨਹੀਂ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਨਛੱਤਰ ਸਿੰਘ ਨੂੰ ਪਤਿਆ ਕੇ ਉਸ ਨਾਲ ਜਗਤ ਨਰਾਇਣ ਦਾ ਕੰਡਾ ਕੱਢਣ ਦੀਆਂ ਵਿਚਾਰਾਂ ਕੀਤੀਆਂ। ਇਕ ਪਤਿਤ ਸਿੱਖ ਅਤੇ ਪੰਥ ਦੇ ਮਹਾਨ 'ਜਰਨੈਲ' ਦੀ ਘੰਟਿਆਂਬੱਧੀ ਹੋਈ ਗੁਪਤ ਗੱਲਬਾਤ ਉਸ ਦੇ ਪੈਰੋਕਾਰਾਂ ਲਈ ਵੀ ਅਚੰਭਾ ਬਣੀ ਹੋਈ ਸੀ। ਕਾਰਨ ਇਹ ਵੀ ਸੀ ਕਿ ਦਮਦਮੀ ਟਕਸਾਲ ਨਾਲ ਸਬੰਧ ਤਾਂ ਦੂਰ, ਉਸ ਦਿਨ ਤੋਂ ਪਹਿਲਾਂ ਨਛੱਤਰ ਸਿੰਘ ਦਾ ਸੰਤਾਂ ਨਾਲ ਦੁਆ ਸਲਾਮ ਦਾ ਵੀ ਕੋਈ ਰਿਸ਼ਤਾ ਨਹੀਂ ਸੀ ਪਰ ਸੰਤਾਂ ਨੇ ਉਸ ਨੂੰ ਸਵਾਲ ਪਾ ਦਿੱਤਾ ਜਿਸ ਨੂੰ ਉਹ ਮੋੜ ਨਾ ਸਕਿਆ।

ਮੁੱਕਦੀ ਗੱਲ ਇਹ ਕਿ ਬਾਈ ਨਛੱਤਰ ਨੇ ਲਾਲਾ ਜਗਤ ਨਰਾਇਣ ਦੇ ਕਤਲ ਦਾ ਜ਼ਿੰਮਾ ਓਟ ਲਿਆ ਅਤੇ 9 ਸਤੰਬਰ 1981 ਨੂੰ ਪਟਿਆਲੇ ਤੋਂ ਜਲੰਧਰ ਵਾਪਸੀ ਦੌਰਾਨ ਲੁਧਿਆਣੇ ਲਾਗੇ ਉਸ ਦਾ ਕੀਰਤਨ ਸੋਹਿਲਾ ਪੜ੍ਹ ਦਿੱਤਾ ਗਿਆ। ਰੋਡੇ ਹੁਰਾਂ ਦਾ ਬੁੱਲਟ ਮੋਟਰਸਾਈਕਲ ਨਵਾਂ ਨਕੋਰ ਹੋਣ ਕਰਕੇ ਗਰਮ ਹੋ ਗਿਆ ਅਤੇ ਉਨ੍ਹਾਂ ਨੂੰ ਛੱਡ ਕੇ ਭੱਜਣਾ ਪੈ ਗਿਆ। ਰੋਡੇ ਤੋਂ ਦੂਰ ਤੱਕ ਭੱਜਿਆ ਨਾ ਗਿਆ ਅਤੇ ਉਹ ਫੜਿਆ ਗਿਆ। ਉਮਰ ਕੈਦ ਤੋਂ ਵੀ ਵੱਧ ਸਜ਼ਾ ਭੁਗਤ ਕੇ ਉਹ 21 ਨਵੰਬਰ 1997 ਨੂੰ ਹਾਈਕੋਰਟ ਦੇ ਹੁਕਮਾਂ 'ਤੇ ਰਿਹਾ ਕੀਤਾ ਗਿਆ। ਅੰਤ 20 ਅਗਸਤ 2008 ਨੂੰ ਉਹ ਅਕਾਲ ਚਲਾਣਾ ਕਰ ਗਿਆ। ਮੈਂ ਇਹ ਵੇਰਵਾ ਨਹੀਂ ਦੇਣਾ ਸੀ ਲੇਕਿਨ ਮੈਂ ਆਪ "ਪੰਜਾਬੀ ਟ੍ਰਿਬਿਊਨ" ਦੇ 2 ਅਗਸਤ 1995 ਦੇ ਅੰਕ ਵਿਚ "ਜਮਹੂਰੀ ਹੱਕਾਂ ਦੇ ਪ੍ਰਸੰਗ ਵਿਚ ਨਛੱਤਰ ਸਿੰਘ ਰੋਡੇ ਦਾ ਕੇਸ" ਨਾਮੀ ਲੇਖ ਲਿਖ ਚੁੱਕਿਆ ਸੀ ਜਿਸ ਵਿਚ ਉਸ ਦੀ ਰਿਹਾਈ ਲਈ ਠੋਕ ਕੇ ਪੈਰਵਾਈ ਕੀਤੀ ਗਈ ਸੀ। ਇਸ ਲਈ ਇਸ ਕੇਸ ਦੀ ਮੈਨੂੰ ਵੀ ਲੋੜ ਜੋਕਰੀ ਜਾਣਕਾਰੀ ਸੀ। ਪਾਠਕਾਂ ਨੂੰ ਇਹ ਵੀ ਦੱਸ ਦੇਈਏ ਕਿ ਬਾਈ ਨਛੱਤਰ ਦੇ ਇਸ ਲਾਈਲੱਗ ਕਾਰੇ ਨਾਲ ਪੂਰਨ ਅਸਹਿਮਤੀ ਹੋਣ ਦੇ ਬਾਵਜੂਦ ਉਹ ਬਹੁਤ ਹੀ ਵਧੀਆ ਇਨਸਾਨ ਸੀ। ਸੰਗਰੂਰ ਜੇਲ੍ਹ ਵਿਚ ਕਈ ਵਰ੍ਹੇ ਉਸ ਨਾਲ ਰਹਿਣ ਵਾਲੇ ਕੁਝ ਸੱਜਣ ਦੱਸਦੇ ਹਨ ਕਿ ਉਹ ਰੱਜੀ ਹੋਈ ਨੀਤ ਵਾਲਾ ਬੰਦਾ ਸੀ ਅਤੇ ਜੇਲ੍ਹ ਅੰਦਰ ਕੋਈ ਵੀ ਹੋਰ ਖਾੜਕੂ ਉਸ ਦੇ ਕੱਦ ਬੁੱਤ ਦੇ ਨੇੜੇ-ਤੇੜੇ ਵੀ ਨਹੀਂ ਸੀ।

ਰਹੀ ਗੱਲ ਦੂਸਰੀ ਟੂਕ ਦੀ। ਉਹ ਕਿਸੇ ਸੁਣੀ ਸੁਣਾਈ ਗੱਲ ਦੀ ਦੁਹਾਈ ਮਾਤਰ ਲਗਦੀ ਹੈ ਅਤੇ ਸਾਕਾ ਨੀਲਾ ਤਾਰਾ ਦੌਰਾਨ ਸੰਤ ਜਰਨੈਲ ਸਿੰਘ ਦੀ ਬਹਾਦਰੀ ਦਾ ਉਸਤਤੀ ਵਿਖਿਆਨ ਕਰਨ ਦੇ ਮਨਸ਼ੇ ਨਾਲ ਲਿਖੀ ਗਈ ਹੈ। ਪਹਿਲੀ ਗੱਲ, ਸਿੱਖ ਪੰਥ ਵਿਚ ਸਿਰਫ਼ ਗੁਰੂ ਸਾਹਿਬਾਨ ਨੂੰ ਹੀ ਦਿੱਭ-ਦ੍ਰਿਸ਼ਟੀ ਹੋਣ ਦੀ ਧਾਰਨਾ ਬਲਵਾਨ ਹੈ। ਉਨ੍ਹਾਂ ਦਾ ਕੋਈ ਸਿੱਖ ਭਾਵੇਂ ਕਿੰਨਾ ਵੀ ਬੁੱਧੀਮਾਨ ਹੋਵੇ ਜਾਂ ਸੰਤ ਦੀ ਪਦਵੀ 'ਤੇ ਪਹੁੰਚ ਜਾਵੇ, ਉਹ ਗੁਰੂ ਸਾਹਿਬਾਨ ਦੀ ਬਰਾਬਰੀ ਨਹੀਂ ਕਰ ਸਕਦਾ। ਜੇ ਇਹ ਮੰਨ ਵੀ ਲਿਆ ਜਾਵੇ ਕਿ ਉਨ੍ਹਾਂ ਨੂੰ ਦਿੱਭ-ਦ੍ਰਿਸ਼ਟੀ ਹੋ ਗਈ ਸੀ ਕਿ ਇਥੇ ਗਹਿ-ਗੱਚਵੀਂ ਲੜਾਈ ਹੋਵੇਗੀ ਅਤੇ ਦਰਬਾਰ ਸਾਹਿਬ ਦੀ ਪਰਿਕਰਮਾ ਅੰਦਰ ਲਹੂ ਵਿਚ ਘੋੜੇ ਦੀ ਟਾਪ ਡੁੱਬੇਗੀ, ਤਾਂ ਕਿਸੇ ਵੀ ਭਾਈਚਾਰੇ ਲਈ ਇਸ ਤੋਂ ਵੱਡਾ ਸਰਾਪ ਹੋਰ ਕੋਈ ਨਹੀਂ ਹੋ ਸਕਦਾ ਕਿ ਉਸ ਦਾ "ਮਸੀਹਾ" ਸਭ ਕੁਝ ਜਾਣਦਾ ਹੋਇਆ ਵੀ "ਹਿੰਦੂ ਦੁਸ਼ਟਾਂ" ਨੂੰ ਸਿੱਖਾਂ ਦੀ ਨਿਆਰੀ ਹਸਤੀ ਅਤੇ ਧਰਮ ਦੀ ਸਦੀਵੀ ਸੁਤੰਤਰਤਾ ਨੂੰ ਮਲੀਆਮੇਟ ਕਰਨ ਦਾ ਮੌਕਾ ਮੁਹੱਈਆ ਕਰ ਰਿਹਾ ਹੋਵੇ।

ਇਸ ਸਬੰਧ ਵਿਚ ਨਿਰੰਕਾਰੀ ਕਾਂਡ ਵਿਚ ਸ਼ਹੀਦ ਹੋਏ ਭਾਈ ਫੌਜਾ ਦੀ ਪਤਨੀ ਬੀਬੀ ਅਮਰਜੀਤ ਕੌਰ ਵਲੋਂ 4 ਜੂਨ 1984 ਨੂੰ ਬੋਲੇ ਬੋਲ ਅਹਿਮ ਮਹੱਤਤਾ ਰੱਖਦੇ ਹਨ, "ਚੰਗਾ ਹੁੰਦਾ ਜੇ ਸੰਤ ਜਰਨੈਲ ਸਿੰਘ ਆਪਣੇ-ਆਪ ਨੂੰ ਫੌਜ ਦੇ ਹਵਾਲੇ ਕਰ ਦਿੰਦੇ ਤਾਂ ਕਿ ਸ੍ਰੀ ਅਕਾਲ ਤਖਤ ਤੇ ਦਰਬਾਰ ਸਾਹਿਬ ਦੀ ਇਹ ਹਾਲਤ ਨਾ ਹੁੰਦੀ। ਜੇ ਮੈਂ ਸੰਤ ਜਰਨੈਲ ਸਿੰਘ ਦੇ ਥਾਂ ਹੁੰਦੀ ਤਾ ਸਪਸ਼ਟ ਕਹਿ ਦਿੰਦੀ ਕਿ ਮੇਰੇ ਗੁਰੂ 'ਤੇ ਗੋਲੀ ਨਾ ਚਲਾਓ, ਮੈਨੂੰ ਭਾਵੇਂ ਟੁਕੜੇ-ਟੁਕੜੇ ਕਰ ਦਿਓ। ਗੁਰੂ ਨੂੰ ਢਾਲ ਵਾਂਗ ਵਰਤਣਾ ਯੋਗ ਨਹੀਂ ਸੀ।"...(ਗਿ. ਕਿਰਪਾਲ ਸਿੰਘ, ਅੱਖੀ ਡਿੱਠਾ ਸਾਕਾ ਨੀਲਾ ਤਾਰਾ, ਦਸਵੀਂ ਛਾਪ, ਪੰਨਾ 23-24) ਫਿਰ ਵੀ ਇਸ ਮੰਦਭਾਗੇ ਸਾਕੇ ਬਾਰੇ ਅਜਮੇਰ ਸਿੰਘ ਜਿਸ ਕਿਸਮ ਦੀ ਮਰਜ਼ੀ ਹੈ, ਪੜ੍ਹਤ ਬਣਾਵੇ ਪਰ ਸਿੱਖ ਭਾਈਚਾਰੇ ਅੰਦਰਲੇ ਵੱਖ-ਵੱਖ ਵਰਗਾਂ ਦੇ ਵਿਦਵਾਨਾਂ ਨੂੰ ਬਦਲਵੀਂ ਪੜ੍ਹਤ ਬਣਾਉਣ ਦੇ ਅਧਿਕਾਰ ਤੋਂ ਵਾਂਝਿਆਂ ਕਰਨਾ ਬਾਬੇ ਨਾਨਕ ਦੀ 'ਗੋਸਟਿ' ਪਰੰਪਰਾ ਦਾ ਨਿਰਾਦਰ ਕਰਨਾ ਹੀ ਸਮਝਿਆ ਜਾ ਸਕਦਾ ਹੈ।

ਇਥੇ ਮੈਨੂੰ ਸਿੱਖ ਇਤਿਹਾਸ ਦੀਆਂ ਕਈ ਘਟਨਾਵਾਂ ਚੇਤੇ ਆ ਰਹੀਆਂ ਹਨ। ਗੁਰੂ ਨੂੰ ਜਿਸਮਾਨੀ ਹਰਜਾ ਪਹੁੰਚਾਏ ਜਾਂ ਨਾ ਪਹੁੰਚਾਏ ਬਗੈਰ, ਰੂਹਾਨੀ ਤੇ ਜਿਸਮਾਨੀ ਢਾਲ ਵਜੋਂ ਵਰਤਿਆ ਜਾ ਸਕਦਾ ਹੈ ਅਤੇ ਵਰਤਿਆ ਵੀ ਗਿਆ ਹੈ। ਪਹਿਲੀ ਘਟਨਾ ਸ੍ਰੀ ਹਰਗੋਬਿੰਦ ਜੀ ਨਾਲ ਸਬੰਧਤ ਹੈ ਜਦੋਂ ਗਵਾਲੀਅਰ ਦੇ ਕਿਲੇ ਵਿਚੋਂ ਰਿਹਾ ਹੋਣ ਲਈ ਤੜਫ ਰਹੇ 52 ਗੈਰ ਸਿੱਖ ਰਾਜੇ ਗੁਰੂ ਜੀ ਦਾ 52 ਟਾਕੀਆਂ (ਕਲੀਆਂ) ਵਾਲਾ ਚੋਲਾ ਫੜ ਕੇ, ਕੈਦ ਵਿਚੋਂ ਮੁਕਤ ਹੋ ਗਏ ਸਨ। ਉਦੋਂ ਗੁਰੂ ਸਾਹਿਬਾਨ ਨੂੰ ਕੋਈ ਹਰਜਾ ਨਹੀਂ ਪਹੁੰਚਾਇਆ ਗਿਆ ਸੀ। ਦੂਜੀ ਘਟਨਾ ਵਿਚ, ਕਸ਼ਮੀਰੀ ਪੰਡਤ ਜਥਾ ਲੈ ਕੇ ਗੁਰੂ ਤੇਗ ਬਹਾਦਰ ਜੀ ਕੋਲ ਆਪਣੇ ਧਰਮ ਦੀ ਰਾਖੀ ਲਈ ਸ਼ਹੀਦੀ ਦੇਣ ਵਾਸਤੇ ਬੇਨਤੀ ਕਰਨ ਆਏ ਸਨ। ਬੇਸ਼ਕ ਗੁਰੂ ਜੀ ਆਪਣੀ ਮਰਜ਼ੀ ਨਾਲ ਹੀ ਅਜਿਹਾ ਕਰਨਾ ਮੰਨ ਗਏ ਸਨ ਪਰ ਉਨ੍ਹਾਂ ਲਈ ਅਤੇ ਉਨ੍ਹਾਂ ਦੇ ਕਈ ਵਿਸ਼ਵਾਸਪਾਤਰ ਪੈਰੋਕਾਰਾਂ ਲਈ ਜਿਸਮਾਨੀ ਹਰਜਾ ਹੋਣਾ ਪਹਿਲਾਂ ਤੋਂ ਹੀ ਨਿਸ਼ਚਿਤ ਸੀ। ਤੀਜੀ ਘਟਨਾ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਹੈ, ਜਦੋਂ ਉਹ ਖਾਲਸਾ ਪੰਥ ਜਾਂ ਪੰਜ ਪਿਆਰਿਆਂ ਦੇ ਆਦੇਸ਼ ਦੀ ਪਾਲਣਾ ਕਰਨ ਲਈ ਮਜਬੂਰ ਹੋਏ ਸਨ। ਉਹ ਪੰਥ ਦੇ ਵਡੇਰੇ ਹਿੱਤਾਂ ਲਈ ਨਾ ਚਾਹੁੰਦੇ ਹੋਏ ਵੀ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਅਤੇ ਫੇਰ ਚਮਕੌਰ ਦੀ ਗੜ੍ਹੀ ਨੂੰ ਛੱਡਣ ਲਈ ਰਾਜ਼ੀ ਹੋ ਗਏ ਸਨ; ਲੇਕਿਨ ਸੰਤ ਜਰਨੈਲ ਸਿੰਘ ਦੇ ਮਾਮਲੇ ਵਿਚ ਤਾਂ ਗੱਲ ਹੀ ਉਲਟੀ ਸੀ। ਉਹ ਤਾਂ ਸਗੋਂ ਮਹਿਤੇ ਚੌਕ ਵਾਲਾ ਆਪਣਾ ਹੈਡਕੁਆਰਟਰ ਛੱਡ ਕੇ ਬੀਬੀ ਅਮਰਜੀਤ ਕੌਰ ਦੇ ਕਥਨ ਦੇ ਗੁੱਝੇ ਅਰਥਾਂ ਅਨੁਸਾਰ, ਗੁਰੂ ਜੀ ਦੇ ਓਟ ਆਸਰੇ ਵਿਚ ਆ ਗਏ ਸਨ।

ਸ. ਅਜਮੇਰ ਸਿੰਘ ਜੋ ਮਰਜ਼ੀ ਵਿਆਖਿਆ ਦੇਈ ਜਾਣ, ਲੇਕਿਨ ਆਪਣੀਆਂ ਅੰਤਰ-ਆਤਮਾਵਾਂ ਵਿਚ ਬਹੁਤੇ ਸਿੱਖਾਂ ਨੂੰ ਪਤਾ ਹੀ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਸਾਏ ਹੇਠ ਬੈਠ ਕੇ ਭਾਰਤ ਵਰਗੀ ਸ਼ਕਤੀਸ਼ਾਲੀ ਸਟੇਟ ਨੂੰ ਭੜਕਾਉਣ ਵਾਲੀਆਂ ਕਾਰਵਾਈਆਂ ਲਈ ਲਗਾਤਾਰ ਅਨੋਭੜ ਸਿੱਖ ਨੌਜਵਾਨਾਂ ਨੂੰ ਹੱਲਾਸ਼ੇਰੀ ਦੇਈ ਜਾਣਾ ਸ਼ਾਇਦ ਪੂਰੀ ਤਰ੍ਹਾਂ ਠੀਕ ਅਤੇ ਜਾਇਜ਼ ਨਹੀਂ ਸੀ। ਸਿੱਖਾਂ ਦੇ ਕਿਸੇ ਵੀ ਅਹਿਮ ਵਿਦਵਾਨ ਨੇ ਹਿੰਸਕ ਕਾਰਵਾਈਆਂ ਦੀ ਹਮਾਇਤ ਨਹੀਂ ਕੀਤੀ। ਭਾਵੇਂ ਇਹ ਵੀ ਸੱਚਾਈ ਹੈ ਕਿ ਬਹੁਤੇ ਸਿੱਖ ਲਿਖਾਰੀਆਂ ਨੇ ਬਾਅਦ ਵਿਚ ਲਿਖਣ ਲੱਗਿਆਂ ਇਹ ਵਾਧਿਓਂ

(ਬਾਕੀ ਅਗਲੇ ਸਫੇ 'ਤੇ)

## ਵਿਚਾਰ-ਚਰਚਾ

ਭਾਰਤੀ ਧਾੜਵੀਆਂ ਦੇ ਕੁਕਰਮ ਦੀ ਨਿੰਦਾ ਵਿਚ ਸਫਿਆਂ ਦੇ ਸਫ਼ੇ ਭਰ ਦਿੱਤੇ ਹੋਏ ਹਨ।

ਅਜਮੇਰ ਸਿੰਘ ਨੇ ਭਾਰਤ ਸਰਕਾਰ ਦੀ ਸੇਵਾ ਨਿਭਾਅ ਰਹੇ ਉਦੋਂ ਦੇ ਇਕ 'ਚਕਰੈਲ ਸਿੰਘ' ਗੁਰਦੇਵ ਗਰੇਵਾਲ ਦੀ ਕਿਤਾਬ "ਦਿ ਸਰਚਿੰਗ ਆਈ" ਅਤੇ ਉਨ੍ਹਾਂ ਦੀ ਬੇਟੀ ਜਯੋਤੀ ਗਰੇਵਾਲ ਦੀ ਕਿਤਾਬ "ਬਿਟਰੇਅਡ ਬਾਈ ਦਿ ਸਟੇਟ" ਵਿਚੋਂ ਆਪਣੇ ਮਤਲਬ ਦੇ ਬੜੇ ਹਵਾਲੇ ਲਏ ਹਨ। ਖੈਰ, ਇਹ ਉਨ੍ਹਾਂ ਦੀ ਪੁਰਾਣੀ ਮੌਜ ਹੈ, ਜਿਥੋਂ ਵੀ ਉਨਾਂ ਨੂੰ ਆਪਣੇ ਮਤਲਬ ਦੀ ਤੁਕ ਮਿਲਦੀ ਹੋਵੇ, ਚੁਕ ਲੈਂਦੇ ਹਨ, ਭਾਵੇਂ ਬਾਕੀ ਸਾਰੀ ਦੀ ਸਾਰੀ ਕਿਤਾਬ ਹੀ ਉਨ੍ਹਾਂ ਦੀਆਂ ਦਲੀਲਾਂ ਦੇ ਵਿਰੁਧ ਜਾਂਦੀ ਹੋਵੇ। ਗੁਰਦੇਵ ਗਰੇਵਾਲ ਦੀ ਇਸ ਅਤਿ ਅਹਿਮ ਪੁਸਤਕ ਦਾ ਸਾਰਾ ਬਿਰਤਾਂਤ ਹੀ ਇਸ ਧਾਰਨਾ ਉਪਰ ਆਧਾਰਤ ਹੈ ਕਿ ਸੰਤ ਜਰਨੈਲ ਸਿੰਘ ਕਾਂਗਰਸ ਪਾਰਟੀ ਖਾਸ ਕਰਕੇ ਗਿਆਨੀ ਜ਼ੈਲ ਸਿੰਘ ਦੀ ਪੈਦਾਵਾਰ ਸਨ ਅਤੇ ਉਨ੍ਹਾਂ ਦੀ ਕਾਰਜਸ਼ੈਲੀ ਤੇ ਵਿਚਾਰਧਾਰਾ ਹੀ ਦੋਵਾਂ ਵੱਡੀਆਂ ਮਨਹੂਸ ਘਟਨਾਵਾਂ ਲਈ ਕੇਂਦਰੀ ਰੂਪ ਵਿਚ 'ਜ਼ਿੰਮੇਵਾਰ' ਸਨ।

ਇਸੇ ਤਰ੍ਹਾਂ ਉਸ ਨੇ ਅਸੀਸ ਨੰਦੀ ਵਰਗੇ ਰੜ੍ਹੇ ਹੋਏ ਸੈਕੂਲਰ ਬੁੱਧੀਜੀਵੀ ਨੂੰ ਵੀ ਨਹੀਂ ਬਖ਼ਸ਼ਿਆ। ਤੀਜੀ ਕਿਤਾਬ ਦੇ ਪੰਨਾ-96 'ਤੇ ਉਹ ਨੰਦੀ ਦੀ ਟੂਕ ਪੇਸ਼ ਕਰਦਾ ਹੈ, "ਮੱਧਵਰਗ ਹੀ ਹੈ ਜੋ ਮੀਡੀਏ ਤੇ ਵਿਦਿਅਕ ਢਾਂਚੇ ਨੂੰ ਕੰਟਰੋਲ ਕਰਦਾ ਹੈ, ਜਿਹੜੇ ਅਜੋਕੇ ਸਮੇਂ ਦੌਰਾਨ ਨਫ਼ਰਤ ਦੇ ਕਾਰਖਾਨੇ ਬਣੇ ਹੋਏ ਹਨ।" ਅਸਲ ਵਿਚ ਇਹ ਅਸੀਸ ਨੰਦੀ ਵਲੋਂ ਗੁਜਰਾਤ ਵਿਚ ਵਾਪਰੇ ਭਿਆਨਕ ਮੁਸਲਿਮ ਵਿਰੋਧੀ ਕਤਲੇਆਮ ਤੋਂ ਬਾਅਦ ਦੀ ਹਾਲਤ ਪੇਸ਼ ਕਰਦਾ ਲੇਖ ਹੈ। (ਟਾਈਮਜ਼ ਆਫ਼ ਇੰਡੀਆ, 8 ਜਨਵਰੀ 2008) ਉਹ ਇਕੋ ਹੀ ਸਾਹ ਵਿਚ ਹਰ ਵੰਨਗੀ ਦੇ ਹਿੰਦੂ, ਮੁਸਲਿਮ ਅਤੇ ਸਿੱਖ ਮੂਲਵਾਦੀਆਂ ਨੂੰ ਭੰਡਦਾ ਹੈ। ਸਾਡੇ ਲਈ ਅਹਿਮ ਗੱਲ ਲੇਖਕ ਵਲੋਂ ਵਿਗਾੜੀ ਗਈ ਟੂਕ ਦੀ ਹੈ। ਨੰਦੀ ਲਿਖਦਾ ਹੈ, "ਗੁਜਰਾਤ ਨੂੰ ਉਸ ਦੇ ਮੱਧਵਰਗ ਦੇ ਚੁੰਗਲ ਵਿਚੋਂ ਕੱਢਣਾ ਆਸਾਨ ਨਹੀਂ ਹੈ। ਇਸ ਨੇ ਬੰਗਾਲੀ ਬਾਬੂਆਂ, ਮਰਾਠੀ ਬ੍ਰਾਹਮਣਾਂ ਅਤੇ ਕਸ਼ਮੀਰੀ ਮੁਸਲਮਾਨਾਂ ਵਾਂਗ ਹਿੰਸਾ ਨੂੰ ਆਪਣੀ ਮੁਕਤੀ ਦਾ ਰਾਹ ਬਣਾ ਲਿਆ ਹੈ। ਗੁਜਰਾਤ ਦੇ ਇਸ ਮਧਵਰਗ ਦੇ ਮੂੰਹ ਨੂੰ ਖੂਨ ਲੱਗ ਚੁੱਕਿਆ ਹੈ। ਇਸ ਨੂੰ ਕਿਸੇ ਨੂੰ ਕਤਲ ਕਰਨ ਦੀ ਲੋੜ ਹੀ ਨਹੀਂ, ਇਸ ਨੇ ਤਾਂ ਬੱਸ ਯੋਜਨਾ ਬਣਾਉਣੀ, ਪੈਸਾ ਦੇਣਾ ਅਤੇ ਕਾਤਲਾਂ ਵਿਚਕਾਰ ਤਾਲਮੇਲ ਬਿਠਾਉਣਾ ਹੈ। ਅਸਲੀ ਕਾਤਲ ਤਾਂ ਨੀਚਾਂ ਵਿਚੋਂ ਨੀਚ ਹਨ ਜਿਨ੍ਹਾਂ ਵਿਚੋਂ ਬਹੁਗਿਣਤੀ ਆਦਿਵਾਸੀਆਂ ਤੇ ਦਲਿਤਾਂ ਦੀ ਹੈ। ਮੱਧ ਵਰਗ ਮੀਡੀਆ ਅਤੇ ਵਿਦਿਅਕ ਅਦਾਰਿਆਂ ਨੂੰ ਕੰਟਰੋਲ ਕਰਦਾ ਹੈ ਜਿਹੜੇ ਨੇੜੇ ਬੀਤੇ ਸਮਿਆਂ ਵਿਚ ਨਫ਼ਰਤ ਦੇ ਕਾਰਖਾਨੇ ਬਣ ਚੁੱਕੇ ਹਨ। ਉਹ ਬਹੁਤਾ ਕਰਕੇ ਗੈਰ-ਪਰਵਾਸੀ ਭਾਰਤੀਆਂ ਤੋਂ ਰੱਜਵੀਂ ਵਿੱਤੀ ਮਦਦ ਹਾਸਲ ਕਰਦੇ ਹਨ ਜਿਹੜੇ ਭਾਰਤ ਤੋਂ ਸੁਰੱਖਿਅਤ ਦੂਰੀ 'ਤੇ ਬੈਠ ਕੇ ਆਪਣੇ-ਆਪ ਨੂੰ ਮੌਜ ਨਾਲ ਹੀ ਕੌਮਪ੍ਰਸਤ, ਲਹੂ ਤਿਹਾਏ ਅਤੇ ਗੈਰ-ਜ਼ਿੰਮੇਵਾਰ ਬਣਨ ਦੀ ਸਹੂਲਤ ਮਾਣ ਸਕਦੇ ਹਨ।"

ਦੇਖਿਆ ਜਾਵੇ ਤਾਂ ਇਹ ਸਿਰਫ਼ ਗੁਜਰਾਤੀ ਮੱਧ ਵਰਗ 'ਤੇ ਹੀ ਲਾਗੂ ਨਹੀਂ ਹੁੰਦਾ ਸਗੋਂ ਵਿਦੇਸ਼ਾਂ ਵਿਚ ਬੈਠੇ ਸਿੱਖ ਮੱਧਵਰਗ 'ਤੇ ਵੀ ਬਾਖੂਬੀ ਲਾਗੂ ਹੋ ਰਿਹਾ ਹੈ ਜਿਹੜੇ ਇਧਰੋਂ ਜਾ ਕੇ ਉਨ੍ਹਾਂ ਨੂੰ 'ਸਿੱਖ ਸਟੇਟ' ਦਾ ਪ੍ਰਵਚਨ ਸੁਣਾਉਣ ਵਾਲਿਆਂ ਦੀ ਜੇਬ ਵਿਚ ਚਾਰ ਡਾਲਰ ਪਾ ਕੇ, ਸੁਰੱਖਿਅਤ ਦੂਰੀ 'ਤੇ ਬੈਠ ਕੇ ਖਾਲਿਸਤਾਨ ਦੀ ਸੇਵਾ ਕਰਨ ਦਾ ਸ਼ੌਕ ਪੂਰਾ ਕਰਦੇ ਹਨ। ਇਵੇਂ ਹੀ ਸਾਡੇ ਵਿਦਵਾਨ ਲੇਖਕ ਨੇ ਵਿਦੇਸ਼ੀ ਲੇਖਕ ਸਿੰਥੀਆ ਮਹਿਮੂਦ ਦੀ ਕਿਤਾਬ "ਫਾਈਟਿੰਗ ਫਾਰ ਫੇਥ ਐਂਡ ਨੇਸ਼ਨ" ਵਿਚੋਂ ਇਕ ਹੀ ਪੈਰੇ ਦੀਆਂ ਤਿੰਨ ਸਤਰਾਂ ਨੂੰ ਤੋੜ ਤੋੜ ਕੇ ਦੋ ਸਫਿਆਂ 'ਤੇ ਦੋ ਕਾਂਡਾਂ ਤੱਕ ਫੈਲਾਇਆ ਹੈ। ਦੇਖਿਆ ਜਾਵੇ ਤਾਂ ਦਿੱਲੀ ਦੰਗਿਆਂ ਦੌਰਾਨ ਵੀ ਉਹੀ ਕੁਝ ਵਾਪਰਿਆ, ਜਿਵੇਂ ਨੰਦੀ ਨੇ ਗੁਜਰਾਤ ਦੀ ਹਾਲਤ ਬਿਆਨ ਕੀਤੀ ਹੈ। ਸਿੱਖਾਂ ਨੂੰ ਘਿਨਾਉਣੇ ਤਰੀਕੇ ਨਾਲ ਕਤਲ ਕਰਨ ਵਾਲੇ ਵੀ 'ਨੀਚਾਂ ਵਿਚੋਂ ਨੀਚ' ਹੀ ਸਨ। ਮੱਧਵਰਗੀ ਕਾਂਗਰਸੀਆਂ ਨੇ ਤਾਂ ਹਮਾਇਤੀ ਮਾਹੌਲ ਤੇ ਮਸਾਲਾ ਹੀ ਮੁਹੱਈਆ ਕੀਤਾ ਸੀ।

ਲੇਖਕ ਦੇ ਬਿਰਤਾਂਤ ਦੀ ਇਕ ਹੋਰ ਅਹਿਮ ਗੱਲ ਤੀਜੀ ਕਿਤਾਬ ਦੇ ਚੌਥੇ ਕਾਂਡ ਵਿਚ ਇਹ ਸਿੱਧ ਕਰਨਾ ਹੈ ਕਿ 'ਸਿੱਖਾਂ ਵਿਰੁਧ ਆਮ ਸਹਿਮਤੀ ਦਾ ਜ਼ਹਿਰ' ਫੈਲਿਆ ਅਤੇ ਫੈਲਾਇਆ ਗਿਆ ਸੀ। ਉਹ ਇਹਦੇ ਲਈ ਸਾਰੀਆਂ ਹੀ ਵਿਰੋਧੀ ਪਾਰਟੀਆਂ ਅਤੇ ਅਖੌਤੀ ਖੱਬੇ ਦਲਾਂ ਨੂੰ ਵੀ ਇਕ ਟੱਕ ਦੋਸ਼ੀ ਸਿੱਧ ਕਰਦਾ ਹੈ। ਇਕ ਪਾਸੇ ਲੇਖਕ ਇਹ ਵੀ ਕਹਿੰਦਾ ਹੈ ਕਿ "ਵਿਰੋਧੀ ਅਤੇ ਖੱਬੇ ਦਲ, ਅਕਾਲੀ ਪਾਰਟੀ ਦੇ ਧਰਮ ਯੁੱਧ ਮੋਰਚੇ ਬਾਰੇ ਹਮਦਰਦੀ ਵਾਲਾ ਰਵੱਈਆ ਰੱਖਦੇ ਸਨ ਅਤੇ ਇੰਦਰਾ ਗਾਂਧੀ ਦੀਆਂ ਨੀਤੀਆਂ ਦੇ ਅਲੋਚਕ ਸਨ। ਦਿਨ 7 ਅਕਤੂਬਰ 1983 ਨੂੰ ਸ੍ਰੀਨਗਰ ਵਿਚ 16 ਵਿਰੋਧੀ ਦਲਾਂ ਦੀ ਸ਼ੁਰੂ ਹੋਈ ਤਿੰਨ ਰੋਜ਼ਾ ਮੀਟਿੰਗ ਵਿਚ ਆਪਣੀ ਪੁਰਾਣੀ ਮੰਗ ਦੁਹਰਾਈ ਗਈ।" (ਪੰਨਾ-107) ਲੇਕਿਨ ਇਸੇ ਸਮੇਂ 5 ਅਕਤੂਬਰ 1983 ਦੀ ਰਾਤ ਨੂੰ ਸਿੱਖ ਖਾੜਕੂਆਂ ਨੇ ਢਿਲਵਾਂ ਨੇੜੇ ਛੇ ਹਿੰਦੂ ਮੁਸਾਫ਼ਿਰਾਂ ਨੂੰ ਬੱਸ ਵਿਚੋਂ ਉਤਾਰ ਕੇ ਕਤਲ ਕਰ ਸੁਟਿਆ। ਅਗਲੇ ਦਿਨ ਹੀ ਦਰਬਾਰਾ ਸਿੰਘ ਦੀ ਕਾਂਗਰਸੀ ਸਰਕਾਰ ਭੰਗ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ।

ਹੁਣ ਇਥੇ ਅਫਸੋਸ ਦੀ ਗੱਲ ਇਹ ਹੈ ਕਿ ਪੰਜਾਬ ਦਾ ਸਾਬਕਾ ਪੱਤਰਕਾਰ ਅਤੇ 'ਨੇੜਿਓਂ ਡਿੱਠਾ ਭਿੰਡਰਾਂਵਾਲਾ' ਪੁਸਤਕ ਦਾ ਲਿਖਾਰੀ ਸ. ਦਲਬੀਰ ਸਿੰਘ ਜੋ ਆਪਣੀ ਅੱਧਖੜ ਉਮਰ ਤੱਕ ਕਮਿਊਨਿਸਟ ਵਿਚਾਰਧਾਰਾ ਦਾ ਕਾਇਲ ਰਿਹਾ, (ਅਜਮੇਰ ਸਿੰਘ ਦੀ ਪਹਿਲੀ ਕਿਤਾਬ-ਪੰਨਾ, 411-12) ਵਾਂਗ ਹੀ ਢਿਲਵਾਂ ਹੱਤਿਆ ਕਾਂਡ ਨੂੰ ਦਾਅ ਪੇਚ ਦੇ ਤੌਰ 'ਤੇ ਦਰੁੱਸਤ ਦੱਸਦਾ ਹੈ। ਢਿਲਵਾਂ ਕਾਂਡ ਪਿਛੋਂ ਸਾਰੇ ਦੇਸ਼ ਅੰਦਰ ਸੰਤ ਭਿੰਡਰਾਂਵਾਲਾ ਦੇ ਪੈਰੋਕਾਰਾਂ ਦੀਆਂ ਅਜਿਹੀਆਂ ਕਾਰਵਾਈਆਂ ਵਿਰੁਧ ਸੱਚ ਹੈ ਕਿ ਦੁਹਾਈ ਮੱਚ ਉਠੀ ਸੀ। ਲੋੜ ਉਸ ਨਾਜ਼ੁਕ ਘੜੀ ਵਕਤ ਵਿਚਾਰਨ ਦੀ ਸੀ। ਇਹੋ ਉਹ ਮੋੜ ਸੀ ਜਦੋਂ ਪਾਸਾ ਪਲਟਿਆ ਅਤੇ ਮੋਰਚਾ ਸੰਤ ਲੌਂਗੋਵਾਲ ਦੇ ਹੱਥੋਂ ਨਿਕਲਣਾ ਸ਼ੁਰੂ ਹੋਇਆ। ਅਸੀਂ ਨਹੀਂ ਕਹਿੰਦੇ ਕਿ ਸੰਤ ਲੌਂਗੋਵਾਲ ਮੋਰਚਾ ਵਾਪਸ ਲੈ ਲੈਂਦੇ ਪਰ ਇਹ ਉਹ ਵਕਤ ਸੀ ਜਦੋਂ ਉਨ੍ਹਾਂ ਅਤੇ ਉਨ੍ਹਾਂ ਦੇ ਸਲਾਹਕਾਰਾਂ ਨੂੰ ਜ਼ਰੂਰ ਹੀ ਚੋਰਾ ਚੌਰੀ ਦੀ ਘਟਨਾ ਦੇ ਸਬਕ ਵਿਚਾਰਨੇ ਚਾਹੀਦੇ ਸਨ। ਦੂਸਰੇ ਪਾਸੇ ਸੰਤ ਭਿੰਡਰਾਂਵਾਲੇ ਆਪਣੇ ਸਲਾਹਕਾਰ ਦਲਬੀਰ ਸਿੰਘ ਜੋ ਆਪਣੇ-ਆਪ ਨੂੰ ਬਹੁਤ ਹੀ ਦਾਨਾ ਆਦਮੀ ਮੰਨਦਾ ਸੀ, ਨੂੰ ਸੱਦ ਕੇ ਹੱਤਿਆ ਕਾਂਡ ਦੀ ਨਿਖੇਧੀ ਕਰਨ ਜਾਂ ਨਾ ਕਰਨ ਲਈ ਸੰਤਾਂ ਨੇ ਸਲਾਹ ਪੁੱਛੀ ਸੀ ਪਰ ਉਸ ਨੇ ਸਲਾਹ ਇਹ ਦਿੱਤੀ ਕਿ ਤੁਸੀਂ ਦਰਬਾਰੇ ਦੀ ਸਰਕਾਰ ਭੰਗ ਕਰਨ ਦੀ ਮੰਗ ਕਿੰਨੀ ਵਾਰ ਕੀਤੀ ਪਰ ਕਿਸੇ ਦੇ ਕੰਨ 'ਤੇ ਜੂੰ ਤੱਕ ਨਾ ਸਰਕੀ। ਛੇ ਹਿੰਦੂਆਂ ਦੀ ਹੱਤਿਆ ਪਿੱਛੋਂ ਪਤਾ ਲੱਗ ਗਿਆ ਹੈ ਕਿ ਇਨ੍ਹਾਂ ਦੇ ਕੰਨ 'ਤੇ ਜੂੰ ਕਿਵੇਂ ਸਰਕਦੀ ਹੈ। ਦਲਬੀਰ ਸਿੰਘ ਦੇ ਇਸੇ ਕੁ-ਤਰਕ ਦੀ ਤਾਈਦ 20-25 ਵਰ੍ਹੇ ਪਿੱਛੋਂ ਆ ਕੇ ਅਜਮੇਰ ਸਿੰਘ ਕਰੀ ਜਾ ਰਿਹਾ ਹੈ। ਪਾਠਕ ਖੁਦ ਹੀ ਸੋਚਣ ਕਿ ਸਿੱਖ ਭਾਈਚਾਰਾ ਕਦੀ ਨਾ ਕਦੀ ਤਾਂ ਇਹ ਵਿਚਾਰੇਗਾ ਹੀ ਕਿ 'ਸਿੱਖਾਂ ਵਿਰੁਧ ਆਮ ਸਹਿਮਤੀ ਦਾ ਜ਼ਹਿਰ' ਜਿਸ ਦੀ ਅਜਮੇਰ ਸਿੰਘ ਨੇ 'ਅਣਚਿਤਵਿਆ ਕਹਿਰ' ਵਾਲੀ ਆਪਣੀ ਪੁਸਤਕ ਵਿਚ ਇਤਨੀ ਖੁੱਲ੍ਹ ਕੇ ਵਜਾਹਤ ਕੀਤੀ ਹੈ, ਉਸ ਲਈ ਮੌਕੇ ਬਣਾ ਕੇ ਦੇਣ ਪਿੱਛੇ ਭਲਾ ਕੌਣ ਕੌਣ ਜ਼ਿੰਮੇਵਾਰ ਸਨ?

ਲੇਖ ਲੰਮਾ ਹੋ ਰਿਹਾ ਹੈ ਪਰ ਮੁਆਫ ਕਰਨਾ, ਮੈਨੂੰ ਅਜਮੇਰ ਸਿੰਘ ਦੀ ਪੁਸਤਕ ਲੜੀ ਦੀ ਪਹਿਲੀ ਕੜੀ "ਵੀਹਵੀਂ ਸਦੀ ਦੀ ਸਿੱਖ ਰਾਜਨੀਤੀ ਇੱਕ ਗੁਲਾਮੀ ਤੋਂ ਦੂਜੀ ਗੁਲਾਮੀ ਤੱਕ" ਦੀ ਚੌਥੀ ਛਾਪ ਪੰਨਾ 398 ਉਪਰ ਉਸ ਵਲੋਂ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਉਪਰ 25 ਅਪਰੈਲ 1983 ਨੂੰ ਦਿਨ ਦਿਹਾੜੇ ਡੀ.ਆਈ.ਜੀ. ਅਵਤਾਰ ਸਿੰਘ ਅਟਵਾਲ ਦੀ ਖਾੜਕੂਆਂ ਹੱਥੋਂ ਹੱਤਿਆ ਨੂੰ ਤਰਕ ਸਿੱਧ ਸਾਬਤ ਕਰਨ ਦੀ ਕਹਾਣੀ ਯਾਦ ਆ ਗਈ ਹੈ। ਅਜਮੇਰ ਸਿੰਘ ਲਿਖਦਾ ਹੈ, "ਅਟਵਾਲ ਵਰਗੇ ਉਚ ਅਫਸਰ ਦੀ ਹੱਤਿਆ ਨਾਲ ਹਕੂਮਤੀ ਢਾਂਚੇ ਤੇ ਹੁਕਮਰਾਨ ਹਲਕਿਆਂ ਅੰਦਰ ਤਿੱਖੀ ਖਲਬਲੀ ਮਚ ਗਈ। ਸੰਤ ਭਿੰਡਰਾਂਵਾਲੇ ਵਿਰੁਧ ਠੋਸ ਅਤੇ ਅਸਰਦਾਰ ਕਾਰਵਾਈ ਦੀ ਮੰਗ ਹੋਰ ਉਚੀ ਹੋ ਗਈ। ਇੰਦਰਾ ਗਾਂਧੀ ਇਸ ਫਿਰਕੂ ਮੰਗ ਅਤੇ ਇਸ ਪਿੱਛੇ ਕੰਮ ਕਰਦੀਆਂ ਫਿਰਕੂ ਭਾਵਨਾਵਾਂ ਨਾਲ ਪੂਰੀ ਤਰ੍ਹਾਂ ਇਕਮੱਤ ਤੇ ਇਕਸੁਰ ਹੁੰਦੇ ਹੋਏ ਵੀ ਆਪਣੀਆਂ ਅਲੱਗ ਗੀਟੀਆਂ ਖੇਡ ਰਹੀ ਸੀ। ਇਕ ਤਾਂ ਉਹ ਹਿੰਦੂ ਭਾਵਨਾਵਾਂ ਨੂੰ ਅਜੇ ਹੋਰ ਸਿਖਰਾਂ 'ਤੇ ਲਿਜਾਣਾ ਚਾਹੁੰਦੀ ਸੀ ਤਾਂ ਜੋ ਇਨ੍ਹਾਂ ਦੀ ਹੋਰ ਭਰਪੂਰ ਵੱਟਤ ਹੋ ਸਕੇ। ਦੂਸਰਾ ਉਹ ਹਾਲਾਤ ਦੀ ਘੁੰਮਣਘੇਰੀ ਵਿਚ ਫਸ ਕੇ ਰਹਿ ਗਈ ਅਕਾਲੀ ਲੀਡਰਸ਼ਿਪ ਨੂੰ ਅਜੇ ਹੋਰ ਗੋਤੇ ਖੁਆਉਣਾ ਚਾਹੁੰਦੀ ਸੀ...ਉਸ ਦੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਿਰੁਧ ਸਿੱਧੀ ਕਾਰਵਾਈ ਲਈ ਵੱਧ ਢੁਕਵੇਂ ਬਹਾਨੇ ਦੀ ਤਲਾਸ਼ ਦਰਬਾਰ ਸਾਹਿਬ ਅੰਦਰ ਸਿੱਖਾਂ ਨੂੰ ਆਪਸੀ ਹਥਿਆਰਬੰਦ ਟੱਕਰ ਵਿਚ ਉਲਝਾਉਣ ਦੀ ਖੂਨੀ ਪਿਆਸ ਵਿਚ ਵਟ ਗਈ ਸੀ। 1984 ਦਾ ਵਰ੍ਹਾ ਸ਼ੁਰੂ ਹੋਣ ਵੇਲੇ ਤੱਕ ਦਰਬਾਰ ਸਾਹਿਬ ਸਮੂਹ ਦੇ ਅੰਦਰ ਹਾਲਤਾਂ ਸਚਮੁਚ ਹੀ ਅਤਿ ਖਤਰਨਾਕ ਰੁੱਖ ਅਖਤਿਆਰ ਕਰ ਰਹੀਆਂ ਪ੍ਰਤੀਤ ਹੋਣ ਲੱਗ ਪਈਆਂ ਸਨ।"

ਸਵਾਲ ਉਠਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਤੇ ਹਮਲਾ ਮਨਹੂਸ ਕਾਰਵਾਈ ਸੀ ਪਰ ਦਰਬਾਰ ਸਾਹਿਬ ਕੰਪਲੈਕਸ ਅੰਦਰ ਜੋ ਕੁਝ ਹੋ ਰਿਹਾ ਸੀ ਅਤੇ ਉਹ ਸਾਰਾ ਕੁੱਝ ਕਰਕੇ ਅਜਿਹੇ ਹਮਲੇ ਲਈ ਬਹਾਨਾ ਪੈਦਾ ਕਰਨ ਵਾਲੇ ਲੋਕ, ਕੀ ਠੀਕ ਸਨ? ਸ਼ਾਇਦ ਉਹ ਵੀ ਠੀਕ ਨਹੀਂ ਸਨ।

ਢਿਲਵਾਂ ਬੱਸ ਕਾਂਡ ਤੋਂ ਬਾਅਦ ਇਹ ਹੋਇਆ ਕਿ ਪੂਰੇ ਦੇਸ਼ ਅੰਦਰ ਖਾਸ ਕਰਕੇ ਪੰਜਾਬ ਅੰਦਰ ਫਿਰਕੂ ਮਾਹੌਲ ਪੂਰੀ ਤਰ੍ਹਾਂ ਪ੍ਰਚੰਡ ਹੋ ਗਿਆ। ਇਸ ਦਿਨ ਤੋਂ ਪਿੱਛੋਂ ਤਾਂ ਨਿਰਦੋਸ਼ਾਂ ਤੇ ਸਿਆਸੀ ਵਿਰੋਧੀਆਂ ਦੇ ਕਤਲਾਂ ਦਾ ਛੇੜਾ ਹੀ ਛਿੜ ਗਿਆ। ਖੱਬੀਆਂ ਧਿਰਾਂ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾਇਆ ਜਾਣ ਲੱਗਿਆ। ਅਜਿਹੇ ਬਜ਼ੁਰਗ ਆਗੂ ਵੀ ਕਤਲ ਕਰ ਸੁੱਟੇ ਜਿਨ੍ਹਾਂ ਨੇ ਗਦਰ ਲਹਿਰ ਤੋਂ ਲੈ ਕੇ ਮੁਜਾਰਾ ਲਹਿਰ ਤੱਕ ਤਨ, ਮਨ ਤੇ ਧਨ ਨਾਲ ਕੌਮੀ ਅਜ਼ਾਦੀ ਅਤੇ ਕਿਸਾਨੀ ਦੇ ਜ਼ਮੀਨੀ ਹੱਕਾਂ ਲਈ ਸਭ ਕੁੱਝ ਕੁਰਬਾਨ ਕਰ ਦੇਣ ਦੀਆਂ ਪਿਰਤਾਂ ਪਾਈਆਂ ਸਨ। ਇਸ ਤਰ੍ਹਾਂ ਅਜਿਹੇ ਮਾਹੌਲ ਵਿਚ ਖਿੰਡੇ-ਖੱਪਰੇ ਵਿਰੋਧੀ ਦਲ ਕਿਸੇ ਤਰ੍ਹਾਂ ਦੀ ਦਖਲਅੰਦਾਜ਼ੀ ਦੀ ਹਾਲਤ ਵਿਚ ਨਹੀਂ ਸਨ। ਜਦੋਂ ਗੱਲ ਸਿਆਸੀ ਵਿਚਾਰਾਂ ਦੇ ਪਿੜ ਵਿਚੋਂ ਨਿਕਲ ਕੇ ਗੋਲੀ ਨਾਲ ਸੰਘੀ ਘੁੱਟਣ ਦੇ ਮਾਹੌਲ ਵਿਚ ਦਾਖਲ ਹੋ ਜਾਵੇ ਤਾਂ ਸੰਵਾਦ ਰਚਾਉਣ ਦੀ ਕਲਾ ਵੀ ਖੁੰਢੀ ਹੋ ਜਾਂਦੀ ਹੈ। ਜਦੋਂ ਕਿਸੇ ਧਿਰ ਲਈ ਸਵਾਲ ਅਕੀਦੇ ਦਾ ਬਣ ਜਾਵੇ ਤਾਂ ਉਸ ਲਈ ਸੱਪ ਅਤੇ ਕੋਹੜ ਕਿਰਲੀ ਵਾਲੀ ਹਾਲਤ ਬਣ ਜਾਣੀ ਨਿਸ਼ਚਿਤ ਹੈ।

ਸ਼ਹਿਰਾਂ ਦੀਆਂ ਹੱਟੀਆਂ ਕੇਸਰੀ ਕੱਪੜਿਆਂ ਦੇ ਥਾਨਾਂ ਨਾਲ ਭਰੀਆਂ ਪਈਆਂ ਹੁੰਦੀਆਂ ਹਨ ਲੇਕਿਨ ਇਹ ਕੱਪੜੇ ਦਾ ਟੋਟਾ ਸ੍ਰੀ ਨਿਸ਼ਾਨ ਸਾਹਿਬ ਦਾ ਚੋਲਾ ਬਣਨ ਤੋਂ ਬਾਅਦ ਹੀ ਪੂਜਣਯੋਗ ਚੀਜ਼ ਬਣ ਜਾਂਦੀ ਹੈ। ਇਵੇਂ ਹੀ ਸੜਕ 'ਤੇ ਰੁਲ ਰਹੀ ਲਾਲ ਕੱਪੜੇ ਦੀ ਲੀਰ ਦੀ ਕਿਸੇ ਨੂੰ ਕਦੇ ਪਰਵਾਹ ਨਹੀਂ ਹੁੰਦੀ ਲੇਕਿਨ ਜਿਉਂ ਹੀ ਇਹ ਡੰਡੇ ਨਾਲ ਬੰਨ੍ਹ ਦਿੱਤੀ ਜਾਂਦੀ ਹੈ ਤਾਂ ਸ਼ਹੀਦਾਂ ਦੇ ਖੂਨ ਨਾਲ ਰੰਗੇ ਝੰਡੇ ਦਾ ਬਿੰਬ ਸਿਰਜ ਦਿੰਦੀ ਹੈ। ਸੰਗਰੂਰ ਦੇ ਲੋਕਾਂ ਨੂੰ ਨਵੰਬਰ 1989 ਦੀਆਂ ਪਾਰਲੀਮਾਨੀ ਚੋਣਾਂ ਵੇਲੇ ਸੁਨਾਮੀ ਗੇਟ ਦੇ ਬਾਹਰ ਹੋਈ ਘਟਨਾ ਕਦੇ ਨਹੀਂ ਭੁੱਲਣੀ। ਸੰਗਰੂਰ ਦੀ ਸੀਟ ਤੋਂ ਚੋਣ ਜਿੱਤੇ ਸਿਮਰਨਜੀਤ ਸਿੰਘ ਖਾਲਸਾ ਦੇ ਜੇਤੂ ਜਲੂਸ ਵਿਚ ਸਿੱਖ ਗੱਭਰੂਆਂ ਦੀ ਖਰੂਦੀ ਭੀੜ ਰਾਹ ਵਿਚ ਆਉਂਦੇ ਲਾਲ ਝੰਡਿਆਂ ਨੂੰ ਪੈਰਾਂ ਵਿਚ ਮਧੋਲਦੀ ਅਤੇ ਚਾਂਭੜਾਂ ਪਾਉਂਦੀ ਆ ਰਹੀ ਸੀ। ਅਚਾਨਕ ਹੀ ਉਪਲੀ ਪਿੰਡ ਦਾ ਸਾਬਕਾ ਸਰਪੰਚ ਕਾਮਰੇਡ ਰਾਮ ਸਿੰਘ ਇਕੱਲਾ ਹੀ ਭੀੜ ਮੂਹਰੇ ਡਟ ਗਿਆ। ਉਹਦੇ ਕੋਲ ਆਪਣੀ ਲਾਇਸੰਸੀ ਦੋਨਾਲੀ ਬੰਦੂਕ ਸੀ। ਜੋਸ਼ ਨਾਲ ਭੜਕੇ ਮਾਹੌਲ ਵਿਚ ਝੰਡੇ ਦੀ ਬੇਅਦਬੀ ਨਾ ਕਰਨ ਦੀਆਂ ਉਸ ਦੀਆਂ ਬੇਨਤੀਆਂ ਖਰੂਦੀ ਮਖੌਲ ਵਿਚ ਉਡ ਗਈਆਂ। ਕਾਮਰੇਡ ਰਾਮ ਸਿੰਘ ਨੇ ਇਕੋ ਝਟਕੇ ਨਾਲ ਦੋਵੇਂ ਗੋਲੀਆਂ ਸਿੱਧੀਆਂ ਠੋਕ ਦਿੱਤੀਆਂ। ਖਰੂਦੀ ਭੀੜ ਪਲਾਂ ਵਿਚ ਹੀ ਤਿੱਤਰ-ਬਿੱਤਰ ਹੋ ਗਈ ਅਤੇ ਰਾਮ ਸਿੰਘ ਸੜਕ ਦੇ ਵਿਚਕਾਰ ਇਕੱਲਾ ਹੀ ਖੜ੍ਹਾ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਮਾਰ ਰਿਹਾ ਸੀ।

ਅਜਿਹੇ ਹਾਲਾਤ ਵਿਚ ਮਸਲਾ ਚੰਗੇ ਜਾਂ ਮਾੜੇ ਹੋਣ ਦਾ ਨਹੀਂ, ਅਕੀਦੇ ਤੇ ਨਿਹਚਾ ਦਾ ਹੁੰਦਾ ਹੈ। 1980ਵਿਆਂ ਦੇ ਸਿੱਖ ਸੰਘਰਸ਼ ਦੇ ਵੇਗ ਫੜਨ ਤੋਂ ਪਹਿਲਾਂ ਹੀ ਖਾਲਿਸਤਾਨੀ ਚਿੰਤਕਾਂ ਨੇ ਨਿਰੰਕਾਰੀਆਂ, ਹਿੰਦੂਆਂ, ਪਤਿਤ ਸਿੱਖਾਂ ਅਤੇ ਕਮਿਊਨਿਸਟਾਂ ਨੂੰ ਦੁਸ਼ਮਣਾਂ ਵਜੋਂ ਟਿਕ ਲਿਆ ਹੋਇਆ ਸੀ। ਵਿਰੋਧੀ ਵਿਚਾਰਾਂ ਵਾਲਿਆਂ ਦੀ ਐਲਾਨੀਆ ਕਾਤਲੀ ਮੁਹਿੰਮ ਸ਼ੁਰੂ ਕੀਤੀ ਜਾ ਚੁੱਕੀ ਸੀ। ਉਨ੍ਹਾਂ ਕੋਲ ਆਪਣੇ ਜਾਨ, ਮਾਲ ਤੇ ਅਕੀਦੇ ਦੀ ਰਾਖੀ ਦੇ ਰਾਹ ਭੀੜੇ ਹੋ ਚੁੱਕੇ ਸਨ। ਭਾਵੇਂ ਇਸ ਹਾਲਤ ਵਿਚ ਵੀ ਖਾਲਿਸਤਾਨੀ ਲਹਿਰ ਦੇ ਵਿਰੋਧੀਆਂ ਨੂੰ ਆਪਣੇ ਹਮਲੇ ਦੀ ਧਾਰ ਕੇਂਦਰ ਦੀ ਆਪਹੁਦਰੀ ਅਤੇ ਫਾਸ਼ੀ ਸਟੇਟ ਦੇ ਖਿਲਾਫ਼ ਸੇਧਤ ਰੱਖਣੀ ਅਤੇ ਸਿੱਖ ਸੰਘਰਸ਼ ਪ੍ਰਤੀ ਆਪਣੇ ਵਿਰੋਧ ਨੂੰ ਮੱਠਾ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਸੀ। ਲੇਕਿਨ ਹਾਲਾਤ ਨਾ ਚਾਹੁੰਦਿਆਂ ਵੀ ਕੁਵੱਲੇ ਮੋੜ ਲੈ ਲੈਂਦੇ ਹਨ ਅਤੇ ਖਾਲਿਸਤਾਨ ਕਮਾਂਡੋ ਫੋਰਸ ਦੇ 'ਜਨਰਲ' ਲਾਭ ਸਿੰਘ ਦੀਆਂ 'ਸਿਆਣੀਆਂ' ਗੱਲਾਂ ਵੀ ਰੁਲ ਜਾਇਆ ਕਰਦੀਆਂ ਹਨ। ਸਾਡੇ ਸਮਿਆਂ ਦੇ ਮਹਾਨ ਮਾਰਕਸਵਾਦੀ ਚਿੰਤਕ ਪ੍ਰੋਫੈਸਰ ਰਣਧੀਰ ਸਿੰਘ ਅਕਸਰ ਹੀ ਦੱਸਦੇ ਹਨ ਕਿ "ਪੰਜਾਬ ਵਿਚ ਖਾੜਕੂਵਾਦ ਦੇ ਦੌਰ ਸਮੇਂ ਮੈਨੂੰ ਬਰਨਾਲੇ ਕੀਤੇ ਜਾਣ ਵਾਲੇ ਇਕ ਸਮਾਗਮ ਲਈ ਸੱਦਾ ਮਿਲਿਆ। ਮੇਰਾ ਪਰਿਵਾਰ ਮੇਰੇ ਇਸ ਸਮਾਗਮ ਵਿਚ ਜਾਣ ਦੇ ਹੱਕ ਵਿਚ ਨਹੀਂ ਸੀ। ਮੈਨੂੰ ਉਥੇ ਜਾ ਕੇ ਮਾਰੇ ਜਾਣ ਦਾ ਇੰਨਾ ਡਰ ਨਹੀਂ ਸੀ, ਜਿੰਨਾ ਇਸ ਗੱਲ ਦਾ ਖੌਫ਼ ਸੀ ਕਿ ਕਿਸੇ ਸਿੱਖ ਖਾੜਕੂ ਦੀ ਗੋਲੀ ਨਾਲ ਮਾਰੇ ਜਾਣ ਦੀ ਸੂਰਤ ਵਿਚ ਭਾਰਤੀ ਸਟੇਟ ਤੇ ਮੀਡੀਏ ਨੇ ਮੈਨੂੰ 'ਦੇਸ਼ ਦੀ ਏਕਤਾ ਤੇ ਅਖੰਡਤਾ' ਲਈ ਕੁਰਬਾਨੀ ਦੇਣ ਵਾਲੇ ਸ਼ਹੀਦ ਦਾ ਰੁਤਬਾ ਦੇ ਦੇਣਾ ਸੀ। ਇਹ ਗੱਲ ਮੈਨੂੰ ਹਰਗਿਜ਼ ਵੀ ਮਨਜ਼ੂਰ ਨਹੀਂ ਸੀ।" ਜਦੋਂ ਸਾਰੀਆਂ ਵਿਰੋਧੀ ਧਿਰਾਂ ਅਤੇ ਚਿੰਤਕਾਂ ਦੀ ਅਜਿਹੀ ਹਾਲਤ ਹੋ ਜਾਵੇ ਤਾਂ ਇਸ ਨੂੰ "ਸਿੱਖਾਂ ਵਿਰੁਧ ਫੈਲਿਆ ਆਮ ਸਹਿਮਤੀ ਦਾ ਜ਼ਹਿਰ" ਕਹਿ ਦੇਣਾ ਮਸਲੇ ਦੀ ਸਤਹੀ ਪੇਸ਼ਕਾਰੀ ਬਣ ਜਾਂਦਾ ਹੈ। ਵਿਰੋਧੀ ਦਲਾਂ ਜਾਂ "ਖੱਬੇ ਪੱਖ ਦੀ ਉਲਟਬਾਜ਼ੀ ਦੀ ਵਿਆਕਰਣ" ਕਹਿ ਦੇਣ ਨਾਲ ਹੀ ਕਿਸੇ ਨੂੰ ਇੰਦਰਾ ਗਾਂਧੀ ਦਾ ਹੱਥਠੋਕਾ ਸਿੱਧ ਕਰਨ ਦੀ ਕਵਾਇਦ ਕਰਨਾ ਉਚਿਤ ਨਹੀਂ ਜਾਪਦਾ।

ਆਪਾਂ ਸ਼ੰਕਰਾਚਾਰੀਆ ਦਾ ਕੇਸ ਦੇਖ ਚੁੱਕੇ ਹਾਂ। ਇਸ ਦੇ ਮੁਕਾਬਲੇ 'ਤੇ ਨਛੱਤਰ ਸਿੰਘ ਰੋਡੇ ਦੇ ਇਕਬਾਲੀਆ ਬਿਆਨ ਦੇ ਅਧਾਰ 'ਤੇ ਸਪਸ਼ਟ ਹੈ ਕਿ ਲਾਲਾ ਜਗਤ ਨਰਾਇਣ ਦੇ ਕਤਲ ਪਿੱਛੇ ਸੰਤਾਂ ਦੀ ਪ੍ਰੇਰਨਾ/ਹੱਥ ਸੀ। ਕੇਂਦਰੀ ਗ੍ਰਹਿ ਵਜ਼ਾਰਤ ਦੇ ਚੋਟੀ ਦੇ ਅਧਿਕਾਰੀ ਗੁਰਦੇਵ ਗਰੇਵਾਲ ਅਨੁਸਾਰ ਨਛੱਤਰ ਸਿੰਘ ਅਤੇ ਸਵਰਨ ਸਿੰਘ ਗ੍ਰਿਫਤਾਰ ਹੋ ਚੁੱਕੇ ਸਨ, ਲੇਕਿਨ ਅਜੇ ਦਲਬੀਰ ਸਿੰਘ ਹੱਥ ਨਹੀਂ ਆਇਆ ਸੀ। ਮੁੱਖ ਮੰਤਰੀ ਦਰਬਾਰਾ ਸਿੰਘ ਕੇਂਦਰ ਸਰਕਾਰ ਉਪਰ ਲਗਾਤਾਰ ਦਬਾਅ ਵਧਾ ਰਿਹਾ ਸੀ ਕਿ ਸੰਤ ਜੀ ਨੂੰ ਗ੍ਰਿਫਤਾਰ ਕਰਨ ਦੀ ਆਗਿਆ ਦਿੱਤੀ ਜਾਵੇ ਲੇਕਿਨ ਕੇਂਦਰੀ ਗ੍ਰਹਿਮੰਤਰੀ ਗਿਆਨੀ ਜ਼ੈਲ ਸਿੰਘ ਆਪਣੇ ਸਿਆਸੀ ਵਿਰੋਧੀ ਨੂੰ ਹਰ ਹਾਲ ਵਿਚ ਨੀਵਾਂ ਦਿਖਾਉਣ 'ਤੇ ਤੁਲਿਆ ਹੋਇਆ ਸੀ। ਸੰਤ ਜਰਨੈਲ ਸਿੰਘ ਆਪਣੀ ਗ੍ਰਿਫਤਾਰੀ ਲਈ ਹੇਠ ਲਿਖੀਆਂ ਅਜੀਬੋ ਗਰੀਬ ਸ਼ਰਤਾਂ ਰੱਖ ਰਹੇ ਸਨ:

1. ਉਹ ਇਕ ਹਫਤੇ ਤੱਕ ਅੰਤਰ-ਧਿਆਨ ਹੋਣ ਤੋਂ ਬਾਅਦ ਹੀ ਗ੍ਰਿਫ਼ਤਾਰੀ ਦੇਣਗੇ।

2. ਉਨ੍ਹਾਂ ਦੀ ਗ੍ਰਿਫਤਾਰੀ ਲਈ ਸਿਰਫ ਸਾਬਤ ਸੂਰਤ ਅੰਮ੍ਰਿਤਧਾਰੀ ਅਤੇ ਖੁੱਲ੍ਹੀਆਂ ਦਾੜ੍ਹੀਆਂ ਵਾਲੇ ਸਿੱਖ ਸਿਪਾਹੀਆਂ ਨੂੰ ਹੀ ਭੇਜਿਆ ਜਾਵੇ।

ਹੋਇਆ ਇਹ ਕਿ ਡਰ ਨਾਲ ਸਹਿਮੀ ਹੋਈ ਮੁੱਖ ਮੰਤਰੀ ਦਰਬਾਰਾ ਸਿੰਘ ਦੀ ਸਰਕਾਰ ਨੇ ਸੰਤਾਂ ਦੀਆਂ ਸ਼ਰਤਾਂ ਮੰਨ ਲਈਆਂ। 20 ਸਤੰਬਰ 1981 ਨੂੰ ਮਹਿਤਾ ਚੌਕ ਵਿਖੇ ਸਿੱਖ ਸ਼ਰਧਾਲੂਆਂ ਦੇ ਵਿਸ਼ਾਲ ਇਕੱਠ ਦੀ ਹਾਜ਼ਰੀ ਵਿਚ ਸੰਤ ਜੀ ਨੇ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਇਸ ਮੌਕੇ 'ਤੇ ਗਿਆਨੀ ਜ਼ੈਲ ਸਿੰਘ ਦੇ ਖਾਸੋ ਖਾਸ ਬੰਦੇ ਜਥੇਦਾਰ ਸੰਤੋਖ ਸਿੰਘ ਦਿੱਲੀ ਨੇ ਭੜਕਾਊ ਭਾਸ਼ਣ ਦਿੱਤਾ ਜਿਸ ਉਪਰੰਤ ਸਿੰਘਾਂ ਅਤੇ ਪੁਲਿਸ ਦਰਮਿਆਨ ਖੂਨੀ ਟਕਰਾਅ ਵਾਪਰਿਆ ਅਤੇ ਦਰਜਨਾਂ ਹੀ ਲੋਕ ਮਾਰੇ ਗਏ। ਸੰਤ ਜੀ ਨੂੰ ਪੁਲਿਸ ਰਿਮਾਂਡ ਦੌਰਾਨ ਸਰਕਾਰੀ ਗੈਸਟ ਹਾਊਸ ਵਿਚ ਰੱਖਿਆ ਗਿਆ ਅਤੇ ਕੁੱਝ ਦੇਰ ਫਿਰੋਜ਼ਪੁਰ ਜੇਲ੍ਹ ਅੰਦਰ ਨਿਆਇਕ ਹਿਰਾਸਤ ਵਿਚ ਰੱਖਣ ਤੋਂ ਬਾਅਦ, ਪੰਦਰਾਂ ਅਕਤੂਬਰ 1981 ਨੂੰ ਬਿਨਾਂ ਸ਼ਰਤ ਰਿਹਾ ਕਰ ਦਿੱਤਾ ਗਿਆ। (ਗੁਰਦੇਵ ਗਰੇਵਾਲ, ਉਹੀ ਕਿਤਾਬ, ਸਫ਼ਾ 169-175)

ਬਾਈ ਅਜਮੇਰ ਸਿੰਘ ਹੀ ਦੱਸਣ ਕਿ ਜਿਸ ਨੂੰ ਉਹ ਸਵਰਨ ਹਿੰਦੂ ਸਟੇਟ ਕਹੀ ਜਾਂਦੇ ਹਨ, ਉਸ ਨੇ ਕਤਲ ਦੀ ਸਾਜਿਸ਼ 'ਚ ਸ਼ਰੀਕ ਹੋਣ ਦੇ ਦੋਸ਼ ਵਿਚ ਕਾਬੂ ਆਏ ਆਪਣੇ ਮਹਾਂ-ਸ਼ੰਕਰਾਚਾਰੀਆ ਨਾਲ ਕੀ ਕੀਤਾ ਸੀ? ਉਧਰ ਧਰਮ ਯੁੱਧ ਮੋਰਚਾ ਲਾਉਣ ਵਾਲੇ ਸਮੇਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਗੱਲਬਾਤ ਕਰਨ ਲਈ ਅਕਾਲੀ ਲੀਡਰਸ਼ਿਪ ਦੀ ਪਹਿਲੀ ਸ਼ਰਤ ਹੀ ਇਹ ਸੀ ਕਿ ਲਾਲਾ ਕਤਲ ਸਾਜ਼ਿਸ਼ ਕੇਸ਼ ਵਿਚ ਸੰਤ ਭਿੰਡਰਾਂਵਾਲੇ ਦੀ ਬਿਨਾ ਸ਼ਰਤ ਰਿਹਾਈ ਕੀਤੀ ਜਾਵੇ ਜੋ ਹੋ ਵੀ ਗਈ ਸੀ। ਅਜਮੇਰ ਸਿੰਘ ਆਪਣੀ ਤੀਸਰੀ ਪੁਸਤਕ 'ਅਣਚਿਤਵਿਆ ਕਹਿਰ' ਦੇ ਪੰਨਾ 183 'ਤੇ 'ਲਾਲ ਜਗਤ ਨਰਾਇਣ ਦੇ ਕਤਲ ਦੀ ਕਹਾਣੀ : ਭਾਈ ਰੋਡੇ ਦੀ ਜ਼ਬਾਨੀ' ਵਿਚੋਂ ਹਵਾਲਾ ਦਿੰਦਿਆਂ ਦੱਸਦਾ ਹੈ: "ਅਪ੍ਰੈਲ 1981 ਵਿਚ ਭਾਈ ਨਛੱਤਰ ਸਿੰਘ ਰੋਡੇ ਨਾਲ ਪਹਿਲੀ ਤੇ ਭਾਵਪੂਰਤ ਗੱਲਬਾਤ 'ਚੋਂ ਸੰਤ ਜਰਨੈਲ ਸਿੰਘ ਦੇ ਦਿਲੋ-ਦਿਮਾਗ ਅੰਦਰ ਆਉਣ ਵਾਲੇ ਸਮੇਂ ਦੀ ਗੰਭੀਰਤਾ ਦੇ ਗਹਿਰੇ ਅਹਿਸਾਸ ਅਤੇ ਇਸ ਨਾਲ ਨਿਪਟਣ ਦੇ ਸਮਰੱਥ ਹੋਣ ਲਈ ਹਰ ਪੱਧਰ ਤੇ ਲੋੜੀਂਦੀਆਂ ਤਿਆਰੀਆਂ ਜੁਟਾਉਣ ਦੇ ਗੂੜ੍ਹ ਇਰਾਦੇ ਦੀ ਸਾਫ ਝਲਕ ਮਿਲਦੀ ਹੈ।"

ਮੁੱਕਦੀ ਗੱਲ ਕਿ ਆਪਣੇ ਦੋ ਚੋਟੀ ਦੇ ਪੈਰੋਕਾਰਾਂ-ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਦੀ ਗ੍ਰਿਫਤਾਰੀ ਤੋਂ ਬਾਅਦ ਸੰਤ ਜਰਨੈਲ ਸਿੰਘ ਨੇ ਦਰਬਾਰ ਸਾਹਿਬ ਸਮੂਹ ਦੇ ਗੁਰੂ ਨਾਨਕ ਨਿਵਾਸ ਵਿਚ ਪੱਕੇ ਡੇਰੇ ਜਮਾ ਲਏ ਅਤੇ ਬਾਅਦ ਵਿਚ ਬੱਬਰ ਖਾਲਸਾ ਦੇ ਸਿੰਘਾਂ ਨਾਲ ਕਿਸੇ ਨਿਗੂਣੀ ਗੱਲ ਤੋਂ ਖੂਨੀ ਝੜਪ ਨੂੰ ਟਾਲਣ ਲਈ ਸ੍ਰੀ ਅਕਾਲ ਤਖਤ ਦਾ ਓਟ ਆਸਰਾ ਲੈ ਲਿਆ। ਬਾਕੀ ਤਾਂ ਸਭ ਇਤਿਹਾਸ ਹੈ। ਇੰਦਰਾ ਗਾਂਧੀ ਵੇਲੇ ਅਤੇ ਉਸ ਤੋਂ ਬਾਅਦ ਹੋਈਆਂ ਦੋਵੇਂ ਖੂਨੀ ਝੜਪਾਂ ਆਜ਼ਾਦ ਭਾਰਤ ਦੇ ਸਿੱਖ ਇਤਿਹਾਸ ਦਾ ਕਾਲਾ ਅਤੇ ਕੁਲਹਿਣਾ ਕਾਂਡ ਹਨ ਲੇਕਿਨ ਇਹ ਅਣਚਿਤਵਿਆ ਨਹੀਂ ਸੀ। ਇਹ ਬਖ਼ਸ਼ਣਯੋਗ ਭਾਵੇਂ ਨਾ ਹੋਵੇ ਪਰ ਇਹ ਮੰਨਣਯੋਗ ਵੀ ਹੈ ਅਤੇ ਭੁੱਲਣਯੋਗ ਵੀ ਹੈ। ਸਵਾਲ ਇਸ ਦੇ ਨਾਇਕਾਂ ਅਤੇ ਖਲਨਾਇਕਾਂ ਦਾ ਢੁੱਕਵਾਂ ਅਤੇ ਬਾਹਰਮੁੱਖੀ ਵਿਸ਼ਲੇਸ਼ਣ ਕਰਨ ਦਾ ਹੈ। ਇਹ ਕੰਮ ਨਾ ਤਾਂ ਸ਼ਰਧਾਲੂ ਇਤਿਹਾਸਕਾਰੀ ਨਾਲ ਹੋ ਸਕਦਾ ਹੈ ਅਤੇ ਨਾ ਹੀ ਕਿਸੇ ਵਿਸ਼ੇਸ਼ ਫਿਰਕੇ ਜਾਂ ਵਿਅਕਤੀਆਂ ਵਿਰੁਧ ਨਫ਼ਰਤ ਪੈਦਾ ਕਰਨ ਨਾਲ। ਕੁਝ ਦੇਰ ਲਈ ਸ. ਅਜਮੇਰ ਸਿੰਘ ਦੀ 9 ਫਰਵਰੀ 1991 ਦੀ ਹਵਾਲੇ ਅਧੀਨ ਆਈ ਲਿਖਤ ਉਪਰ ਦੁਬਾਰਾ ਚਿੰਤਨ ਕਰਨ ਦੀ ਲੋੜ ਹੈ ਤਾਂ ਕਿ ਇਕੱਲੇ ਸਿੱਖਾਂ ਦੀਆਂ ਹੀ ਕਿਉਂ, ਸਗੋਂ ਰੋਜ਼ੀ-ਰੋਟੀ ਦੀ ਭਾਲ ਵਿਚ ਇਧਰ ਅਤੇ ਦੇਸ਼ਾਂ ਵਿਦੇਸ਼ਾਂ ਅੰਦਰ ਭਟਕਣ ਲਈ ਮਜਬੂਰ ਹੋ ਰਹੇ ਸਾਰੇ ਪੰਜਾਬੀਆਂ ਦੇ ਸਾਂਝੇ ਹਿੱਤਾਂ ਦੀ ਰਾਖੀ ਲਈ ਜਦੋ-ਜਹਿਦ ਨੂੰ ਸਹੀ ਦਿਸ਼ਾ ਦਿੱਤੀ ਜਾ ਸਕੇ।

## ਨੈਣ-ਨਕਸ਼

*(ਸਫ਼ਾ 29 ਦੀ ਬਾਕੀ)*

ਪਿਛਲੀ ਸੀਟ 'ਤੇ ਸਾਡੇ ਪਿੰਡਾਂ ਨੇੜਿਓਂ ਕੰਗਰੋੜ ਤੋਂ ਢਾਡੀ ਮੋਹਨ ਸਿੰਘ ਕੰਗਰੋੜ ਅਮਰੀਕਾ ਤੋਂ ਇਸ ਫਲਾਈਟ ਵਿਚ ਵਾਪਿਸ ਜਾ ਰਿਹਾ ਸੀ। ਪ੍ਰਸ਼ੋਤਮ ਦੀਆਂ ਜਿਵੇਂ ਨਸਾਂ ਟੁੱਟਣ ਲੱਗ ਪਈਆਂ ਹੋਣ। ਕਦੇ ਆਖੇ ਬੂਟ ਖੋਲ੍ਹ ਦੇ, ਕਦੇ ਆਖੇ ਪਾ ਦੇ। ਕਦ ਕਹੇ ਪੱਟਾਂ ਵਿਚ ਪਾ ਲੈ, ਕਦੇ ਕਹੇ ਸਿਰ ਫੜ ਕੇ ਰੱਖ। ਅੱਸੀ ਕਿਲੋ ਭਾਰਾ ਛੇ ਫੁੱਟਾ ਜੁਆਨ। ਮੇਰੀਆਂ ਲੱਤਾਂ-ਬਾਹਾਂ ਸੁੱਜ ਗਈਆਂ। ਢਾਡੀ ਵੀ ਵਿਚਾਰਾ ਕਦੇ ਲੱਤਾਂ ਘੁੱਟੇ-ਕਦੇ ਸਿਰ। ਸੱਤ ਘੰਟੇ ਪਿੱਛੋਂ ਜਦੋਂ ਦਿੱਲੀ ਉਤਰੇ ਤਾਂ ਪੌੜੀਆਂ ਤੋਂ ਇਮੀਗ੍ਰੇਸ਼ਨ ਵੱਲ ਜਾਂਦਾ ਪ੍ਰਸ਼ੋਤਮ ਮੇਰੇ ਹੱਥਾਂ ਵਿਚੋਂ ਨਿਕਲ ਕੇ ਹੇਠਾਂ ਜਾ ਪਿਆ। ਪੁਲਿਸ ਆ ਗਈ। ਇਕ ਆਉਂਦਾ ਹੀ ਕਹਿਣ ਲੱਗਾ, 'ਬਿਸਕੁਟ ਖਾਧੇ ਨੇ। ਕੱਢਦੇ ਆਂ ਬੱਚੂ ਹੁਣੇ।'

ਤੇ ਮੈਂ ਭਰੀਆਂ ਅੱਖਾਂ ਨਾਲ ਕਿਹਾ, 'ਲੈ ਜੋ ਇਹਨੂੰ ਮਾਰ ਕੇ ਕੱਢ ਲਉ ਬਿਸਕੁਟ।'

ਰੱਬ ਦੀ ਮਿਹਰ, ਪੰਜਾਂ ਕੁ ਮਿੰਟਾਂ ਵਿਚ ਪ੍ਰਸ਼ੋਤਮ ਨੂੰ ਵ੍ਹੀਲ ਚੇਅਰ 'ਤੇ ਬਿਠਾ ਕੇ ਬਾਹਰ ਆ ਗਏ ਤੇ ਉਥੋਂ ਸਿੱਧੇ ਰਾਮ ਮਨੋਹਰ ਲੋਹੀਆ ਹਸਪਤਾਲ। ਦਸ ਡਾਕਟਰਾਂ ਦੀ ਟੀਮ ਭੱਜ ਪਈ। ਮੈਂ ਤੇ ਮੇਰੇ ਭਰਾ ਨੇ ਦੋ-ਦੋ ਯੂਨਿਟ ਖੂਨ ਇਕ-ਇਕ ਘੰਟੇ ਦੇ ਵਕਫ਼ੇ ਨਾਲ ਦਿੱਤਾ। ਸੱਤ ਘੰਟੇ ਆਪ੍ਰੇਸ਼ਨ ਹੋਇਆ। ਜਦ ਤੱਕ ਗੁਰਬਖ਼ਸ਼ ਸਿੰਘ ਸਣੇ ਅੱਧਾ ਪਿੰਡ ਵੀ ਪੁੱਜ ਗਿਆ ਸੀ ਦਿੱਲੀ।

ਅਪ੍ਰੇਸ਼ਨ ਥੀਏਟਰ ਤੋਂ ਬਾਹਰ ਨਿਕਲਦਿਆਂ ਪਤਾ ਲੱਗਾ ਕਿ ਡਾਕਟਰਾਂ ਨੇ ਪੇਟ ਮਧਾਣੀ ਚੀਰੇ ਨਾਲ ਸਾਰਾ ਖੋਲ੍ਹ ਦਿੱਤਾ ਸੀ। ਕਾਰਣ ਸੀ ਕਿ ਅੰਦਰ ਲੈਟਰਿਨ ਪਾਈਪ ਵਿਚ ਸੁਰਾਖ ਹੋਣ ਨਾਲ ਗੰਦ ਅੰਦਰ ਚਲਾ ਗਿਆ ਤੇ ਇਨਫੈਕਸ਼ਨ ਜ਼ਹਿਰ ਵਰਗੀ ਬਣ ਗਈ ਸੀ।

ਇਕ ਵਾਰ ਪ੍ਰਸ਼ੋਤਮ ਨੇ ਅੱਖਾਂ ਵਿਚ ਅੱਖਾਂ ਪਾਈਆਂ, ਫਿਰ ਮੀਟ ਲਈਆਂ। ਡਾਕਟਰ ਵੀ ਕੰਬ ਗਏ। ਸਿੱਧਾ ਆਈ.ਸੀ. ਯੂ. ਵਿਚ ਬਾਰਾਂ ਘੰਟਿਆਂ ਬਾਅਦ ਮੌਤ ਦਾ ਪੈਗਾਮ।

ਅੰਬਰ ਰੋਇਆ ਜਾਂ ਧਰਤੀ ਰੋਈ! ਇਸ ਗੱਲ ਤਾਂ ਮੈਨੂੰ ਇਲਮ ਨਹੀਂ ਪਰ ਜਿਸ ਨੂੰ ਵੀ ਇਹ ਪਤਾ ਲੱਗਾ ਕਿ ਚਾਰ ਭੈਣਾਂ ਦਾ ਇਕਲੌਤਾ ਵੀਰ ਘੋੜੀ ਚੜ੍ਹਨ ਤੋਂ ਪਹਿਲਾਂ ਹੀ ਮੌਤ ਨਾਲ ਵਿਆਹਿਆ ਗਿਆ ਹੈ ਤਾਂ ਸੁਨਾਮੀ ਵਾਂਗ ਉਬਾਲ ਹਰ ਦਿਲ-ਗੁਰਦੇ ਵਾਲੇ ਨੇ ਮਾਰਿਆ।

ਜੀਹਨੂੰ ਚਾਵਾਂ ਨਾਲ ਲੈ ਕੇ ਆਇਆ ਸਾਂ, ਕੁਝ ਦਿਨਾਂ ਬਾਅਦ ਲਾਸ਼ ਬਣਾ ਕੇ ਪਿੰਡ ਪਰਤਿਆ, ਫਿਰ ਗਲੀਆਂ ਬੜੀ ਦੇਰ ਤਕ ਸੁੰਨੀਆਂ ਰਹੀਆਂ।

ਬਾਪ ਸੰਤੋਖ ਸਿੰਘ ਸੋਲਾਂ ਸਾਲਾਂ ਬਾਅਦ ਪੁੱਤ ਦੇ ਵਿਯੋਗ ਵਿਚ ਪਾਗਲ ਹੋ ਕੇ ਤੁਰ ਗਿਆ। ਮੈਂ ਕਦੇ ਦੁਖੀ ਮਾਂ ਨਿਰੰਜਣ ਕੌਰ ਦੇ ਸਾਹਮਣੇ ਹੋਣ ਤੋਂ ਝਿਜਕਦਾ ਹਾਂ। ਇਸ ਕਰਕੇ ਕਿ ਜੇ ਆਸਟਰੀਆ ਨਾ ਜਾਂਦਾ ਤਾਂ ਫਿਰ ਸ਼ਾਇਦ ਪ੍ਰਸ਼ੋਤਮ ਵੀ ਨਾ ਜਾਂਦਾ।

ਸੱਚੀ ਜਦੋਂ ਦੁਨੀਆਂ ਛੱਡਣੀ ਪੈਂਦੀ ਐ, ਫਿਰ ਹੀ ਅਹਿਸਾਸ ਹੁੰਦਾ ਹੈ ਕਿ ਇਹ ਸੋਹਣੀ ਬਹੁਤ ਸੀ।

**ਅੰਤਿਕਾ:**

ਪੁੱਤਾਂ ਵਾਲਿਓ ਜੱਗ 'ਤੇ ਪੁੱਤ ਮੇਵਾ
ਹੁੰਦੇ ਮਾਪਿਆਂ ਦੀ ਜਿੰਦ ਤੇ ਜਾਨ ਪੁੱਤਰ
ਪੁੱਤਾਂ ਪਰਾਂ 'ਤੇ ਉਡਦੀ ਫਿਰੇ ਦੁਨੀਆਂ
ਮਾਪੇ ਬੁੱਤ ਤੇ ਵਿਚ ਪ੍ਰਾਣ ਪੁੱਤਰ।

*(ਢਾਡੀ ਦਯਾ ਸਿੰਘ ਦਿਲਬਰ)*

# ਫ਼ੈਜ਼, ਇਕਬਾਲ ਬਾਨੋ ਅਤੇ 'ਹਮ ਦੇਖੇਂਗੇ'

**ਫ਼ੈਜ਼ ਜਨਮ ਸ਼ਤਾਬਦੀ ਨੂੰ ਸਮਰਪਿਤ**

***ਵੰਡ ਕਾਰਨ ਦੋਵਾਂ ਦੇਸ਼ਾਂ ਵਿਚਕਾਰ ਫ਼ੈਲੀ ਹੋਈ ਨਫ਼ਰਤ ਦੀ ਗਾੜ੍ਹੀ ਧੁੰਦ ਵਿਚ ਵੀ ਉਨ੍ਹਾਂ ਦੀ ਨਜ਼ਰ ਇੰਨੀ ਸਾਫ਼ ਰਹੀ ਕਿ ਮਹਾਤਮਾ ਗਾਂਧੀ ਦੇ ਜਨਾਜ਼ੇ ਵਿਚ ਸ਼ਾਮਲ ਹੋਣ ਲਈ ਦਿੱਲੀ ਆ ਪਹੁੰਚੇ। ਵੰਡ ਉਤੇ ਆਧਾਰਤ ਆਜ਼ਾਦੀ ਬਾਰੇ ਉਨ੍ਹਾਂ ਨੇ ਆਪਣਾ ਫ਼ੈਸਲਾ ਅਗਸਤ 1947 ਵਿਚ ਹੀ ਸੁਣਾ ਦਿੱਤਾ ਸੀ: ਯਿਹ ਦਾਗ਼ ਦਾਗ਼ ਉਜਾਲਾ, ਯਿਹ ਸ਼ਬ ਗਜ਼ੀਦਾ ਸਹਰ। ਵੁਹ ਇੰਤਜ਼ਾਰ ਥਾ ਜਿਸਕਾ, ਯਿਹ ਵੁਹ ਸਹਰ ਤੋ ਨਹੀਂ।... 'ਹਮ ਦੇਖੇਂਗੇ' ਇਕਬਾਲ ਬਾਨੋ ਦੀ ਆਵਾਜ਼ ਵਿਚ ਹਕੂਮਤੀ ਅਤਿਆਚਾਰ ਵਿਰੁੱਧ ਸੰਘਰਸ਼ ਦਾ ਨਾਅਰਾ ਬਣ ਗਿਆ। ਫ਼ੈਜ਼ ਹੱਸਦੇ ਸਨ ਕਿ ਮਹਿਫ਼ਲਾਂ ਵਿਚ ਉਨ੍ਹਾਂ ਤੋਂ ਉਨ੍ਹਾਂ ਦੀ ਹੀ ਇਹ ਕਵਿਤਾ ਸੁਣਨ ਲਈ ਲੋਕ ਆਖਦੇ ਹਨ-ਫ਼ੈਜ਼ ਸਾਹਿਬ, ਇਕਬਾਲ ਬਾਨੋ ਵਾਲੀ ਨਜ਼ਮ ਸੁਣਾਓ!***

**ਗੁਰਬਚਨ ਸਿੰਘ ਭੁੱਲਰ**

ਭਾਰਤ ਅਤੇ ਪਾਕਿਸਤਾਨ ਦੇ ਹੋਸ਼ਮੰਦ ਲੋਕ ਇਨ੍ਹੀਂ ਦਿਨੀਂ ਫ਼ੈਜ਼ ਅਹਿਮਦ ਫ਼ੈਜ਼ ਦੀ ਜਨਮ-ਸਦੀ ਮਨਾ ਰਹੇ ਹਨ। 13 ਫਰਵਰੀ 1911 ਨੂੰ ਸਿਆਲਕੋਟ ਵਿਚ ਜਨਮੇ ਫ਼ੈਜ਼ ਸਾਂਝੇ ਹਿੰਦੁਸਤਾਨ ਦੇ ਮਹਾਨ ਸ਼ਾਇਰ ਸਨ। ਅਦਬ ਦੇ ਪਾਰਖੂ ਉਨ੍ਹਾਂ ਨੂੰ ਕੁਝ ਸਮਾਂ ਪਹਿਲਾਂ ਹੋਏ ਮੀਰ ਅਨੀਸ, ਮੀਰ ਤਕੀ ਮੀਰ ਅਤੇ ਮਿਰਜ਼ਾ ਗ਼ਾਲਿਬ ਅਤੇ ਕੁਝ ਸਾਲ ਵਡੇਰੇ ਮੁਹੰਮਦ ਇਕਬਾਲ ਦੀ ਲੜੀ ਵਿਚ ਪੰਜਵਾਂ ਅਨਮੋਲ ਮੋਤੀ ਆਖਦੇ ਹਨ। ਉਨ੍ਹਾਂ ਦੀ ਸ਼ਾਇਰੀ ਨਿੱਜ ਦੇ ਦਰਦ ਅਤੇ ਸਮਾਜ ਦੀ ਪੀੜ ਦਾ, ਪਿਆਰ ਦੀ ਪੁਕਾਰ ਅਤੇ ਇਨਕਲਾਬ ਦੀ ਲਲਕਾਰ ਦਾ ਬੇਮਿਸਾਲ ਸੰਗਮ ਹੈ। ਉਹ ਕਿਤਾਬੀ ਕਿਸਮ ਦੇ ਇਨਕਲਾਬੀ ਹੋਣ ਦੀ ਥਾਂ ਮਜ਼ਦੂਰ ਲਹਿਰ ਅਤੇ ਕਮਿਊਨਿਸਟ ਪਾਰਟੀ ਵਿਚ ਆਵਾਮ ਦੇ ਮੋਢੇ ਨਾਲ ਮੋਢਾ ਜੋੜ ਕੇ ਲੜੇ। ਇਹ ਜਦੋਜਹਿਦ ਉਨ੍ਹਾਂ ਲਈ ਕੋਈ ਜਵਾਨੀ ਦਾ ਉਬਾਲ ਨਹੀਂ ਸੀ, ਸਗੋਂ ਅੰਤਲੇ ਸਾਹਾਂ ਤਕ ਅਡੋਲ ਵਿਸ਼ਵਾਸ ਸੀ। ਦੇਸ ਦੀ ਭੂਗੋਲਿਕ-ਰਾਜਨੀਤਕ ਵੰਡ ਦੀ ਲਕੀਰ ਨੂੰ ਸਾਂਝੇ ਸਾਹਿਤ, ਸਮਾਜ ਅਤੇ ਸਭਿਆਚਾਰ ਦੀ ਹਿੱਕ ਉਤੇ ਵਾਹੁਣ ਤੋਂ ਉਹ ਅੰਤ ਤਕ ਇਨਕਾਰੀ ਰਹੇ। ਵੰਡ ਕਾਰਨ ਦੋਵਾਂ ਦੇਸ਼ਾਂ ਵਿਚਕਾਰ ਫ਼ੈਲੀ ਹੋਈ ਨਫ਼ਰਤ ਦੀ ਗਾੜ੍ਹੀ ਧੁੰਦ ਵਿਚ ਵੀ ਉਨ੍ਹਾਂ ਦੀ ਨਜ਼ਰ ਇੰਨੀ ਸਾਫ਼ ਰਹੀ ਕਿ ਮਹਾਤਮਾ ਗਾਂਧੀ ਦੇ ਜਨਾਜ਼ੇ ਵਿਚ ਸ਼ਾਮਲ ਹੋਣ ਲਈ ਦਿੱਲੀ ਆ ਪਹੁੰਚੇ। ਵੰਡ ਉਤੇ ਆਧਾਰਤ ਆਜ਼ਾਦੀ ਬਾਰੇ ਉਨ੍ਹਾਂ ਨੇ ਆਪਣਾ ਫ਼ੈਸਲਾ ਅਗਸਤ 1947 ਵਿਚ ਹੀ ਸੁਣਾ ਦਿੱਤਾ ਸੀ:

ਯਿਹ ਦਾਗ਼ ਦਾਗ਼ ਉਜਾਲਾ,<br>
ਯਿਹ ਸ਼ਬ ਗਜ਼ੀਦਾ ਸਹਰ।<br>
ਵੁਹ ਇੰਤਜ਼ਾਰ ਥਾ ਜਿਸਕਾ,<br>
ਯਿਹ ਵੁਹ ਸਹਰ ਤੋ ਨਹੀਂ।

ਇਨ੍ਹਾਂ ਵਿਚਾਰਾਂ ਦਾ ਉਨ੍ਹਾਂ ਨੂੰ ਮੁੱਲ ਵੀ ਭਾਰੀ ਚੁਕਾਉਣਾ ਪਿਆ ਪਰ ਨਾ ਤਾਂ ਉਹ ਝਿਜਕੇ, ਨਾ ਡਰੇ ਤੇ ਨਾ ਪਿੱਛੇ ਹਟੇ। ਕੈਦਾਂ ਵੀ ਹੋਈਆਂ, ਦੇਸ ਵੀ ਕਈ ਵਾਰ ਛੱਡਣਾ ਪਿਆ। ਇਸ ਸਭ ਕੁਝ ਦੇ ਸਾਹਮਣੇ ਉਹ ਅਝੁਕ ਦਲੇਰੀ ਨਾਲ ਪੁੱਛਦੇ ਸਨ, "ਤੁਝ ਕੋ ਕਿਤਨੋਂ ਕਾ ਲਹੂ ਚਾਹੀਏ, ਐ ਅਰਜ਼-ਏ-ਵਤਨ?" 1951 ਵਿਚ ਰਾਵਲਪਿੰਡੀ ਸਾਜ਼ਿਸ਼ ਕੇਸ ਵਿਚ ਸੱਜਾਦ ਜ਼ਹੀਰ ਤੇ ਹੋਰ ਸਾਥੀਆਂ ਨਾਲ ਉਨ੍ਹਾਂ ਨੂੰ ਚਾਰ ਸਾਲਾਂ ਤੋਂ ਵੱਧ ਸਮੇਂ ਲਈ ਵੱਖ-ਵੱਖ ਜੇਲ੍ਹਾਂ ਵਿਚ ਰੱਖਿਆ ਗਿਆ। ਕੁਝ ਸਮਾਂ ਕੈਦ ਕੋਠੜੀ ਵਿਚ ਇਕੱਲਿਆਂ ਵੀ ਸੁੱਟ ਦਿੱਤਾ ਗਿਆ। ਕਿਸੇ ਨੂੰ ਮਿਲਣ ਦੀ ਮਨਾਹੀ ਦੇ ਨਾਲ-ਨਾਲ ਲਿਖਣ-ਪੜ੍ਹਨ ਉਤੇ ਵੀ ਰੋਕ। ਤਿੰਨ ਕੁ ਸਾਲ ਹੀ ਬਾਹਰ ਰਹੇ ਸਨ ਕਿ 1958 ਵਿਚ ਅਯੂਬ ਖਾਂ ਨੇ ਫ਼ੌਜੀ ਰਾਜ ਕਾਇਮ ਕੀਤਾ ਤਾਂ ਇਨ੍ਹਾਂ ਦੇ ਹਿੱਸੇ ਫੇਰ ਲਾਹੌਰ ਦੇ ਕਿਲ੍ਹੇ ਵਿਚ ਤਨਹਾਈ ਦੀ ਕੈਦ ਆਈ। ਜਵਾਬ ਵਿਚ ਉਨ੍ਹਾਂ ਦੇ ਬਗ਼ਾਵਤੀ ਬੋਲ ਗੂੰਜੇ,

ਮਤਾਅ-ਏ-ਲੌਹ-ਓ-ਕਲਮ<br>
ਛਿਨ ਗਈ ਤੋ ਕਿਆ ਗ਼ਮ ਹੈ,<br>
ਕਿ ਖ਼ੂਨ-ਏ-ਦਿਲ ਮੇਂ<br>
ਡੁਬੋ ਲੀ ਹੈਂ ਉਂਗਲੀਆਂ ਮੈਨੇ!

ਜ਼ਾਤ ਅਤੇ ਖਲਕ ਨੂੰ ਨਾਲੋ ਨਾਲ ਰੱਖਣ ਵਾਲੇ ਫ਼ੈਜ਼ ਦੋਵਾਂ ਵਿਚੋਂ ਇਕ ਦੀ ਚੋਣ ਲਾਜ਼ਮੀ ਹੋ ਜਾਣ ਸਮੇਂ ਕਿਸੇ ਦੁਬਿਧਾ ਵਿਚ ਨਹੀਂ ਸਨ ਪੈਂਦੇ। ਉਹ ਮੁਹੱਬਤ ਦੇ ਦੁੱਖ ਨੂੰ ਜ਼ਮਾਨੇ ਦੇ ਦੁੱਖਾਂ ਦੇ ਮੁਕਾਬਲੇ ਪਿੱਛੇ ਰੱਖਦੇ ਸਨ। ਕਹਿੰਦੇ ਸਨ, "ਮੁਝ ਸੇ ਪਹਿਲੀ ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ!" ਭਾਵੇਂ "ਤੇਰੀ ਸੂਰਤ ਸੇ ਹੈ ਆਲਮ ਮੇਂ ਬਹਾਰੋਂ ਕੋ ਸਬਾਤ, ਤੇਰੀ ਆਂਖੋਂ ਕੇ ਸਿਵਾ ਦੁਨੀਆ ਮੇਂ ਰੱਖਾ ਕਿਆ ਹੈ", ਪਰ "ਔਰ ਭੀ ਦੁਖ ਹੈਂ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ, ਰਾਹਤੇਂ ਔਰ ਭੀ ਹੈਂ ਵਸਲ ਕੀ ਰਾਹਤ ਕੇ ਸਿਵਾ।"

ਇਨਕਲਾਬੀ ਸੰਘਰਸ਼ ਵਿਚ ਕੋਈ ਨਾਕਾਮੀ ਫ਼ੈਜ਼ ਨੂੰ ਨਾ-ਉਮੀਦ ਨਾ ਕਰ ਸਕੀ,

ਦਿਲ ਨਾ-ਉਮੀਦ ਤੋ ਨਹੀਂ,<br>
ਨਾਕਾਮ ਹੀ ਤੋ ਹੈ<br>
ਲੰਬੀ ਹੈ ਗ਼ਮ ਕੀ ਸ਼ਾਮ,<br>
ਮਗਰ ਸ਼ਾਮ ਹੀ ਤੋ ਹੈ!

ਜ਼ਾਲਮਾਂ ਨੂੰ ਉਨ੍ਹਾਂ ਦੀ ਵੰਗਾਰ ਸੀ, "ਜੋ ਦਰਿਆ ਝੂਮ ਕੇ ਉਠੇ ਹੈਂ, ਤਿਨਕੋਂ ਸੇ ਨਾ ਟਾਲੇ ਜਾਏਂਗੇ" ਅਤੇ ਮਜ਼ਲੂਮਾਂ ਨੂੰ ਉਨ੍ਹਾਂ ਦੀ ਲਲਕਾਰ ਸੀ,

ਕਟਤੇ ਭੀ ਚਲੋ, ਬੜ੍ਹਤੇ ਭੀ ਚਲੋ,<br>
ਬਾਜ਼ੂ ਭੀ ਬਹੁਤ ਹੈਂ, ਸਰ ਭੀ ਬਹੁਤ।



ਇਕਬਾਲ ਬਾਨੋ

ਚਲਤੇ ਭੀ ਚਲੋ ਕਿ ਅਬ ਡੇਰੇ<br>
ਮੰਜ਼ਲ ਹੀ ਪੇ ਡਾਲੇ ਜਾਏਂਗੇ!

ਇਨਕਲਾਬ ਦੀ ਰਾਹ ਉਤੇ ਜਾਨ ਦਾ ਕੀ ਮੁੱਲ? ਮੁੱਲ ਤਾਂ ਸ਼ਾਨ ਦਾ ਹੈ,

ਜਿਸ ਧਜ ਸੇ ਕੋਈ ਮਕਤਲ ਮੇਂ ਗਇਆ,<br>
ਵੁਹ ਸ਼ਾਨ ਸਲਾਮਤ ਰਹਿਤੀ ਹੈ।<br>
ਯਿਹ ਜਾਨ ਤੋ ਆਨੀ ਜਾਨੀ ਹੈ,<br>
ਇਸ ਜਾਨ ਕੀ ਤੋ ਕੋਈ ਬਾਤ ਨਹੀਂ।

ਅਜਿਹੇ ਦ੍ਰਿੜ੍ਹ ਸੰਗਰਾਮ ਵਿਚੋਂ ਹਾਸਲ ਹੋਈ ਜਿੱਤ ਸਹਿਜ ਸੁਭਾਵਿਕ ਤਸੱਲੀ ਲੈ ਕੇ ਆਉਂਦੀ ਹੈ, "ਯੂੰ ਹੀ ਹਮੇਸ਼ਾ ਖਿਲਾਏ ਹੈਂ ਹਮ ਨੇ ਆਗ ਮੇਂ ਫੂਲ, ਨਾ ਉਨ ਕੀ ਹਾਰ ਨਈ ਹੈ, ਨਾ ਅਪਨੀ ਜੀਤ ਨਈ!"

ਸ਼ਾਇਰ ਅਤੇ ਰਾਜਨੀਤਕ ਸੰਗਰਾਮੀਏ ਤੋਂ ਇਲਾਵਾ ਫ਼ੈਜ਼ ਅਧਿਆਪਕ ਵੀ ਸਨ, ਪੱਤਰਕਾਰ ਵੀ ਅਤੇ ਅਨੁਵਾਦਕ ਵੀ। ਉਹ ਅੰਮ੍ਰਿਤਸਰ ਅਤੇ ਲਾਹੌਰ ਦੇ ਕਾਲਜਾਂ ਵਿਚ ਪੜ੍ਹਾਉਂਦੇ ਰਹੇ। ਉਹ ਅੱਗੇਵਧੂ ਅਦਬੀ ਰਸਾਲੇ 'ਅਦਬੇ-ਲਤੀਫ਼' ਦੇ ਸੰਪਾਦਕ ਅਤੇ ਮਗਰੋਂ 'ਦਿ ਪਾਕਿਸਤਾਨ ਟਾਈਮਜ਼' ਅਤੇ 'ਇਮਰੋਜ਼' ਦੇ ਮੁੱਖ ਸੰਪਾਦਕ ਬਣੇ। ਉਨ੍ਹਾਂ ਨੇ ਅਫ਼ਰੀਕੀ-ਏਸ਼ੀਆਈ ਲੇਖਕ ਜਥੇਬੰਦੀ ਦੇ ਬੈਰੂਤ ਤੋਂ ਨਿਕਲਦੇ ਰਸਾਲੇ 'ਲੋਟਸ' ਦਾ ਸੰਪਾਦਨ ਵੀ ਕੀਤਾ। ਉਨ੍ਹਾਂ ਦੇ ਕਲਾਮ ਦਾ ਅਨੁਵਾਦ ਤਾਂ ਅਣਗਿਣਤ ਏਸ਼ੀਆਈ, ਯੂਰਪੀ ਤੇ ਅਫ਼ਰੀਕੀ ਜ਼ਬਾਨਾਂ ਵਿਚ ਹੋਇਆ ਹੀ, ਉਨ੍ਹਾਂ ਨੇ ਵੀ ਕਈ ਜ਼ਬਾਨਾਂ ਦੇ ਅੱਗੇਵਧੂ ਸ਼ਾਇਰਾਂ ਦੀਆਂ ਰਚਨਾਵਾਂ ਉਰਦੂ ਵਿਚ ਅਨੁਵਾਦ ਕੀਤੀਆਂ।

ਫ਼ੈਜ਼ ਦੀਆਂ ਬਹੁ-ਖੇਤਰੀ ਸਰਗਰਮੀਆਂ ਸਦਕਾ ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਨੇ ਤਾਂ ਉਨ੍ਹਾਂ ਨੂੰ ਬੇਹੱਦ ਸਤਿਕਾਰਿਆ ਹੀ, ਉਨ੍ਹਾਂ ਨੂੰ ਕੌਮਾਂਤਰੀ ਲੈਨਿਨ ਅਮਨ ਇਨਾਮ ਵੀ ਭੇਟ ਕੀਤਾ ਗਿਆ ਅਤੇ ਉਹ ਨੋਬਲ ਇਨਾਮ ਲਈ ਵੀ ਨਾਮਜ਼ਦ ਹੋਏ।

ਆਪਣੇ ਸਾਰੇ ਰੁਝੇਵਿਆਂ ਅਤੇ ਉਲਝੇਵਿਆਂ ਦੇ ਬਾਵਜੂਦ ਫ਼ੈਜ਼ ਨੇ ਜ਼ਿੰਦਾਦਿਲੀ ਅਤੇ ਹਾਜ਼ਰ ਜਵਾਬੀ ਬਣਾਈ ਰੱਖੀ। ਇੰਦਰ ਕੁਮਾਰ ਗੁਜਰਾਲ ਜਦੋਂ ਮਾਸਕੋ ਵਿਚ ਭਾਰਤੀ ਰਾਜਦੂਤ ਸਨ, ਉਹ ਤਕਰੀਬਨ ਹਰ ਰੋਜ਼ ਉਥੋਂ ਦੇ ਇਕ ਹਸਪਤਾਲ ਵਿਚ ਦਾਖ਼ਲ ਫ਼ੈਜ਼ ਨੂੰ ਮਿਲਣ ਜਾਂਦੇ। ਹੇਲੀ ਕਾਲਜ ਲਾਹੌਰ ਵਿਚ ਉਹ ਗੁਜਰਾਲ ਦੇ ਅਧਿਆਪਕ ਰਹੇ ਸਨ ਅਤੇ ਮਗਰੋਂ ਇਹ ਰਿਸ਼ਤਾ ਦੋਸਤੀ ਵਿਚ ਬਦਲ ਗਿਆ ਸੀ। ਡਾਕਟਰਾਂ ਨੇ ਉਨ੍ਹਾਂ ਲਈ ਸ਼ਰਾਬ ਬਿਲਕੁਲ ਮਨ੍ਹਾਂ ਕਰ ਦਿੱਤੀ ਸੀ। ਦੋ ਦਿਨ ਮੁਸ਼ਕਿਲ ਨਾਲ ਲੰਘੇ, ਤੀਜੇ ਦਿਨ ਗੁਜਰਾਲ ਨੂੰ ਫ਼ੋਨ ਗਿਆ, "ਸ਼ਾਮ ਨੂੰ ਆਉਂਦੇ ਇਕ ਬੋਤਲ ਲੈ ਆਉਣਾ।" ਉਹ ਬੋਲੇ, "ਖ਼ੁਦਾ ਦਾ ਵਾਸਤਾ, ਫ਼ੈਜ਼ ਸਾਹਿਬ, ਤੁਹਾਨੂੰ ਤਾਂ ਡਾਕਟਰ ਨੇ ਮੇਰੇ ਸਾਹਮਣੇ ਸਖ਼ਤੀ ਨਾਲ ਮਨ੍ਹਾਂ ਕੀਤਾ ਹੈ!" ਅੱਗੋਂ ਉਹ ਹੱਸੇ, "ਓ ਭਾਈ, ਮੈਨੂੰ ਪੀਣ ਤੋਂ ਮਨ੍ਹਾਂ ਕੀਤਾ ਹੈ, ਤੈਨੂੰ ਲਿਆਉਣ ਤੋਂ ਤਾਂ ਮਨ੍ਹਾਂ ਨਹੀਂ ਕੀਤਾ!"

ਇਕ ਕਿੱਸਾ ਹੋਰ। ਮਸ਼ਹੂਰ ਆਲੋਚਕ ਸਿਬਤੇ ਹਸਨ ਕਰਾਚੀ ਤੋਂ ਆ ਕੇ ਲਾਹੌਰ ਠਹਿਰੇ ਹੋਏ ਸਨ। ਉਹ ਸਾਹਿਤਕ ਸਾਂਝ ਤੋਂ ਇਲਾਵਾ ਫ਼ੈਜ਼ ਦੇ ਕਮਿਊਨਿਸਟ ਹਮਕੈਦ ਰਹੇ ਸਨ। ਇਕ ਮਿੱਤਰ ਫ਼ੈਜ਼ ਨੂੰ ਉਨ੍ਹਾਂ ਕੋਲ ਲੈ ਗਿਆ। ਉਹ ਜਿੱਥੇ ਵੀ ਜਾਂਦੇ ਸਨ, ਸਰਕਾਰੀ ਸੂਹੀਏ ਪਿੱਛੇ ਲੱਗ ਜਾਂਦੇ। ਅਗਲੀ ਸ਼ਾਮ ਉਨ੍ਹਾਂ ਦਾ ਦਿਲ ਫੇਰ ਮਿਲਣ ਨੂੰ ਕੀਤਾ ਤਾਂ ਉਨ੍ਹਾਂ ਨੇ ਕਾਰ ਕੱਢੀ ਤੇ ਤੁਰ ਪਏ। ਘਰ ਭੁੱਲਣ ਕਰਕੇ ਉਹ ਗਲੀਆਂ ਦੇ ਚੱਕਰ ਕੱਟਦੇ ਰਹੇ। ਆਖ਼ਰ ਅੱਕ ਕੇ ਉਨ੍ਹਾਂ ਨੇ ਅਚਾਨਕ ਕਾਰ ਰੋਕੀ ਅਤੇ ਵਿੱਥ ਉਤੇ ਰੁਕੀ ਪੁਲਸੀ ਕਾਰ ਵਿਚੋਂ ਸੂਹੀਏ ਨੂੰ ਆਉਣ ਦਾ ਇਸ਼ਾਰਾ ਕੀਤਾ। ਕਹਿਣ ਲੱਗੇ, "ਤੈਨੂੰ ਯਾਦ ਹੈ, ਮੈਂ ਕੱਲ੍ਹ ਕਿਸ ਘਰ ਆਇਆ ਸੀ?" ਉਹ ਹੱਸਿਆ, "ਜਨਾਬ ਤੁਸੀਂ ਤਾਂ ਦੋ ਵਾਰ ਉਸ ਘਰ ਦੇ ਅੱਗੋਂ ਦੀ ਲੰਘੇ ਹੋ!" ਫ਼ੈਜ਼ ਵੀ ਹੱਸੇ, "ਹੁਣ ਆਪਾਂ ਥਾਂ ਬਦਲਦੇ ਹਾਂ। ਤੂੰ ਅੱਗੇ-ਅੱਗੇ ਚੱਲ, ਮੈਂ ਤੇਰਾ ਪਿੱਛਾ ਕਰਦਾ ਹਾਂ।"

ਖ਼ੂਬਸੂਰਤ ਦਿਲ ਦਾ ਮਾਲਕ ਇਹ ਮਹਾਨ ਇਨਸਾਨ 20 ਨਵੰਬਰ 1984 ਨੂੰ ਸਾਥੋਂ ਵਿਛੜ ਗਿਆ। ਫ਼ੈਜ਼ ਚਲੇ ਗਏ ਪਰ ਉਨ੍ਹਾਂ ਦਾ ਕਲਾਮ ਜੀਵਤ ਤਾਂ ਰਹੇਗਾ ਹੀ, ਭਵਿੱਖ ਦੀਆਂ ਪੀੜ੍ਹੀਆਂ ਲਈ ਨਿਰੰਤਰ ਪ੍ਰੇਰਨਾ ਅਤੇ ਉਤਸ਼ਾਹ ਦਾ ਸੋਮਾ ਵੀ ਬਣਿਆ ਰਹੇਗਾ।



ਫ਼ੈਜ਼ ਅਹਿਮਦ ਫ਼ੈਜ਼

ਫ਼ੈਜ਼ ਦੇ ਕਲਾਮ ਨੂੰ ਕਈ ਗਾਇਕਾਂ ਨੇ ਆਵਾਜ਼ ਦਿੱਤੀ ਹੈ ਅਤੇ ਉਨ੍ਹਾਂ ਦੀਆਂ ਕਈ ਰਚਨਾਵਾਂ ਲੋਕਾਂ ਦੇ ਮੂੰਹ ਚੜ੍ਹੀਆਂ ਹੋਈਆਂ ਹਨ। ਅਜੇ ਪਿਛਲੇ ਦਿਨੀਂ ਉਨ੍ਹਾਂ ਦੀ ਜਨਮ-ਸਦੀ ਦੇ ਸਮਾਗਮਾਂ ਦੇ ਸਬੰਧ ਵਿਚ ਭਾਰਤ ਆਈ ਪ੍ਰਸਿੱਧ ਪਾਕਿਸਤਾਨੀ ਗ਼ਜ਼ਲ ਗਾਇਕਾ ਟੀਨਾ ਸਾਨੀ ਦਾ ਐਲਬਮ 'ਹਮ ਦੇਖੇਂਗੇ' ਜਾਰੀ ਕੀਤਾ ਗਿਆ ਜਿਸ ਦੀ ਕਾਫ਼ੀ ਪ੍ਰਸ਼ੰਸਾ ਹੋਈ। ਤਾਂ ਵੀ ਇਸ ਨਜ਼ਮ ਦਾ ਜ਼ਿਕਰ ਹੁੰਦਿਆਂ ਹੀ ਇਕਬਾਲ ਬਾਨੋ ਦਾ ਚੇਤਾ ਆ ਜਾਂਦਾ ਹੈ। ਫ਼ੈਜ਼ ਦੀ ਕਲਮ ਅਤੇ ਇਕਬਾਲ ਬਾਨੋ ਦੀ ਆਵਾਜ਼ ਜਿਵੇਂ ਬਣੀਆਂ ਹੀ ਇਕ ਦੂਜੀ ਲਈ ਸਨ। ਇਹ ਨਜ਼ਮ ਤਾਂ ਜਿਵੇਂ ਸ਼ਾਇਰ ਨੇ ਲਿਖੀ ਹੀ ਇਸ ਗਾਇਕਾ ਲਈ ਸੀ।

1935 ਵਿਚ ਦਿੱਲੀ ਵਿਚ ਜਨਮੀ ਇਕਬਾਲ ਬਾਨੋ ਮੰਨੀ ਹੋਈ ਗ਼ਜ਼ਲ ਗਾਇਕਾ ਸੀ ਜਿਸ ਨੇ ਦਿੱਲੀ ਘਰਾਣੇ ਦੇ ਉਸਤਾਦ ਚਾਂਦ ਖਾਂ ਤੋਂ ਸੰਗੀਤ ਸਿਖਿਆ। ਉਸ ਨੇ ਆਲ ਇੰਡੀਆ ਰੇਡੀਓ ਲਈ ਵੀ ਗਾਇਆ ਅਤੇ 1950ਵਿਆਂ ਵਿਚ ਕੁਝ ਫ਼ਿਲਮਾਂ ਵਿਚ ਗੀਤ ਵੀ ਦਿੱਤੇ ਪਰ ਉਸ ਨੂੰ ਅਸਲ ਪ੍ਰਸਿੱਧੀ ਕਲਾਸੀਕਲ ਅਤੇ ਅਰਧ-ਕਲਾਸੀਕਲ ਗਾਇਕੀ ਸਦਕਾ ਮਿਲੀ। 1952 ਵਿਚ ਉਹ ਪਰਿਵਾਰ ਨਾਲ ਪਾਕਿਸਤਾਨ ਚਲੀ ਗਈ ਜਿੱਥੇ ਉਸੇ ਸਾਲ ਇਕ ਜ਼ਿਮੀਂਦਾਰ ਨਾਲ ਉਸ ਦਾ ਵਿਆਹ ਹੋ ਗਿਆ। ਪਤੀ ਦੇ ਦੇਹਾਂਤ ਮਗਰੋਂ 1970ਵਿਆਂ ਵਿਚ ਉਹ ਲਾਹੌਰ ਰਹਿਣ ਲੱਗੀ। ਉਸ ਨੇ ਕਈ ਸ਼ਾਇਰਾਂ ਦਾ ਕਲਾਮ ਗਾਇਆ ਪਰ ਉਸ ਦਾ ਹੀਰੋ ਫ਼ੈਜ਼ ਹੀ ਸੀ। 'ਹਮ ਦੇਖੇਂਗੇ' ਤਾਂ ਉਸ ਦੀ ਆਵਾਜ਼ ਵਿਚ ਹਕੂਮਤੀ ਅਤਿਆਚਾਰ ਵਿਰੁੱਧ ਸੰਘਰਸ਼ ਦਾ ਨਾਅਰਾ ਬਣ ਗਿਆ। ਫ਼ੈਜ਼ ਹੱਸਦੇ ਸਨ ਕਿ ਮਹਿਫ਼ਲਾਂ ਵਿਚ ਉਨ੍ਹਾਂ ਤੋਂ ਉਨ੍ਹਾਂ ਦੀ ਹੀ ਇਹ ਕਵਿਤਾ ਸੁਣਨ ਲਈ ਲੋਕ ਆਖਦੇ ਹਨ-ਫ਼ੈਜ਼ ਸਾਹਿਬ, ਇਕਬਾਲ ਬਾਨੋ ਵਾਲੀ ਨਜ਼ਮ ਸੁਣਾਓ!

ਦੱਸਦੇ ਹਨ, ਇਕਬਾਲ ਬਾਨੋ ਨੇ ਲਾਹੌਰ ਦੇ ਇਕ ਹਾਲ ਵਿਚ ਪ੍ਰੋਗਰਾਮ ਪੇਸ਼ ਕਰਨਾ ਸੀ। ਕਿਸੇ ਨੇ ਡਿਕਟੇਟਰ ਜ਼ਿਆ-ਉਲ-ਹੱਕ ਦੇ ਕੰਨ ਵਿਚ ਫੂਕ ਮਾਰ ਦਿੱਤੀ ਕਿ ਉਹ 'ਹਮ ਦੇਖੇਂਗੇ' ਜ਼ਰੂਰ ਗਾਵੇਗੀ, ਤੇ ਜੇ ਉਹ ਨਹੀਂ ਵੀ ਗਾਵੇਗੀ, ਲੋਕ ਉਹਨੂੰ ਗਾਉਣ ਲਈ ਮਜਬੂਰ ਕਰ ਦੇਣਗੇ। ਜ਼ਿਆ ਨੇ ਹਾਲ ਨੂੰ ਹੀ ਨਹੀਂ ਸਗੋਂ ਪੂਰੀ ਇਮਾਰਤ ਦੇ ਬਾਹਰਲੇ ਫਾਟਕ ਨੂੰ ਤਾਲਾ ਲੁਆ ਦਿੱਤਾ ਤਾਂ ਜੋ ਉਹ ਛੱਤ ਉਤੇ ਜਾਂ ਵਿਹੜੇ ਵਿਚ ਵੀ ਗਾ ਨਾ ਸਕੇ। ਉਹ ਬਾਹਰ ਬੈਠ ਗਈ ਅਤੇ ਸਾਜ਼ਿੰਦਿਆਂ ਨੂੰ ਸਾਜ਼ ਛੇੜਨ ਦਾ ਇਸ਼ਾਰਾ ਕਰ ਕੇ ਤਾਨ ਛੇੜ ਦਿੱਤੀ। ਕੰਨੋ-ਕੰਨੀ ਖ਼ਬਰ ਹੋ ਗਈ ਅਤੇ ਹਜ਼ਾਰਾਂ ਲੋਕ ਸੜਕਾਂ ਉਤੇ ਆ ਬੈਠੇ। ਜ਼ਿਆ ਵੇਲੇ ਹੀ ਫ਼ੈਜ਼ ਕੈਦ ਸਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਉਤੇ ਪਾਬੰਦੀ ਸੀ। ਇਕਬਾਲ ਬਾਨੋ ਨੇ ਫ਼ੈਜ਼ ਦਿਵਸ ਸਮੇਂ ਲਾਹੌਰ ਦੇ ਸਟੇਡੀਅਮ ਵਿਚ ਪੰਜਾਹ ਹਜ਼ਾਰ ਲੋਕਾਂ ਸਾਹਮਣੇ ਇਹ ਨਜ਼ਮ ਪੇਸ਼ ਕੀਤੀ। ਜ਼ਿਆ ਨੇ ਸਾੜ੍ਹੀ ਉਤੇ ਵੀ ਪਾਬੰਦੀ ਲਾਈ ਹੋਈ ਸੀ। ਉਹ ਸਾੜ੍ਹੀ ਹੀ ਪਹਿਨ ਕੇ ਗਈ, ਉਹ ਵੀ ਕਾਲੇ ਰੰਗ ਦੀ! ਇਹ ਫ਼ੌਜੀ ਹਕੂਮਤ ਵਿਰੁਧ ਉਸ ਦਾ ਰੋਸ ਸੀ।

ਨਤੀਜਨ, ਸਭ ਸਰਕਾਰੀ ਪ੍ਰੋਗਰਾਮਾਂ, ਟੈਲੀਵਿਜ਼ਨ, ਰੇਡੀਓ ਆਦਿ ਉਤੇ ਉਸ ਦੀ ਆਵਾਜ਼ ਪੂਰੀ ਤਰ੍ਹਾਂ ਮਨ੍ਹਾਂ ਕਰ ਦਿੱਤੀ ਗਈ। ਇਸ ਨਾਲ ਉਸ ਦੀ ਹਰਮਨਪਿਆਰਤਾ ਹੋਰ ਵਧ ਗਈ। ਲੋਕ ਆਲ ਇੰਡੀਆ ਰੇਡੀਓ ਤੋਂ ਉਸ ਨੂੰ ਸੁਣਨ ਲੱਗੇ। ਉਸ ਦੇ ਟੇਪ ਬਲੈਕ ਵਿਚ ਵਿਕਣ ਲੱਗੇ।

ਦੋ ਸਾਲ ਪਹਿਲਾਂ 74 ਸਾਲ ਦੀ ਉਮਰ ਵਿਚ ਸੰਖੇਪ ਜਿਹੀ ਬੀਮਾਰੀ ਮਗਰੋਂ ਉਹ ਚਲਾਣਾ ਕਰ ਗਈ। ਉਹ ਆਪਣੀਆਂ ਗਾਈਆਂ ਨਜ਼ਮਾਂ, ਗੀਤਾਂ, ਗ਼ਜ਼ਲਾਂ ਸਦਕਾ ਚਿਰਾਂ ਤਕ ਯਾਦ ਕੀਤੀ ਜਾਂਦੀ ਰਹੇਗੀ ਪਰ ਜੇ ਉਸ ਨੇ ਇਕੱਲੀ ਨਜ਼ਮ 'ਹਮ ਦੇਖੇਂਗੇ' ਹੀ ਗਾਈ ਹੁੰਦੀ, ਇਸੇ ਸਦਕਾ ਅਮਰ ਹੋ ਜਾਂਦੀ। ਇਸ ਦੀ ਕਈ ਥਾਂਵਾਂ ਉਤੇ ਹੋਈ ਰਿਕਾਰਡਿੰਗ ਦੇਖਣ-ਸੁਣਨ ਨੂੰ ਪ੍ਰਾਪਤ ਹੈ। ਅਕਸਰ ਹੀ ਲੋਕਾਂ ਦੇ ਲਾਏ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਵੀ ਪਿਛੋਕੜ ਵਿਚ ਸੁਣੇ ਜਾ ਸਕਦੇ ਹਨ। ਯੂ-ਟਿਊਬ ਤੋਂ ਇਸ ਨੂੰ ਸੌਖਿਆਂ ਹੀ ਦੇਖਿਆ-ਸੁਣਿਆ ਜਾ ਸਕਦਾ ਹੈ।

ਫ਼ੈਜ਼ ਸਾਹਿਬ ਦੀ ਇਹ ਰਚਨਾ ਤਾਂ ਕਮਾਲ ਹੈ ਹੀ; ਜਿਸ ਸ਼ਾਨ, ਜਿਸ ਬੇਪਰਵਾਹੀ ਅਤੇ ਜਿਸ ਸਵੈਮਾਨ ਨਾਲ ਇਕਬਾਲ ਬਾਨੋ ਨੇ ਇਹ ਬਾਗ਼ੀ ਸੁਰ ਵਿਚ ਪੇਸ਼ ਕੀਤੀ ਹੈ, ਕਮਾਲ ਉਹ ਵੀ ਘੱਟ ਨਹੀਂ। ਮੈਂ ਤਾਂ ਜਦੋਂ ਵੀ ਸ਼ਬਦ ਅਤੇ ਸੁਰ ਦੇ ਇਸ ਸੰਗਮ ਦੇ ਹਜ਼ੂਰ ਹੋਇਆ ਹਾਂ, ਕਦੀ ਵੀ ਉਹ ਮੰਚ ਉਤੇ ਬੈਠ ਕੇ ਗਾਉਂਦੀ ਨਹੀਂ ਲੱਗੀ। ਮੇਰੇ ਸਾਹਮਣੇ ਤਾਂ ਉਹ ਬਗ਼ਾਵਤ ਦਾ ਪਰਚਮ ਲਹਿਰਾਉਂਦੀ, ਤਾਜਾਂ ਨੂੰ ਉਛਾਲਦੀ ਤੇ ਤਖ਼ਤਾਂ ਨੂੰ ਮੂਧੇ ਕਰਦੀ, ਸਭ ਰੁਕਾਵਟਾਂ ਨੂੰ ਮਿਧਦੀ ਹੋਈ ਅੱਗੇ ਹੀ ਅੱਗੇ ਵਧ ਰਹੀ ਹੁੰਦੀ ਹੈ ਅਤੇ ਹਜ਼ਾਰਾਂ ਲੋਕ ਇਨਕਲਾਬੀ ਨਾਅਰੇ ਤੇ ਜੈਕਾਰੇ ਬੁਲੰਦ ਕਰਦੇ ਪਿੱਛੇ ਤੁਰ ਰਹੇ ਹੁੰਦੇ ਹਨ!

ਅੰਤ ਵਿਚ ਇਸ ਲਿਖਤ ਦੀ ਸੰਪੂਰਨਤਾ ਲਈ ਫ਼ੈਜ਼ ਸਾਹਿਬ ਅਤੇ ਇਕਬਾਲ ਬਾਨੋ ਦੇ ਨਾਂ ਨਾਲ ਇਕੋ ਜਿੰਨੀ ਜੁੜੀ ਹੋਈ ਇਹ ਕਰਾਮਾਤੀ ਕਿਰਤ:

ਹਮ ਦੇਖੇਂਗੇ<br>
ਲਾਜ਼ਿਮ ਹੈ ਕਿ ਹਮ ਭੀ ਦੇਖੇਂਗੇ<br>
ਵੁਹ ਦਿਨ ਕਿ ਜਿਸ ਕਾ ਵਾਅਦਾ ਹੈ<br>
ਹਮ ਦੇਖੇਂਗੇ।<br>
ਜੋ ਲੌਹੇ-ਅਜ਼ਲ ਮੇਂ ਲਿਖਾ ਹੈ<br>
ਹਮ ਦੇਖੇਂਗੇ।<br>
ਜਬ ਜ਼ੁਲਮੋ-ਸਿਤਮ ਕੇ ਕੋਹੇ-ਗਿਰਾਂ<br>
ਰੂਈ ਕੀ ਤਰ੍ਹਾ ਉੜ ਜਾਏਂਗੇ।<br>
ਹਮ ਮਹਿਕੂਮੋਂ ਕੇ ਪਾਉਂ ਤਲੇ<br>
ਯਿਹ ਧਰਤੀ ਧੜਧੜ ਧੜਕੇਗੀ।<br>
ਔਰ ਅਹਿਲੇ-ਹੁਕਮ ਕੇ ਸਰ ਊਪਰ<br>
ਜਬ ਬਿਜਲੀ ਕੜਕੜ ਕੜਕੇਗੀ।<br>
ਹਮ ਦੇਖੇਂਗੇ, ਲਾਜ਼ਿਮ ਹੈ ਕਿ...।<br>
ਜਬ ਅਰਜ਼ੇ-ਖ਼ੁਦਾ ਕੇ ਕਾਅਬੇ ਸੇ<br>
ਸਭ ਬੁੱਤ ਉਠਵਾਏ ਜਾਏਂਗੇ।<br>
ਹਮ ਅਹਿਲੇ-ਸਫ਼ਾ ਮਰਦੂਦੇ-ਹਰਮ<br>
ਮਸਨਦ ਪੇ ਬਿਠਾਏ ਜਾਏਂਗੇ।<br>
ਸਬ ਤਾਜ ਉਛਾਲੇ ਜਾਏਂਗੇ<br>
ਸਬ ਤਖ਼ਤ ਗਿਰਾਏ ਜਾਏਂਗੇ।<br>
ਹਮ ਦੇਖੇਂਗੇ, ਲਾਜ਼ਿਮ ਹੈ ਕਿ...।<br>
ਬਸ ਨਾਮ ਰਹੇਗਾ ਅੱਲਾ ਕਾ<br>
ਜੋ ਗ਼ਾਇਬ ਭੀ ਹੈ, ਹਾਜ਼ਿਰ ਭੀ<br>
ਜੋ ਮੰਜ਼ਰ ਭੀ ਹੈ, ਨਾਜ਼ਿਰ ਭੀ<br>
ਉਠੇਗਾ ਅਨਹਲਹੱਕ ਕਾ ਨਾਅਰਾ।<br>
ਜੋ ਮੈਂ ਭੀ ਹੂੰ ਔਰ ਤੁਮ ਭੀ ਹੋ<br>
ਔਰ ਰਾਜ ਕਰੇਗੀ ਖ਼ਲਕੇ-ਖ਼ੁਦਾ<br>
ਜੋ ਮੈਂ ਭੀ ਹੂੰ ਔਰ ਤੁਮ ਭੀ ਹੋ।<br>
ਹਮ ਦੇਖੇਂਗੇ।<br>
ਲਾਜ਼ਿਮ ਹੈ ਕਿ ਹਮ ਭੀ ਦੇਖੇਂਗੇ<br>
ਹਮ ਦੇਖੇਂਗੇ!

ਕਹਾਣੀ

# ਮਸਤੀ ਬੋਤਾ

**ਗੁਰਦਿਆਲ ਸਿੰਘ**

ਅੱਡੇ ਉਤੇ ਤੁਰਦਿਆਂ ਚਾਰੇ ਪਾਸੇ ਨਿਗਾਹ ਮਾਰੀ ਤਾਂ ਉਹਨੂੰ ਸਾਰਾ ਕੁਝ ਓਪਰਾ-ਓਪਰਾ ਲੱਗਿਆ, ਜਿਵੇਂ ਭੁੱਲ ਕੇ ਗਲਤ ਥਾਂ ਉਤੇ ਆ ਗਿਆ ਹੋਵੇ, ਪਰ ਜਦੋਂ ਦੂਰੋਂ ਈ ਖੰਡੇ ਨੇ 'ਸਾ-ਸਰੀ-ਕਾਲ' ਬੁਲਾਈ ਤਾਂ ਉਹ ਤਸੱਲੀ ਨਾਲ ਮੁਸਕਰਾਇਆ ਖੰਡਾ ਬੋਤੇ ਦਾ ਗੋਡਾ ਬੰਨ੍ਹੀ, ਉਹਨੂੰ ਸਰਾਂ ਦੇ ਕੋਲ ਬਿਠਾਈ ਖੜ੍ਹਾ ਸੀ। ਜਦੋਂ ਬੋਤੇ ਨੂੰ ਪੁਚਕਾਰ ਕੇ ਉਹਦੀ ਮੁਹਾਰ ਹੱਥੋਂ ਛੱਡਦਿਆਂ, ਖੰਡਾ ਉਸ ਦਾ ਸਮਾਨ ਚੁੱਕਣ ਲਈ ਨੇੜੇ ਆਇਆ ਤਾਂ ਉਹਨੇ ਗਹੁ ਨਾਲ ਵੇਖਿਆ, ਓਹੋ ਡੱਬੀਆਂ ਵਾਲਾ ਪਾਟਿਆ ਖੇਸ ਤੇ ਖੱਦਰ ਦਾ ਕੁੜਤਾ, ਲੱਤਾਂ ਨੰਗੀਆਂ, ਪਰ ਪੈਰੀਂ ਠਿੱਬੇ ਛਿੱਤਰਾਂ ਦੀ ਥਾਂ, ਘਸੇ ਹੋਏ ਫ਼ਲੀਟ। ਫ਼ਲੀਟਾਂ ਦੇ ਪੁਰਾਣੇ ਕੱਪੜੇ ਵਿਚ ਹੋਈਆਂ ਮੋਰੀਆਂ ਵਿਚੋਂ, ਚੀਚੀਆਂ ਦੀਆਂ ਭੌਰੀਆਂ, ਬੇਰ ਦੀਆਂ ਗਿਟਕਾਂ ਵਾਂਗ ਬਾਹਰ ਨਿਕਲੀਆਂ ਹੋਈਆਂ ਸਨ।

"ਮੈਂ ਤਾਂ, ਕਾਕਾ ਜੀ, ਕੋਹ ਵਾਟ 'ਗਾਹਾਂ ਈ ਤੁਰਿਆ ਗਿਆ," ਉਸ ਨੇੜੇ ਆ ਕੇ ਆਪਣੀਆਂ ਉਲਝੀਆਂ ਮੁੱਛਾਂ ਫਰਕਾਉਂਦਿਆਂ ਕਿਹਾ, "ਇਨ੍ਹਾਂ ਪੀਪਿਆਂ-ਜਿਆਂ ਦਾ ਵੀ ਪਤਾ ਨ੍ਹੀਂ ਲੱਗਦਾ, ਕਦੇ ਕਿਤੇ ਅੱਡਾ ਬਣਾ ਲੈਂਦੇ ਐ, ਕਦੇ ਕਿਤੇ। ਆਵਦੇ ਪਿਓ ਆਲ੍ਹਾ ਈ ਰਾਜ ਬਣਾ ਛੱਡਿਐ...ਹੋਰ ਤਾਂ ਖ਼ੈਰ-ਸੁੱਖ ਨਾਲ ਆਏ ਜੀ?"

"ਸਭ ਖ਼ੈਰ-ਸੁੱਖ। ਹੋਰ, ਤੂੰ ਤਾਂ ਤਕੜੈਂ?" ਜਸਵਿੰਦਰ ਨੇ ਸੁਤੇ-ਸੁਭਾ ਈ ਕਿਹਾ ਤੇ ਆਪਣੇ ਸੂਟ ਉਤੇ ਪਈ ਧੂੜ ਗੁਲੂਬੰਦ ਨਾਲ ਝਾੜਨ ਲੱਗ ਪਿਆ।

"ਥੋਡੀ ਕਿਰਪੈ ਜੀ।" ਖੰਡੇ ਨੇ ਵੀ ਓਵੇਂ ਬੇਧਿਆਨੀ ਨਾਲ ਜੁਆਬ ਦਿੰਦਿਆਂ ਸਮਾਨ ਵੱਲ ਵੇਖਿਆ, "ਆਹੀ ਬਕਸੈ ਜੀ ਆਪਣਾ-ਹੋਰ ਤਾਂ ਨ੍ਹੀਂ ਕੋਈ ਸਮਾਨ?"

"ਬਸ ਏਹੋ ਐ।" ਜਸਵਿੰਦਰ ਉਸ ਵੱਲ ਰਤਾ ਘੂਰ ਕੇ ਝਾਕਦਿਆਂ, ਰੁਮਾਲ ਨਾਲ ਮੂੰਹ ਪੂੰਝਣ ਲੱਗ ਪਿਆ।

ਖੰਡੇ ਨੇ ਬੈਗ ਚੁੱਕਿਆ ਤੇ ਮੂਹਰੇ-ਮੂਹਰੇ ਤੁਰਦਿਆਂ, ਬੋਤੇ ਕੋਲ ਲਿਜਾ ਕੇ ਪਾਖੜੇ ਨਾਲ ਬੰਨ੍ਹਣ ਲੱਗਾ ਪਿਆ।

"ਇਹ ਬੋਤਾ ਆਪਣੈਂ, ਤਾਇਆ?" ਜਸਵਿੰਦਰ ਨੇ ਬੋਤੇ ਦੀ ਕਾਲੀ ਧੌਣ ਤੇ ਮੂੰਹ ਨੂੰ ਦਿੱਤੇ ਨਰੋਏ ਛਿੱਕਲੇ ਵੱਲ ਹੈਰਾਨੀ ਨਾਲ ਝਾਕਦਿਆਂ ਪੁੱਛਿਆ।

"ਆਹੋ ਜੀ! ਹੋਰ ਕੀਹਦਾ ਹੋਣੈ! ਖੰਡੇ ਨੇ ਰਤਾ ਹੱਸ ਕੇ ਕਿਹਾ, "ਐਡੀ ਛੇਤੀ ਭੁੱਲ ਗਿਆ ਜੀ? ਪਿਛਲੇ ਸਾਲ ਵੀ ਤੂੰ...ਏਸੇ ਤੇ ਗਿਆ ਸੀ ਜੀ।"

ਜਸਵਿੰਦਰ ਹੋਰ ਹੈਰਾਨ ਹੋਇਆ। ਪਰ ਪਹਿਲਾਂ ਉਸ ਖੰਡੇ ਵੱਲ ਦੁਬਾਰਾ ਘੂਰ ਕੇ ਵੇਖਿਆ, ਉਹਨੂੰ ਫ਼ਲੀਟਾਂ ਨਾਲ ਉਹਦੀਆਂ ਨੰਗੀਆਂ ਲੱਤਾਂ ਹੋਰ ਵੀ ਬਲੌਰੀ ਲੱਗੀਆਂ। ਫੇਰ ਉਸ ਗਹੁ ਨਾਲ ਬੋਤੇ ਦੀਆਂ ਕਾਲੀਆਂ-ਸ਼ਾਹ ਬਲੌਰੀ ਅੱਖਾਂ, ਸੰਘਣੀਆਂ ਲੰਮੀਆਂ ਝਿਮਣੀਆਂ ਤੇ ਭਰਵੇਂ ਮੂੰਹ ਵੱਲ ਇਉਂ ਤੱਕਿਆ ਜਿਵੇਂ ਉਹਨੂੰ ਖੰਡੇ ਦੀ ਗੱਲ ਦਾ ਸੱਚ ਨਾ ਆਇਆ ਹੋਵੇ ਤੇ ਜਦੋਂ ਬੋਤਾ ਬੁੱਕਿਆ ਤਾਂ ਉਹਦੇ ਛਿੱਕਲੇ ਵਿਚੋਂ ਸੂਹਾ-ਸੂਹਾ ਬੁੱਥ-ਜਿਹਾ ਬਾਹਰ ਨਿਕਲਦਾ ਵੇਖ ਕੇ ਜਸਵਿੰਦਰ ਸੱਚੀਂ ਤ੍ਰਹਿ ਗਿਆ। ਬੋਤੇ ਨੇ ਕੈਰੀ-ਅੱਖ ਉਸ ਵੱਲ ਝਾਕਿਆ ਤੇ ਸਿਰ ਛੰਡ ਕੇ ਫੂੰਕਾਰਾ ਮਾਰਦਿਆਂ ਝੱਗ ਦੇ ਤੂੰਬੇ ਆਸੇ-ਪਾਸੇ ਖਿਲਾਰ ਦਿੱਤੇ, ਤੇ ਆਪਣੇ ਅਗਲੇ ਗੋਡੇ ਤੇ ਈਡਰ ਭੁੰਜੇ ਘਸਾਉਂਦਿਆਂ ਅਚਵੀ ਨਾਲ ਦੰਦ ਕਰੀਚਣ ਲੱਗ ਪਿਆ।

"ਇਹ ਅਸਲ 'ਚ ਜੀ, ਐਤਕੀਂ ਸਿਆਲ 'ਚ ਮਸਤ ਗਿਆ ਸਾਲਾ!" ਖੰਡੇ ਨੇ ਬੈਗ ਨੂੰ ਚੰਗੀ ਤਰ੍ਹਾਂ ਕੱਸਦਿਆਂ ਆਪ-ਮੁਹਾਰਿਆਂ ਹੀ ਕਿਹਾ, "ਐਤਕੀਂ ਕੁਸ਼ ਗੁੜ-ਗੜ ਚੰਗਾ ਚਾਰ 'ਤਾ ਮੁੰਡਿਆਂ ਨੇ, ਕੰਮ ਵੀ ਊਂ ਤਾਂ ਬਥੇਰਾ ਲਿਐ, ਪਰ ਸੂਤ ਨ੍ਹੀਂ ਆਇਆ, ਨਾਲੇ ਪਿਛਲੇ ਸਾਲ ਇਹਨੇ ਨੇਛਾਂ ਵੀ ਕੱਢ-ਲੀਆਂ-ਹੁਣ ਤਾਂ ਮੁੰਡਿਆਂ ਨੂੰ ਵੀ ਪੈਣ ਲੱਗ ਪਿਆ ਸੀ-ਤਾਹੀਂ ਛਿੱਕਲਾਂ ਦੇਣ ਲੱਗੇ ਐਂ ਨਾ।"

ਜਸਵਿੰਦਰ ਨੂੰ ਸੱਚੀਂ ਇਉਂ ਲੱਗਿਆ ਜਿਵੇਂ ਬੋਤਾ ਉਸ ਵੱਲ, ਕਿਸੇ ਪੁਰਾਣੀ ਖਾਰ ਕਰਕੇ ਕੌੜ ਅੱਖ ਝਾਕ ਰਿਹਾ ਹੋਵੇ। ਉਸ ਮੁਸਕਰਾ ਕੇ ਸਿਰ ਉਤੇ ਗੁਲੂਬੰਦ ਕੱਸਦਿਆਂ, ਠੋਡੀ ਕੋਲ ਉਹਦੇ ਲੜਾਂ ਦੀ ਗੰਢ ਦੇ ਲਈ ਤੇ "ਮੈਂ ਆਇਆ ਕਹਿ ਕੇ ਸੜਕ ਦੇ ਦੂਜੇ ਪਾਸੇ ਖਤਾਨਾਂ ਵੱਲ ਤੁਰ ਪਿਆ।

ਖੰਡੇ ਨੇ ਬੋਤੇ ਨੂੰ ਪੁਚਕਾਰਿਆ ਤੇ ਪਾਖੜੇ ਦੇ ਉਤੇ ਵਿਛਾਇਆ ਗੁਦੈਲਾ, ਚੁਤਹੀ ਤੇ ਲਾਲ ਰੰਗ ਦੀ, ਚਿੱਟੀਆਂ ਬੂਟੀਆਂ ਵਾਲੀ ਝਾਲਰਦਾਰ ਚਾਦਰ ਨੂੰ ਸੂਤ ਕਰਨ ਲੱਗ ਪਿਆ। ਬੋਤਾ ਜਦੋਂ ਬਹੁਤੀ ਅੱਚਵੀ ਕਰਨ ਲੱਗ ਪਿਆ ਤਾਂ ਉਸ ਉਹਨੂੰ ਝਿੜਕਿਆ ਵੀ ਪਰ ਅੱਗੋਂ ਸਗੋਂ ਉਹ ਹੋਰ ਬੁੱਕਣ ਲੱਗ ਪਿਆ।

"ਆਓ ਜੀ, ਫੇਰ ਛੇਤੀ ਕਰੋ। ਨਾਲੇ ਊਂ ਵੀ ਕੁਵੇਲਾ ਹੁੰਦਾ ਜਾਂਦੈਂ।" ਖੰਡੇ ਨੇ ਜਸਵਿੰਦਰ ਨੂੰ ਹੌਲੀ-ਹੌਲੀ ਤੁਰਦਿਆਂ ਵੇਖ ਕੇ ਉਚੀ-ਸਾਰੀ ਕਿਹਾ।

ਜਸਵਿੰਦਰ ਚੁੱਪ-ਕੀਤਾ, ਆਪਣੀ ਪੈਂਟ, ਬੂਟਾਂ ਤੇ ਕੋਟ ਵੱਲ ਨਿਗਾਹ ਮਾਰਦਾ, ਜਦੋਂ ਬੋਤੇ ਦੇ ਨੇੜੇ ਆਇਆ ਤਾਂ ਬੋਤਾ ਫੇਰ ਬੁੱਕਿਆ। ਐਤਕੀਂ ਉਸ ਬੋਤੇ ਦੀਆਂ ਕਹਿਰੀ ਅੱਖਾਂ ਵਿਚ ਸਿੱਧਾ ਤੱਕਿਆ ਤੇ ਫੇਰ ਮੁਸਕਰਾ ਕੇ ਬੁੱਲ੍ਹਾਂ ਵਿਚ ਈ ਇੱਕ ਗਾਲ੍ਹ ਕੱਢੀ। ਜੀਅ ਕੀਤਾ ਕਿ ਜੇ ਉਸ ਕੋਲ ਇੱਕ ਚਮੜੇ ਦਾ ਗੁੰਦਵਾਂ, ਲੰਮਾ ਛਾਂਟਾ ਹੋਵੇ



ਤਾਂ ਉਹ ਇਹਨੂੰ ਵਾਹੇ ਵਾਹਣਾਂ ਵਿਚ ਭਜਾਉਂਦਿਆਂ ਅਜਿਹਾ ਘਰਕਾਏ ਕਿ ਸਾਰੀ ਮਸਤੀ ਪਲਾਂ ਵਿਚ ਨਿਕਲ ਜਾਏ। ਪਰ ਉਨ੍ਹਾਂ ਛਾਂਟਿਆਂ ਦਾ ਤਾਂ ਅੱਜਕੱਲ੍ਹ ਰਵਾਜ਼ ਨਹੀਂ ਰਿਹਾ...ਬੋਤਿਆਂ ਉਤੇ ਚੜ੍ਹਨ ਦਾ ਈ ਰਵਾਜ ਕਿੱਥੇ ਰਹਿ ਗਿਐ, ਇਹ ਤਾਂ ਇਨ੍ਹਾਂ ਪਛੜੇ ਇਲਾਕਿਆਂ ਦੀ ਮਜਬੂਰੀ ਐ।

"ਆਓ ਜੀ ਬੈਠੋ, ਬੈਠੋ ਕੇਰਾਂ।" ਖੰਡੇ ਨੇ ਬੋਤੇ ਦਾ ਗੋਡਾ ਖੋਲ੍ਹ ਕੇ ਪੈਰ ਨਾਲ ਉਹਦੀ ਲੱਤ ਦਬਦਿਆਂ ਤੇ ਮੁਹਾਰ ਖਿੱਚ ਉਹਨੂੰ ਕਾਬੂ ਰੱਖਦਿਆਂ ਕਿਹਾ।

ਬੋਤੇ ਨੇ ਜਸਵਿੰਦਰ ਨੂੰ ਪਲਾਕੀ ਵੀ ਚੱਜ ਨਾਲ ਨਾ ਮਾਰਨ ਦਿੱਤੀ, ਤੜਾਫਾ ਮਾਰ ਕੇ ਬੇਕਾਬੂ ਹੁੰਦਿਆਂ ਭੱਜ ਤੁਰਿਆ। ਖੰਡੇ ਨੇ ਮੁਹਾਰ ਖਿੱਚ ਕੇ ਉਹਨੂੰ ਕਾਬੂ ਕਰਦਿਆਂ ਝਿੜਕਿਆ ਤੇ ਮੁਹਾਰ ਜਸਵਿੰਦਰ ਵੱਲ ਉਤਾਂਹ ਵਗਾਹ ਮਾਰੀ।

"ਵੇਖਿਓ, ਮੁਹਾਰ ਢਿੱਲੀ ਨਾ ਛੱਡਿਓ, ਇਹਦਾ ਜਿੰਨ ਦਾ ਕੋਈ ਵਸਾਹ ਨ੍ਹੀਂ ਹੁੰਦਾ।" ਖੰਡੇ ਨੇ ਮਗਰ ਮਗਰ ਭੱਜਦਿਆਂ ਤੇ ਖੇਸ ਸੂਤ ਕਰਦਿਆਂ ਉਚੀ ਕਿਹਾ।

ਬੋਤਾ ਉਹਦੀ ਵਾਜ ਸੁਣ ਕੇ ਸਾਰੇ ਜ਼ੋਰ ਨਾਲ ਬੁੱਕਿਆ ਤੇ ਰੱਸੀ ਨਾਲ ਬੰਨ੍ਹੀ ਪੂਛ ਉਹਨੇ ਕਈ ਵਾਰ ਪੱਟਾਂ ਨਾਲ ਮਾਰੀ। ਰੱਸੀ ਨਾਲ ਬੰਨ੍ਹੇ ਘੁੰਗਰੂਆਂ ਦਾ ਛਣਕਾਟ ਬੱਝਵੀਂ ਤਾਲ ਨਾਲ ਸੁਣਿਆ ਤਾਂ ਬੋਤਾ ਚਾਲ ਪੈ ਕੇ ਸਿੱਧੇ ਹੋ ਤੁਰਿਆ। ਜਸਵਿੰਦਰ ਨੇ ਮੁਹਾਰ ਭਾਵੇਂ ਪੂਰੀ ਤਰ੍ਹਾਂ ਕਾਬੂ ਕੀਤੀ ਹੋਈ ਸੀ ਪਰ ਉਹਦਾ ਚਿੱਤ ਟਿਕਾਣੇ ਨਹੀਂ ਸੀ ਰਿਹਾ।

"ਏਸ ਊਤ ਜਾਨਵਰ ਦਾ ਕਾਕਾ ਜੀ ਕੋਈ ਵਸਾਹ ਨ੍ਹੀਂ ਹੁੰਦਾ," ਖੰਡੇ ਨੇ ਭੱਜਿਆਂ ਆਉਂਦਿਆਂ ਖੰਘ ਕੇ ਕਿਹਾ ਤੇ ਫੇਰ ਆਪੇ ਹੀ ਇੱਕ ਪੁਰਾਣੀ ਗੱਲ ਛੇੜ ਲਈ।

"ਇਹ ਕੋਈ ਚਾਲ-ਪੰਜਾਹ ਵਰ੍ਹਿਆਂ ਦੀ ਗੱਲ ਹੋਊ ਕਾਕਾ ਜੀ-ਓਦੋਂ ਆਪਣੇ ਅੰਗਰੇਜ਼ਾਂ ਦਾ ਰਾਜ ਹੁੰਦਾ ਸੀ। ਇੱਕ ਵਾਰੀ ਆਪਣੇ ਪਿੰਡ ਕਿਸੇ ਅੰਗਰੇਜ਼ ਮੋਹਕਮ ਨੇ ਆਉਣਾ ਸੀ। ਆਪਣੇ ਵੱਡੇ ਜੈਲਦਾਰ...ਵੇਖੀਂ ਬਈ ਤੇਰੇ ਬਾਬਾ ਜੀ, ਓਦੋਂ ਜਿਉਂਦੇ ਸੀ। ਆਪਣੇ ਸਾਰੇ ਪਿੰਡ 'ਚ ਬਸ ਆਪਣੇ ਘਰੇ ਈ ਸਵਾਰੀ ਹੁੰਦੀ ਸੀ। ਰੱਥ ਵੀ ਹੁੰਦਾ ਸੀ ਓਦੋਂ ਤਾਂ ਪਰ ਉਹ ਮੋਹਕਮ ਕਹਿੰਦੈ 'ਹਮ ਤੋ ਊਠ ਦੀ ਸਵਾਰੀ ਕਰੂੰਗਾ।' ਸਾਨੂੰ ਬੜਾ ਹਾਸਾ ਆਇਆ, ਬਈ ਊਠ ਦੀ ਵੀ ਕੋਈ ਸਵਾਰੀ ਹੋਈ?"

"ਖੈਰ ਜੀ, ਹੁਕਮ ਸੀ, ਬੋਤਾ ਛੰਗਾਰ ਕੇ ਅਸੀਂ ਲੈ-ਗੇ। ਮੇਰੀ ਉਮਰ ਓਦੋਂ ਵਾਹਵਾਹ ਸੀ, ਮਾੜੀ-ਮਾੜੀ ਮੁੱਛ ਫੁਟਦੀ ਹੋਊ।" ਖੰਡੇ ਨੇ ਖੰਘੂਰਾ ਮਾਰਿਆ ਤੇ ਬੁੱਕਲ ਸੂਤ ਕਰਦਿਆਂ ਰਤਾ ਹੌਲੀ ਹੋ ਗਿਆ। ਬਿੰਦ ਦਾ ਬਿੰਦ ਚੁੱਪ ਰਹਿ ਕੇ ਮੁੜ ਬੋਤੇ ਦੇ ਨਾਲ ਭੱਜਦਿਆਂ, ਚੜ੍ਹੇ ਸਾਹ ਨਾਲ ਗੱਲ ਅੱਗੇ ਤੋਰੀ।

"ਜਾਂ ਉਹ ਉਤੇ ਚੜ੍ਹਨ ਲੱਗਿਆ ਤਾਂ ਆਪਣੇ ਵੱਡੇ ਜੈਲਦਾਰ ਸਾਹਬ ਆਖਣ ਲੱਗੇ, 'ਸਾਬ੍ਹ, ਇਹ ਜਾਨਵਰ ਤਿੰਨ ਵਾਰੀ ਬੈਠਦਾ ਤੇ ਤਿੰਨ ਵਾਰੀ ਖੜ੍ਹਾ ਹੁੰਦੈ।' ਮੋਹਕਮ ਟੋਪ ਲਾਹ ਕੇ ਹੇਠ ਉਤੇ ਦੇਖਣ ਲੱਗ ਪਿਆ: 'ਤੀਨ ਬਾਰੀਂ!' ਉਹ 'ਕੇਰਾਂ ਤਾਂ ਹਰਾਨ ਜਿਹਾ ਹੋ ਗਿਆ ਪਰ ਫੇਰ ਸਾਲਾ ਬਾਂਦਰ-ਮੂੰਹਾਂ ਜਿਆ ਬਗਿਆੜ ਵਾਂਗੂੰ ਮੂੰਹ ਟੱਡ ਕੇ ਹੱਸ ਪਿਆ। ਕਹਿੰਦਾ 'ਚਾਹੇ ਸਾਤ ਬਾਰੀਂ ਊਠੇ-ਬੈਠੇ, ਹਮ ਸਭ ਕਾਬੂ ਕਰ ਲਏਂਗਾ-ਐਸੇ ਬੈਸੇ ਜਾਨਵਰ ਹਮ ਨੇ ਬਹੁਤ ਦੇਖੇ ਐ-ਸਭ ਕਾਬੂ ਕਰਨ ਕਾ ਢੰਗ ਹਮ ਕੋ ਆਉਂਦੈ।"

"ਖੈਰ ਜੀ ਉਹ ਚੜ੍ਹ ਤਾਂ ਗਿਆ, ਮੈਂ ਹੱਸਾਂ!-ਬੋਤਾ ਏਸੇ ਆਂਗੂ, ਐਂ ਕੇਰਾਂ ਭਰ-ਜੁਆਨ, ਨੇਛਾਂ ਆਲਾ! ਨਾਗ ਵਰਗਾ ਉਹਦਾ ਰੰਗ, ਕਿਤੇ ਧਰਤੀ ਉਤੇ ਪੈਰ ਲਾਵੇ, ਕਿਤੇ ਨਾ! ਮੈਂ ਚਿੱਤ 'ਚ ਆਖਿਆ, ਮੇਰਿਆ ਸਾਲਿਆ, ਤੂੰ ਆਵਦੇ ਮੁਲਖ 'ਚ ਐਸੇ-ਬੈਸੇ ਜਾਨਵਰ ਕਾਬੂ ਕੀਤੇ ਹੋਣੇ ਐਂ, ਸਾਡੇ ਦੇਸ ਦੇ ਮਸਤੀ ਊਠ ਨ੍ਹੀਂ ਦੇਖੇ ਹੋਣੇ!"

"ਲੌ ਜੀ, ਕਾਕਾ ਜੀ, ਓਹਾ ਗੱਲ ਹੋਈ। ਆਪਣੇ ਪਿੰਡ ਦੇ ਪੱਖੋ ਦੇ ਸੰਨ੍ਹ 'ਚ ਓਦੋਂ ਚਾਰ-ਪੰਜ ਕੋਹ 'ਚ ਟਿੱਬੇ ਤੇ ਝਿੜੀਆਂ ਹੁੰਦੀਆਂ ਸੀ-ਆ-ਹ, ਮਾ-ਰ, ਰੋਹੀ ਬੀਆਬਾਨ। ਬੋਤਾ ਤਾਂ ਜੀ ਬੇਵਸਾ ਹੋ ਕੇ ਰੋਹੀਏਂ ਚੜ੍ਹ ਗਿਆ। ਆਪਣੇ ਜੈਲਦਾਰ ਸਾਹਬ ਕੋਲੇ ਘੋੜੀ ਸੀ-ਡੱਬੀ। ਉਨ੍ਹਾਂ ਨੇ ਬਥੇਰਾ ਜਤਨ ਕੀਤਾ ਬਈ ਕਿਸੇ ਤਰ੍ਹਾਂ ਬੋਤੇ ਨੂੰ ਮੂਹਰਿਓਂ ਵਲ ਲੈਣ-ਪਰ ਕਿੱਥੇ। ਮੂਹਰੇ-ਮੂਹਰੇ ਬੋਤਾ-ਤੇ ਮਗਰ ਮੋਹਕਮ ਦੇ ਅਮਲੇ ਫੈਲੇ ਤੇ ਅਹਿਲਕਾਰਾਂ ਦੀ ਪਦੀੜ ਪੈਂਦੀ ਤੁਰੀ ਜਾਏ-ਦਬੜਕ, ਦਬੜਕ! ਤੇ ਮੇਰੀ ਹਾਸੀ ਨਾ ਬੰਦ ਹੋਵੇ।"

ਤੇ ਖੰਡਾ ਚੜ੍ਹੇ ਸਾਹ ਨਾਲ ਹੁਣ ਵੀ ਜਿਉਂ ਹੱਸਣ ਲੱਗਿਆ, ਉਹਨੂੰ ਉਥੂ ਆ ਗਿਆ। ਬਿੰਦ ਦਾ ਬਿੰਦ ਉਹ ਫੇਰ ਹੌਲੀ ਹੋਇਆ, ਪਰ ਓਵੇਂ ਮੁੜ ਬੋਤੇ ਦੇ ਬਰਾਬਰ ਹੁੰਦਿਆਂ ਕਹਾਣੀ ਅੱਗੇ ਤੋਰ ਲਈ।

"ਲਓ ਜੀ, ਮੈਂ ਨਵਾਂ ਹਾਣ ਸੀ-ਨਾਲੇ ਮੈਂ ਈ ਓਸ ਬੋਤੇ ਨੂੰ ਪਾਲਿਆ ਸੀ, ਮੈਨੂੰ ਉਹਦੇ ਸਾਰੇ ਵੱਸਵਾਂ ਦਾ ਪਤਾ ਸੀ। ਇਹ ਵੀ ਮੈਨੂੰ ਪਤਾ ਸੀ ਬਈ ਉਹ ਕਿਹੜਿਆਂ ਟਿੱਬਿਆਂ-ਵਾਹਣਾਂ ਵੰਨੀਂ ਜਾਊ। ਮੈਨੂੰ ਜੈਲਦਾਰ ਸਾਹਬ ਨੇ ਅਸ਼ਾਰਾ ਕੀਤਾ ਤੇ ਮੈਂ ਲਾਂਗੜ ਕੱਸ ਕੇ, ਆਪਣੀ ਸੁੰਨੀ ਖੂਹੀ ਕੋਲੋਂ ਦੀ ਹੋ ਕੇ, ਜਿਉਂ ਚੱਲਿਆ, ਅੱਧ ਕੋਹ ਤੇ ਫੇਰ ਰੁਕਿਆ। ਪਰ ਮੈਨੂੰ ਉਹਦੀ ਰਗ ਦਾ ਪਤਾ ਸੀ। ਮੈਂ ਹੌਲੀ ਹੋ ਕੇ ਦੋ-ਚਾਰ ਬੁਸ਼ਕਰਾਂ ਮਾਰੀਆਂ, ਉਹ ਹੌਲੀ ਹੋ ਗਿਆ। ਉਤੋਂ ਉਸ ਬਾਂਦਰ-ਮੂੰਹੇਂ ਨੂੰ ਵੀ, ਮੈਨੂੰ ਵੇਖ ਕੇ ਕੁਸ਼ ਸੂਰਤ ਆ-ਗੀ ਤੇ ਉਹਨੇ ਵੀ ਮੁਹਾਰ ਫੜ ਕੇ ਸਾਰੇ ਜ਼ੋਰ ਨਾਲ ਐਸੀ ਖਿੱਚੀ ਬਈ ਬੋਤੇ ਦੀ ਧੌਣ ਮੁੜ ਕੇ ਪੁੱਠੀ ਹੋ ਗਈ।

"ਖੈਰ ਜੀ, ਮੈਂ ਭੱਜ ਕੇ ਬੋਤੇ ਦੇ ਗਲ ਨੂੰ ਜਾ ਚਿੰਬੜਿਆ ਤੇ ਮੋਹਕਮ ਤੋਂ ਮੁਹਾਰ ਫੜ ਕੇ ਮਸਾਂ ਖੜ੍ਹਾਇਆ। ਫੇਰ ਝਿੜਕ ਕੇ ਮੈਂ ਮੂਹਰੇ-ਮੂਹਰੇ ਮੁਹਾਰ ਫੜ ਕੇ ਤੁਰਿਆ, ਤਾਂ ਕਿਤੇ ਜਾ ਕੇ ਉਹ ਕਾਬੂ ਆਇਆ।

"ਜਦੋਂ ਫੇਰ ਅਸੀਂ ਝਿੜੀ ਵਿਚੋਂ ਈ, ਮਲ੍ਹਿਆਂ ਨਾਲ ਪਾਸੇ ਛਲੌਂਦੇ ਟਿੱਬੀਆਂ ਉਤੋਂ ਦੀ ਲੰਘੇ ਤਾਂ ਉਹ ਸਾਲਾ ਬਾਂਦਰ-ਮੂੰਹਾਂ ਜਿਆ ਆਸੇ-ਪਾਸੇ ਝਾਕ-ਝਾਕ ਆਖੇ, 'ਬਾਹ ਬਈ ਬਾਹ! ਇਹ ਤਾਂ ਬਹੁਤ ਖੂਬਸੂਰਤ ਐ, ਆਪ ਕਾ ਲਾਕਾ!' ਮੈਂ ਚਿੱਤ 'ਚ ਆਖਿਆ, ਜੇ ਮੈਂ ਨਾ ਹੁੰਦਾ ਤਾਂ ਹੁਣੇ ਤੈਨੂੰ ਪਤਾ ਲੱਗ ਜਾਂਦਾ ਖ਼ੂਬਸੂਰਤ 'ਲਾਕੇ ਦਾ! ਲੌ ਜੀ ਐਸੀ ਤਾਂ ਓਸ ਅੰਗਰੇਜ ਨਾਲ ਕੀਤੀ ਸੀ ਏਸ ਜਿੰਨ ਨੇ। ਰੱਬੋਂ ਈ ਬਚ ਗਿਆ, ਜੇ ਮੈਂ ਨਾ ਜਾਂਦਾ ਤਾਂ ਓਦੋਂ ਉਹ ਊਠ ਉਹਨੂੰ ਈਡਰ ਹੇਠਾਂ ਰਗੜ ਕੇ ਕਿਹੜਾ ਨਾ ਮਾਰ ਦਿੰਦਾ।"

ਖੰਡੇ ਦਾ ਸਾਹ ਬਹੁਤਾ ਈ ਚੜ੍ਹ ਗਿਆ ਸੀ। ਬੋਤਾ ਓਸੇ ਚਾਲ ਵਗ ਰਿਹਾ ਸੀ। ਜਸਵਿੰਦਰ ਨੂੰ ਉਹਦੀ ਕਹਾਣੀ ਸੁਣ ਕੇ ਸੱਚ-ਮੁੱਚ ਈ ਇਉਂ ਜਾਪਣ ਲੱਗ ਪਿਆ ਕਿ ਬੋਤਾ ਉਹਤੋਂ ਬੇ-ਕਾਬੂ ਹੋ ਕੇ ਰੋਹੀਏਂ ਚੜ੍ਹ ਜਾਏਗਾ... ਤੇ ਫੇਰ ਖੰਡਾ ਹੀ ਉਹਨੂੰ ਆ ਕੇ ਬਚਾਏਗਾ।

"ਆ ਜਾ ਤਾਇਆ, ਹਿੰਮਤ ਕਰ।" ਖੰਡੇ ਨੂੰ ਪਿਛਾਂਹ ਰਹਿੰਦਿਆਂ ਵੇਖ ਕੇ ਜਸਵਿੰਦਰ ਨੇ ਕਿਹਾ।

"ਚਲੋ ਚਲੋ, ਬਸ ਆਇਆ," ਫ਼ਲੀਟਾਂ ਵਿਚੋਂ ਰਾਹ ਦਾ ਰੇਤਾ ਕੱਢਦਿਆਂ ਖੰਡੇ ਨੇ ਧੀਮੀ ਵਾਜ ਨਾਲ ਕਿਹਾ, ਤੇ ਫੇਰ ਉਚੀ-ਉਚੀ ਆਪ-ਮੁਹਾਰਾ ਈ ਬੋਲਣ ਲੱਗ ਪਿਆ, "ਹੁਣ ਤਾਂ ਕਾਕਾ ਜੀ ਬੁੜ੍ਹੇ ਹੋ-ਗੇ। ਜਮਾ ਈ ਨ੍ਹੀਂ ਸਾਹ-ਸਤ ਰਿਹਾ। ਤੁਸੀਂ ਤਾਂ ਖੈਰ ਆਪ ਪੜ੍ਹੇ-ਲਿਖੇ ਓਂ, ਹੁਣ ਸੋਲ੍ਹਵੀਂ ਸਤਾਰ੍ਹਵੀਂ 'ਚ ਪੜ੍ਹਦੇ ਹੋਓਂਗੇ, ਥੋਨੂੰ ਕੀ ਦੱਸਣੈ-ਥੋਡੇ ਅੰਦਰ ਤਾਂ ਅੱਗੇ ਚਾਨਣ ਬਹੁਤ ਐ।...ਊਂ ਸਾਰੀਆਂ ਗੱਲਾਂ ਉਮਰ-ਸਿਰ ਦੀਆਂ ਹੁੰਦੀਐਂ।"

ਖੰਡਾ ਬੋਲਦਾ-ਬੋਲਦਾ ਫੇਰ ਬੋਤੇ ਦੇ ਮਗਰ ਭੱਜ ਤੁਰਿਆ ਸੀ, ਪਰ ਹੁਣ ਉਹਤੋਂ ਨਾਲ ਨਹੀਂ ਸੀ ਰਲਿਆ ਜਾ ਰਿਹਾ। ਬੋਤਾ ਮੁਹਾਰ ਖਿੱਚਿਆਂ ਵੀ ਹੌਲੀ ਨਹੀਂ ਸੀ ਹੋ ਰਿਹਾ। ਪੂਛ ਪੱਟਾਂ ਨਾਲ ਫੜਾਕ-ਫੜਾਕ ਮਾਰਦਿਆਂ, ਆਪਣੀ ਪੂਛ ਵਾਲੀ ਰੱਸੀ ਨਾਲ ਬੱਧੇ ਘੁੰਗਰੂਆਂ ਦੀ ਤਾਲ ਨਾਲ ਈ ਜਿਵੇਂ ਬੁੱਕਦਿਆਂ, ਉਹਦੇ ਪੈਰ ਕਾਹਲੇ ਹੁੰਦੇ ਜਾਂਦੇ ਸਨ।

ਠੰਡੀ ਹਵਾ ਦਾ ਇੱਕ ਤਿੱਖਾ ਬੁੱਲਾ ਆਇਆ ਤੇ ਜਸਵਿੰਦਰ ਦਾ ਲੂੰ-ਕੰਡਾ ਖੜ੍ਹਾ ਹੋ ਗਿਆ। ਫੱਗਣ ਦੇ ਮਹੀਨੇ ਏਡਾ ਬੁੱਲਾ। ਉਹਨੂੰ ਹੈਰਾਨੀ ਹੋਈ ਪਰ ਉਹਨੂੰ ਯਾਦ ਆਇਆ ਕਿ ਇਹ ਦੇਸੀ ਸਾਲ ਦਾ ਆਖਰੀ ਮਹੀਨਾ ਸੀ। ਇਹਨੂੰ ਲੋਕ 'ਖਚਰੀ-ਰੁੱਤ' ਵੀ ਕਹਿੰਦੇ ਹਨ। ਰੁੱਤ ਬਦਲ ਰਹੀ ਸੀ ਤੇ ਬਦਲਦੀ ਰੁੱਤ ਦੀ ਮਹਿਕ ਆਸੇ-ਪਾਸੇ ਦੀਆਂ ਪੈਲੀਆਂ ਤੇ ਰੁੱਖਾਂ ਵਿਚੋਂ ਮਹਿਸੂਸ ਹੋ ਰਹੀ ਸੀ...ਇਹ ਮਹਿਕ ਭਾਵੇਂ ਸੁਖਾਵੀਂ ਸੀ, ਪਰ ਬੋਤੇ ਦੀ ਹੱਥ ਵਿਚ ਫੜੀ ਮੁਹਾਰ ਵਿਚੋਂ ਉਹਨੂੰ ਅਜੀਬ ਜਿਹਾ ਮੁਸ਼ਕ ਆ ਰਿਹਾ ਸੀ ਜਿਸ ਨਾਲ ਜਿਵੇਂ ਉਹਨੂੰ ਸਾਹ ਕੁਝ ਖਿੱਚਵਾਂ ਆਉਣ ਲੱਗ ਪਿਆ ਸੀ।

ਉਸ ਭਉਂ ਕੇ ਵੇਖਿਆ, ਤਾਇਆ ਖੰਡਾ ਬਹੁਤਾ ਹੀ ਪਿਛਾਂਹ ਰਹਿ ਗਿਆ ਸੀ। ਉਹਦਾ ਦਿਲ ਧੜਕਿਆ: ਬੋਤਾ ਹੁਣ ਬੇਵੱਸਾ ਹੋਏਗਾ, ਉਸ ਤੋਂ ਸੰਭਾਲਿਆ ਨਹੀਂ ਜਾਣਾ, ਖੰਡੇ ਨੂੰ ਮਗਰ ਹੀ ਬਿਠਾ ਲੈਂਦਾ ਤਾਂ ਚੰਗਾ ਸੀ।

('ਮਸਤੀ ਬੋਤਾ' ਵਿਚੋਂ)

# ਕੀ ਹੈ ਜੋਤਿਸ਼ ਦਾ ਸੱਚ

## ਜੋਤਿਸ਼ ਵਿਗਿਆਨ

**ਪੰਕਜ ਗੋਗਨਾ ਵੈਨਕੂਵਰ***

ਅੱਜ ਕੱਲ੍ਹ ਤਕਰੀਬਨ ਹਰ ਮਨੁੱਖ ਕਿਸੇ ਨਾ ਕਿਸੇ ਗੱਲ ਤੋਂ ਪ੍ਰੇਸ਼ਾਨ ਹੈ। ਕਿਸੇ ਨੂੰ ਧਨ-ਦੌਲਤ ਦਾ ਫ਼ਿਕਰ ਹੈ ਅਤੇ ਕੋਈ ਆਪਣੇ ਕੰਮ-ਕਾਰ ਕਾਰਨ ਪ੍ਰੇਸ਼ਾਨ ਹੈ। ਕਿਸੇ ਦੀ ਧੀ-ਪੁੱਤ ਦਾ ਵਿਆਹ ਨਹੀਂ ਹੁੰਦਾ ਜਾਂ ਹੋ ਕੇ ਵਿਗਾੜ ਪੈ ਜਾਂਦਾ ਹੈ। ਕਿਸੇ ਦੇ ਘਰ ਸੱਸ-ਨੂੰਹ ਦਾ ਜਾਂ ਕੋਈ ਹੋਰ ਕਲੇਸ਼ ਹੈ ਜਾਂ ਫਿਰ ਕੋਈ ਵਿਦੇਸ਼ ਵਸਣਾ ਚਾਹੁੰਦਾ ਹੈ। ਬੰਦਾ ਇਨ੍ਹਾਂ ਪ੍ਰੇਸ਼ਾਨੀਆਂ ਅਤੇ ਮੁਸੀਬਤਾਂ ਤੋਂ ਮੁਕਤੀ ਪਾਉਣਾ ਚਾਹੁੰਦਾ ਹੈ ਅਤੇ ਕਈ ਵਾਰ ਪੰਡਿਤਾਂ, ਜੋਤਸ਼ੀਆਂ ਕੋਲ ਭੱਜਦਾ ਹੈ। ਆਪਣੀ ਜਨਮ ਕੁੰਡਲੀ ਜਾਂ ਫਿਰ ਹੱਥ ਦਿਖਾਉਂਦਾ ਹੈ। ਕੁਝ ਲਾਲਚੀ ਜੋਤਸ਼ੀ ਵੀ ਹੁੰਦੇ ਹਨ ਜੋ ਪ੍ਰੇਸ਼ਾਨ ਲੋਕਾਂ ਦੇ ਮਾਨਸਿਕ ਹਾਲਾਤ ਦਾ ਫਾਇਦਾ ਉਠਾ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕਰਦੇ ਹਨ। ਉਨ੍ਹਾਂ ਲਾਲਚੀ ਅਤੇ ਝੋਲਾ-ਛਾਪ ਜੋਤਸ਼ੀਆਂ ਨੂੰ ਜੋਤਿਸ਼ ਬਾਰੇ ਕੁਝ ਜਾਣਕਾਰੀ ਤਾਂ ਹੁੰਦੀ ਨਹੀਂ ਪਰ ਇਹ ਭੋਲੇ-ਭਾਲੇ ਅਤੇ ਪ੍ਰੇਸ਼ਾਨ ਲੋਕਾਂ ਨੂੰ ਵਹਿਮਾਂ ਵਿਚ ਪਾ ਕੇ ਉਨ੍ਹਾਂ ਨੂੰ ਲੁੱਟਦੇ ਹਨ।

ਅਸਲ ਵਿਚ ਜੋਤਿਸ਼ ਹੈ ਕੀ? ਇਹ ਕਿਸ ਤਰ੍ਹਾਂ ਇਨਸਾਨ ਨੂੰ ਪ੍ਰੇਸ਼ਾਨੀਆਂ ਤੋਂ ਮੁਕਤੀ ਦਿਵਾਉਂਦਾ ਹੈ? ਮੈਂ ਇਸੇ ਬਾਰੇ ਗੱਲ ਕਰਾਂਗਾ। ਮੈਂ ਸਭ ਨੂੰ ਜੋਤਿਸ਼ ਸਿਖਾਉਣ ਦੀ ਵੀ ਕੋਸ਼ਿਸ਼ ਕਰਾਂਗਾਂ ਤਾਂ ਕਿ ਤੁਹਾਨੂੰ ਇਸ ਬਾਰੇ ਘੱਟੋ-ਘੱਟ ਇਹ ਤਾਂ ਜਾਣਕਾਰੀ ਹੋ ਜਾਵੇ ਕਿ ਤੁਸੀਂ ਕਦੇ ਜੋਤਿਸ਼ ਦੇ ਨਾਂ 'ਤੇ ਆਪਣੀ ਮਿਹਨਤ ਦੀ ਕਮਾਈ ਬਰਬਾਦ ਨਾ ਕਰੋ।

ਚਰਚਾ ਕਰਾਂਗੇ ਕਿ ਜੋਤਿਸ਼ ਕਿਸ ਤਰ੍ਹਾਂ ਇਨਸਾਨ ਦੀ ਜ਼ਿੰਦਗੀ 'ਤੇ ਅਸਰ ਪਾਉਂਦਾ ਹੈ? ਕਿਸ ਤਰ੍ਹਾਂ ਸਿਤਾਰੇ ਅਤੇ ਗ੍ਰਹਿ ਇਨਸਾਨ ਨੂੰ ਪ੍ਰਭਾਵਿਤ ਕਰਦੇ ਹਨ? ਕਿਹੜੇ ਗ੍ਰਹਿ ਦਾ ਕੀ ਉਪਾਅ ਹੁੰਦਾ ਹੈ? ਕਿਸ ਤਰ੍ਹਾਂ ਜੋਤਿਸ਼ ਦੀ ਮਦਦ ਨਾਲ ਇਨਸਾਨ ਆਪਣੀਆਂ ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਦੂਰ ਕਰ ਸਕਦਾ ਹੈ? ਇਉਂ ਆਪ ਵੀ ਆਪਣੀਆਂ ਪ੍ਰੇਸ਼ਾਨੀਆਂ ਦੂਰ ਕੀਤੀਆਂ ਜਾ ਸਕਦੀਆਂ ਹਨ, ਕਿਸੇ ਜੋਤਿਸ਼ੀ ਕੋਲ ਜਾਣ ਦੀ ਲੋੜ ਨਹੀਂ ਪਵੇਗੀ।

ਇਹ ਗੱਲ ਸੱਚ ਹੈ ਕਿ ਜੋਤਿਸ਼, ਸਿਤਾਰੇ ਜਾਂ ਗ੍ਰਹਿ ਮਨੁੱਖ ਦੀ ਜ਼ਿੰਦਗੀ 'ਤੇ ਅਸਰ ਪਾਉਂਦੇ ਹਨ ਪਰ ਤੁਹਾਡੀ ਜਨਮ ਕੁੰਡਲੀ ਜਾਂ ਹੱਥ ਵੇਖ ਕੇ ਤੁਹਾਡਾ ਭਵਿੱਖ ਦੱਸਣ ਵਾਲਾ ਜੋਤਿਸ਼ੀ ਵੀ ਤਾਂ ਭਗਵਾਨ ਨਹੀਂ ਹੁੰਦਾ। ਜੇਕਰ ਕਿਸੇ ਜੋਤਿਸ਼ ਨੇ ਤੁਹਾਡਾ ਟੇਵਾ ਵੇਖ ਕੇ ਤੁਹਾਡਾ ਭਵਿੱਖ ਦੱਸ ਦਿੱਤਾ ਹੈ ਤਾਂ ਉਸ ਨੂੰ ਭਗਵਾਨ ਸਮਝ ਕੇ ਉਸ ਉਪਰ ਨੋਟਾਂ ਦੀ ਬਰਸਾਤ ਨਹੀਂ ਕਰ ਦੇਣੀ ਚਾਹੀਦੀ ਕਿਉਂਕਿ ਜੋਤਿਸ਼ ਤਾਂ ਸਾਇੰਸ ਹੈ। ਜਦੋਂ-ਜਦੋਂ ਆਕਾਸ਼ ਵਿਚ ਸਿਤਾਰੇ ਅਤੇ ਗ੍ਰਹਿ ਆਪਣੀ ਚਾਲ ਬਦਲਦੇ ਹਨ, ਉਸ ਵੇਲੇ ਇਨਸਾਨ ਦੀ ਜ਼ਿੰਦਗੀ ਉਸ ਹਿਸਾਬ ਨਾਲ ਬਦਲਦੀ ਹੈ।

ਕਿਸੇ ਵੀ ਬੰਦੇ ਦੇ ਭਵਿੱਖ ਦਾ ਅੰਦਾਜ਼ਾ ਲਗਾਉਣ ਵਾਸਤੇ ਜੋਤਿਸ਼ ਵਿਚ ਨੌਂ ਗ੍ਰਹਿਆਂ ਦਾ ਅਧਿਐਨ ਕੀਤਾ ਜਾਂਦਾ ਹੈ। ਉਨ੍ਹਾਂ ਨੌਂ ਗ੍ਰਹਿਆਂ ਵਿਚ ਸੂਰਜ, ਚੰਦਰਮਾ, ਮੰਗਲ, ਬੁੱਧ, ਗੁਰੂ, ਸ਼ੁਕਰ, ਸ਼ਨੀ, ਰਾਹੂ ਅਤੇ ਕੇਤੂ ਸ਼ਾਮਿਲ ਹਨ।

ਹਰ ਗ੍ਰਹਿ ਦੀ ਆਪਣੀ-ਆਪਣੀ ਰਫ਼ਤਾਰ ਹੁੰਦੀ ਹੈ, ਮਤਲਬ ਹਰ ਗ੍ਰਹਿ ਆਪਣੀ ਨਿਸ਼ਚਿਤ ਚਾਲ ਤੋਂ ਬਾਅਦ ਅਗਲੀ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ। ਹੁਣ ਅਗਲਾ ਸਵਾਲ ਇਹ ਹੈ ਕਿ ਰਾਸ਼ੀ ਕੀ ਹੈ? ਪੂਰੇ ਬ੍ਰਹਿਮੰਡ ਜਾਂ ਆਕਾਸ਼ ਨੂੰ ਬਾਰਾਂ ਬਰਾਬਰ ਹਿੱਸਿਆਂ ਵਿਚ ਵੰਡਿਆ ਗਿਆ ਹੈ। ਕਿਸੇ ਇਕ ਖਾਸ ਹਿੱਸੇ ਨੂੰ ਰਾਸ਼ੀ ਕਿਹਾ ਜਾਂਦਾ ਹੈ। ਇਹ ਰਾਸ਼ੀਆਂ ਹਨ: ਮੇਖ, ਬ੍ਰਿਖ਼, ਮਿਥੁਨ, ਕਰਕ, ਸਿੰਘ, ਕੰਨਿਆ, ਤੁਲਾ, ਬ੍ਰਿਸ਼ਚਕ, ਧਨ, ਮਕਰ, ਕੁੰਭ ਅਤੇ ਮੀਨ, ਬਾਰਾਂ ਰਾਸ਼ੀਆਂ ਹੁੰਦੀਆਂ ਹਨ। ਹਰ ਗ੍ਰਹਿ ਨਿਸ਼ਚਿਤ ਸਮੇਂ ਅਨੁਸਾਰ ਹਰ ਰਾਸ਼ੀ ਵਿਚ ਪਰਵੇਸ਼ ਕਰਦਾ ਹੈ ਅਤੇ ਉਸ ਨਿਸ਼ਚਿਤ ਸਮੇਂ ਮਗਰੋਂ ਅਗਲੀ ਰਾਸ਼ੀ ਵਿਚ ਦਾਖ਼ਲ ਹੁੰਦਾ ਹੈ। ਜਦੋਂ ਗ੍ਰਹਿ ਆਪਣੀ ਰਾਸ਼ੀ ਬਦਲ ਕੇ ਅਗਲੀ ਰਾਸ਼ੀ ਵਿਚ ਦਾਖ਼ਲ ਹੁੰਦਾ ਹੈ, ਉਸੇ ਵੇਲੇ ਮਨੁੱਖ ਦੀ ਜ਼ਿੰਦਗੀ ਵਿਚ ਵੀ ਉਥਲ-ਪੁਥਲ ਹੁੰਦੀ ਹੈ। ਗ੍ਰਹਿ ਦੀ ਤਾਕਤ ਅਨੁਸਾਰ ਮਨੁੱਖ ਨੂੰ ਚੰਗਾ-ਮਾੜਾ ਫਲ ਮਿਲਦਾ ਹੈ। ਗ੍ਰਹਿ ਕਦੋਂ ਚੰਗਾ ਜਾਂ ਮਾੜਾ ਫਲ ਦਿੰਦਾ ਹੈ, ਇਹ ਚੀਜ਼ ਉਸ ਗ੍ਰਹਿ ਦੀ ਤਾਕਤ, ਉਸ ਰਾਸ਼ੀ ਨਾਲ ਉਸ ਗ੍ਰਹਿ ਦੇ ਸਬੰਧ 'ਤੇ ਨਿਰਭਰ ਕਰਦੀ ਹੈ। ਜੇਕਰ ਉਹ ਰਾਸ਼ੀ ਜਿਸ ਵਿਚ ਗ੍ਰਹਿ ਦਾਖ਼ਲ ਹੋ ਰਿਹਾ ਹੈ, ਉਸ ਦੀ ਮਿੱਤਰ ਰਾਸ਼ੀ ਹੈ ਤਾਂ ਉਸ ਦਾ ਫਲ ਚੰਗਾ ਹੁੰਦਾ ਹੈ ਅਤੇ ਜੇਕਰ ਉਹ ਰਾਸ਼ੀ ਦੁਸ਼ਮਣ ਰਾਸ਼ੀ ਹੈ ਤਾਂ ਉਸ ਗ੍ਰਹਿ ਦਾ ਫ਼ਲ ਮਾੜਾ ਹੋ ਜਾਂਦਾ ਹੈ।

*(ਚਲਦਾ)*

*ਫ਼ੋਨ: 604-961-6635

# ਬੀਬੀ ਮਹਿੰਦਰ ਕੌਰ ਜੀ ਦੇ ਸਸਕਾਰ ਸਬੰਧੀ ਭ੍ਰਾਂਤੀਆਂ

## ਪ੍ਰਤੀਕਰਮ

**ਡਾ. ਹਰਭਜਨ ਸਿੰਘ***

ਪੰਜਾਬ ਟਾਈਮਜ਼ ਦੇ 16 ਅਪਰੈਲ ਦੇ ਅੰਕ ਵਿਚ ਡਾ. ਹਰਪਾਲ ਸਿੰਘ ਪੰਨੂ ਦਾ 'ਦਾਨੀ ਬੀਨੀ ਬੀਬੀ ਮਹਿੰਦਰ ਕੌਰ ਦੇਹਰਾਦੂਨ' ਨਾਂ ਹੇਠ ਸ਼ਰਧਾਂਜਲੀ-ਲੇਖ ਛਪਿਆ ਹੈ। ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਨਾਲ ਸਬੰਧਤ ਹੋਣ ਕਾਰਨ ਡਾ. ਪੰਨੂ ਦਾ ਇਸ ਭਾਵ-ਭਿੰਨੀ ਸ਼ਰਧਾਂਜਲੀ ਲਈ ਧੰਨਵਾਦੀ ਹਾਂ। ਕਲਪਨਾ ਪ੍ਰਧਾਨ ਅਤੇ ਦਿਲਚਸਪ ਲਿਖਤਾਂ ਕਰਕੇ ਡਾ. ਪੰਨੂ ਦਾ ਪੰਜਾਬੀ ਪਾਠਕਾਂ ਵਿਚ ਇਕ ਵਿਸ਼ੇਸ਼ ਮੁਕਾਮ ਹੈ। ਉਹ ਮੇਰੇ ਜਮਾਤੀ-ਮਿੱਤਰ ਹਨ ਅਤੇ ਹਰ ਉਤਾਰ-ਚੜ੍ਹਾਅ ਵਿਚ ਅਸਾਂ ਹੁਣ ਤਕ ਮਿੱਤਰਤਾ ਨਿਭਾਈ ਹੈ। ਉਸ ਹਾਲਾਤ ਵਿਚ ਵੀ ਮੈਂ ਉਨ੍ਹਾਂ ਤੋਂ ਇਨਕਾਰੀ ਨਹੀਂ ਹੋਇਆ ਜਦੋਂ ਬਹੁਤ ਘਨਿਸ਼ਠ ਮਿੱਤਰ-ਸਮੂਹ ਨੇ ਮੇਰੇ ਨਾਲੋਂ ਇਸ ਕਰਕੇ ਸੰਬੰਧ ਤੋੜ ਲਏ ਸਨ ਕਿ ਮੈਂ ਪੰਨੂ ਨੂੰ ਕੇਂਦਰ ਦੇ ਸਮਾਗਮਾਂ ਵਿਚ ਕਿਉਂ ਸੱਦਦਾ ਹਾਂ? ਉਨ੍ਹਾਂ ਦੀ ਇਸ ਵਿਚਾਰ ਅਧੀਨ ਲਿਖਤ ਵਿਚ ਵੀ ਕੁਝ ਕਲਪਨਾਵਾਂ ਹਨ, ਜੋ ਇਸ ਕਿਸਮ ਦੀ ਲਿਖਤ ਵਿਚ ਢੁਕਵੀਆਂ ਨਹੀਂ ਹਨ।

ਡਾ. ਪੰਨੂ ਕਹਿੰਦੇ ਹਨ ਕਿ ਇਹ ਸਥਾਨ ਪ੍ਰੋ. ਪੂਰਨ ਸਿੰਘ ਨੇ ਡਾ. ਬਲਬੀਰ ਸਿੰਘ ਨੂੰ ਦਾਨ ਕੀਤਾ ਸੀ ਪਰ ਸਵਰਗਵਾਸੀ ਬੀਬੀ ਨੇ ਕਦੇ ਵੀ ਇਸ ਦੀ ਤਸਦੀਕ ਨਹੀਂ ਕੀਤੀ। ਅਕਾਲ ਚਲਾਣੇ ਤੋਂ ਕੁਝ ਹੀ ਦਿਨ ਪਹਿਲਾਂ ਉਨ੍ਹਾਂ ਦਸਿਆ ਸੀ ਕਿ ਇਹ ਸਥਾਨ ਪਿਤਾ ਜੀ (ਭਾਈ ਵੀਰ ਸਿੰਘ) ਨੇ ਪ੍ਰੋ. ਪੂਰਨ ਸਿੰਘ ਤੋਂ 12,000 ਰੁਪਏ ਵਿਚ ਖ਼ਰੀਦਿਆ ਸੀ। ਇਹ ਸਪਸ਼ਟੀਕਰਨ ਇਸ ਵਾਸਤੇ ਜ਼ਰੂਰੀ ਹੈ ਕਿ ਦਾਨ ਵਿਚ ਆਈ ਵਸਤੂ ਦਾਨ ਕਰਨਾ ਹੋਰ ਗੱਲ ਹੈ ਅਤੇ ਆਪਣੀ ਵਸਤੂ ਦਾਨ ਕਰਨਾ ਹੋਰ।

ਡਾ. ਪੰਨੂ ਨੇ ਲਿਖਿਆ ਹੈ ਕਿ "ਡਾ. ਬਲਬੀਰ ਸਿੰਘ ਨੇ ਆਪਣੀ ਧੀ ਨੂੰ ਕਿਹਾ, 'ਆਪਾਂ ਨੂੰ ਇਹ ਥਾਂ ਸੌਗਾਤ ਵਿਚ ਮਿਲੀ ਸੀ, ਆਪਾਂ ਵੀ ਦਾਨ ਨਾ ਕਰ ਦੇਈਏ?' ਫੈਸਲਾ ਹੋ ਗਿਆ ਕਿ ਪੰਜਾਬੀ ਯੂਨੀਵਰਸਿਟੀ ਨੂੰ ਦਾਨ ਕਰ ਦਿਤੀ ਜਾਵੇ। ਬੀਬੀ ਜੀ ਜਿਸ ਹਿੱਸੇ ਵਿਚ ਰਹਿ ਰਹੇ ਸਨ, ਉਸ ਵਿਚ ਉਹ ਸਾਰੀ ਉਮਰ ਰਹਿਣਗੇ, ਬਾਦ ਵਿਚ ਇਹ ਥਾਂ ਵੀ ਯੂਨੀਵਰਸਿਟੀ ਦੀ ਜਾਇਦਾਦ ਹੋ ਜਾਏਗੀ।" ਇਹ ਕਥਨ ਸਿਰਫ਼ ਡਾ. ਪੰਨੂ ਦੀ ਕਲਮ ਦੀ ਕਰਾਮਾਤ ਹੈ। ਨਾ ਕਦੇ ਕੋਈ ਅਜਿਹੀ ਚਰਚਾ ਹੋਈ ਕਿਸੇ ਸੁਣੀ ਹੈ, ਨਾ ਦਸੀ ਹੈ। ਇਹ ਹੀ ਉਨ੍ਹਾਂ ਦੀ ਲਿਖਤ ਦੀ ਚਾਤੁਰਤਾ ਹੈ। ਵਾਸਤਵ ਵਿਚ ਡਾ. ਬਲਬੀਰ ਸਿੰਘ ਨੇ ਜ਼ਮੀਨ ਦੇ ਇਕ ਵੱਡੇ ਭਾਗ ਨੂੰ 'ਡਾ. ਬਲਬੀਰ ਸਿੰਘ ਸਾਹਿਤ ਕੇਂਦਰ' ਨਾਂ ਦੀ ਸੋਸਾਇਟੀ ਦੀ ਸੰਪਤੀ ਬਣਾਇਆ ਸੀ। ਉਹ 1974 ਵਿਚ ਚਲਾਣਾ ਕਰ ਗਏ, ਜਦੋਂ ਅਜੇ ਰਜਿਸਟਰਾਰ ਆਫਿਸ ਤੋਂ ਸੋਸਾਇਟੀ ਦੀ ਪ੍ਰਵਾਨਗੀ ਵੀ ਨਹੀਂ ਸੀ ਹੋਈ। 1992 ਤਕ ਸਾਹਿਤ ਕੇਂਦਰ ਦਾ ਸੰਚਾਲਨ ਸ. ਸ਼ਿਵਨਾਥ ਸਿੰਘ ਕਰਦੇ ਰਹੇ ਅਤੇ ਉਨ੍ਹਾਂ ਦੇ ਚਲਾਣੇ ਮਗਰੋਂ ਉਨ੍ਹਾਂ ਦੀ ਸੁਪਤਨੀ ਬੀਬੀ ਮਹਿੰਦਰ ਕੌਰ ਨੇ ਕੇਂਦਰ ਦਾ ਕੰਮ ਕਾਜ ਅੱਗੇ ਵਧਾਇਆ। ਪੰਜਾਬ ਐਂਡ ਸਿੰਧ ਬੈਂਕ ਵਾਲੇ ਸ. ਇੰਦਰਜੀਤ ਸਿੰਘ ਨੇ ਉਨ੍ਹਾਂ ਨੂੰ ਬਹੁਤ ਸਹਿਯੋਗ ਦਿਤਾ। ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕ ਡਾ. ਗੁਰਚਰਨ ਸਿੰਘ 'ਆਨੰਦ' ਦੀ ਪ੍ਰੇਰਨਾ ਨਾਲ ਬੀਬੀ ਜੀ ਨੇ 1996 ਵਿਚ ਸੋਸਾਇਟੀ ਦੀ ਸੰਪਤੀ ਪੰਜਾਬੀ ਯੂਨੀਵਰਸਿਟੀ ਦੇ ਹਵਾਲੇ ਕੀਤੀ ਅਤੇ ਰਜਿਸਟਰਡ ਵਸੀਅਤ ਰਾਹੀਂ ਘਰ ਵਾਲੀ ਜ਼ਮੀਨ ਵੀ ਯੂਨੀਵਰਸਿਟੀ ਦੇ ਨਾਂ ਕਰ ਦਿਤੀ। ਜੋ ਡਾ. ਪੰਨੂ ਨੇ ਲਿਖਿਆ ਹੈ ਕਿ ਬੀਬੀ ਜੀ ਦੇ ਘਰ ਵਾਲੀ ਜ਼ਮੀਨ ਵੀ ਯੂਨੀਵਰਸਿਟੀ ਨੂੰ ਦੇਣ ਦਾ ਫੈਸਲਾ ਡਾ. ਬਲਬੀਰ ਸਿੰਘ ਦੇ ਸਮੇਂ ਵਿਚ ਹੋ ਗਿਆ ਸੀ, ਸਹੀ ਨਹੀਂ ਹੈ। ਘਰ ਸੰਬੰਧੀ ਬੀਬੀ ਜੀ ਦੀ ਵਸੀਅਤ ਬਾਰੇ ਨਾ ਕੇਂਦਰ ਦੇ ਕਿਸੇ ਵਿਅਕਤੀ ਨੂੰ ਕੋਈ ਪਤਾ ਸੀ, ਨਾ ਹੀ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਨੂੰ। ਇਹ ਭੇਦ ਤਾਂ ਰਿਸ਼ਤੇਦਾਰਾਂ ਕੋਲ ਵੀ ਉਦੋਂ ਜ਼ਾਹਿਰ ਹੋਇਆ ਹੈ, ਜਦੋਂ ਅੰਤਿਮ ਅਰਦਾਸ ਤੋਂ ਇਕ ਦਿਨ ਪਹਿਲਾਂ (24 ਮਾਰਚ 2011) ਨੂੰ ਉਨ੍ਹਾਂ ਦੀ ਵਸੀਅਤ ਦੀ ਕਾਪੀ ਡਾ. ਐਸ. ਕੇ ਤਿਆਗੀ ਨੇ ਲਿਆ ਕੇ ਦਿਤੀ।

ਡਾ. ਪੰਨੂ ਹੋਰ ਲਿਖਦੇ ਹਨ, 'ਹੁਣ ਤਸਵੀਰ ਦਾ ਇਕ ਹੋਰ ਪਾਸਾ ਦੇਖੋ। ਦੂਰ ਜਾਂ ਨੇੜੇ ਦੇ ਜਿੰਨੇ ਰਿਸ਼ਤੇਦਾਰ ਹਨ, ਉਨ੍ਹਾਂ ਦੀ ਨਿਗ੍ਹਾ ਬੀਬੀ ਜੀ ਦੀ ਜ਼ਮੀਨ ਅਤੇ ਪੈਸੇ ਉਪਰ ਲੱਗੀ ਹੋਈ ਸੀ।' ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਇਹ ਗੱਲ ਅਣਜਾਣਪੁਣੇ ਵਿਚ ਲਿਖੀ ਹੈ। ਮੈਂ ਬੀਬੀ ਜੀ ਦੇ ਹਸਪਤਾਲ ਜਾਣ ਤੋਂ ਅੰਤਿਮ ਅਰਦਾਸ ਤਕ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਲਗਾਤਾਰ ਨਾਲ ਰਿਹਾ ਹਾਂ, ਕਿਸੇ ਨੇ ਬੀਬੀ ਦੀ ਇੱਛਾ ਵਿਰੁਧ ਇਕ ਸ਼ਬਦ ਵੀ ਮੂੰਹੋਂ ਨਹੀਂ ਕਢਿਆ। ਨਾ ਹੀ ਬੀਬੀ ਜੀ ਦੇ ਰਿਸ਼ਤੇਦਾਰਾਂ ਬਾਰੇ ਅਜਿਹਾ ਭੰਡੀ-ਪ੍ਰਚਾਰ ਯੂਨੀਵਰਸਿਟੀ ਦੇ ਜ਼ਿਮੇਵਾਰ ਪ੍ਰੋ. ਸਾਹਿਬਾਨ ਲਈ ਸ਼ੋਭਨੀਕ ਹੈ।

ਰਹੀ ਸੰਸਕਾਰ ਦੀ ਸਿਆਸਤ ਵਾਲੀ ਗੱਲ, ਤਾਂ ਇਸ ਤੋਂ ਪਹਿਲਾਂ ਕਿ ਮੈਂ ਆਪਣੇ ਵਲੋਂ ਕੁਝ ਕਹਾਂ, ਡਾ. ਪੰਨੂ ਦਾ ਕਥਨ ਦੁਹਰਾ ਦੇਵਾਂ, "(ਮੈਂ) ਪੀ. ਏ. ਪਵਨ ਕੁਮਾਰ ਨੂੰ ਮਿਲਿਆ, ਪੁਛਿਆ, 'ਯੂਨੀਵਰਸਿਟੀ ਵਲੋਂ ਕੰਬਲੀ ਲੈ ਜਾਈਏ?' ਉਨ੍ਹਾਂ ਨੇ ਕਿਹਾ ਕਿ ਜੋ ਕੁਝ ਕਰਨਾ ਹੈ, ਡਾ. ਹਰਭਜਨ ਸਿੰਘ ਨੂੰ ਦੱਸ ਦਿਤਾ ਹੈ। ਪ੍ਰੋ. ਹਰਭਜਨ ਸਿੰਘ ਨੂੰ ਦੇਹਰਾਦੂਨ ਫੋਨ ਕਰਕੇ ਪੁਛਿਆ ਕਿ ਸਸਕਾਰ ਕਦੋਂ ਹੈ? ਉਨ੍ਹਾਂ ਕਿਹਾ, ਚਾਰ ਵਜੇ ਸ਼ਾਮ। ਮੈਂ ਕਿਹਾ, ਸਮੇਂ ਸਿਰ ਹੀ ਤੁਰਾਂਗੇ ਪਰ ਟਰੈਫਿਕ ਆਦਿ ਕਾਰਨ ਥੋੜਾ ਬਹੁਤ ਲੇਟ ਹੋ ਗਏ ਤਾਂ ਰੁਕ ਜਾਣਾ। ਉਨ੍ਹਾਂ ਕਿਹਾ, ਇਹ ਥੋੜ੍ਹਾ ਹੁੰਦਾ ਹੈ ਕਿ ਪ੍ਰੋਫੈਸਰ ਆਉਣਗੇ ਤਦੇ ਈ ਸਸਕਾਰ ਹੋਵੇਗਾ, ਤੁਸੀਂ ਪੂਰੇ ਸਮੇਂ 'ਤੇ ਪੁਜੋ। ਸਾਢੇ ਤਿੰਨ ਵਜੇ ਅਸੀਂ ਫੋਨ ਕਰ ਦਿਤਾ ਕਿ ਪੂਰੇ ਚਾਰ ਵਜੇ ਸ਼ਮਸ਼ਾਨਘਾਟ ਪੁਜਾਂਗੇ ਜੀ।...ਅਸੀਂ ਸ਼ਮਸ਼ਾਨਘਾਟ ਵਲ ਜਾ ਰਹੇ ਸਾਂ ਤਾਂ ਪੌਣੇ ਚਾਰ ਵਜੇ ਫੋਨ ਆਇਆ, ਪ੍ਰੋਫੈਸਰ ਸਾਹਿਬ, ਇਧਰ ਕੋਠੀ ਆ ਜਾਉ, ਅਜੇ ਸਾਬਕਾ ਵਾਈਸ ਚਾਂਸਲਰ ਸ. ਸਵਰਨ ਸਿੰਘ ਬੋਪਾਰਾਇ ਨਹੀਂ ਆਏ। ਉਨ੍ਹਾਂ ਦੇ ਆਇਆਂ ਤੋਂ ਸਸਕਾਰ ਕਰਾਂਗੇ। ਬੀਬੀ ਜੀ ਦੇ ਚਰਨ ਛੂਹੇ।...ਪੰਜ ਵਜੇ ਬੋਪਾਰਾਇ ਸਾਹਿਬ ਤੇ ਉਨ੍ਹਾਂ ਦੀ ਸਰਦਾਰਨੀ ਆ ਗਏ। ਅਰਦਾਸ ਹੋਈ, ਬੀਬੀ ਜੀ ਦੀ ਅਰਥੀ ਐਂਬੂਲੈਂਸ ਵਿਚ ਰਖਣ ਤਕ ਇਸ ਕਾਰਵਾਂ ਦਾ ਸਾਢੇ ਪੰਜ ਵਜੇ ਤਕ ਸਾਥ ਦਿਤਾ। ਕਿਉਂਕਿ ਦੂਰ ਦਾ ਪੈਂਡਾ ਸੀ, ਅਸੀਂ ਪਟਿਆਲੇ ਵਲ ਚਲ ਪਏ। ... ਪੰਜਾਬੀ ਯੂਨੀਵਰਸਿਟੀ ਦੀ ਉਡੀਕ ਕੀਤਿਆਂ ਬਗੈਰ ਸਸਕਾਰ ਕਰ ਦਿਤਾ ਜਾਏਗਾ, ਬੋਪਾਰਾਇ ਸਾਹਿਬ ਦੀ ਉਡੀਕ ਵਿਚ ਜੇ ਘੰਟਾ ਲੇਟ ਹੋਇਆ ਜਾ ਸਕਦਾ ਹੈ। ਇਹ ਇਸ ਗੱਲ ਵਲ ਸੰਕੇਤ ਹੈ ਕਿ ਉਨ੍ਹਾਂ ਨੂੰ ਲਗਦਾ ਹੈ ਸਰਕਾਰ ਬਦਲੇਗੀ, ਬੋਪਾਰਾਇ ਸਾਹਿਬ ਦੇ ਆਉਣ ਦੀ ਸੰਭਾਵਨਾ ਹੈ। ਮੈਨੂੰ ਪਤਾ ਨਹੀਂ ਲਗਦਾ। ਸੱਚ ਦੀ ਥਾਂ ਸੰਭਾਵਨਾ ਉਪਰ ਕਿਉਂ ਭਰੋਸਾ ਹੋਇਆ। ਮੇਰਾ ਦੂਜਾ ਸਵਾਲ ਸੀ, ਇਹ ਸਿਆਸਤ ਕਰਨ ਦੀ ਲੋੜ ਕਿਉਂ ਪਈ?"

ਮੇਰੀ ਪਹਿਲੀ ਸਨਿਮਰ ਬੇਨਤੀ ਹੈ ਕਿ ਸਿਆਸਤ ਸਿਆਸਤਦਾਨਾਂ ਕੋਲ ਹੁੰਦੀ ਹੈ। ਯੂਨੀਵਰਸਿਟੀ ਤੋਂ ਪੜਤਾਲ ਕਰਵਾ ਲਈ ਜਾਵੇ ਕਿ ਮੈਂ ਸਿਆਸਤ ਵਿਚ ਕਿੰਨਾ ਕੁ ਸਰਗਰਮ ਰਿਹਾ ਹਾਂ ਅਤੇ ਮੇਰੇ ਮਿੱਤਰ ਕਿੰਨੇ ਕੁ? ਮੈਂ ਹਰ ਵਾਈਸ-ਚਾਂਸਲਰ ਦਾ ਸਤਿਕਾਰ ਕਰਦਾ ਹਾਂ, ਕਿਉਂਕਿ ਉਸ ਦੀ ਆਗਿਆ ਅਨੁਸਾਰ ਕੰਮ ਕਰਨਾ ਮੇਰਾ ਨੈਤਿਕ ਕਰਤਵ ਹੈ। ਕਿਸੇ ਵਾਈਸ-ਚਾਂਸਲਰ ਦੇ ਨਾ ਮੈਂ ਕਦੇ ਨਜ਼ਦੀਕ ਰਿਹਾ ਹਾਂ, ਨਾ ਦੂਰ। ਸਸਕਾਰ ਵਾਲੇ ਦਿਨ ਵਾਪਰੀਆਂ ਘਟਨਾਵਾਂ ਇੰਜ ਹਨ,

ਬੀਬੀ ਜੀ ਦੇ ਸਨਮਾਨ ਵਜੋਂ ਉਨ੍ਹਾਂ ਦੇ ਸੰਸਕਾਰ ਸਮੇਂ ਚਾਰ ਸੀਨੀਅਰ ਅਧਿਆਪਕਾਂ ਨੂੰ ਵੀ.ਸੀ. ਸਾਹਿਬ ਨੇ ਉਚੇਚੇ ਤੌਰ 'ਤੇ ਦੇਹਰਾਦੂਨ ਭੇਜਿਆ। ਡਾ. ਪੰਨੂ ਨੂੰ ਮੈਂ ਇਹ ਬਿਲਕੁਲ ਨਹੀਂ ਕਿਹਾ ਕਿ ਸੰਸਕਾਰ ਵਾਸਤੇ ਯੂਨੀਵਰਸਿਟੀ ਦਾ ਇੰਤਜ਼ਾਰ ਨਹੀਂ ਕੀਤਾ ਜਾ ਸਕਦਾ, ਬਲਕਿ ਬੀਬੀ ਜੀ ਦੇ ਸਾਰੇ ਸਬੰਧੀਆਂ ਨੂੰ ਮੈਂ ਇਹੋ ਕਿਹਾ ਕਿ ਯੂਨੀਵਰਸਿਟੀ ਦੇ ਅਧਿਆਪਕਾਂ ਦੇ ਆਉਣ ਤਕ ਅਸਾਂ ਇੰਤਜ਼ਾਰ ਕਰਨਾ ਹੈ, ਹਾਲਾਂਕਿ ਸਸਕਾਰ ਦਾ ਸਮੁਚਾ ਪ੍ਰਬੰਧ ਉਨ੍ਹਾਂ ਦਾ ਪਰਿਵਾਰ ਵੇਖ ਰਿਹਾ ਸੀ, ਅਸੀਂ ਤਾਂ ਸਿਰਫ਼ ਸਹਾਇਕ ਸੀ। ਸ਼ਾਮ 3.30 ਵਜੇ ਪ੍ਰੋ. ਪੰਨੂ ਦਾ ਫੋਨ ਆਇਆ ਕਿ ਅਸੀਂ ਸੈਲਾਕੁਈ ਪੁਜ ਗਏ ਹਾਂ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਸਿਧੇ ਕੇਂਦਰ ਵਿਚ ਪੁਜ ਜਾਓ। ਪ੍ਰੋ. ਸਾਹਿਬਾਨ ਪੂਰੇ 4 ਵਜੇ ਪੁਜ ਗਏ। ਕਰੀਬ 4.25 ਤੇ ਸਾਬਕਾ ਵੀ.ਸੀ. ਪੱਜੇ।

ਬੀਬੀ ਜੀ ਦੇ ਪਰਮ-ਸਨੇਹੀ ਸ. ਮਨਮੋਹਨ ਸਿੰਘ ਕੋਹਲੀ ਮੁੰਬਈ ਦਾ ਜਹਾਜ਼ 4:35 'ਤੇ ਉਤਰਨਾ ਸੀ। ਪਰਿਵਾਰ ਦਾ ਫੈਸਲਾ ਸੀ ਕਿ ਉਨ੍ਹਾਂ ਦੇ ਆਉਣ 'ਤੇ ਹੀ ਸਰੀਰ ਲਿਜਾਣਾ ਹੈ। 4:30 ਵਜੇ ਸ. ਕੋਹਲੀ ਦੀ ਸੁਪਤਨੀ ਬੀਬੀ ਰਣਬੀਰ ਕੌਰ ਨੇ ਮੈਨੂੰ ਕਿਹਾ ਕਿ ਕੋਹਲੀ ਸਾਹਿਬ ਸਿਧੇ ਸ਼ਮਸ਼ਾਨਘਾਟ ਪੁਜਣਗੇ, ਸਰੀਰ ਲੈ ਚਲੀਏ। ਲੋਕ ਸ਼ਰਧਾ ਮੂਜਬ ਚਾਦਰ, ਲੋਈ, ਫੂਲ ਆਦਿ ਸਮਰਪਿਤ ਕਰਨ ਲੱਗ ਪਏ। ਮੈਂ ਪ੍ਰੋ. ਸਾਹਿਬਾਨ ਨੂੰ ਬੁਲਾਇਆ ਕਿ ਆ ਜਾਓ ਸਰੀਰ ਲਿਜਾਣਾ ਹੈ। ਉਹ ਸਰੀਰ ਕੋਲ ਆਏ ਜ਼ਰੂਰ, ਕਿਸੇ ਨਮਨ ਕੀਤਾ ਹੋਵੇ, ਸਾਡੇ ਵਿਚੋਂ ਕਿਸੇ ਨਹੀਂ ਵੇਖਿਆ। ਡਾ. ਪੰਨੂ ਕਹਿਣ ਲਗੇ ਹਰਭਜਨ ਸਿੰਘ ਜੀ ਸਾਡੇ ਗੋਚਰਾ ਤਾਂ ਹੁਣ ਕੋਈ ਕੰਮ ਨਹੀਂ, ਕੀ ਅਸੀਂ ਫਰੀ ਹਾਂ। ਮੈਂ ਪੁਛਿਆ ਕਿ ਕੋਈ ਚਾਦਰ-ਲੋਈ ਲਿਆਏ ਹੋ। ਉਨ੍ਹਾਂ ਕਿਹਾ ਸਾਨੂੰ ਕਿਹਾ ਗਿਆ ਸੀ ਕਿ ਹਰਭਜਨ ਸਿੰਘ ਆਪ ਬੰਦੋਬਸਤ ਕਰ ਲੈਣਗੇ। ਪਰ ਮੈਨੂੰ ਕੋਈ ਅਜਿਹੀ ਇਤਲਾਹ ਨਹੀਂ ਕੀਤੀ ਗਈ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਕੇਂਦਰ ਦੇ ਕਰਮਚਾਰੀਆਂ ਵਲੋਂ ਵੀ ਲੋਈ ਸਮਰਪਿਤ ਕਰ ਚੁਕੇ ਹਾਂ, ਨਹੀਂ ਤਾਂ ਉਹ ਹੀ ਤੁਹਾਨੂੰ ਦੇ ਦੇਂਦੇ। ਫੁਲਾਂ ਦੇ ਹਾਰ ਕਾਫ਼ੀ ਲਿਆਂਦੇ ਸੀ। ਹੋਰ ਲੋਕਾਂ ਚੜ੍ਹਾਏ, ਪਰ ਪ੍ਰੋ. ਸਾਹਿਬਾਨ ਨੇ ਨਾ ਸਾਡੇ ਤੋਂ ਮੰਗੇ, ਨਾ ਚੜ੍ਹਾਏ। ਲਗਪਗ 4:35 'ਤੇ ਸਰੀਰ ਦੀ ਰਵਾਨਗੀ ਹੋਈ।

ਮੈਂ ਤਾਂ ਸਰੀਰ ਨਾਲ ਸੀ। ਆਸ ਕਰਦਾ ਸੀ ਕਿ ਹੋਰ ਲੋਕਾਂ ਦੀਆਂ ਗਡੀਆਂ ਨਾਲ ਪ੍ਰੋਫੈਸਰ ਵੀ ਸ਼ਮਸ਼ਾਨਘਾਟ ਪੁਜਣਗੇ। ਪਰ ਉਹ ਨਹੀਂ ਪੁਜੇ। ਅੰਦਾਜ਼ਨ 4.45 ਤੇ ਉਹ ਉਥੋਂ ਵਾਪਿਸ ਚਲ ਪਏ ਹੋਣਗੇ। ਸੰਸਕਾਰ ਤੋਂ ਬਾਅਦ ਜਦੋਂ ਮੈਂ ਕੇਂਦਰ ਵਾਪਿਸ ਆ ਰਿਹਾ ਸੀ, ਤਾਂ ਛੇ ਕੁ ਵਜੇ ਡਾ. ਪੰਨੂ ਦਾ ਫੋਨ ਆਇਆ ਕਿ ਬੀਬੀ ਜੀ ਦੀ ਫੋਟੋ ਚਾਹੀਦੀ ਹੈ। ਮੈਂ ਪੁਛਿਆ ਕਿ ਤੁਸੀਂ ਕਿਥੇ ਹੋ? ਉਨ੍ਹਾਂ ਮੈਨੂੰ ਕਿਹਾ ਕਿ ਅਸੀਂ ਤਾਂ ਪਾਉਂਟਾ ਸਾਹਿਬ ਤੋਂ ਅਗੇ ਨਿਕਲ ਚੁਕੇ ਹਾਂ। ਸ਼ਾਮ ਨੂੰ ਵੀ.ਸੀ. ਸਾਹਿਬ ਦਾ ਫੋਨ ਆਇਆ, ਜੋ ਸੱਚ ਸੀ, ਮੈਂ ਕਹਿ ਦਿਤਾ। ਕਿਸੇ ਲਈ ਵੀ ਇਹ ਬਹੁਤ ਅਸਚਰਜ ਗੱਲ ਸੀ ਕਿ ਪ੍ਰੋਫੈਸਰ ਸਸਕਾਰ ਵਿਚ ਸ਼ਾਮਿਲ ਨਹੀਂ ਹੋਏ। ਵੀ.ਸੀ. ਦਾ ਪ੍ਰੋਫੈਸਰਾਂ ਨਾਲ ਨਾਰਾਜ਼ ਹੋਣਾ ਸੁਭਾਵਿਕ ਸੀ, ਕਿਉਂਕਿ ਉਹ ਉਨ੍ਹਾਂ ਦੀ ਪ੍ਰਤੀਨਿਧਤਾ ਕਰ ਰਹੇ ਸਨ। ਵੀ.ਸੀ. ਦੀ ਨਾਰਾਜ਼ਗੀ ਦਾ ਧਬਾ ਧੋਣ ਵਾਸਤੇ ਮ੍ਰਿਤ ਪ੍ਰਾਣੀ ਦੀ ਦੇਹ ਤੇ ਕੀਤੀ ਰਾਜਨੀਤੀ, ਜੇ ਮੇਰੇ ਵਲੋਂ ਹੈ ਤਾਂ ਮਾੜੀ ਹੈ, ਜੇ ਪ੍ਰੋ. ਸਾਹਿਬਾਨ ਆਪਣੇ ਬਚਾਅ ਵਾਸਤੇ ਕਰ ਰਹੇ ਹਨ, ਤਾਂ ਉਨ੍ਹਾਂ ਵਲੋਂ ਮਾੜੀ ਹੈ। ਕੁਝ ਸਪਸ਼ਟੀਕਰਨ,

- ਸਾਰੇ ਵਾਈਸ-ਚਾਂਸਲਰ ਬੀਬੀ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਬੀਬੀ ਜੀ ਮੈਨੂੰ ਕਿਹਾ ਕਰਦੇ ਸੀ ਕਿ ਜਦੋਂ ਸਮਾਂ ਆਵੇ ਤਾਂ ਡਾ. ਆਹਲੂਵਾਲੀਆ, ਡਾ. ਪਵਾਰ ਅਤੇ ਸ. ਬੋਪਾਰਾਏ ਨੂੰ ਖ਼ਬਰ ਜ਼ਰੂਰ ਕਰਨਾ। ਡਾ. ਪਵਾਰ ਦਾ ਨੰਬਰ ਸਾਡੇ ਕੋਲ ਨਹੀਂ ਸੀ। ਪਰਿਵਾਰ ਦੇ ਆਦੇਸ਼ ਅਨੁਸਾਰ ਡਾ. ਆਹਲੂਵਾਲੀਆ ਨੂੰ ਵੀ ਸੂਚਨਾ ਦਿਤੀ ਅਤੇ ਸ. ਸਵਰਨ ਸਿੰਘ ਬੋਪਾਰਾਏ ਨੂੰ ਵੀ। ਇਸ ਵਿਚ ਰਾਜਨੀਤੀ ਕਿਥੋਂ ਆ ਗਈ? ਕਾਂਗਰਸ ਵਿਚ ਮੇਰਾ ਕੋਈ ਰਸੂਖ਼ ਨਹੀਂ ਹੈ ਕਿ ਮਨ-ਪਸੰਦ ਵਿਅਕਤੀ ਨੂੰ ਵਾਈਸ-ਚਾਂਸਲਰ ਲਗਵਾ ਕੇ ਫਿਰ ਆਪ ਰਜਿਸਟਰਾਰ ਜਾਂ ਡੀਨ ਲਗ ਜਾਵਾਂ। ਮੈਨੂੰ ਪਤਾ ਹੈ ਕਿ ਜੋ ਬਣਨਾ ਸੀ ਡਾ. ਜਸਪਾਲ ਸਿੰਘ ਨੇ ਬਣਾ ਦਿਤਾ ਹੈ। ਦੋ ਸਾਲ ਬਾਅਦ ਇਸੇ ਪਦ 'ਤੇ ਰਿਟਾਇਰ ਹੋ ਜਾਣਾ ਹੈ। ਮੇਰੇ ਮਿੱਤਰ ਕੁਝ ਬਣ ਜਾਣ ਇਹਦੀ ਬਹੁਤ ਪ੍ਰਸੰਨਤਾ ਹੋਵੇਗੀ। ਮੈਨੂੰ ਇਹ ਵੀ ਬਿਲਕੁਲ ਆਸ ਨਹੀਂ ਕਿ 70 ਸਾਲ ਨੂੰ ਪੁਜੇ ਸ. ਬੋਪਾਰਾਏ ਮੁੜ ਵਾਈਸ-ਚਾਂਸਲਰ ਲਗ ਜਾਣਗੇ। ਹੁਣ ਵਾਲੇ ਵਾਈਸ-ਚਾਂਸਲਰ ਨੇ ਮੇਰਾ ਕੀ ਨੁਕਸਾਨ ਕੀਤਾ ਹੈ ਕਿ ਕਿਸੇ ਹੋਰ ਵਾਈਸ-ਚਾਂਸਲਰ ਵੇਲੇ ਉਜਲ ਭਵਿਖ ਦੀ ਆਸ ਵਿਚ ਜੀਵਾਂ। ਅਜੇ ਤਾਂ ਮੈਨੂੰ ਇਨ੍ਹਾਂ ਤੋਂ ਜ਼ਿਆਦਾ ਆਪਣਾ ਹਿਤੈਸ਼ੀ ਨਜ਼ਰ ਨਹੀਂ ਆਉਂਦਾ।
- ਡਾ. ਪੰਨੂ ਨੂੰ ਮੈਂ ਇਹ ਬਿਲਕੁਲ ਨਹੀਂ ਸੀ ਕਿਹਾ ਕਿ ਪ੍ਰੋਫੈਸਰਾਂ ਦਾ ਇੰਤਜ਼ਾਰ ਨਹੀਂ ਕੀਤਾ ਜਾ ਸਕਦਾ।
- ਬੀਬੀ ਜੀ ਦੀ ਅਰਥੀ 5:30 ਵਜੇ ਨਹੀਂ 4:35 'ਤੇ ਰਵਾਨਾ ਹੋਈ ਸੀ ਅਤੇ ਸਸਕਾਰ ਕਰਨ ਅਤੇ ਗੁਰਦੁਆਰਾ ਸਾਹਿਬ ਜਾਣ ਉਪਰੰਤ ਅਸੀਂ 6:15 ਵਜੇ ਤਕ ਵਾਪਿਸ ਵੀ ਆ ਗਏ ਸੀ। ਅਸਲ ਵਿਚ ਮੇਰੇ ਮਿੱਤਰ ਕਾਰਵਾਨ ਬਣਨ ਤੋਂ ਪਹਿਲਾਂ ਹੀ ਅਲਵਿਦਾ ਕਹਿ ਗਏ ਸਨ। ਜੋ ਮੇਰੀ ਦ੍ਰਿਸ਼ਟੀ ਵਿਚ ਇਕ ਅਣਚਾਹੀ ਗ਼ਲਤੀ ਸੀ। ਉਸ ਨੂੰ ਸਵੀਕਾਰ ਕਰਨ ਵਿਚ ਸ਼ਾਨ ਹੈ, ਨਾ ਕਿ ਦੂਜੇ ਉਤੇ ਝੂਠ ਦਾ ਚਿਕੜ ਸੁਟਣ ਵਿਚ।

ਪਾਠਕਾਂ ਨੂੰ ਬੇਨਤੀ ਹੈ ਕਿ ਕੇਂਦਰ ਤੋਂ ਸ਼ਮਸ਼ਾਨਘਾਟ ਜਾਣ ਵਾਸਤੇ 20-25 ਮਿੰਟ ਚਾਹੀਦੇ ਹਨ। ਸ਼ਮਸ਼ਾਨਘਾਟ ਵਿਚ ਰਸਮਾਂ ਪੂਰੀਆਂ ਕਰਨ ਉਪਰੰਤ ਜਦੋਂ ਸਰਟੀਫਿਕੇਟ ਲਿਆ ਤਾਂ ਉਸ ਸਮੇਂ ਵਕਤ ਠੀਕ ਸ਼ਾਮ ਦੇ ਸਾਢੇ ਪੰਜ ਵਜੇ ਦਾ ਸੀ। ਡਾ. ਪੰਨੂ ਦੱਸਣ ਕਿ ਇਹ ਕਿਵੇਂ ਕਹਿੰਦੇ ਹਨ ਕਿ ਸਾਢੇ ਪੰਜ ਵਜੇ ਅਰਥੀ ਕੇਂਦਰ ਤੋਂ ਰਵਾਨਾ ਹੋਈ ਸੀ। ਝੂਠ-ਸੱਚ ਦੇ ਨਿਸਤਾਰੇ ਵਾਸਤੇ ਸ਼ਮਸਾਨਘਾਟ ਦਾ ਸਰਟੀਫਿਕੇਟ ਨਾਲ ਨੱਥੀ ਹੈ।

- ਪ੍ਰੋ. ਪੰਨੂ ਨੇ ਇਹ ਸ਼ਬਦ "ਪ੍ਰੋਫੈਸਰ ਸਾਹਿਬ, ਇਧਰ ਕੋਠੀ ਆ ਜਾਉ" ਇੰਜ ਲਿਖੇ ਹਨ ਜਿਵੇਂ ਹੂ-ਬ-ਹੂ ਮੇਰੀ ਜ਼ੁਬਾਨ ਵਿਚੋਂ ਨਿਕਲੇ ਹੋਣ, ਪਰ ਅਸਾਂ ਕਦੇ ਇਸ ਸਥਾਨ ਨੂੰ ਕੋਠੀ ਸਦਿਆ ਹੀ ਨਹੀਂ, ਕੇਂਦਰ ਹੀ ਕਹਿੰਦੇ ਹਾਂ।

ਇਹ ਸਭ ਕੁਝ ਇਸੇ ਆਸ ਵਿਚ ਬਿਆਨ ਕੀਤਾ ਹੈ ਕਿ ਪ੍ਰੋ. ਹਰਪਾਲ ਸਿੰਘ ਪੰਨੂ ਇਸ ਨੂੰ ਆਪਣੇ ਸਨੇਹੀ ਮਿੱਤਰ ਦਾ ਸਪਸ਼ਟੀਕਰਨ ਹੀ ਸਮਝਣਗੇ, ਜਾਤਿ-ਆਲੋਚਨਾ ਨਹੀਂ। ਨਿਸ਼ਚਿਤ ਹੀ ਜਿਸ ਗੱਲ ਦਾ ਉਨ੍ਹਾਂ ਨੂੰ ਹਿਰਦੇ ਤੋਂ ਪ੍ਰਾਸ਼ਚਿਤ ਕਰਨਾ ਚਾਹੀਦਾ ਸੀ। ਸ਼ਾਇਦ ਇਹ ਭਾਰ ਉਨ੍ਹਾਂ ਮੇਰੇ ਮੋਢਿਆਂ ਉਤੇ ਮਿੱਤਰ ਜਾਣ ਕੇ ਪਾਇਆ ਹੈ। ਮੈਂ ਇਸ ਨੂੰ ਉਠਾਉਣ ਦਾ ਯਤਨ ਤਾਂ ਕਰਾਂਗਾ, ਪਰ ਇਸ ਅਟਲ ਨਿਯਮ ਨੂੰ ਕਿਸੇ ਦੀ ਕਲਮ ਨਹੀਂ ਟਾਲ ਸਕੇਗੀ-

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥

***20, ਪ੍ਰੀਤਮ ਰੋਡ ਦੇਹਰਾਦੂਨ।**

# ਮੁਖ਼ਤਾਰਾਂ ਮਾਈ ਦੀ ਕਹਾਣੀ, ਮੁਖ਼ਤਾਰਾਂ ਦੀ ਜ਼ੁਬਾਨੀ

ਦੇ ਦਰਵਾਜ਼ੇ 'ਤੇ ਚਾਰ ਜਾਨਵਰ ਖੜ੍ਹੇ ਸਨ। ਬਾਹਰ ਹਰ ਕੋਈ ਉਡੀਕ ਰਿਹਾ। ਨਮੋਸ਼ੀ ਦੀ ਮਾਰੀ ਮੈਂ ਇਕੱਲੀ, ਸਾਰੇ ਪਿੰਡ ਦੀਆਂ ਅੱਖਾਂ ਦੇ ਸਾਹਮਣੇ। ਉਸ ਵੇਲੇ ਮੇਰੇ 'ਤੇ ਕੀ ਬੀਤ ਰਹੀ ਸੀ, ਇਹ ਦੱਸਣ ਲਈ ਮੇਰੇ ਕੋਲ ਅਲਫ਼ਾਜ਼ ਨਹੀਂ। ਮੇਰੀ ਸੋਚ ਕੁੰਦ ਹੋ ਗਈ: ਦਿਮਾਗ ਨੂੰ ਜਿਵੇਂ ਧੁੰਦ ਚੜ੍ਹ ਜਾਂਦੀ ਹੈ। ਤਸ਼ੱਦਦ ਦੇ ਕਾਲੇ ਪ੍ਰਛਾਵੇਂ ਅਤੇ ਘਿਣਾਉਣੀ ਹਲੀਮੀ। ਮੈਂ ਅੱਬਾ ਨੂੰ ਪੁਕਾਰਦੀ ਹਾਂ। ਉਹ ਮੇਰੀ ਆਬ ਲਈ ਮੈਨੂੰ ਉਹੀ ਸ਼ਾਲ ਦਿੰਦੇ ਹਨ ਜਿਹੜੀ ਮੈਂ ਛੱਡ ਗਈ ਸਾਂ। ਮੈਂ ਬਗ਼ੈਰ ਇਹ ਜਾਣਿਆਂ ਕਿ ਜਾਣਾ ਕਿੱਥੇ ਹੈ, ਤੁਰਨ ਲਗਦੀ ਹਾਂ। ਆਪਣੇ ਟੱਬਰ ਵਾਲੇ ਘਰ ਵੱਲ! ਮੈਂ ਕਿਸੇ ਪ੍ਰੇਤ ਵਾਂਗ ਮੰਡਰਾਅ ਰਹੀ ਹਾਂ। ਮੇਰੇ ਪਿੱਛੇ-ਪਿੱਛੇ ਮੇਰੇ ਅੱਬਾ, ਮੇਰੇ ਚਾਚਾਜਾਨ ਅਤੇ ਉਨ੍ਹਾਂ ਦਾ ਦੋਸਤ ਰਮਜ਼ਾਨ ਆ ਰਹੇ ਹਨ।

ਘਰ ਦੇ ਬਾਹਰ ਖੜ੍ਹੀ ਮੇਰੀ ਅੰਮੜੀ ਵਿਲਕ ਰਹੀ ਸੀ। ਮੈਂ ਕੋਲੋਂ ਲੰਘ ਗਈ; ਬਦਹਵਾਸ, ਖ਼ਾਮੋਸ਼, ਖ਼ਾਮੋਸ਼ੀ ਦੀ ਚਾਦਰ ਲੈ ਕੇ ਤੁਰ ਰਹੀਆਂ ਹੋਰ ਔਰਤਾਂ ਨਾਲ। ਮੈਂ ਤਿੰਨ ਕਮਰਿਆਂ ਵਿਚੋਂ ਇਕ ਜਿਹੜਾ ਨਿਰੋਲ ਔਰਤਾਂ ਲਈ ਸੀ, ਅੰਦਰ ਜਾ ਵੜੀ ਅਤੇ ਪਰਾਲੀ ਦੇ ਵਿਛਾਉਣੇ; ਕੰਬਲ ਦੇ ਹੇਠਾਂ ਬਿਲਕੁੱਲ ਅਹਿਲ। ਮੇਰੀ ਜਿੰਦ ਨੇ ਹੁਣੇ-ਹੁਣੇ ਉਹ ਖ਼ੌਫ਼ ਹੰਢਾਇਆ ਸੀ ਕਿ ਮੇਰਾ ਤਨ ਅਤੇ ਮਨ ਇਸ ਨੂੰ ਮੰਨਣ ਤੋਂ ਨਾਬਰ ਸਨ। ਮੇਰੇ ਚਿਤ-ਚੇਤੇ ਵੀ ਨਹੀਂ ਸੀ ਕਿ ਇਸ ਤਰ੍ਹਾਂ ਦਾ ਤਸ਼ੱਦਦ ਸੰਭਵ ਹੋ ਸਕਦਾ ਹੈ। ਮੈਂ ਨਿਰਛਲ-ਸਿੱਧੜ ਕੁੜੀ ਜਿਹੜੀ ਆਪਣੇ ਅੱਬਾ ਤੇ ਵੱਡੇ ਭਾਈਜਾਨ ਦੀ ਹਿਫ਼ਾਜ਼ਤ ਵਿਚ ਰਹਿੰਦੀ ਸਾਂ। ਮੇਰੇ ਸੂਬੇ ਦੀਆਂ ਹੋਰ ਕੁੜੀਆਂ/ਔਰਤਾਂ ਵੀ ਇਵੇਂ ਹੀ ਰਹਿੰਦੀਆਂ ਸਨ।...

ਮੇਰੇ ਆਲੇ-ਦੁਆਲੇ ਬੈਠੀਆਂ ਸਾਰੀਆਂ ਔਰਤਾਂ ਰੋ-ਵਿਲਕ ਰਹੀਆਂ ਹਨ। ਮੈਂ ਆਪਣੇ ਸਿਰ ਉਤੇ ਫਿਰ ਰਿਹਾ ਅਤੇ ਮੋਢੇ ਉਤੇ ਦਿਲਾਸੇ ਲਈ ਥਪ-ਥਪਾ ਰਿਹਾ ਹੱਥ ਮਹਿਸੂਸ ਕਰ ਸਕਦੀ ਹਾਂ। ਮੇਰੀ ਨਿੱਕੀ ਭੈਣ ਹਟਕੋਰੇ ਭਰ ਰਹੀ ਹੈ, ਤੇ ਮੈਂ ਉਸ ਦੁਰਗਤ ਤੋਂ ਬੇਗਾਨੀ ਅਹਿਲ ਪਈ ਹਾਂ ਜਿਸ ਨੇ ਮੈਨੂੰ ਚੌਫਾਲ ਸੁੱਟ ਲਿਆ ਸੀ ਅਤੇ ਮੇਰੇ ਟੱਬਰ ਨੂੰ ਗ੍ਰਸ ਲਿਆ ਸੀ। ਤਿੰਨ ਦਿਨ ਮੈਂ ਉਸ ਕਮਰੇ ਵਿਚ ਪਈ ਰਹੀ, ਆਪਣੇ-ਆਪ ਨੂੰ ਸਹਾਰਾ ਦਿੰਦੀ ਰਹੀ। ਨਾ ਕੁਝ ਖਾਧਾ-ਪੀਤਾ, ਨਾ ਰੋਈ। ਬੋਲੀ ਵੀ ਨਹੀਂ। ਮੇਰੀ ਅੰਮੜੀ ਮੇਰੇ ਨਾਲ ਰੋਜ਼ ਗੱਲਾਂ ਕਰਦੀ।...

ਮੈਂ ਆਪਣਾ ਮਨ ਪੱਕਾ ਕਰ ਲਿਆ ਸੀ: ਖ਼ੁਦਕੁਸ਼ੀ। ਮੇਰੇ ਵਾਲੇ ਹਾਲਾਤ ਵਿਚ ਔਰਤ ਦਾ ਇਹੀ ਫ਼ੈਸਲਾ ਹੋਣਾ ਸੀ। ਜ਼ਹਿਰ ਖਾ ਲੈਣੀ ਏ ਅਤੇ ਮਰ ਜਾਣਾ ਏ। ਆਪਣੇ ਅਤੇ ਆਪਣੇ ਟੱਬਰ 'ਤੇ ਲੱਗਿਆ ਦਾਗ ਸਦਾ ਲਈ ਧੋ ਦੇਣਾ ਏ। ਆਪਣੀ ਅੰਮੜੀ ਨੂੰ ਮੈਂ ਮਰਨ ਲਈ ਇਮਦਾਦ ਕਰਨ ਵਾਸਤੇ ਕਹਿੰਦੀ ਹਾਂ। ਉਹ ਮੇਰੇ ਲਈ ਜ਼ਹਿਰ ਖਰੀਦ ਕੇ ਲਿਆ ਸਕਦੀ ਹੈ ਤਾਂ ਕਿ ਮੈਂ ਆਪਣਾ ਕੰਮ ਤਮਾਮ ਕਰ ਸਕਾਂ। ਹੋਰਨਾਂ ਦੀਆਂ ਨਜ਼ਰਾਂ ਵਿਚ ਤਾਂ ਮੈਂ ਪਹਿਲਾਂ ਹੀ ਮਰੀ ਹੋਈ ਹਾਂ! ਮੇਰੀ ਅੰਮੜੀ ਕੁਰਲਾ ਉੱਠਦੀ ਹੈ। ਉਹ ਦਿਨ-ਰਾਤ ਮੇਰੇ ਨਾਲ ਰਹਿੰਦੀ ਹੈ। ਇਉਂ ਉਹ ਖ਼ੁਦਕੁਸ਼ੀ ਦੀ ਸਕੀਮ ਠੁੱਸ ਕਰ ਦਿੰਦੀ ਹੈ। ਮੈਨੂੰ ਨੀਂਦ ਨਹੀਂ ਪੈਂਦੀ, ਤੇ ਉਹ ਮੈਨੂੰ ਮਰਨ ਨਹੀਂ ਦਿੰਦੀ। ਕਈ ਦਿਨ ਮੈਂ ਬੇਵਸੀ 'ਚ ਪਾਗਲ ਹੋਈ ਰਹਿੰਦੀ ਹਾਂ। ਇਸ ਤਰ੍ਹਾਂ ਤਾਂ ਮੈਂ ਜੀਅ ਨਹੀਂ ਸਕਦੀ, ਮਰਿਆਂ ਵਾਂਗ ਪਈ, ਸ਼ਾਲ ਦੇ ਕਫ਼ਨ ਵਿਚ ਲਿਪਟੀ। ਆਖ਼ਰਕਾਰ, ਅਚਾਨਕ ਗੁੱਸੇ ਦਾ ਲਾਵਾ ਫੁੱਟ ਤੁਰਦਾ ਹੈ ਜਿਹੜਾ ਮੇਰੀ ਬੇਸੁਰਤੀ ਨੂੰ ਭਸਮ ਕਰ ਦਿੰਦਾ ਹੈ।

# ਜੀਵਨ ਜਾਚ

*(ਸਫਾ 27 ਦੀ ਬਾਕੀ)*

ਗੁਆਂਢੀਆਂ ਦੇ, ਕਦੇ ਮਿੱਤਰਾਂ ਦੇ ਮੰਗਣੇ। ਬਲਦਾਂ ਅਤੇ ਗੱਡਿਆਂ ਨੇ ਬੁੱਲ੍ਹਾਂ 'ਤੇ ਜੰਦਰਾ ਜਿਹਾ ਮਾਰ ਦਿੱਤਾ ਸੀ। ਹਰ ਰੋਜ਼ ਮੰਗਵੇਂ ਸੰਦਾਂ ਨੇ ਅਮਰੂ ਨੂੰ ਅੰਦਰੋਂ-ਅੰਦਰੀਂ ਹਲਕਾ ਕਰ ਦਿੱਤਾ ਸੀ। ਕਦੇ ਮੁੰਨਾ, ਕਦੇ ਪੰਜਾਲੀ, ਕਦੇ ਸੁਹਾਗਾ ਅਤੇ ਕਦੇ ਬਲਦਾਂ ਦੇ ਮੂੰਹ ਦੀਆਂ ਛਿੱਕਲੀਆਂ। ਕੀ-ਕੀ ਮੰਗਦਾ ਕਿਸੇ ਦੇ ਕੋਲੋਂ, ਪਰ ਅਮਰੂ ਇਸ ਗੱਲੋਂ ਅਣਜਾਣ ਸੀ ਕਿ ਸੁਪਨਿਆਂ ਨਾਲ ਸਾਰੀ ਰਾਤ ਤਾਂ ਗੁਜ਼ਾਰੀ ਜਾ ਸਕਦੀ ਏ ਪਰ ਜ਼ਿੰਦਗੀ ਨਹੀਂ:

ਖਾਬਾਂ ਦੇ ਨਾਲ ਰਾਤ ਲੰਘਾਉਣੀ ਸੌਖੀ ਏ
ਖਾਬਾਂ ਦੇ ਨਾਲ ਉਮਰ ਬਿਤਾਉਣੀ ਔਖੀ ਏ

ਸਰਦੀਆਂ ਦੀ ਰੁੱਤ ਕਰਕੇ ਠੰਢ ਪੂਰੀ ਜਵਾਨੀ 'ਤੇ ਸੀ। ਧੂਣੀ ਲਾਉਣੀ, ਚੁੱਲ੍ਹੇ ਮੂਹਰੇ ਸੇਕਣਾ ਆਮ ਗੱਲ ਸੀ। ਜੀਤੋ ਨੇ ਮੱਝਾਂ ਚੋ ਕੇ ਚੁੱਲ੍ਹੇ 'ਤੇ ਚਾਹ ਰੱਖ ਦਿੱਤੀ। ਪਾਥੀਆਂ ਦੇ ਮੱਠੇ-ਮੱਠੇ ਸੇਕ ਨਾਲ ਚਾਹ ਮਿੰਟਾਂ ਵਿਚ ਹੀ ਬਣ ਗਈ। ਅਮਰੂ ਤੇ ਜੀਤੋ ਅੱਗ ਸੇਕਣ ਲੱਗੇ, ਨਾਲੇ ਚਾਹ ਦੀਆਂ ਚੁਸਕੀਆਂ ਭਰਦੇ ਫ਼ਸਲ ਦੀਆਂ ਗੱਲਾਂ ਕਰੀ ਜਾਂਦੇ। ਦੋਹਾਂ ਦੇ ਹੱਥਾਂ ਵਿਚ ਗਲਾਸ ਉਸ ਵਕਤ ਡਿੱਗ ਪਏ ਜਦੋਂ ਚੌਕੀਦਾਰ ਹੋਕਾ ਦੇ ਰਿਹਾ ਸੀ-ਪਿੰਡ ਵਾਲਿਓ ਧਿਆਨ ਨਾਲ ਸੁਣਿਓ! ਜਿੰਨੀ ਕਣਕ ਪਿੰਡ ਦੇ ਲਾਗੇ ਆ, ਉਹ ਸਾਰੀ ਤੁਹਾਨੂੰ ਕੱਚੀ ਹੀ ਵੱਢਣੀ ਪਵੇਗੀ। ਡੀ.ਸੀ. ਅਤੇ ਐਮ.ਐਲ.ਏ. ਦਾ ਹੁਕਮ ਹੈ ਕਿਉਂਕਿ ਅਗਲੇ ਹਫ਼ਤੇ ਆਪਣੇ ਪਿੰਡ ਮੁੱਖ ਮੰਤਰੀ ਆ ਰਿਹਾ ਹੈ। ਛੇਤੀ ਤੋਂ ਛੇਤੀ ਖੇਤਾਂ ਨੂੰ ਵਿਹਲਾ ਕਰ ਦਿਓ, ਨਹੀਂ ਤਾਂ ਕਣਕ ਨੂੰ ਖੇਤਾਂ ਵਿਚ ਹੀ ਵਾਹ ਦਿੱਤਾ ਜਾਵੇਗਾ। ਇਹ ਸਰਕਾਰੀ ਹੁਕਮ ਹੈ। ਮੁੱਖ ਮੰਤਰੀ ਦੀ ਸਟੇਜ ਲਈ ਥਾਂ ਦੀ ਕਾਫ਼ੀ ਜ਼ਿਆਦਾ ਲੋੜ ਹੈ।

ਜਦੋਂ ਇਹ ਹੋਕਾ ਅਮਰੂ ਤੇ ਜੀਤੋ ਦੇ ਕੰਨਾਂ ਵਿਚ ਪਿਆ ਤਾਂ ਲੱਗਾ ਕਿ ਜਿਵੇਂ ਕਿਰਤੀ ਕਿਸਾਨ ਦੀ ਪੱਕੀ ਫ਼ਸਲ 'ਤੇ ਸਿਖਰ ਦੁਪਹਿਰੇ ਹੀ ਗੜੇ ਪੈ ਗਏ ਹੋਣ। ਦੋਹਾਂ ਨੇ ਧਾਹਾਂ ਮਾਰੀਆਂ-ਉਹ ਪਾਪੀਓ! ਤੁਹਾੜਾ ਬੇੜਾ ਗਰਕ ਹੋ ਜਾਵੇ। ਤੁਹਾਡੀਆਂ ਕੁਲਾਂ ਦਾ ਨਾਸ ਹੋ ਜਾਵੇ। ਤੁਹਾਡਾ ਰਾਜ ਕਿਹੜਾ ਮੁਗਲਾਂ ਤੋਂ ਘੱਟ ਏ। ਜੀਉਂਦਿਆਂ ਨੂੰ ਹੀ ਮੌਤ ਦੇ ਘਾਟ ਉਤਾਰੀ ਜਾਂਦੇ ਹੋ।...ਅਮਰੂ ਵਿਚਾਰੇ ਦਾ ਪਿੱਟ-ਸਿਆਪਾ ਸੁਣ ਕੇ ਅੰਬਰ ਵੀ ਪਾਟ ਗਿਆ-ਉਹ ਦੁਸ਼ਟੋ! ਮੇਰੇ ਕੋਲੋਂ ਕਿਹੜੇ ਜਨਮਾਂ ਦੇ ਬਦਲੇ ਲੈਂਦੇ ਹੋ?

ਪਹਿਲਾਂ ਫ਼ਸਲ ਬੀਜੀ, ਮੰਡੀ ਗਈ, ਉਡਣੇ ਸੱਪਾਂ ਦੇ ਡੰਗਾਂ ਨੇ ਖਾ ਲਈ। ਇਹ ਤਾਂ ਅਜੇ ਮੰਡੀ ਵੀ ਨਹੀਂ ਸੀ ਪਹੁੰਚੀ। ਤੁਸੀਂ ਖੇਤਾਂ ਵਿਚ ਹੀ ਇਸ ਨੂੰ ਸ਼ਹੀਦ ਕਰ ਦੇਣਾ ਚਾਹੁੰਦੇ ਹੋ। ਅਮਰੂ ਕੀ ਜਾਣੇ, ਜਿੱਤਾਂ ਦੇ ਤਾਂ ਸਾਰੇ ਜਰਨੈਲ ਬਣ ਜਾਂਦੇ ਹਨ। ਹਾਰ ਸਦਾ ਹੀ ਯਤੀਮ ਰਹੀ ਏ। ਅਮਰੂ ਨੂੰ ਸਾਰਾ ਪਿੰਡ ਚੁੱਪ ਕਰਾਵੇ ਪਰ ਦਿਲ ਨੂੰ ਚੈਨ ਕਿਥੇ ਆਵੇ। ਜੁਆਨ ਧੀ ਦੀ ਅਰਥੀ ਨੂੰ ਜਦੋਂ ਪਿਓ ਮੋਢਾ ਲਾਉਂਦਾ ਹੈ, ਇਸ ਦਾ ਦਰਦ ਬਾਪ ਦਾ ਦਿਲ ਹੀ ਜਾਣਦਾ ਹੈ। ਅਮਰੂ ਅਤੇ ਜੀਤੋ ਦੀਆਂ ਲੇਰਾਂ ਨੇ ਸਾਰਾ ਪਿੰਡ 'ਕੱਠਾ ਕਰ ਦਿੱਤਾ। 'ਫਿਕਰ ਨਾ ਕਰ ਅਮਰੂ! ਅਸੀਂ ਤੇਰੇ ਨਾਲ ਹਾਂ' ਪਰ ਜੇ ਉਜੜੇ ਘਰ ਗੱਲਾਂ ਅਤੇ ਹੌਸਲਿਆਂ ਨਾਲ ਵੱਸ ਜਾਂਦੇ, ਫਿਰ ਸ਼ਾਇਦ ਤਬਾਹੀ ਅਤੇ ਉਜਾੜਾ ਸ਼ਬਦ ਹੋਂਦ ਵਿਚ ਹੀ ਨਾ ਆਉਂਦੇ।



ਖੇਡ ਸੰਸਾਰ

ਇਕਬਾਲ ਜੱਬੋਵਾਲੀਆ
ਫੋਨ:917-375-6395

# ਧਰਤੀ ਧੱਕ:ਗਾਮਾ ਪਹਿਲਵਾਨ

ਸਾਂਝੇ ਪੰਜਾਬ ਦਾ ਬੱਬਰ ਸ਼ੇਰ ਪਹਿਲਵਾਨ ਗਾਮਾ ਮਹਾਰਾਜਾ ਪਟਿਆਲਾ ਦਾ 32 ਸਾਲ ਦਰਬਾਰੀ ਭਲਵਾਨ ਰਿਹਾ। ਗਾਮੇ ਨੇ ਹਿੰਦੋਸਤਾਨ ਦੀਆਂ ਸਾਰੀਆਂ ਰਿਆਸਤਾਂ ਦੇ ਭਲਵਾਨਾਂ ਨੂੰ ਮਿੰਟੋ-ਮਿੰਟ ਮੂਧੇ ਮੂੰਹ ਸੁੱਟਿਆ। ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਗਾਮੇ ਦੀ ਜਿੰਦ-ਜਾਨ, ਚੁਸਤੀ-ਫੁਰਤੀ ਤੋਂ ਖੁਸ਼ ਸੀ। ਪਟਿਆਲੇ ਰਹਿੰਦਾ ਗਾਮਾ ਸ਼ਾਹੀ ਜੀਵਨ ਬਤੀਤ ਕਰ ਰਿਹਾ ਸੀ। ਪਟਿਆਲੇ ਮਹਿੰਦਰਾ ਕਾਲਜ ਨੇੜੇ ਹੀ ਗਾਮੇ ਕੋਲ ਵੱਡੀ ਕੋਠੀ ਸੀ। ਦੇਸ਼ ਦੀ ਵੰਡ ਤੋਂ ਬਾਅਦ ਗਾਮੇ ਦੇ ਵਾਪਸ ਚਲੇ ਜਾਣ ਤੋਂ ਬਾਅਦ ਇਹੀ ਕੋਠੀ ਮਸ਼ਹੂਰ ਪਹਿਲਵਾਨ ਕੇਸਰ ਸਿੰਘ (ਰੁਸਤਮੇ ਹਿੰਦ ਪਲਵਿੰਦਰ ਚੀਮਾ ਦੇ ਬਾਬਾ ਜੀ) ਨੂੰ ਦੇ ਦਿੱਤੀ ਗਈ। ਗਾਮੇ ਕੋਲ ਇਕ ਪਿੰਡ ਦੀ ਜਗੀਰ, ਸੱਤ ਮੁਰੱਬੇ ਜ਼ਮੀਨ, ਢਾਈ ਸੌ ਰੁਪਏ ਮਹੀਨਾ ਤਨਖਾਹ, ਸੌ ਰੁਪਿਆ ਰੋਜ਼ਾਨਾ ਜੇਬ ਖਰਚ, ਰਸਦ ਭੱਤੇ, ਚਾਰ ਨੌਕਰ, ਖੂਬਸੂਰਤ ਪਤਨੀ ਅਤੇ ਬੜਾ ਤਾਕਤਵਰ ਭਰਾ ਇਮਾਮ ਬਖ਼ਸ਼ ਭਲਵਾਨ ਸੀ। ਗੱਲ ਕੀ, ਜ਼ਿੰਦਗੀ ਦੀ ਹਰ ਸੁਖ-ਸਹੂਲਤ ਮੌਜੂਦ ਸੀ ਗਾਮੇ ਕੋਲ। ਰਿਆਸਤ ਪਟਿਆਲਾ 'ਚ ਲੰਬਾ ਚਿਰ ਭਲਵਾਨੀ ਕਰਕੇ ਗਾਮੇ ਨੇ ਆਪਣੇ ਪਿਤਾ, ਪਿਤਰਾਂ ਅਤੇ ਖਾਨਦਾਨ ਦੇ ਨਾਂ ਨੂੰ ਸਾਰੀ ਦੁਨੀਆਂ 'ਚ ਉਚਾ ਕੀਤਾ।

ਗਾਮੇ ਦੇ ਜਨਮ ਤੋਂ ਪਹਿਲਾਂ ਉਸ ਦੇ ਵੱਡੇ ਵਡੇਰੇ ਰਿਆਸਤ ਕਸ਼ਮੀਰ ਅੰਦਰ ਚਲਦੇ ਅੱਬਾਸ ਜੁਦਾ ਦਰਿਆ ਦੇ ਕਿਨਾਰੇ ਵਸਦੇ ਸਨ। ਉਸ ਵੇਲੇ ਰਿਆਸਤ ਕਸ਼ਮੀਰ 'ਤੇ ਰਾਜਾ ਗੁਲਾਬ ਸਿੰਘ ਦਾ ਰਾਜ ਸੀ। ਇਹ ਗੱਲ 1825 ਦੇ ਨੇੜੇ-ਤੇੜੇ ਦੀ ਹੈ। ਰਾਜਾ ਗੁਲਾਬ ਸਿੰਘ ਕਠੋਰ ਅਤੇ ਬੇਰਹਿਮ ਸ਼ਾਸਕ ਸੀ। ਜਨਤਾ ਇਸ ਰਾਜੇ ਦੇ ਮਾੜੇ ਸਲੂਕ ਅਤੇ ਬੇਇਨਸਾਫ਼ੀ ਤੋਂ ਦੁਖੀ ਸੀ। ਗਾਮੇ ਦਾ ਖਾਨਦਾਨ ਵੀ ਇਸ ਰਾਜੇ ਤੋਂ ਦੁਖੀ ਹੋ ਕੇ ਆਪਣਾ ਵਤਨ ਛੱਡ ਕੇ ਅੰਮ੍ਰਿਤਸਰ ਆ ਗਿਆ। ਕੁਸ਼ਤੀ ਦਾ ਸ਼ੌਕੀਨ ਇਹ ਖਾਨਦਾਨ ਪਹਿਲਵਾਨੀ ਤੋਂ ਇਲਾਵਾ ਗਲੀਚੇ ਵੇਚਣ ਦਾ ਕੰਮ ਵੀ ਕਰਦਾ ਸੀ। 1850 ਦੇ ਲਗਭਗ ਇਸ ਖਾਨਦਾਨ 'ਚ ਗਾਮੇ ਦੇ ਪਿਤਾ ਅਜ਼ੀਜ਼ ਬਖ਼ਸ਼ ਨੇ ਜਨਮ ਲਿਆ। ਬਚਪਨ ਤੋਂ ਹੀ ਅਜ਼ੀਜ਼ ਬਖ਼ਸ਼ ਨੇ ਤਕੜਾ ਪਹਿਲਵਾਨ ਬਣਨ ਦੀ ਇੱਛਾ ਧਾਰ ਲਈ। 17 ਸਾਲ ਲਗਾਤਾਰ ਮਿਹਨਤ ਕਰਕੇ ਹਿੰਦੋਸਤਾਨ ਦੇ ਨਾਮੀ ਭਲਵਾਨਾਂ 'ਚ ਆਪਣਾ ਵਿਸ਼ੇਸ਼ ਸਥਾਨ ਬਣਾਇਆ। ਜੁਆਨੀ 'ਚ ਅਜ਼ੀਜ਼ ਬਖ਼ਸ਼ ਦੀ ਸ਼ਾਦੀ ਚੰਗੇ ਪਹਿਲਵਾਨ ਖਾਨਦਾਨ ਦੇ ਲੂਣ ਪਹਿਲਵਾਨ ਦੀ ਲੜਕੀ ਨਾਲ ਹੋਈ।

ਸੰਨ 1878 ਵਿਚ ਦਤੀਆ ਰਿਆਸਤ ਵਿਚ ਗੁਲਾਮ ਹੁਸੈਨ ਉਰਫ਼ ਗਾਮੇ ਨੇ ਜਨਮ ਲਿਆ। ਗਾਮੇ ਨੂੰ ਮਾਮੇ ਈਦਾ ਨੇ ਸੰਭਾਲਿਆ। ਗਾਮੇ ਨੂੰ ਭਲਵਾਨੀ ਵਿਰਸੇ 'ਚੋਂ ਮਿਲੀ। ਭਰਾ ਇਮਾਮ ਬਖ਼ਸ਼ ਭਲਵਾਨ ਅਤੇ ਭਲਵਾਨ ਮਾਧੋ ਸਿੰਘ ਤੋਂ ਭਲਵਾਨੀ ਦੇ ਦਾਅ-ਪੇਚ ਸਿੱਖੇ। ਗਾਮੇ ਦੀ ਸ਼ੁਰੂਆਤੀ ਕੁਸ਼ਤੀ ਰਿਆਸਤ ਜੂਨਾਗੜ੍ਹ ਦੇ ਭਲਵਾਨ ਰਹੀਮ ਬਖ਼ਸ਼ ਨਾਲ ਹੋਈ। ਉਸ ਵੇਲੇ ਗਾਮੇ ਦੀ ਉਮਰ 19 ਸਾਲ ਸੀ ਅਤੇ ਰਹੀਮ ਬਖ਼ਸ਼ 28 ਸਾਲ ਦਾ ਸੀ। ਦੋਨਾਂ ਦੀ ਕੁਸ਼ਤੀ ਇਕ ਘੰਟਾ ਚੱਲੀ। ਹਾਰ-ਜਿੱਤ ਦਾ ਫੈਸਲਾ ਹੋਣਾ ਮੁਸ਼ਕਲ ਸੀ। ਆਖਰਕਾਰ ਨਵਾਬ ਜੂਨਾਗੜ੍ਹ ਨੇ ਕੁਸ਼ਤੀ ਰੋਕ ਦੇ ਦੋਹਾਂ ਭਲਵਾਨਾਂ ਨੂੰ ਥਾਪੀ ਦਿੱਤੀ।

20 ਸਾਲ ਦੀ ਉਮਰ 'ਚ ਗਾਮੇ ਨੇ ਭਾਰਤ ਦੇ ਸਾਰੇ ਤਕੜੇ ਭਲਵਾਨਾਂ ਨੂੰ ਚੈਲਿੰਜ ਕੀਤਾ। ਗਾਮੇ ਨੇ ਜੂਨਾਗੜ੍ਹ ਦੇ ਭਲਵਾਨ ਰਹੀਮ ਬਖ਼ਸ਼ ਨਾਲ ਦੁਬਾਰਾ ਕੁਸ਼ਤੀ ਕਰਨ ਦੀ ਇੱਛਾ ਪ੍ਰਗਟਾਈ। ਚੈਲਿੰਜ ਸੁਣ ਕੇ ਰਿਆਸਤ ਗਵਾਲੀਅਰ, ਭੁਪਾਲ, ਦਤੀਆ, ਟੀਕਮਗੜ੍ਹ, ਇੰਦੌਰ, ਰੀਵਾ, ਬੜੌਦਾ ਅਤੇ ਪੰਜਾਬ ਦੇ ਸਾਰੇ ਪਹਿਲਵਾਨ ਕੁਸ਼ਤੀ ਲਈ ਤਿਆਰ ਹੋ ਗਏ। ਗਾਮੇ ਦਾ ਮਾਮਾ ਈਦਾ ਨਹੀਂ ਸੀ ਚਾਹੁੰਦਾ ਕਿ ਗਾਮਾ ਐਵੇਂ ਚੈਲਿੰਜ ਕਰੀ ਜਾਵੇ।

ਗਾਮੇ ਦੀ ਅਗਲੀ ਕੁਸ਼ਤੀ ਰਿਆਸਤ ਦਤੀਆ ਦੇ ਪਹਿਲਵਾਨ ਗੁਲਾਮ ਮੁਹਾਉਦੀਨ ਨਾਲ ਹੋਈ। ਕੁਸ਼ਤੀ ਸ਼ੁਰੂ ਹੋਈ ਨੂੰ ਅਜੇ ਥੋੜ੍ਹਾ ਚਿਰ ਹੀ ਹੋਇਆ ਸੀ ਕਿ ਗਾਮੇ ਨੇ ਦਾਅ ਮਾਰ ਕੇ ਗੁਲਾਮ ਮੁਹਾਉਦੀਨ ਨੂੰ ਚਿੱਤ ਕਰ ਦਿੱਤਾ। ਇਸ ਖੁਸ਼ੀ 'ਚ ਮਹਾਰਾਜਾ ਦਤੀਆ ਨੇ 22 ਸੇਰ ਚਾਂਦੀ ਦੀ ਗੁਰਜ਼ ਅਤੇ 20 ਹਜ਼ਾਰ ਰੁਪਏ ਦੇ ਕੇ ਮਾਣ ਬਖ਼ਸ਼ਿਆ। ਦੂਜੀ ਕੁਸ਼ਤੀ ਰਿਆਸਤ ਬੜੌਦਾ ਵਿਚ ਦੌਦ ਸਿੰਘ ਪਹਿਲਵਾਨ ਨਾਲ ਹੋਣੀ ਤੈਅ ਹੋਈ। ਰਿਆਸਤ ਬੜੌਦਾ ਦੇ ਭਲਵਾਨ ਹਮੇਸ਼ਾ ਦੂਜੀਆਂ ਰਿਆਸਤਾਂ ਨਾਲੋਂ ਤਕੜੇ ਸਮਝੇ ਜਾਂਦੇ ਸਨ। ਰਾਜਾ ਆਪਣੇ ਭਲਵਾਨਾਂ ਨੂੰ ਜਗੀਰਾਂ, ਰੋਜ਼ਾਨਾ ਖੁਰਾਕ ਅਤੇ ਹੋਰ ਲੋੜੀਂਦੇ ਖਰਚੇ ਦਿੰਦਾ ਸੀ। 21 ਸਾਲ ਦੀ ਉਮਰ ਵਿਚ ਬੇਹੱਦ ਤਾਕਤ ਦਾ ਮਾਲਕ ਗਾਮਾ ਦੌਦ ਸਿੰਘ ਦਾ ਮੁਕਾਬਲਾ ਕਰਨ ਲਈ ਰਿਆਸਤ ਬੜੌਦਾ ਪਹੁੰਚਿਆ। ਕੁਸ਼ਤੀ ਸ਼ੁਰੂ ਹੋਈ ਨੂੰ ਹਾਲੇ ਡੇਢ ਕੁ ਮਿੰਟ ਹੋਇਆ ਸੀ ਕਿ ਗਾਮੇ ਨੇ ਧੋਬੀ ਪਟ ਦਾਅ ਮਾਰ ਕੇ ਦੌਦ ਸਿੰਘ ਨੂੰ ਹਰਾ ਦਿੱਤਾ।

22 ਸਾਲ ਦੀ ਉਮਰ 'ਚ ਗਾਮੇ ਦਾ ਚੈਲਿੰਜ ਪਹਿਲਵਾਨ ਗੁਲਾਮ ਮੁਹਾਉਦੀਨ ਨੇ ਲਾਹੌਰ ਤੋਂ ਮੰਜ਼ੂਰ ਕੀਤਾ। ਗਾਮੇ ਅਤੇ ਗੁਲਾਮ ਵਿਚਕਾਰ ਭੇੜ ਸ਼ੁਰੂ ਹੋਇਆ। ਕੁਝ ਚਿਰ ਕੁਸ਼ਤੀ ਚੱਲਣ 'ਤੇ ਗੁਲਾਮ ਕੁਸ਼ਤੀ ਵਿਚਾਲੇ ਛੱਡ ਕੇ ਅਖਾੜੇ 'ਚੋਂ ਬਾਹਰ ਆ ਗਿਆ ਅਤੇ ਆਪਣੀ ਹਾਰ ਮੰਨ ਲਈ। ਦੋ ਮਿੰਟ 'ਚ ਗਾਮੇ ਨੇ ਐਸਾ ਭਲਵਾਨ ਹਰਾਇਆ ਜਿਸ ਦਾ ਪੰਜਾਬ ਦੇ ਸਾਰੇ ਪਹਿਲਵਾਨਾਂ ਉਤੇ ਦਬਦਬਾ ਸੀ।

ਟੀਕਮਗੜ੍ਹ ਦੇ ਰਾਜੇ ਮਹਿੰਦਰ ਸਿੰਘ ਦੀ ਰਿਆਸਤ ਦੇ ਦਰਬਾਰੀ ਪਹਿਲਵਾਨ ਚਿਰਾਗ ਨੇ ਗਾਮੇ ਦਾ ਚੈਲਿੰਜ ਕਬੂਲ ਕੀਤਾ। ਜਦੋਂ ਗਾਮਾ ਟੀਕਮਗੜ੍ਹ ਪਹੁੰਚਿਆ ਤਾਂ ਉਸ ਸਮੇਂ ਚਿਰਾਗ ਦੀ ਸਿਹਤ ਠੀਕ ਨਹੀਂ ਸੀ। ਰਾਜੇ ਨੇ ਕਿਹਾ ਕਿ ਮੇਰੀ ਰਿਆਸਤ ਵਿਚ ਹੋਰ ਵੀ ਭਲਵਾਨ ਹਨ, ਜੇ ਕਹੋ ਤਾਂ ਉਨ੍ਹਾਂ ਨਾਲ ਤੇਰੀ ਕੁਸ਼ਤੀ ਕਰਵਾ ਦਿੰਦਾ ਹਾਂ। ਗਾਮੇ ਨੇ ਕਿਹਾ ਕਿ ਮੈਨੂੰ ਕੋਈ ਇਤਰਾਜ਼ ਨਹੀਂ। ਰਾਜੇ ਨੇ ਇਕ ਸਿੱਖ ਪਹਿਲਵਾਨ ਧੱਕੜ ਸਿੰਘ ਨਾਲ ਕੁਸ਼ਤੀ ਕਰਵਾ ਦਿੱਤੀ। ਗਾਮੇ ਨੇ ਬੜੀ ਤੇਜ਼ੀ ਨਾਲ ਆਪਣਾ ਦਾਓ ਮਾਰਿਆ ਤੇ ਇਕ ਮਿੰਟ ਵਿਚ ਧੱਕੜ ਸਿੰਘ ਨੂੰ ਢਾਹ ਮਾਰਿਆ। ਇਸ ਕੁਸ਼ਤੀ ਮਗਰੋਂ ਰਿਆਸਤ ਗਵਾਲੀਅਰ ਦੇ ਲਿਲਦ ਪਹਿਲਵਾਨ ਨਾਲ ਚੈਲਿੰਜ ਮੁਤਾਬਕ ਕੁਸ਼ਤੀ ਹੋਈ। ਇਹ ਕੁਸ਼ਤੀ ਗਾਮਾ ਇਕ ਮਿੰਟ ਵਿਚ ਹੀ ਜਿੱਤ ਗਿਆ। ਗਾਮੇ ਨੇ ਰਿਆਸਤ ਭੁਪਾਲ ਦੇ ਭਲਵਾਨ ਪ੍ਰਤਾਪ ਸਿੰਘ ਨੂੰ ਮਿੰਟੋ-ਮਿੰਟੀ ਹਰਾਇਆ। ਰਿਆਸਤ ਰੀਵਾ ਦੇ ਬ੍ਰਾਹਮਣ ਪਹਿਲਵਾਨ ਦੀ 26 ਸਾਲਾ ਗਾਮੇ ਨਾਲ 7ਵੀਂ ਕੁਸ਼ਤੀ ਸੀ। ਦੋਹਾਂ ਪਹਿਲਵਾਨਾਂ ਨੇ ਅਖਾੜੇ ਵਿਚ ਆ ਕੇ ਹੱਥ ਮਿਲਾਏ। ਜਦੋਂ ਬ੍ਰਾਹਮਣ ਪਹਿਲਵਾਨ ਆਪਣਾ ਪੈਂਤੜਾ ਮਾਰਨ ਲੱਗਾ ਤਾਂ ਪੈਰ ਉਖੜ ਗਏ। ਉਸੇ ਵੇਲੇ ਗਾਮੇ ਦੇ ਹਮਲੇ ਦੀ ਤਾਬ ਨਾ ਝੱਲਦਾ ਹੋਇਆ ਬ੍ਰਾਹਮਣ ਪਹਿਲਵਾਨ ਹਾਰ ਮੰਨ ਗਿਆ। ਇਹ ਮੁਕਾਬਲਾ ਵੀ ਸਿਰਫ਼ ਇਕ ਮਿੰਟ ਹੀ ਚੱਲਿਆ।

ਕੁਸ਼ਤੀ ਜਿੱਤਣ ਮਗਰੋਂ ਗਾਮਾ ਰਿਆਸਤ ਇੰਦੌਰ ਪਹੁੰਚਿਆ। ਰਿਆਸਤ ਇੰਦੌਰ ਦੇ ਪ੍ਰਸਿੱਧ ਮੱਲ ਅਲੀ ਸਾਈਂ ਦਾ ਚੈਲਿੰਜ ਸਵੀਕਾਰ ਕੀਤਾ। ਇਸ ਵਕਤ ਗਾਮੇ ਦਾ ਭਰਾ ਇਮਾਮ ਬਖ਼ਸ਼ ਵੀ ਨਾਲ ਸੀ। ਭਰਾ ਦੀ ਉਮਰ 20 ਸਾਲ ਸੀ। ਇਹ ਮੁਕਾਬਲਾ ਰਿਆਸਤ ਦੇ ਵੱਡੇ ਸਟੇਡੀਅਮ ਵਿਚ ਹੋਣਾ ਸੀ। ਮੁਕਾਬਲਾ ਹਾਲੇ ਇਕ ਮਿੰਟ ਹੀ ਚੱਲਿਆ ਸੀ ਕਿ ਗਾਮੇ ਨੇ ਬੜੀ ਫੁਰਤੀ ਨਾਲ ਅਲੀ ਸਾਈਂ ਨੂੰ ਪਹਿਲੇ ਹੀ ਦਾਓ 'ਤੇ ਮੂਧੇ-ਮੂੰਹ ਢਾਹ ਸੁੱਟਿਆ। ਇੰਦੌਰ ਦੇ ਮਹਾਰਾਜਾ ਸ਼ਿਵਜੀ ਰਾਓ ਨੇ ਗਾਮੇ ਤੋਂ ਖੁਸ਼ ਹੋ ਕੇ ਇਕ ਹੋਰ ਮੁਕਾਬਲਾ ਦੇਖਣ ਲਈ ਪਹਿਲਵਾਨ ਗਾਮੂ ਬਾਲੀ ਨੂੰ ਚੁਣ ਲਿਆ। ਗਾਮੂ ਬਾਲੀ ਵੀ ਆਪਣੇ ਸਮੇਂ ਦਾ ਸ਼ਾਹ ਜ਼ੋਰ ਪਹਿਲਵਾਨ ਸੀ। ਇਹ ਕੁਸ਼ਤੀ ਦੇਖਣ ਲਈ ਇੰਦੌਰ ਸ਼ਹਿਰ ਦੇ ਸਾਰੇ ਲੋਕ ਸਟੇਡੀਅਮ ਵਿਚ ਇਕੱਠੇ ਹੋਏ ਸਨ। ਕੁਸ਼ਤੀ ਸ਼ੁਰੂ ਹੋਈ। ਦੋਵੇਂ ਭਲਵਾਨ ਇਕ ਦੂਜੇ 'ਤੇ ਦਾਓ ਮਾਰ ਰਹੇ ਸਨ। ਗਾਮੇ ਨੇ ਇਕਦਮ ਤੇਜ਼ੀ ਨਾਲ ਅੱਗੇ ਵਧ ਕੇ ਪੱਟ ਦਾਓ ਮਾਰਿਆ ਅਤੇ ਗਾਮੂ ਪਹਿਲਵਾਨ ਦੇ ਪੈਰ ਉਖਾੜ ਸੁੱਟੇ। ਗਾਮੂ ਮੂੰਹ ਭਾਰ ਜਾ ਡਿੱਗਾ। ਗਾਮੇ ਨੇ ਕਾਲਾ ਜੰਗ ਦਾਓ ਮਾਰ ਕੇ ਗਾਮੂ ਬਾਲੀ ਨੂੰ ਝੱਟ ਹਰਾ ਦਿੱਤਾ।

ਗਾਮੇ ਦੀਆਂ ਰਹੀਮ ਬਖ਼ਸ਼ ਨਾਲ ਬਹੁਤ ਫਸਵੀਆਂ ਕੁਸ਼ਤੀਆਂ ਦੋ-ਦੋ ਘੰਟੇ ਦੇ ਲਗਪਗ ਹੁੰਦੀਆਂ ਰਹੀਆਂ। ਦੋਵੇਂ ਮੱਲ ਤਕੜੇ ਹੋਣ ਕਰਕੇ ਜਿੱਤ-ਹਾਰ ਦਾ ਫੈਸਲਾ ਬਹੁਤ ਮੁਸ਼ਕਲ ਹੁੰਦਾ। ਮਹਾਰਾਜਾ ਸ਼ਿਵਜੀ ਰਾਉ ਹੋਲਕਰ ਬੜਾ ਪ੍ਰੇਸ਼ਾਨ ਹੁੰਦਾ। ਇਨ੍ਹਾਂ ਦੋਨਾਂ ਦਾ ਮੁਕਾਬਲਾ ਕਦੇ ਗੁੱਜਰਾਂਵਾਲਾ, ਲਾਹੌਰ, ਕਦੇ ਕਿਤੇ ਤੇ ਕਦੇ ਕਿਤੇ। 20 ਤੋਂ 27 ਸਾਲ ਦੀ ਉਮਰ ਤਕ ਗਾਮੇ ਨੇ ਪੂਰੇ ਭਾਰਤ ਵਿਚ ਆਪਣੀ ਕੁਸ਼ਤੀ ਦਾ ਸਿੱਕਾ ਜਮਾਇਆ। ਕਿਸੇ ਭਲਵਾਨ ਨੂੰ ਮਿੰਟ ਵਿਚ, ਤੇ ਕਿਸੇ ਨੂੰ ਦੋ ਮਿੰਟਾਂ ਵਿਚ ਹਰਾਇਆ। ਕਿਸੇ ਨਾਲ ਘੰਟਾ ਜਾਂ ਦੋ ਘੰਟਿਆਂ ਵਿਚ ਬਰਾਬਰ ਰਿਹਾ। ਕਿਸੇ ਭਲਵਾਨ ਦਾ ਗਾਮੇ ਨੂੰ ਵੇਖ ਕੇ ਲੰਗੋਟ ਢਿੱਲਾ ਹੋ ਜਾਂਦਾ ਜਾਂ ਕੋਈ ਮੈਦਾਨ ਛੱਡ ਕੇ ਭੱਜ ਜਾਂਦਾ।

27 ਸਾਲ ਦੀ ਉਮਰ ਵਿਚ ਗਾਮੇ ਨੇ ਐਲਾਨ ਕੀਤਾ ਕਿ ਉਹਦੇ ਨਾਲ ਕੋਈ ਵੀ ਭਾਰਤੀ ਜਾਂ ਵਿਦੇਸ਼ੀ ਭਲਵਾਨ ਕੁਸ਼ਤੀ ਕਰ ਕੇ ਵੇਖ ਲਵੇ। ਇਸ ਤਰ੍ਹਾਂ ਇਹ ਚੈਲਿੰਜ ਤਿੰਨ ਸਾਲ ਚਲਦੇ ਰਹੇ ਪਰ ਕੋਈ ਵੀ ਪਹਿਲਵਾਨ ਕੁਸ਼ਤੀ ਕਰਨ ਨੂੰ ਤਿਆਰ ਨਾ ਹੋਇਆ। ਆਖਰਕਾਰ ਕਲਕੱਤੇ ਜਾ ਕੇ ਗਾਮੇ ਨੇ ਇਕ ਸ਼ਰਤ ਵੀ ਰੱਖੀ ਕਿ ਜਿਹੜਾ ਭਲਵਾਨ ਉਸ ਨੂੰ ਹਰਾ ਦੇਵੇ, ਉਹਨੂੰ 7 ਹਜ਼ਾਰ ਰੁਪਿਆ ਵੀ ਦਿੱਤਾ ਜਾਵੇਗਾ। ਇਹ ਸੁਣ ਕੇ ਕਲਕੱਤੇ ਦਾ ਮਸ਼ਹੂਰ ਪਹਿਲਵਾਨ ਹੁਸੈਨ ਬਖ਼ਸ਼ ਮੁਲਤਾਨੀ ਕੁਸ਼ਤੀ ਲਈ ਤਿਆਰ ਹੋ ਗਿਆ। ਕੁਸ਼ਤੀ ਸ਼ੁਰੂ ਹੋਈ ਤਾਂ ਗਾਮੇ ਨੇ ਮਿੰਟਾਂ ਅੰਦਰ ਹੀ ਹੁਸੈਨ ਬਖ਼ਸ਼ ਨੂੰ ਹਰਾ ਦਿੱਤਾ।

1910 ਵਿਚ ਲੰਡਨ ਵਾਈਟ ਸਿਟੀ ਵਿਚ ਜਾਪਾਨ ਅਤੇ ਇੰਗਲਿਸਤਾਨ ਦੀ ਕੁਸ਼ਤੀ ਦੇ ਸਿਲਸਿਲੇ ਵਿਚ ਵੱਡੀ ਮੀਟਿੰਗ ਰੱਖੀ ਗਈ। ਇਹ ਮੀਟਿੰਗ ਇਕ ਸਾਲ ਤੱਕ ਚੱਲੀ ਤੇ ਵਾਹਵਾ ਪੈਸਾ ਖਰਚਿਆ ਗਿਆ। ਦੁਨੀਆਂ ਦੇ ਵੱਡੇ-ਵੱਡੇ ਪਹਿਲਵਾਨਾਂ ਨੂੰ ਸੱਦਣ ਦਾ ਮਤਾ ਪਾਸ ਹੋਇਆ।



ਜਦੋਂ ਗਾਮੇ ਨੂੰ ਇਸ ਮੀਟਿੰਗ ਬਾਰੇ ਪਤਾ ਲੱਗਾ ਤਾਂ ਉਸੇ ਵੇਲੇ ਆਪਣੇ ਛੋਟੇ ਭਾਈ ਇਮਾਮ ਬਖ਼ਸ਼, ਆਪਣੇ ਦੋਸਤ ਪਹਿਲਵਾਨ ਅਹਿਮਦ ਬਖ਼ਸ਼ ਅੰਮ੍ਰਿਤਸਰੀ ਅਤੇ ਗਾਮੂ ਪਹਿਲਵਾਨ ਜਲੰਧਰ ਵਾਲੇ ਨੂੰ ਨਾਲ ਲੈ ਕੇ ਲਾਹੌਰ ਤੋਂ ਲੰਡਨ ਪਹੁੰਚ ਗਿਆ। ਲੰਡਨ ਕਮੇਟੀ ਵਾਲਿਆਂ ਨੇ ਪਹਿਲਵਾਨਾਂ ਦੀਆਂ ਤਿੰਨ ਸ਼੍ਰੇਣੀਆਂ ਬਣਾ ਦਿੱਤੀਆਂ। ਪਹਿਲੀ ਸ਼੍ਰੇਣੀ ਲਈ ਭਾਰੇ ਪਹਿਲਵਾਨ, ਦੂਜੀ ਲਈ ਦਰਮਿਆਨੇ ਪਹਿਲਵਾਨ ਅਤੇ ਤੀਜੀ ਲਈ ਹਲਕੇ ਭਲਵਾਨ ਚੁਣੇ ਗਏ। ਭਾਰੇ ਵਜ਼ਨ ਦੇ 11 ਭਲਵਾਨ ਚੁਣੇ ਗਏ।

ਗਾਮੇ ਵਿਚ ਵੱਡੇ ਪਹਿਲਵਾਨਾਂ ਵਾਲੇ ਸਾਰੇ ਗੁਣ ਹੋਣ ਦੇ ਬਾਵਜੂਦ ਦਰਮਿਆਨਾ ਕੱਦ ਹੋਣ ਕਰਕੇ ਹੈਵੀ ਵੇਟ ਵਿਚੋਂ ਕੱਢ ਦਿੱਤਾ। ਇਸ ਤਰ੍ਹਾਂ ਕੱਢੇ ਜਾਣ ਦਾ ਗਾਮੇ ਨੂੰ ਬਹੁਤ ਦੁੱਖ ਹੋਇਆ। ਕਮੇਟੀ ਦੇ ਇਸ ਫੈਸਲੇ ਨੂੰ ਬਦਲਣ ਦਾ ਗਾਮੇ ਨੇ ਪੱਕਾ ਮਨ ਬਣਾ ਲਿਆ। ਸਵੇਰੇ ਉਠਦੇ ਸਾਰ ਹੀ ਗਾਮੇ ਨੇ ਆਪਣੇ ਮੈਨੇਜਰ ਮਿਸਟਰ ਬੈਂਜਾਮਿਨ ਨਾਲ ਸਲਾਹ ਕਰਕੇ ਸਾਰੀਆਂ ਅਖ਼ਬਾਰਾਂ ਵਿਚ ਕਢਾ ਦਿੱਤਾ ਕਿ ਗਾਮਾ ਦੁਨੀਆਂ ਦੇ ਹਰ ਪਹਿਲਵਾਨ ਨੂੰ ਪੰਜਾਂ ਮਿੰਟਾਂ ਵਿਚ ਹਰਾ ਸਕਦਾ ਹੈ। ਜੇ ਪੰਜਾਂ ਮਿੰਟਾਂ ਵਿਚ ਨਾ ਹਰਾ ਸਕਿਆ ਤਾਂ ਆਪਣੇ ਕੋਲੋਂ ਉਸ ਨੂੰ ਪੰਜ ਪੌਂਡ ਦੇਵੇਗਾ। ਇਹ ਖ਼ਬਰ ਲੰਡਨ ਵਿਚ ਅੱਗ ਵਾਂਗ ਫੈਲ ਗਈ। ਪੜ੍ਹਦੇ ਸਾਰ ਹੀ ਲੰਡਨ ਵਿਚ ਆਏ ਸਾਰੇ ਪਹਿਲਵਾਨ ਹੈਰਾਨ ਸਨ ਕਿ ਕੋਈ ਕਿਸੇ ਨੂੰ ਪੰਜਾਂ ਮਿੰਟਾਂ 'ਚ ਕਿਵੇਂ ਹਰਾ ਸਕਦੈ? ਸਾਰੇ ਪਹਿਲਵਾਨ ਕੁਸ਼ਤੀ ਕਰਨ ਲਈ ਰਜ਼ਾਮੰਦ ਹੋ ਗਏ। ਤੇ ਗਾਮੇ ਨੇ 200 ਦੇ ਲਗਭਗ ਪਹਿਲਵਾਨਾਂ ਨੂੰ ਦੱਸੇ ਹੋਏ ਸਮੇਂ ਤੋਂ ਪਹਿਲਾਂ ਹਰਾਇਆ।

10 ਸਤੰਬਰ 1910 ਨੂੰ ਲੰਡਨ ਦੇ ਸੈਫਰਡ ਸਟੇਡੀਅਮ ਵਿਚ ਗਾਮੇ ਅਤੇ ਜੰਬਿਸਕੋ ਦੀ ਕੁਸ਼ਤੀ ਵੇਖਣ ਲਈ ਇਟਲੀ, ਫਰਾਂਸ, ਸਕਾਟਲੈਂਡ ਅਤੇ ਜਪਾਨ ਦੇ ਪਹਿਲਵਾਨ ਅਤੇ ਹਜ਼ਾਰਾਂ ਦਰਸ਼ਕ ਹਾਜ਼ਰ ਸਨ। ਕੁਸ਼ਤੀ ਸ਼ੁਰੂ ਹੋਈ ਤਾਂ ਕਦੇ ਗਾਮਾ ਜੰਬਿਸਕੋ 'ਤੇ ਹਮਲਾ ਕਰਦਾ ਅਤੇ ਕਦੇ ਜੰਬਿਸਕੋ ਗਾਮੇ 'ਤੇ। ਗਾਮੇ ਨੇ ਇਕਦਮ ਬਾਜ਼ ਵਾਂਗ ਝਪਟਾ ਮਾਰ ਕੇ ਜੰਬਿਸਕੋ 'ਤੇ ਹਮਲਾ ਕੀਤਾ ਅਤੇ ਜੰਬਿਸਕੋ ਮੂੰਹ ਭਾਰ ਡਿੱਗ ਪਿਆ। ਜੰਬਿਸਕੋ ਫਿਰ ਉਠਿਆ ਅਤੇ ਗਾਮੇ 'ਤੇ ਦਾਅ ਮਾਰਿਆ। ਇਸ ਤਰ੍ਹਾਂ ਇਹ ਮੁਕਾਬਲਾ 2 ਘੰਟੇ 34 ਮਿੰਟ ਚੱਲਿਆ। ਜੰਬਿਸਕੋ ਘੁਲਦਾ-ਘੁਲਦਾ ਐਨਾ ਥੱਕ ਗਿਆ ਕਿ ਹਫਤੇ ਬਾਅਦ ਫਿਰ ਘੁਲਣ ਦਾ ਵਾਅਦਾ ਕਰਕੇ ਅਖਾੜੇ ਵਿਚੋਂ ਬਾਹਰ ਹੋ ਗਿਆ।

ਅਗਲੇ ਹਫਤੇ 17 ਸਤੰਬਰ 1910 ਨੂੰ ਗਾਮੇ ਅਤੇ ਜੰਬਿਸਕੋ ਦੀ ਦੁਬਾਰਾ ਕੁਸ਼ਤੀ ਹੋਈ। ਦਰਸ਼ਕ ਅਤੇ ਪਹਿਲਵਾਨ ਉਸੇ ਸਟੇਡੀਅਮ ਵਿਚ ਫਿਰ ਇਕੱਠੇ ਹੋ ਗਏ। ਫੋਟੋਗ੍ਰਾਫਰ ਅਤੇ ਪੱਤਰਕਾਰ ਵੀ ਆ ਪਹੁੰਚੇ। ਕੁਸ਼ਤੀ ਲੜਨ ਲਈ ਗਾਮਾ ਅਖਾੜੇ ਵਿਚ ਪਹੁੰਚ ਗਿਆ ਪਰ ਜੰਬਿਸਕੋ ਨਾ ਆਇਆ। ਜਦੋਂ ਅਨਾਊਂਸਰ ਨੇ ਜੰਬਿਸਕੋ ਨੂੰ ਅਖਾੜੇ ਅੰਦਰ ਆਉਣ ਲਈ ਆਵਾਜ਼ ਮਾਰੀ ਤਾਂ ਪਤਾ ਲੱਗਾ ਕਿ ਜੰਬਿਸਕੋ ਆਪਣੀ ਮਾਤਾ ਦੀ ਹਾਲਤ ਖਰਾਬ ਹੋਣ ਦਾ ਬਹਾਨਾ ਬਣਾ ਕੇ ਮੈਦਾਨ ਛੱਡ ਕੇ ਭੱਜ ਗਿਆ ਹੈ। ਰੈਫਰੀ ਨੇ ਸਟੇਡੀਅਮ ਅੰਦਰ ਗਾਮੇ ਦਾ ਹੱਥ ਉਚਾ ਕਰਕੇ ਸੰਸਾਰ ਜੇਤੂ ਹੋਣ ਦਾ ਐਲਾਨ ਕਰ ਦਿੱਤਾ।

18 ਸਾਲਾਂ ਬਾਅਦ ਦੁਬਾਰਾ ਕੁਸ਼ਤੀ ਕਰਨ ਦੀ ਚਾਹਤ ਨਾਲ ਜੰਬਿਸਕੋ ਦਾ ਖ਼ਤ ਅਮਰੀਕਾ ਤੋਂ ਮਹਾਰਾਜਾ ਪਟਿਆਲਾ ਨੂੰ ਮਿਲਿਆ ਜਿਸ ਵਿਚ ਜੰਬਿਸਕੋ ਵੱਲੋਂ ਗਾਮੇ ਨਾਲ ਕੁਸ਼ਤੀ ਲੜਨ ਦਾ ਚੈਲਿੰਜ ਕੀਤਾ ਗਿਆ ਸੀ। ਜੰਬਿਸਕੋ ਨੇ ਸੋਚਿਆ ਕਿ ਐਨੇ ਸਾਲਾਂ ਬਾਅਦ ਸ਼ਾਹੀ ਜ਼ਿੰਦਗੀ ਜਿਉਣ ਕਰਕੇ ਗਾਮੇ ਵਿਚ ਪਹਿਲਾਂ ਵਾਲੀ ਤਾਕਤ ਨਹੀਂ ਰਹੀ ਹੋਵੇਗੀ। 1910 ਵਿਚ ਲੰਡਨ ਮੁਕਾਬਲੇ ਵਾਲੀ ਹਾਰ ਦਾ ਬਦਲਾ ਜੰਬਿਸਕੋ ਹੁਣ ਲੈਣਾ ਚਾਹੁੰਦਾ ਸੀ। ਚੰਗੀ ਖੁਰਾਕ ਅਤੇ ਕਸਰਤ ਕਾਰਨ 50 ਸਾਲ ਦੀ ਉਮਰ ਵਿਚ ਵੀ ਗਾਮੇ 'ਤੇ ਕੋਈ ਫਰਕ ਨਹੀਂ ਸੀ ਪਿਆ। ਮਹਾਰਾਜਾ ਪਟਿਆਲਾ ਨੇ ਉਸੇ ਵਕਤ ਟੈਲੀਗ੍ਰਾਮ ਕਰਕੇ ਜੰਬਿਸਕੋ ਨੂੰ ਸੁਨੇਹਾ ਭੇਜ ਦਿੱਤਾ ਕਿ ਗਾਮਾ ਕੁਸ਼ਤੀ ਕਰਨ ਲਈ ਤਿਆਰ ਹੈ, ਉਹ ਜਦੋਂ ਚਾਹੇ ਆ ਸਕਦਾ ਹੈ। ਆਉਣ ਦੇ ਖਰਚ ਤੋਂ ਇਲਾਵਾ 40 ਹਜ਼ਾਰ ਰੁਪਿਆ ਦੇਣ ਦਾ ਵੀ ਵਾਅਦਾ ਕੀਤਾ। 1910 ਤੋਂ ਮਗਰੋਂ 1928 ਨੂੰ ਗਾਮੇ ਅਤੇ ਜੰਬਿਸਕੋ ਦੀ ਦੂਜੀ ਕੁਸ਼ਤੀ ਲੰਡਨ ਦੀ ਬਜਾਏ ਪਟਿਆਲਾ ਵਿਚ ਹੋਈ। ਇਹ ਕੁਸ਼ਤੀ ਵੇਖਣ ਲਈ ਬੇਹਿਸਾਬ ਦੁਨੀਆਂ ਆਈ। ਚੰਗੇ ਅਹੁਦਿਆਂ ਵਾਲੇ ਸਰਦਾਰਾਂ ਤੋਂ ਇਲਾਵਾ ਰਾਣੀਆਂ ਦੇ ਬੈਠਣ ਲਈ ਵੱਖਰੀ ਜਗ੍ਹਾ ਦਾ ਪ੍ਰਬੰਧ ਕੀਤਾ ਗਿਆ। 18 ਸਾਲਾਂ ਬਾਅਦ ਦੋਨੋਂ ਮੱਲ ਅਖਾੜੇ ਵਿਚ ਇਕ-ਦੂਜੇ ਸਾਹਮਣੇ ਆਏ। ਗਾਮੇ ਨੇ ਪਿੱਛੇ ਹਟ ਕੇ ਐਸਾ ਦਾਉ ਮਾਰਿਆ ਕਿ ਅੱਖ ਦੇ ਫੋਰ ਨਾਲ ਹਮਲਾ ਕਰਕੇ ਧਮਾਕੇ ਨਾਲ ਜੰਬਿਸਕੋ ਨੂੰ ਅਖਾੜੇ 'ਚ ਮੂਧੇ ਮੂੰਹ ਸੁੱਟ ਲਿਆ। ਇਸ ਮੁਕਾਬਲੇ ਨੂੰ 30 ਸਕਿੰਟ ਤੋਂ ਵੀ ਘੱਟ ਸਮਾਂ ਲੱਗਾ। ਐਨੀ ਤੇਜ਼ੀ ਨਾਲ ਹੋਈ ਕੁਸ਼ਤੀ ਨੂੰ ਬਹੁਤ ਲੋਕੀ ਵੇਖ ਵੀ ਨਾ ਸਕੇ। ਜੰਬਿਸਕੋ ਨੇ ਆਪ ਉਠ ਕੇ ਗਾਮੇ ਦਾ ਹੱਥ ਉਚਾ ਕਰਕੇ ਉਸ ਨੂੰ ਜੇਤੂ ਐਲਾਨਿਆ।

ਇਕ ਵਾਰ ਫਰਾਂਸੀਸੀ ਪਹਿਲਵਾਨ ਪੀਟਰਸਨ ਨੇ ਮਹਾਰਾਜਾ ਪਟਿਆਲਾ ਦੀ ਕਾਰ ਰੋਕ ਕੇ ਗਾਮੇ ਨਾਲ ਕੁਸ਼ਤੀ ਲੜਨ ਦੀ ਖਾਹਿਸ਼ ਦੱਸੀ ਤਾਂ ਮਹਾਰਾਜਾ ਨੇ ਕਿਹਾ ਕਿ ਉਸ ਨੂੰ ਆਉਣ-ਜਾਣ ਦੇ ਖਰਚ ਤੋਂ ਇਲਾਵਾ 20 ਹਜ਼ਾਰ ਰੁਪਏ ਦਿੱਤੇ ਜਾਣਗੇ। ਇਹ ਕੁਸ਼ਤੀ ਇਕ ਮਹੀਨੇ ਬਾਅਦ ਪਟਿਆਲੇ ਹੋਣੀ ਤੈਅ ਹੋਈ। ਆਖਰ ਉਹ ਦਿਨ ਵੀ ਆ ਗਿਆ। ਇਹ ਕੁਸ਼ਤੀ ਵੇਖਣ ਲਈ ਹਿੰਦੋਸਤਾਨੀ ਰਿਆਸਤਾਂ ਦੇ ਵੱਡੇ-ਵੱਡੇ ਪਹਿਲਵਾਨ ਅਖਾੜੇ ਵਿਚ ਪਹੁੰਚੇ ਤਾਂ ਰੈਫਰੀ ਨੇ ਵਿਸਲ ਮਾਰੀ। ਪਹਿਲਾ ਦਾਅ ਮਾਰ ਕੇ ਪੀਟਰਸਨ ਨੇ ਗਾਮੇ ਨੂੰ ਥੱਲੇ ਸੁੱਟ ਲਿਆ। ਉਸ ਤੋਂ ਮਗਰੋਂ ਗਾਮੇ ਨੇ ਜੋ ਦਾਅ ਪੀਟਰਸਨ 'ਤੇ ਮਾਰਿਆ, ਉਹ ਜ਼ਬਰਦਸਤ ਸੀ। ਬੱਸ, ਜ਼ੋਰ ਦੀ ਧਮਾਕਾ ਹੋਇਆ ਅਤੇ ਪੀਟਰਸਨ ਚਿੱਤ ਹੋ ਗਿਆ।

ਗਾਮੇ ਨੇ ਜ਼ਿੰਦਗੀ 'ਚ ਖੁਰਾਕ ਵੀ ਰੱਜ ਕੇ ਖਾਧੀ ਅਤੇ ਕਸਰਤ ਵੀ ਦੱਬ ਕੇ ਕੀਤੀ। 15 ਸਾਲ ਦੀ ਉਮਰ ਵਿਚ 3000 ਬੈਠਕ ਅਤੇ 1500 ਡੰਡ ਰੋਜ਼ਾਨਾ ਮਾਰਦਾ। ਅਖਾੜੇ ਨੂੰ ਕਹੀ ਨਾਲ ਰੋਜ਼ਾਨਾ ਗੁੱਡਿਆ ਜਾਂਦਾ। ਗਾਮੇ ਦੀ ਕਹੀ ਦਾ ਭਾਰ 12 ਸੇਰ ਸੀ ਜਦੋਂ ਕਿ ਕਿੱਕਰ ਸਿੰਘ ਦੀ ਕਹੀ ਦਾ ਭਾਰ 10 ਸੇਰ। ਪੌਣੇ ਤਿੰਨ ਮਣ ਭਾਰਾ ਚੱਕਾ ਗਲ ਵਿਚ ਪਾ ਕੇ ਰੋਜ਼ਾਨਾ ਅਖਾੜੇ ਦੁਆਲੇ ਗੇੜੇ ਕੱਢਣੇ। ਇਹ ਚੱਕਾ ਅੱਜਕੱਲ੍ਹ ਪਟਿਆਲਾ ਦੇ ਅਜਾਇਬਘਰ ਵਿਚ ਸਜਾ ਕੇ ਰੱਖਿਆ ਹੋਇਆ ਹੈ।

ਗਾਮੇ ਦੀ ਖੁਰਾਕ ਵੀ ਖੁੱਲ੍ਹੀ ਹੁੰਦੀ ਸੀ: 6 ਮੁਰਗਿਆਂ ਦੀ ਯਖ਼ਨੀ। ਪੰਜ ਸੇਰ ਬੱਕਰੇ ਦੇ ਮੀਟ ਦੀ ਯਖ਼ਨੀ। ਵਿਚ ਪਾਈਆ ਪੱਕਾ ਘਿਉ ਵੀ ਪਾਇਆ ਜਾਂਦਾ। ਦਸ ਸੇਰ ਦੀ ਗੜਵੀ ਅਤੇ ਅੱਧੇ ਸੇਰ ਘਿਉ ਵਿਚ ਬਾਰਾਂ ਛਟਾਂਕ ਬਦਾਮਾਂ ਦੀਆਂ ਗਿਰੀਆਂ ਅਤੇ ਲੋੜ ਮੁਤਾਬਕ ਹੋਰ ਮੁਰੱਬੇ ਵੀ ਲਏ ਜਾਂਦੇ। ਇਸ ਤੋਂ ਇਲਾਵਾ ਮਾਮੂਲੀ ਮਿਕਦਾਰ ਵਿਚ ਸੰਖੀਏ ਦਾ ਵੀ ਇਸਤੇਮਾਲ ਕੀਤਾ ਜਾਂਦਾ। 55 ਸਾਲ ਤੋਂ ਬਾਅਦ ਗਾਮੇ ਨੇ ਖੁਰਾਕ ਵਿਚ ਕਮੀ ਕਰ ਦਿੱਤੀ। ਖਾਸ ਤੌਰ ਸੋਨਾ, ਚਾਂਦੀ, ਜਵਾਹਰਾਤ ਦੇ ਕੁਸ਼ਤੇ ਅਤੇ ਖਾਸੀ ਮਿਕਦਾਰ ਵਿਚ ਮੁਰੱਬਾ ਇਸਤੇਮਾਲ ਕਰਦਾ ਸੀ।

ਗਾਮਾ ਰਾਤ ਦੇ ਦੋ ਵਜੇ ਤੋਂ ਦਿਨ ਦੇ ਦਸ ਵਜੇ ਤਕ ਧੜ ਦੀ ਕਸਰਤ ਕਰਦਾ। ਸ਼ਾਮ ਨੂੰ ਦੋ ਘੰਟੇ ਸੈਰ ਸਪਾਟਾ। ਇਸ ਤਰ੍ਹਾਂ ਉਹ 24 ਘੰਟੇ ਵਿਚੋਂ 15 ਘੰਟੇ ਆਪਣੀ ਮਿਹਨਤ ਵਿਚ ਮਗਨ ਰਹਿੰਦਾ ਅਤੇ 9 ਘੰਟੇ ਅਰਾਮ ਕਰਦਾ। ਸਵੇਰੇ ਤਾਜ਼ੇ ਪਾਣੀ ਨਾਲ ਇਸ਼ਨਾਨ ਕਰਦਾ। ਫਿਰ 12 ਛਟਾਂਕ ਬਦਾਮਾਂ ਦਾ ਸ਼ਰਬਤ ਪੀਂਦਾ ਜਿਸ ਵਿਚ ਪੰਜ ਤੋਲੇ ਮਿਸਰੀ, ਅੱਧਾ ਤੋਲਾ ਛੋਟੀ ਲੈਚੀ, ਤਿੰਨ ਮਾਸੇ ਕਾਲੀ ਮਿਰਚ ਸ਼ਾਮਲ ਹੁੰਦੀ। ਸੋਨੇ ਚਾਂਦੀ ਦੇ ਵਰਕ ਤੋਂ ਇਲਾਵਾ ਦੋ ਛਟਾਂਕ ਸੇਬ ਦਾ ਮੁਰੱਬਾ ਲਿਆ ਜਾਂਦਾ। ਸ਼ਾਮ ਦੀ ਵਰਜਿਸ਼ ਤੋਂ ਵਿਹਲੇ ਹੋ ਕੇ ਤਾਜ਼ੇ ਪਾਣੀ ਨਾਲ ਇਸ਼ਨਾਨ ਕਰਕੇ ਮਗਰੋਂ ਮੁਰਗੇ ਅਤੇ ਬੱਕਰੀ ਦੇ ਮੀਟ ਦੀ ਯੱਖਣੀ ਪੀ ਕੇ ਦੋ ਮੀਲ ਦੀ ਸੈਰ ਕਰਨੀ। ਸੌਣ ਤੋਂ ਪਹਿਲਾਂ ਦੋ ਘੰਟੇ ਦੇ ਵਕਫੇ ਮਗਰੋਂ ਥੋੜ੍ਹਾ ਜਿਹਾ ਦੁੱਧ ਪੀਂਦਾ।

ਗਾਮੇ ਦੀ ਸ਼ਾਹੀ ਜ਼ਿੰਦਗੀ ਬਹੁਤ ਵਧੀਆ ਚੱਲ ਰਹੀ ਸੀ। ਦੀਵਾਲੀ ਵਰਗੇ ਤਿਉਹਾਰਾਂ ਦੇ ਦਿਨਾਂ ਨੇੜੇ ਅਨੰਤਨਾਗ (ਕਸ਼ਮੀਰ) ਤੋਂ ਗਾਮੇ ਦੀ ਕੋਠੀ ਇਕ ਜੋਗੀ ਆਉਂਦਾ ਹੁੰਦਾ ਸੀ ਜਿਸ ਨੂੰ ਲੋਕ ਬਾਵਾ ਕਹਿ ਕੇ ਬੁਲਾਉਂਦੇ। ਜਦ ਵੀ ਬਾਵਾ ਜੋਗੀ ਆਉਂਦਾ ਤਾਂ ਹਮੇਸ਼ਾ ਗਾਮੇ ਕੋਲ ਹੀ ਠਹਿਰਦਾ। ਸ਼ਹਿਰ ਦੇ ਕਾਫੀ ਲੋਕ ਉਸ ਦੇ ਦਰਸ਼ਨਾਂ ਲਈ ਆਉਂਦੇ। ਇਥੋਂ ਤਕ ਕਿ ਮਹਾਰਾਜਾ ਭੁਪਿੰਦਰ ਸਿੰਘ ਵੀ ਉਸ ਦੇ ਦਰਸ਼ਨਾਂ ਲਈ ਖੁਦ ਚੱਲ ਕੇ ਆਉਂਦਾ ਅਤੇ ਜੋਗੀ ਨੂੰ ਆਪਣੇ ਮਹੱਲ ਵਿਚ ਆਉਣ ਦੀ ਤਾਕੀਦ ਕਰਦਾ ਪਰ ਬਾਵਾ ਜੋਗੀ ਗਾਮੇ ਕੋਲ ਠਹਿਰ ਕੇ ਖੁਸ਼ ਹੁੰਦਾ। ਉਹ ਜੋਗੀ 1945 ਵਿਚ ਪਟਿਆਲੇ ਆਇਆ ਅਤੇ ਆਪਣੇ ਨਾਲ ਦੋ ਸ਼ੇਰ ਵੀ ਨਾਲ ਲੈ ਆਇਆ। ਇਸ ਵਾਰ ਜੋਗੀ ਦਾ ਸ਼ੇਰਾਂ ਨਾਲ ਆਉਣਾ ਆਲੇ-ਦੁਆਲੇ ਦੇ ਲੋਕਾਂ ਲਈ ਖਿੱਚ ਦਾ ਕਾਰਨ ਬਣ ਗਿਆ। ਦੋਵੇਂ ਸ਼ੇਰ ਗਾਮੇ ਦੀ ਵੱਡੀ ਕੋਠੀ ਦੇ ਵੱਡੇ ਕਮਰੇ ਦੀਆਂ ਪਲੰਘਾਂ ਦੀਆਂ ਵਿਛਾਈਆਂ ਉਪਰ ਆਰਾਮ ਕਰ ਰਹੇ ਸਨ। ਜਦੋਂ ਨੂੰ ਗਾਮਾ ਬਾਹਰੋਂ ਆ ਗਿਆ। ਜੋਗੀ ਨੇ ਸ਼ੇਰਾਂ ਨੂੰ ਲਲਕਾਰਾ ਮਾਰਿਆ, "ਇਹ ਵਿਛਾਈਆਂ ਗਾਮੇ ਸ਼ੇਰ ਵਾਸਤੇ ਹਨ, ਤੁਹਾਡੇ ਵਾਸਤੇ ਨਹੀ।" ਇਹ ਸੁਣਦੇ ਹੀ ਦੋਵੇਂ ਸ਼ੇਰ ਥੱਲੇ ਉਤਰ ਆਏ। ਨਾ ਚਾਹੁੰਦਿਆਂ ਵੀ ਗਾਮਾ ਪਲੰਘ ਉਪਰ ਬੈਠ ਗਿਆ। ਦੇਖਦੇ ਹੀ ਦੇਖਦੇ ਦੋਵੇਂ ਸ਼ੇਰ ਗਾਮੇ ਦੀਆਂ ਤਲੀਆਂ ਚੱਟਣ ਲੱਗ ਪਏ।

ਇਕ ਦਿਨ ਜਦੋਂ ਗਾਮਾ ਕਿਸੇ ਕੰਮ ਬਾਹਰ ਚਲਾ ਗਿਆ ਤਾਂ ਬਾਵਾ ਜੀ ਨੇ ਖੇਡ ਰਹੇ ਗਾਮੇ ਦੇ ਪੁੱਤ ਜਲਾਲ ਨੂੰ ਆਵਾਜ਼ ਮਾਰ ਕੇ ਪਹਿਲਾਂ ਉਸ ਨੂੰ ਪਿਆਰ ਦਿੱਤਾ, ਫਿਰ ਦਸ ਰੁਪਏ ਦੇ ਕੇ ਕਹਿਣ ਲੱਗੇ, "ਬੇਟੇ ਜਿਸ ਚੀਜ਼ ਨੂੰ ਦਿਲ ਕਰੇ, ਖਾ ਪੀ ਲਈ।" ਉਸ ਵੇਲੇ ਲਾਗੇ ਹੀ ਗਾਮੇ ਦਾ ਨੌਕਰ ਇਮਾਮਦੀਨ ਤੇਲੀ ਵੀ ਖੜ੍ਹਾ ਸੀ। ਇਸ ਨੂੰ ਜੋਗੀ ਕਹਿਣ ਲੱਗੇ, "ਇਹ ਭੇਤ ਸਿਰਫ ਤੈਨੂੰ ਦੱਸਣ ਲੱਗਾ ਹਾਂ। ਗਾਮੇ ਦੇ ਇਸ ਬੱਚੇ ਜਲਾਲ ਦੀ ਉਮਰ ਸਿਰਫ ਤਿੰਨ ਦਿਨ ਹੋਰ ਹੈ।" ਏਨਾ ਕਹਿ ਕੇ ਬਾਵਾ ਜੋਗੀ ਅਨੰਤਨਾਗ ਵਾਲੇ ਡੇਰੇ ਵੱਲ ਨਿਕਲ ਗਿਆ। ਜਦੋਂ ਗਾਮਾ ਬਾਹਰੋਂ ਆਇਆ ਤਾਂ ਜੋਗੀ ਜਾ ਚੁੱਕਾ ਸੀ। ਗਾਮੇ ਨੇ ਆਪਣੇ ਨੌਕਰ ਨੂੰ ਬੁਰਾ-ਭਲਾ ਕਿਹਾ ਕਿ ਜੋਗੀ ਨੂੰ ਉਸ ਦੇ ਮਿਲੇ ਤੋਂ ਬਿਨਾਂ ਕਿਉਂ ਜਾਣ ਦਿੱਤਾ? ਗਾਮੇ ਦੇ ਆਖਰੀ ਪੁੱਤਰ ਬਾਰੇ ਜਿਹੜੀ ਭਵਿੱਖਬਾਣੀ ਜੋਗੀ ਜੀ ਕਰ ਕੇ ਗਏ ਸਨ, ਗਾਮੇ ਨੂੰ ਦੱਸਣ ਲਈ ਉਸ ਦੇ ਨੌਕਰ ਵਿਚ ਕੋਈ ਤਾਕਤ

( ਬਾਕੀ ਅਗਲੇ ਸਫੇ 'ਤੇ)

# ਸ਼ਹੀਦਾਂ ਦੀ ਧਰਤੀ 'ਤੇ ਹੀ ਰੁਲਦੇ ਨੇ ਸ਼ਹੀਦਾਂ ਦੇ ਸੁਪਨੇ

ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਲੰਘਿਆਂ ਮਹੀਨੇ ਤੋਂ ਵੱਧ ਹੋ ਚੱਲਿਐ, ਸਿੱਟੇ ਵਜੋਂ ਉਸ ਦੀ ਕੁਰਬਾਨੀ ਨੂੰ ਦੁਬਾਰਾ ਚੇਤੇ ਕਰਨ 'ਚ ਗਿਆਰਾਂ ਮਹੀਨਿਆਂ ਤੋਂ ਘੱਟ ਦਾ ਸਮਾਂ ਬਾਕੀ ਰਹਿ ਗਿਐ। ਉਦੋਂ ਸਰਕਾਰ ਕਿਹੜੀ ਪਾਰਟੀ ਦੀ ਹੋਵੇਗੀ ਤੇ ਉਹ ਖਟਕੜ ਕਲਾਂ ਵਿਚ ਕਿਹੜੀਆਂ-ਕਿਹੜੀਆਂ ਛੁਰਲੀਆਂ ਛੱਡੇਗੀ, ਇਹ ਤਾਂ ਪਤਾ ਨਹੀਂ ਪਰ ਇਹ ਗੱਲ ਪੱਕੀ ਏ ਕਿ ਜਿਹੜੀ ਪਾਰਟੀ ਵੀ ਸੱਤਾ ਵਿਚ ਨਾ ਹੋਈ, ਉਹ ਭਗਤ ਸਿੰਘ ਦੀ ਸੋਚ ਵਾਲਾ ਪੰਜਾਬ ਨਾ ਸਿਰਜਿਆ ਜਾਣ ਕਰਕੇ ਦੁੱਖ ਜ਼ਰੂਰ ਮਨਾਵੇਗੀ। ਭਗਤ ਸਿੰਘ ਤੇ ਸਾਥੀਆਂ ਦੇ ਬੁੱਤ ਦੁੱਧ ਨਾਲ ਧੋਤੇ ਜਾਣਗੇ, ਹੁਸੈਨੀਵਾਲਾ ਵਿਚਲੀਆਂ ਮੂਰਤੀਆਂ ਨੂੰ ਵੀ ਇਸ਼ਨਾਨ ਕਰਾਇਆ ਜਾਵੇਗਾ ਤੇ ਉਥੇ ਪੰਜਾਬ ਦੇ ਭਲੇ ਦੀ ਗੱਲ ਕਰਨ ਦੀ ਥਾਂ ਉਰਲੀਆਂ-ਪਰਲੀਆਂ ਮਾਰ ਘਰੋ-ਘਰੀ ਪਰਤ ਲਿਆ ਜਾਵੇਗਾ।

ਇਹ ਸਭ ਹੁੰਦਾ ਰਿਹੈ ਤੇ ਹੁੰਦਾ ਹੀ ਰਹਿਣੈ, ਲੋਕ ਮੂਰਖ ਬਣਦੇ ਰਹੇ ਨੇ ਤੇ ਬਣਦੇ ਹੀ ਰਹਿਣੇ ਨੇ। ਜਾਣਦੇ ਲੋਕ ਵੀ ਸਭ ਕੁੱਝ ਨੇ ਤੇ ਭੁੱਲੇ ਲੀਡਰ ਵੀ ਕੁੱਝ ਨਹੀਂ। ਭਗਤ ਸਿੰਘ ਨੂੰ ਰਾਜਨੀਤੀ ਦਾ 'ਬ੍ਰਾਂਡ ਅੰਬੈਸਡਰ' ਬਣਾਉਣ ਦੀ ਪਿਰਤ ਨਵੀਂ ਨਹੀਂ, ਉਸ ਦੀ ਸੋਚ ਨੂੰ ਮਧੋਲ ਆਪਣਾ ਟੁੱਲ ਲਾਉਣ ਵਾਲੇ ਲੋਕ ਵੀ ਨਵੇਂ ਨਹੀਂ ਤੇ ਨਾ ਹੀ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਬਹਾਨੇ ਸਿਆਸੀ ਕਾਨਫਰੰਸਾਂ ਵਿਚ ਪਹੁੰਚਣ ਵਾਲਿਆਂ ਨੂੰ ਖਿਚੜੀਨੁਮਾ ਗੱਲਾਂ ਸੁਣਾ ਤਾੜੀਆਂ ਬਟੋਰਨ ਦਾ ਸਿਲਸਿਲਾ ਨਵਾਂ ਹੈ।

ਜਿਉਂ-ਜਿਉਂ ਭਗਤ ਸਿੰਘ ਦੀ ਵਿਚਾਰਧਾਰਾ ਲੋਕਾਂ ਦੇ ਸਿਰਾਂ 'ਚੋਂ ਨਿਕਲ ਕੇ ਗੱਡੀਆਂ ਪਿਛਲੇ ਸ਼ੀਸ਼ਿਆਂ ਤੱਕ ਪਹੁੰਚੀ ਏ, ਤਿਉਂ-ਤਿਉਂ ਉਸ ਦੀ ਟੋਪੀ ਅਤੇ ਕੁੰਢੀ ਮੁੱਛ ਦੀ ਗੱਲ ਤਾਂ ਛਿੜਦੀ ਰਹਿੰਦੀ ਏ, ਉਸ ਮਹਾਨ ਸ਼ਹੀਦ ਦੀ ਕੁਰਬਾਨੀ ਨੂੰ ਦਿਲੋਂ ਬਹੁਤ ਘੱਟ ਚੇਤੇ ਕੀਤਾ ਗਿਐ। ਜਦੋਂ ਕਦੇ ਯਾਦ ਕਰਨ ਦੀ ਗੱਲ ਛਿੜੀ, ਉਸ ਨੂੰ ਸਿਰਫ਼ ਮੋਹਰੇ ਵਜੋਂ ਵਰਤਿਆ ਗਿਆ ਪਰ 'ਪਰਨਾਲਾ ਉਥੇ ਦਾ ਉਥੇ' ਰਿਹਾ।

ਇੱਕ ਪਾਸੇ ਸ਼ਹੀਦਾਂ ਦੀ ਸੋਚ ਨੂੰ ਆਪਣੇ ਢੰਗ ਨਾਲ ਵਰਤਣ ਦੀਆਂ ਸਾਜਿਸ਼ਾਂ ਜਾਰੀ ਨੇ ਤੇ ਦੂਜੇ ਪਾਸੇ ਉਨ੍ਹਾਂ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਵੱਲ ਪਿੱਠ ਕਰ ਖੜੋਣ ਦੀ ਪਰੰਪਰਾ ਵੀ ਲੰਮੇ ਸਮੇਂ ਤੋਂ ਤੁਰੀ ਆ ਰਹੀ ਏ। ਭਗਤ ਸਿੰਘ ਨੂੰ ਜਨਮ ਦਿਵਸ ਤੇ ਸ਼ਹੀਦੀ ਦਿਹਾੜੇ ਮੌਕੇ ਹੁਸੈਨੀਵਾਲਾ 'ਚ ਫੁੱਲਾਂ ਨਾਲ ਲੱਦਣ ਵਾਲੇ ਲੀਡਰਾਂ 'ਚੋਂ ਬਹੁਤਿਆਂ ਨੂੰ ਨਹੀਂ ਪਤਾ ਕਿ ਵੰਡ ਤੋਂ ਬਾਅਦ ਪਾਕਿਸਤਾਨ ਤੋਂ ਉਜੜ ਕੇ ਫ਼ਿਰੋਜ਼ਪੁਰ 'ਚ ਵਸਣ ਵਾਲਾ ਸੌ ਸਾਲਾ ਬਜ਼ੁਰਗ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਅਜਿਹਾ ਆਖਰੀ ਸਾਥੀ ਏ, ਜਿਹੜਾ ਉਨ੍ਹਾਂ ਦੀਆਂ ਅਣਗਿਣਤ ਯਾਦਾਂ ਨੂੰ ਸੰਭਾਲੀ ਬੈਠੈ। ਉਹ ਦੱਸਦੈ ਕਿ ਭਗਤ ਸਿੰਘ ਨਾਲ ਉਸ ਦੀ ਏਨੀ ਗੂੜ੍ਹੀ ਯਾਰੀ ਸੀ ਕਿ ਉਨ੍ਹਾਂ ਨੂੰ ਰੋਟੀ ਖੁਆ ਕੇ ਉਹ ਉਨ੍ਹਾਂ ਦੇ ਭਾਂਡੇ ਵੀ ਮਾਂਜਦਾ ਸੀ ਤੇ ਜਦੋਂ ਕਦੇ ਗੋਰੇ ਸਿਪਾਹੀਆਂ ਨੂੰ ਪਤਾ ਲੱਗਦਾ ਕਿ ਇਨਕਲਾਬੀ ਉਹਦੇ ਘਰ ਰਹਿ ਕੇ ਗਏ ਤਾਂ ਉਹਦੀ ਚਮੜੀ ਰੂਹ ਨਾਲ ਉਧੇੜੀ ਜਾਂਦੀ। ਉਹਨੇ ਸਾਰੀ ਉਮਰ ਗੁਰਬਤ ਵਿਚ ਕੱਢੀ ਤੇ ਸ਼ਾਇਦ ਉਹ ਤੁਰ ਵੀ ਗੁਰਬਤ ਵਿਚ ਹੀ ਜਾਵੇਗਾ ਪਰ ਪਾਰਟੀ ਟਿਕਟਾਂ ਵੇਚਣ ਤੇ ਕਰੋੜਾਂ ਰੁਪਏ ਖਰਚ ਕਰਕੇ ਵੋਟਾਂ ਖਰੀਦਣ ਵਾਲੇ ਕਿਸੇ ਵੀ ਦਲ ਨੇ ਇਹ ਫ਼ਰਜ਼ ਨਹੀਂ ਸਮਝਿਆ ਕਿ ਫਿਰੋਜ਼ਪੁਰ ਜਾ ਉਸ ਬਿਰਧ ਦਾ ਹਾਲ ਹੀ ਪੁੱਛ ਆਈਏ।

ਸ਼ਹੀਦ ਊਧਮ ਸਿੰਘ ਦੀ ਘਾਲਣਾ ਨੂੰ ਭਗਤ ਸਿੰਘ ਤੇ ਸਾਥੀਆਂ ਦੀ ਘਾਲਣਾ ਜਿੰਨਾ ਚੇਤੇ ਕਰਨਾ ਸਰਕਾਰਾਂ ਨੂੰ ਮੁਨਾਫ਼ੇ ਦਾ ਸੌਦਾ ਨਹੀਂ ਜਾਪਦਾ। ਹਾਂ, ਰਸਮ ਨਿਭਾਉਣ ਲਈ ਸੁਨਾਮ ਜਾ ਉਹਨੂੰ ਯਾਦ ਕਰਨਾ ਸਾਡੇ ਸੁਭਾਅ ਵਿਚ ਸ਼ਾਮਲ ਏ। ਉਥੇ ਗੱਲਾਂ ਹੁੰਦੀਆਂ ਨੇ ਕਿ ਸਮਾਜਿਕ ਨਾ ਬਰਾਬਰੀ ਦੀ ਜੜ੍ਹ ਪੁੱਟਣ ਤੇ ਗਰਕਦੀ ਜਵਾਨੀ ਨੂੰ ਸਿੱਧੇ ਰਾਹ ਪਾਉਣ ਲਈ ਸਰਕਾਰਾਂ ਬਥੇਰੇ ਕਦਮ ਚੁੱਕ ਰਹੀਆਂ ਨੇ। ਪਰ ਪਿਛਲੇ ਦਿਨੀਂ ਜਿਹੜੀਆਂ ਖ਼ਬਰਾਂ ਛਪੀਆਂ ਕਿ ਊਧਮ ਸਿੰਘ ਦੀ ਭੈਣ ਦੇ ਪੋਤਾ-ਪੋਤੀ ਦੋ ਡੰਗ ਦੀ ਰੋਟੀ ਲਈ ਕਿਵੇਂ ਮਾਰੇ-ਮਾਰੇ ਫਿਰਦੇ ਨੇ, ਉਨ੍ਹਾਂ ਨੂੰ ਪੜ੍ਹ ਕਿਸੇ ਲੀਡਰ ਨੂੰ ਸ਼ਰਮ ਆਈ ਹੋਵੇਗੀ, ਇਸ ਗੱਲ ਦੀ ਭੋਰਾ ਵੀ ਉਮੀਦ ਨਹੀਂ।

ਊਧਮ ਸਿੰਘ ਦੀ ਭੈਣ ਦਾ ਪੋਤਾ ਜੀਤ ਸਿੰਘ ਇੱਕ ਭੱਠੇ 'ਤੇ ਮਜਦੂਰੀ ਕਰਦੈ ਤੇ ਉਹਦੀ ਭੈਣ ਸੱਤਿਆ ਦੇਵੀ ਲੋਕਾਂ ਦੇ ਘਰਾਂ ਵਿਚ ਭਾਂਡੇ ਮਾਂਜਦੀ ਏ। ਸ਼ਹੀਦਾਂ ਦੇ ਵਾਰਿਸਾਂ ਦਾ ਇਹ ਹਾਲ ਉਸ ਸੂਬੇ ਵਿਚ ਹੋ ਰਿਹੈ, ਜਿੱਥੇ ਰਾਜ ਕਰਨ ਵਾਲੀ ਹਰ ਸਰਕਾਰ ਆਖਦੀ ਹੈ ਕਿ ਸ਼ਹੀਦਾਂ ਦੇ ਸੁਪਨੇ ਪੂਰੇ ਹੋਣ ਵਿਚ ਬਹੁਤੀ ਦੇਰ ਨਹੀਂ ਲੱਗੇਗੀ। ਜਾਣ ਵਾਲਿਆਂ ਦੇ ਸੁਪਨੇ ਕਾਹਦੇ ਪੂਰੇ ਹੋਣ ਸਨ, ਉਨ੍ਹਾਂ ਦੇ ਵਾਰਿਸਾਂ ਦੇ ਖੁੱਲ੍ਹੀਆਂ ਅੱਖਾਂ ਵਾਲੇ ਸੁਪਨੇ ਜਿਊਂਦੇ ਜੀਅ ਪੂਰੇ ਹੋਣਗੇ, ਏਸ ਗੱਲ ਦੀ ਵੀ ਕਿਸੇ ਨੂੰ ਭੋਰਾ ਉਮੀਦ ਨਹੀਂ।

ਏਸ ਵਾਰ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸ਼ਹੀਦ ਸੁਖਦੇਵ ਦੇ ਪਰਿਵਾਰ ਦਾ ਦੁੱਖੜਾ ਜਿਹੜੇ ਢੰਗ ਨਾਲ ਸਾਹਮਣੇ ਆਇਆ, ਪਹਿਲਾਂ ਕਦੇ ਨਹੀਂ ਸੀ ਆਇਆ। ਇੱਕ ਪਾਸੇ ਮਨਪ੍ਰੀਤ ਸਿੰਘ ਬਾਦਲ ਵੱਲੋਂ ਸ਼ਹੀਦ ਸੁਖਦੇਵ ਦੇ ਭਤੀਜੇ ਨੂੰ ਪਾਰਟੀ ਟਿਕਟ ਦਿੱਤੀ ਜਾ ਰਹੀ ਸੀ ਤੇ ਦੂਜੇ ਪਾਸੇ ਅਖ਼ਬਾਰਾਂ ਨੇ ਥਾਂ ਮੱਲੀ ਸੀ ਕਿ ਸ਼ਹੀਦ ਦੇ ਡਿੱਗੂੰ-ਡਿੱਗੂੰ ਕਰਦੇ ਜੱਦੀ ਘਰ ਨੂੰ ਕਿਸੇ ਨੇ ਪੱਕਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਸਰਕਾਰਾਂ ਆਉਂਦੀਆਂ ਤੇ ਚਲੀਆਂ ਜਾਂਦੀਆਂ ਨੇ ਪਰ ਭੀੜੀ ਗਲੀ ਵਿਚ ਮੌਜੂਦ ਉਸ ਦੇ ਘਰ ਵੱਲ ਕਿਉਂਕਿ ਹੂਟਰ ਵਾਲੀਆਂ ਗੱਡੀਆਂ ਨਹੀਂ ਮੁੜ ਸਕਦੀਆਂ, ਏਸ ਕਰਕੇ ਉਧਰ ਜਾਣ ਦੀ ਕੋਸ਼ਿਸ਼ ਕਰਨੀ ਬੇਕਾਰ ਸਮਝੀ ਜਾਂਦੀ ਏ। ਸ਼ਹੀਦ ਸੁਖਦੇਵ ਦੇ ਨਾਂ 'ਤੇ ਬਣੇ ਟਰੱਸਟ ਦੇ ਮੈਂਬਰਾਂ ਨੇ ਆਖਿਆ ਕਿ ਦੁੱਧ ਨਾਲ ਮੂਰਤੀਆਂ ਧੋਣ ਦੀ ਥਾਂ ਜੇ ਸ਼ਹੀਦ ਦੀ ਯਾਦਗਾਰ ਨੂੰ ਸੰਭਾਲ ਲਿਆ ਜਾਵੇ ਤਾਂ ਜ਼ਿਆਦਾ ਵਧੀਆ ਹੋਵੇ।

ਹੈਰਾਨੀ ਦੀ ਗੱਲ ਹੈ ਕਿ ਸਰਕਾਰਾਂ ਦੀਆਂ ਚਾਲਾਂ ਤੋਂ ਦੁਖੀ ਲੋਕਾਂ ਨੂੰ ਭੇਡਾਂ ਵਾਂਗ ਟਰੱਕਾਂ 'ਚ ਤੂੜ ਕੇ ਸਿਆਸੀ ਅਖਾੜਿਆਂ ਵੱਲ ਲਿਜਾਇਆ ਜਾਂਦੈ ਤੇ ਅਗਲੇ ਦਿਨ ਫੋਟੋਆਂ ਦੇ ਰੂਪ 'ਚ ਇਸ਼ਤਿਹਾਰ ਲਵਾਏ ਜਾਂਦੇ ਨੇ ਕਿ ਏਨੇ ਏਕੜ ਦਾ ਪੰਡਾਲ ਭਰ ਗਿਆ। ਪੰਡਾਲ ਭਰਨ ਦਾ ਸੂਬੇ ਨੂੰ ਕੀ ਫ਼ਾਇਦਾ ਹੋਇਆ, ਇਹਦੇ ਵੱਲ ਧਿਆਨ ਦੇਣ ਦੀ ਥਾਂ ਅਗਲੇ ਦਿਨ ਛਪਣ ਵਾਲੇ ਬਿਆਨ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦੈ। ਹੁਣ ਤਾਂ ਦੋ ਕਦਮ ਅਗਲੀ ਗੱਲ ਸ਼ੁਰੂ ਹੋ ਗਈ ਏ ਕਿ ਜਿਹੜੀ ਪਾਰਟੀ ਦਾ ਪੰਡਾਲ ਵਿਰੋਧੀਆਂ ਮੁਕਾਬਲੇ ਸੁੰਨਾ ਰਹਿ ਜਾਂਦੈ, ਉਹਦੇ ਕਾਰਨ ਲੱਭੇ ਜਾਂਦੇ ਨੇ, ਵਿਭਾਗੀ ਅਧਿਕਾਰੀਆਂ ਨੂੰ ਵਿਰੋਧੀਆਂ ਦੇ ਪੰਡਾਲ ਦੀ ਮਿਣਤੀ ਕਰਨ ਦੇ ਫ਼ੁਰਮਾਨ ਜਾਰੀ ਹੁੰਦੇ ਨੇ ਕਿ ਕਿੰਨੇ ਏਕੜ ਵਿਚ ਟੈਂਟ ਲੱਗਾ ਸੀ ਤੇ ਸੱਚ ਮੁੱਚ ਉਥੇ ਕਿੰਨੇ ਕੁ ਲੋਕ ਬੈਠ ਸਕੇ ਹੋਣਗੇ।

ਸ਼ਹੀਦਾਂ ਦੇ ਸੁਪਨਿਆਂ 'ਤੇ ਪਹਿਰਾ ਦੇਣ ਦੀ ਕਿੰਨੀ ਕੁ ਉਚੇਚ ਕੀਤੀ ਜਾਂਦੀ ਏ, ਇਸ ਦਾ ਅੰਦਾਜ਼ਾ ਏਥੋਂ ਵੀ ਲੱਗ ਜਾਂਦੈ ਕਿ ਇਸ ਵਾਰ ਵਿਸਾਖੀ ਵਾਲੇ ਦਿਨ ਸਾਰੇ ਮੰਤਰੀ-ਸੰਤਰੀ ਤੇ ਅਫ਼ਸਰਸ਼ਾਹੀ ਤਲਵੰਡੀ ਸਾਬੋ ਵਾਲੀਆਂ ਕਾਨਫਰੰਸਾਂ ਵਿਚ ਹਾਜ਼ਰ ਰਹੇ ਪਰ ਜਲਿਆਂ ਵਾਲੇ ਬਾਗ 'ਚ ਜਾ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਦਾ ਵਕਤ ਕਿਸੇ ਕੋਲੋਂ ਨਹੀਂ ਨਿਕਲਿਆ। ਨਿਕਲਦਾ ਵੀ ਕਿਵੇਂ, ਉਥੇ ਲੋਕਾਂ ਨੂੰ ਸਬਜ਼ਬਾਗ ਨਹੀਂ ਸੀ ਦਿਖਾਏ ਜਾ ਸਕਣੇ।

ਲੋਕ ਦੇਖਦੇ ਵੀ ਸਭ ਕੁੱਝ ਨੇ ਤੇ ਹੰਢਾਉਂਦੇ ਵੀ ਸਭ ਕੁੱਝ ਪਰ ਆਖਰੀ ਮਹੀਨਿਆਂ 'ਚ ਜਦੋਂ ਧਰਮਸ਼ਾਲਾਵਾਂ, ਸੜਕਾਂ, ਨਾਲੀਆਂ ਤੇ ਸ਼ਮਸ਼ਾਨਘਾਟਾਂ ਨੂੰ ਸੰਵਾਰਨ ਲਈ ਗ੍ਰਾਂਟ ਦਾ ਚੈਕ ਆਉਂਦੈ, ਉਦੋਂ ਸਭ ਕੁੱਝ ਭੁੱਲ ਜਾਂਦੈ। ਜਦੋਂ ਪਿੰਡਾਂ-ਸ਼ਹਿਰਾਂ 'ਚ ਨਸ਼ਿਆਂ ਦਾ ਲੰਗਰ ਲੱਗਦੈ ਤਾਂ ਲੋਕਾਂ ਨੂੰ ਪੰਜ ਸਾਲ ਹੰਢਾਈ ਪੀੜ ਭੁੱਲ ਜਾਂਦੀ ਏ। ਅੱਧੇ ਕੁ ਲੋਕ ਚਿੱਟੀਆਂ ਵੱਲ ਹੋ ਜਾਂਦੇ ਨੇ ਤੇ ਅੱਧੇ ਨੀਲੀਆਂ ਵੱਲ। ਇੱਕ ਦਿਨ ਦੀ ਮੌਜ ਅੱਗੇ ਲੰਘੇ ਦਿਨਾਂ ਦੀ ਪੀੜ ਭੁੱਲਣ ਵਾਲੇ ਕਈ ਅੱਧਾ ਦਿਨ ਵੋਟ ਨਹੀਂ ਪਾਉਣ ਜਾਂਦੇ ਕਿ ਜਿਹੜਾ ਪੰਜ ਸੌ ਦੇਵੇਗਾ, ਉਹਦੇ ਨਿਸ਼ਾਨ 'ਤੇ ਠੱਪਾ ਲਾ ਛੱਡਾਂਗੇ। ਲੋਕਾਂ ਦੀ ਏਸ ਸੋਚ ਦੀ ਲੀਡਰਾਂ ਚੰਗੀ ਥਹੁ ਪਾ ਲਈ ਏ, ਏਸੇ ਕਰਕੇ ਉਨ੍ਹਾਂ ਵੱਲੋਂ ਸ਼ਹੀਦਾਂ ਦੀ ਧਰਤੀ ਦੇ ਵਸਨੀਕਾਂ ਦੀਆਂ ਤਕਲੀਫ਼ਾਂ ਸਮਝਣ ਦੀ ਥਾਂ ਉਨ੍ਹਾਂ ਨਾਲ ਭੇਡਾਂ-ਬੱਕਰੀਆਂ ਵਾਲਾ ਸਲੂਕ ਕੀਤਾ ਜਾਂਦੈ।

ਵਕਤ-ਬੇਵਕਤ ਸ਼ਹੀਦਾਂ ਨੂੰ ਅਵਾ-ਤਵਾ ਬੋਲਣ ਵਾਲਿਆਂ ਦੀ ਬਿਆਨਾਂ ਜ਼ਰੀਏ ਟੋਕਾ ਟਾਕੀ ਹੁੰਦੀ ਰਹਿੰਦੀ ਏ ਤੇ ਉਨ੍ਹਾਂ ਦੇ ਨਾਂਵਾਂ 'ਤੇ ਜ਼ਿਲ੍ਹਿਆਂ ਦੇ ਨਾਂ ਰੱਖਣ ਦੀ ਚਰਚਾ ਵੀ ਛਿੜਦੀ ਰਹਿੰਦੀ ਏ। ਜਦੋਂ ਸ਼ਹੀਦਾਂ ਦੇ ਨਗਰਾਂ ਵਿਚ ਵੀ ਨਸ਼ਿਆਂ ਬਦਲੇ ਵੋਟਾਂ ਖਰੀਦਣ ਤੇ ਗ਼ਰੀਬਾਂ ਨੂੰ ਅਪਮਾਨਤ ਕਰਨ ਦੀਆਂ ਚਾਲਾਂ ਚੱਲਣੀਆਂ ਨੇ ਤਾਂ ਸ਼ਹੀਦਾਂ ਦੇ ਨਾਂਵਾਂ ਨੂੰ ਨਗਰਾਂ ਨਾਲ ਜੋੜ ਕੇ ਮੈਲੇ ਕਰਨ ਦੀ ਕੋਸ਼ਿਸ਼ ਨਾ ਹੀ ਕੀਤੀ ਜਾਵੇ ਤਾਂ ਚੰਗਾ।

ਓਨੀ ਲੋੜ ਸ਼ਹੀਦਾਂ ਦੇ ਨਗਰਾਂ ਵਿਚ ਜਾ ਕੇ ਮੋਮਬੱਤੀਆਂ ਜਗਾਉਣ ਦੀ ਨਹੀਂ, ਜਿੰਨੀ ਹਨੇਰ ਭਰੇ ਮਨਾਂ ਅੰਦਰ ਜਗਾਉਣ ਦੀ ਹੈ। ਸ਼ਹੀਦਾਂ ਨੇ ਗੋਰੀ ਹਕੂਮਤ ਖਿਲਾਫ਼ ਬਗਾਵਤ ਦਾ ਝੰਡਾ ਚੁੱਕਿਆ ਸੀ ਪਰ ਅਸੀਂ ਆਪਣੇ ਰੰਗ ਵਾਲੀ ਚਮੜੀ ਵਾਲਿਆਂ ਦੀ ਚਾਕਰੀ ਕਰਦੇ ਹਾਂ। ਜਦੋਂ ਤੱਕ ਸਾਡਾ ਖ਼ੂਨ ਏਦਾਂ ਹੀ ਠੰਢਾ ਪਿਆ ਰਹੇਗਾ, ਓਨਾ ਚਿਰ ਸਿਰਫ਼ ਦੋ ਦਿਨ ਹੀ ਸ਼ਹੀਦਾਂ ਨੂੰ ਚੇਤੇ ਕੀਤਾ ਜਾਇਆ ਕਰੇਗਾ-ਇੱਕ ਜਨਮ ਦਿਨ ਮੌਕੇ ਤੇ ਦੂਜਾ ਸ਼ਹੀਦੀ ਦਿਹਾੜੇ ਮੌਕੇ।



## ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ:91-98141-78883

## ਚੱਲਦੇ-ਚੱਲਦੇ

ਸ਼ਹੀਦ ਭਗਤ ਸਿੰਘ ਦੇ ਜਨਮ ਤੇ ਸ਼ਹੀਦੀ ਦਿਹਾੜੇ ਮੌਕੇ ਨੌਜਵਾਨਾਂ ਦਾ ਖ਼ੂਨ ਖੌਲਦੈ ਕਿ ਸਰਕਾਰਾਂ ਨੇ ਸੂਬੇ ਦਾ ਬੇੜਾ ਗਰਕ ਕਰ ਛੱਡਿਐ। ਪਰ ਅਗਲੇ ਦਿਨ ਖ਼ੂਨ ਦੀ ਗਰਮੀ ਆਪੋ-ਆਪਣੇ ਕੰਮ ਧੰਦਿਆਂ ਕਾਰਨ ਠੰਢੀ ਪੈਣੀ ਸ਼ੁਰੂ ਹੋ ਜਾਂਦੀ ਏ। ਇਹ ਗੱਲ ਭਾਵੇਂ ਸਾਰੇ ਜਾਣਦੇ ਨੇ ਕਿ ਸ਼ਹੀਦਾਂ ਨੇ ਸਮਾਜਿਕ ਨਾ ਬਰਾਬਰੀ, ਭ੍ਰਿਸ਼ਟਾਚਾਰ ਤੇ ਗ਼ਰੀਬੀ ਖਿਲਾਫ਼ ਝੰਡਾ ਚੁੱਕਿਆ ਸੀ, ਉਨ੍ਹਾਂ ਦੀ ਇੱਛਾ ਸੀ ਕਿ ਇਹੋ ਜਿਹਾ ਸਮਾਜ ਸਿਰਜਿਆ ਜਾਵੇ, ਜਿਥੇ ਕੋਈ ਵੱਡਾ-ਛੋਟਾ, ਅਮੀਰ-ਗ਼ਰੀਬ ਨਾ ਹੋਵੇ। ਪਰ ਇਹ ਜਾਨਣ ਦੇ ਬਾਵਜੂਦ ਕਿ 64 ਸਾਲਾਂ ਵਿਚ ਕੱਖ ਨਹੀਂ ਹੋਇਆ, ਅਸੀਂ ਇਸ ਸਭ ਲਈ ਜ਼ਿੰਮੇਵਾਰਾਂ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਣ 'ਚ ਕਦੇ ਸਫ਼ਲ ਨਹੀਂ ਹੋਏ।

ਤਸਵੀਰ ਨੂੰ ਗੌਰ ਨਾਲ ਦੇਖਿਆਂ ਕਿੰਨਾ ਕੁੱਝ ਸਾਹਮਣੇ ਆ ਖਲੋਂਦੈ। ਭਗਤ ਸਿੰਘ ਨਾਲ ਜੁੜੇ ਦਿਹਾੜਿਆਂ ਨੂੰ ਲੀਡਰ ਇੱਕ-ਦੂਜੇ 'ਤੇ ਚਿੱਕੜ ਸੁੱਟਣ ਲਈ ਮਨਾਉਂਦੇ ਨੇ, ਆਪਣੇ ਰਾਜ 'ਚ ਸੂਬੇ ਦੀ ਤਰੱਕੀ ਸਿਖਰ 'ਤੇ ਪਹੁੰਚਣ ਦਾ ਦਾਅਵਾ ਕਰਦੇ ਨੇ, ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਦੀ ਗਿਣਤੀ ਘਟਣ ਦੀ ਗੱਲ ਕਰਦੇ ਨੇ, ਉਦੋਂ ਜੁੱਤੀਆਂ ਪਾਲਸ਼ ਕਰਨ ਵਾਲਾ ਇਹ ਸ਼ਖ਼ਸ ਲੀਡਰਾਂ ਅਤੇ ਵੋਟਰਾਂ ਨੂੰ ਸ਼ਰਮਸਾਰ ਕਰਨ ਲਈ ਕਾਫੀ ਹੈ।

'ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ ਬੂਟ ਪਾਲਿਸ਼ ਮੁਫ਼ਤ' ਲਿਖ ਇਸ ਸ਼ਖ਼ਸ ਨੇ ਸਾਡੇ ਸਭਨਾਂ ਲਈ ਲੱਖ ਸਵਾਲ ਖੜ੍ਹੇ ਕਰ ਦਿੱਤੇ ਨੇ ਕਿ ਉਹ ਆਪਣੀ ਰੋਟੀ ਦੇ ਸਾਧਨ ਨੂੰ ਇੱਕ ਦਿਨ ਲੋਕ ਸੇਵਾ ਦੇ ਨਾਂ ਲਾ ਦੇਵੇਗਾ, ਤੇ ਦੂਜੇ ਪਾਸੇ ਇਹ ਫੋਟੋ ਉਨ੍ਹਾਂ ਲੀਡਰਾਂ ਦੇ ਮੂੰਹ ਦੇ ਚਪੇੜ ਹੈ, ਜਿਹੜੇ ਆਖਦੇ ਨੇ ਕਿ ਭਗਤ ਸਿੰਘ ਨੂੰ ਚੇਤੇ ਕਰਨਾ ਸਿਰਫ਼ ਉਨ੍ਹਾਂ ਦੇ ਹੀ ਹਿੱਸੇ ਆਇਆ ਹੈ। ਸ਼ਰਧਾ ਪ੍ਰਗਟ ਕਰਨ ਦਾ ਢੰਗ ਆਪੋ-ਆਪਣਾ ਏ ਤੇ ਜੁੱਤੀਆਂ ਪਾਲਿਸ਼ ਕਰਨ ਵਾਲੇ ਇਸ ਸੱਜਣ ਦੀ ਸ਼ਰਧਾ ਤੋਂ ਉਸ ਦੇ ਮਨ ਅੰਦਰਲੇ ਵਲਵਲਿਆਂ ਦਾ ਪ੍ਰਗਟਾਵਾ ਆਪਣੇ ਆਪ ਹੋ ਜਾਂਦਾ ਹੈ।




## ਗਾਮਾ ਪਹਿਲਵਾਨ

ਨਹੀਂ ਸੀ। ਆਖਰ ਉਹੀ ਗੱਲ ਹੋਈ। ਜਲਾਲ ਦੇਖਦੇ ਹੀ ਦੇਖਦੇ ਬਿਮਾਰ ਹੋ ਗਿਆ। ਉਸ ਦੀ ਤਬੀਅਤ ਸੁਧਰਨ ਦੀ ਬਜਾਏ ਵਿਗੜਦੀ ਗਈ। ਸ਼ਾਮ ਨੂੰ ਸੂਰਜ ਡੁੱਬਿਆ ਤਾਂ ਥੋੜ੍ਹੀ ਦੇਰ ਬਾਅਦ ਗਾਮੇ ਦੇ ਆਖਰੀ ਚਿਰਾਗ ਜਲਾਲ ਦੇ ਸਵਾਸਾਂ ਦੀ ਲੜੀ ਟੁੱਟ ਗਈ।

ਆਪਣੇ ਆਖਰੀ ਪੁੱਤਰ ਦੀ ਮੌਤ ਤੋਂ ਬਾਅਦ ਗਾਮਾ ਬਿਮਾਰਾਂ ਵਾਂਗ ਚੁਪਚਾਪ ਅਤੇ ਗੁੰਮ-ਸੁੰਮ ਰਹਿਣ ਲੱਗ ਪਿਆ। ਜਲਾਲ ਦੀ ਮੌਤ ਤੋਂ ਬਾਅਦ ਗਾਮੇ ਦੀ ਘਰਵਾਲੀ ਵੀ ਵਾਪਸ ਲਾਹੌਰ ਜਾਣਾ ਚਾਹੁੰਦੀ ਸੀ। 1947 ਦੀ ਵੰਡ ਤੋਂ ਬਾਅਦ ਗਾਮਾ ਆਪਣੇ ਪਰਿਵਾਰ ਅਤੇ ਭਾਈ ਇਮਾਮ ਬਖ਼ਸ਼ ਨਾਲ ਪਟਿਆਲਾ ਛੱਡ ਕੇ ਲਾਹੌਰ ਪੁੱਜ ਗਿਆ। ਚਾਰ ਸਾਲ ਲਾਹੌਰ ਰਹਿਣ ਮਗਰੋਂ 1951 ਵਿਚ ਗਾਮਾ ਕਰਾਚੀ ਚਲਾ ਗਿਆ। ਕਰਾਚੀ ਆ ਕੇ 'ਗਾਮਾ ਟਰਾਂਸਪੋਰਟ' ਚਲਾਈ। ਗਾਮੇ ਨੂੰ ਕਰਾਚੀ ਦੀ ਹਵਾ ਠੀਕ ਨਾ ਬੈਠੀ ਅਤੇ 1953 ਵਿਚ ਉਹ ਮੁੜ ਲਾਹੌਰ ਆ ਗਿਆ। ਗਾਮੇ ਨੂੰ ਪੰਜਾਬ ਹਕੂਮਤ ਨੇ ਦੋ ਮੁਰੱਬਾ ਜ਼ਮੀਨ ਬਤੌਰ ਗੁਜ਼ਾਰਾ ਦੇਣ ਦਾ ਫੈਸਲਾ ਕੀਤਾ ਜੋ ਜ਼ਿਲ੍ਹਾ ਸੇਖੂਪੁਰਾ ਵਿਚ ਅਲਾਟ ਹੋਈ।

1955 ਵਿਚ ਗਾਮੇ ਨੂੰ ਦਿਲ ਦਾ ਦੌਰਾ ਪਿਆ। ਡਾਕਟਰਾਂ ਨੇ ਉਸ ਨੂੰ ਨਾ ਬਹੁਤਾ ਬੋਲਣ ਅਤੇ ਨਾ ਫਿਰਨ-ਤੁਰਨ ਦੀ ਸਲਾਹ ਦਿੱਤੀ। ਵਰਜਿਸ਼ ਕਰਨ 'ਤੇ ਵੀ ਰੋਕ ਲਗਾ ਦਿੱਤੀ। ਇਸ ਤੋਂ ਬਾਅਦ ਗਾਮੇ ਨੂੰ ਦਿਲ ਦੇ ਤਿੰਨ ਦੌਰੇ ਪਏ ਅਤੇ ਉਹ ਹਮੇਸ਼ਾ ਲਈ ਮੰਜੇ 'ਤੇ ਪੈ ਗਿਆ। ਗਾਮੇ ਦੀ ਸਿਹਤ ਦਿਨੋ-ਦਿਨ ਵਿਗੜਦੀ ਗਈ। ਉਸ ਵੇਲੇ ਦੀ ਪਾਕਿਸਤਾਨੀ ਹਕੂਮਤ ਨੇ ਗਾਮੇ ਦੀ ਮਾਲੀ ਮਦਦ ਕਰਨ ਦਾ ਵਾਅਦਾ ਕੀਤਾ। ਗਾਮੇ ਦੀ ਪਹਿਲੀ ਘਰ ਵਾਲੀ ਦੇ ਕੋਈ ਔਲਾਦ ਨਹੀਂ ਸੀ। ਦੂਜੀ ਘਰਵਾਲੀ ਦੇ ਪੰਜ ਲੜਕੇ ਅਤੇ ਚਾਰ ਲੜਕੀਆਂ ਪੈਦਾ ਹੋਈਆਂ। ਹੌਲੀ-ਹੌਲੀ ਕਰਕੇ ਸਾਰੇ ਅੱਲ੍ਹਾ ਨੂੰ ਪਿਆਰੇ ਹੋ ਗਏ। ਆਖਰੀ ਪੁੱਤਰ ਜਲਾਲ ਨੂੰ ਉਹ ਨਾਮੀ ਪਹਿਲਵਾਨ ਬਣਾਉਣਾ ਚਾਹੁੰਦਾ ਸੀ। ਬਦਕਿਸਮਤੀ ਨਾਲ ਉਹ 1932 ਵਿਚ ਪੈਦਾ ਹੋ ਕੇ 13 ਸਾਲ ਦੀ ਹਲਕੀ ਉਮਰੇ 1945 ਨੂੰ ਲੋਪ ਹੋ ਗਿਆ। ਇਨ੍ਹਾਂ ਸੱਟਾਂ ਕਰਕੇ ਗਾਮਾ ਕਈ ਬੀਮਾਰੀਆਂ ਦਾ ਮਰੀਜ਼ ਬਣ ਕੇ 6 ਸਾਲ ਬਲੱਡ ਪ੍ਰੈਸ਼ਰ ਨਾਲ ਮੰਜੇ 'ਤੇ ਪਿਆ ਰਿਹਾ।

19 ਤੋਂ 66 ਸਾਲ ਦੀ ਉਮਰ ਤਕ ਅਣਗਿਣਤ ਕੁਸ਼ਤੀਆਂ ਕਰਨ ਵਾਲੇ ਗਾਮੇ ਦੀ ਆਖਰੀ ਜ਼ਿੰਦਗੀ ਬਹੁਤ ਦੁਖਦਾਈ ਰਹੀ। ਪਹਿਲਵਾਨੀ ਦਾ ਇਤਿਹਾਸ ਰਚਣ ਵਾਲਾ ਲੋਹਪੁਰਸ਼ ਗਾਮਾ ਆਖਰੀ ਸਟੇਜ 'ਤੇ ਆਪਣੇ ਮੂੰਹ ਤੋਂ ਮੱਖੀਆਂ ਵੀ ਨਹੀਂ ਸੀ ਉਡਾ ਸਕਦਾ। ਭਰਾ ਇਮਾਮ ਬਖ਼ਸ਼ ਦੇ ਲੜਕੇ-ਲੜਕੀਆਂ ਇਸ ਨੂੰ ਚੁੱਕਦੇ-ਥੱਲਦੇ। ਇਲਾਜ ਕਰਾਉਣ ਲਈ ਗਾਮੇ ਨੇ ਆਪਣੀਆਂ 6 ਗੁਰਜਾਂ ਵੇਚ ਦਿੱਤੀਆਂ। ਸੇਠ ਬਿਰਲਾ ਨੇ ਭਾਰਤ ਦੀ ਤਰਫੋਂ ਗਾਮੇ ਨੂੰ ਪੰਜ ਹਜ਼ਾਰ ਰੁਪਿਆ ਮਦਦ ਭੇਜੀ ਅਤੇ 300 ਰੁਪਏ ਦੋ ਸਾਲ ਲਈ ਪੈਨਸ਼ਨ ਲਾਈ। ਲਾਹੌਰ ਅਤੇ ਕਰਾਚੀ ਦੀਆਂ ਮਿਊਂਸਪਲ ਕਮੇਟੀਆਂ ਨੇ ਵੀ ਗਾਮੇ ਨੂੰ ਮਦਦ ਭੇਜੀ। ਜਦੋਂ ਹਾਲਤ ਹੋਰ ਖਰਾਬ ਹੋ ਗਈ ਤਾਂ 1958 ਵਿਚ ਉਸ ਨੂੰ ਲਾਹੌਰ ਦੇ ਮਿਓ ਹਸਪਤਾਲ ਵਿਚ ਦਾਖਲ ਕਰਾ ਦਿੱਤਾ ਗਿਆ। ਇਲਾਜ ਚੱਲੀ ਗਿਆ, ਹਾਲਤ ਹੋਰ ਵਿਗੜ ਗਈ ਅਤੇ ਆਖ਼ਰ 23 ਮਈ 1960 ਨੂੰ ਲਾਹੌਰ ਸ਼ਹਿਰ ਵਿਚ ਮੋਹਣੀ ਰੋਡ 'ਤੇ ਗਾਮਾ ਹਮੇਸ਼ਾ ਲਈ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ। ਗਾਮੇ ਨੂੰ ਪੀਰ ਮੱਕੀ ਦੀ ਦਰਗਾਹ ਅੰਦਰ ਸਪੁਰਦ-ਏ-ਖ਼ਾਕ ਕਰ ਦਿੱਤਾ ਗਿਆ।

ਸੱਚੇ ਸੁੱਚੇ, ਪਾਕਿ ਦਿਲ, ਦਰਵੇਸ਼ ਇਨਸਾਨ ਅਤੇ ਉਚੇ ਇਖ਼ਲਾਕ ਵਾਲੇ ਗਾਮੇ ਨੇ ਸਾਰੀ ਜ਼ਿੰਦਗੀ ਕੋਈ ਨਸ਼ਾ-ਐਬ ਨਾ ਕੀਤਾ। ਆਪਣੇ ਧਰਮ ਦਾ ਸੱਚਾ, ਲੰਗੋਟ ਦਾ ਪੱਕਾ ਅਤੇ ਜ਼ਿੰਦਗੀ ਨੂੰ ਬੇਦਾਗ ਰੱਖਣ ਵਾਲਾ ਦਰਬਾਰੀ ਪਹਿਲਵਾਨ ਗਾਮਾ, ਪਹਿਲਵਾਨੀ ਦਾ ਇਤਿਹਾਸ ਬਣਾ ਕੇ ਸਦਾ ਲਈ ਛਪਨ ਹੋ ਗਿਆ:

ਗੁਰੂਆਂ, ਪੀਰਾਂ, ਪੈਗੰਬਰਾਂ ਦੀ ਇਸ ਧਰਤੀ 'ਤੇ
ਸੂਰਬੀਰ, ਯੋਧੇ, ਸ਼ਹੀਦ, ਦਲੇਰ ਆਏ।
ਅਖਾੜਿਆਂ ਵਿਚ ਦਹਾੜਨ ਵਾਲੇ
ਧਰਤੀ ਧੱਕ ਪਹਿਲਵਾਨ ਗਾਮੇ ਸ਼ੇਰ ਆਏ।
ਜੱਬੋਵਾਲੀਆ ਲਿਖ ਲੈ ਮਹਾਂਬਲੀਆਂ ਲਈ
ਪਤਾ ਨਹੀਂ ਜ਼ਿੰਦਗੀ ਕਦੇ ਫੇਰ ਆਏ।

## ਨੀ ਮੌਤੇ ਤੈਨੂੰ ਕਾਹਦੀ ਕਾਹਲੀ

ਨੀ ਮੌਤੇ ਤੈਨੂੰ ਕਾਹਦੀ ਕਾਹਲੀ,
ਜਿਉਣ ਦੇ ਜਿਉਣਾ ਮੈਂ ਚਾਹਵਾਂ
ਅਜੇ ਤੇ ਮੇਰੇ ਢਾਰੇ ਤੇ
ਤੂਤਾਂ ਦੀਆਂ ਵਿਰਲੀਆਂ ਨੇ ਛਾਂਵਾਂ
ਨੀ ਮੌਤੇ...।

ਅਜੇ ਤੇ ਕੱਚੇ ਚੌਂਕੇ ਦੀ
ਬੰਨੀ 'ਤੇ ਆਏ ਪ੍ਰਛਾਵੇਂ ਨਾ
ਅਜੇ ਤਾਂ ਸ਼ੀਸ਼ਾ ਦੇਖਣ ਲਈ
ਪੂੰਝਾਂ ਮੁੜ੍ਹਕਾ ਮੈਂ ਬਹਾਨੇ ਨਾ'
ਅਜੇ ਤੇ ਮੰਜੀ ਕਰ ਖੜ੍ਹੀ
ਲੋਹ ਉਤੇ ਰੋਟੀਆਂ ਮੈਂ ਲਾਹਵਾਂ...।

ਅਜੇ ਤੇ ਪਿੱਪਲ ਦੇ ਪੱਤਿਆਂ ਨੂੰ
ਹੂੰਝ ਕੇ ਨੁਕਰੇ ਲਾਇਆ ਏ
ਭਰ ਕੇ ਥੱਬਾ ਛਿੱਟੀਆਂ ਦਾ
ਵਿਹੜੇ ਵਿਚ ਸੁੱਕਣੇ ਪਾਇਆ ਏ
ਅਜੇ ਤੇ ਭੱਠੀਆਂ ਠੰਢੀਆਂ ਨੇ
ਦੱਸ ਕਿੱਥੋਂ ਚੁੰਗ ਭੁਨਾਵਾਂ...।

ਅਜੇ ਤੇ ਸੁਪਨੇਸਾਜ਼ ਅੱਖਾਂ ਵਿਚ
ਨੀਂਦਾਂ ਦਾ ਸੰਨਾਟਾ ਏ
ਅਜੇ ਤੇ ਦੱਬੇ ਪੈਰਾਂ ਦੇ ਵਿਚ
ਝਾਂਜਰ ਦਾ ਛਣਕਾਟਾ ਏ
ਅਜੇ ਤੇ ਸੜਨ ਸ਼ਰੀਕਣੀਆਂ
ਸਿਰ ਵਾਹ ਜਦ ਸੁਰਮਾ ਪਾਵਾਂ...।


ਅਜੇ ਤੇ ਬੋਲੇ ਕਾਂ ਕੋਠੇ 'ਤੇ
ਅਜੇ ਤੇ ਰਾਹਾਂ ਭਰੀਆਂ ਨੇ
ਅਜੇ ਨਵਾਰੀ ਪਲੰਘਾਂ ਉਤੇ
ਬੂਟਿਆਂ ਵਾਲੀਆਂ ਦਰੀਆਂ ਨੇ
ਹਾਏ! ਕੌਣ ਉਡੀਕੇ ਉਨ੍ਹਾਂ ਨੂੰ
ਜਿਨ੍ਹਾਂ ਦੀਆਂ ਮਰ ਜਾਣ ਮਾਂਵਾਂ...।

ਅਜੇ ਤੇ ਦੇਖ ਗੁਰਾਇਆ ਦੇ
ਕੋਈ ਰੰਗਲਾ ਪੀਹੜਾ ਡਾਹਿਆ ਨਾ
ਭਰਿਆ ਛੱਜ ਏ ਛੋਪਿਆਂ ਦਾ
ਕੋਈ ਇਕ ਗਲੋਟਾ ਲਾਇਆ ਨਾ
ਉਹਨੂੰ ਦੇਖਾਂ ਕੱਤਦੀ-ਬੁਣਦੀ ਨੂੰ
ਮੈਂ ਵੀ ਦਿਲ ਦੀ ਰੀਝ ਪੁਗਾਵਾਂ।

ਨੀ ਮੌਤੇ ਤੈਨੂੰ ਕਾਹਦੀ ਕਾਹਲੀ
ਜਿਉਣ ਦੇ ਜਿਉਣਾ ਮੈਂ ਚਾਹਵਾਂ
ਅਜੇ ਤੇ ਮੇਰੇ ਢਾਂਚੇ ਤੇ
ਤੂੰਤਾਂ ਦੀਆਂ ਵਿਰਲੀਆਂ ਨੇ ਛਾਂਵਾਂ।

*-ਦੇਵਿੰਦਰ ਗੁਰਾਇਆ*
*ਵਰਜੀਨੀਆ।*
*ਫ਼ੋਨ: 571-315-9593*

# ਮਿੱਟੀ ਨਾਲ ਜੁੜਿਆ ਫਿਲਮਸਾਜ਼ ਆਨੰਦ ਪਟਵਰਧਨ


ਆਨੰਦ ਪਟਵਰਧਨ

*ਜਪਾਨ ਵਿਚ ਭਿਅੰਕਰ ਭੂਚਾਲ ਅਤੇ ਸੁਨਾਮੀ ਦੀ ਮਾਰ ਤਾਂ ਉਥੋਂ ਦੇ ਲੋਕਾਂ ਨੇ ਜਿਵੇਂ-ਕਿਵੇਂ ਝੱਲ ਲਈ ਪਰ ਉਥੇ ਪਰਮਾਣੂ ਪਲਾਂਟ ਵਿਚ ਹੋਏ ਹਾਦਸੇ ਨੇ ਸਾਰੇ ਸੰਸਾਰ ਨੂੰ ਸੋਚਣ ਲਾ ਦਿੱਤਾ ਕਿ ਅੱਜ ਦਾ ਮਨੁੱਖ ਕੁਦਰਤ ਦੇ ਖ਼ਿਲਾਫ਼ ਜੋ ਤਾਣਾ ਤਣ ਰਿਹਾ ਹੈ, ਉਸ ਤੋਂ ਖਹਿੜਾ ਕਿਸ ਤਰ੍ਹਾਂ ਛੁਡਾਇਆ ਜਾਵੇ? ਪਰਮਾਣੂ ਪ੍ਰੋਗਰਾਮ ਦੀ ਮਾਰ ਬਾਰੇ ਭਾਰਤ ਦੇ ਮਸ਼ਹੂਰ ਦਸਤਾਵੇਜ਼ੀ ਫ਼ਿਲਮਸਾਜ਼ ਆਨੰਦ ਪਟਵਰਧਨ ਨੇ ਫ਼ਿਲਮ 'ਵਾਰ ਐਂਡ ਪੀਸ' (ਜੰਗ ਤੇ ਅਮਨ) ਬਣਾਈ ਸੀ। ਇਸ ਫ਼ਿਲਮ ਵਿਚ ਉਸ ਨੇ ਭਾਰਤ ਦੇ ਪਰਮਾਣੂ ਪ੍ਰੋਗਰਾਮ ਬਾਰੇ ਖਾਸ ਕਰਕੇ, ਅਤੇ ਸੰਸਾਰ ਦੇ ਹੋਰ ਦੇਸ਼ਾਂ ਦੇ ਪਰਮਾਣੂ ਪ੍ਰੋਗਰਾਮਾਂ ਬਾਰੇ ਬੜੇ ਤਿੱਖੇ ਵਿਚਾਰ ਅਤੇ ਸਵਾਲ ਲੋਕਾਂ ਅੱਗੇ ਰੱਖੇ ਸਨ। ਇਹ ਫ਼ਿਲਮ ਲੋਕਾਂ ਤੱਕ ਪੁੱਜਦੀ ਕਰਨ ਲਈ ਉਸ ਨੂੰ ਆਪ ਹੀ ਆਪਣੀ ਇਸ ਫ਼ਿਲਮ ਉਤੇ 21 ਵਾਰ ਕੈਂਚੀ ਚਲਾਉਣੀ ਪਈ। ਇਸ ਤੋਂ ਬਾਅਦ ਹੀ ਸੈਂਸਰ ਬੋਰਡ ਨੇ ਇਹ ਫ਼ਿਲਮ ਪਾਸ ਕੀਤੀ ਸੀ।*


ਫ਼ਿਲਮ 'ਵਾਰ ਐਂਡ ਪੀਸ' ਦਾ ਦ੍ਰਿਸ਼ ਜਿਸ ਵਿਚ ਪਰਮਾਣੂ ਹਥਿਆਰ ਦਿਖਾਏ ਗਏ ਹਨ

*ਆਨੰਦ ਪਟਵਰਧਨ ਨੇ ਰਸਮੀ ਤੌਰ 'ਤੇ ਆਪਣੇ ਫ਼ਿਲਮੀ ਸਫ਼ਰ ਦੀ ਸ਼ੁਰੂਆਤ 1974 ਵਿਚ ਜੈ ਪ੍ਰਕਾਸ਼ ਨਰਾਇਣ ਦੀ ਕਾਂਗਰਸ-ਵਿਰੋਧੀ ਲਹਿਰ (ਐਮਰਜੈਂਸੀ ਸਮੇਂ) 'ਤੇ 'ਵੇਵਜ਼ ਆਫ ਰੈਵੋਲਿਊਸ਼ਨ' (ਕ੍ਰਾਂਤੀ ਦੀਆਂ ਤਰੰਗਾਂ) ਫਿਲਮ ਬਣਾ ਕੇ ਕੀਤੀ ਸੀ। ਇਹ ਫ਼ਿਲਮ ਉਨ੍ਹਾਂ ਲਈ ਮਹਿਜ਼ ਫ਼ਿਲਮ ਨਹੀਂ ਬਲਕਿ ਸੰਘਰਸ਼ ਦਾ ਹੀ ਹਿੱਸਾ ਸੀ। ਉਨ੍ਹਾਂ ਦੀਆਂ ਹੁਣ ਤੱਕ ਦੀਆਂ ਸਾਰੀਆਂ ਫ਼ਿਲਮਾਂ ਉਤੇ ਸੈਂਸਰ ਬੋਰਡ ਅਤੇ ਵੱਖ-ਵੱਖ ਸਰਕਾਰਾਂ ਵਲੋਂ ਪਾਬੰਦੀ ਲਗਦੀ ਰਹੀ ਹੈ। ਇਨ੍ਹਾਂ ਫ਼ਿਲਮਾਂ ਵਿਚ ਨਕਸਲੀ ਕੈਦੀ ਮੇਰੀ ਟਾਈਟਰ ਬਾਰੇ 'ਚੇਤਨਾ ਦੇ ਬੰਦੀ', ਬਾਬਰੀ ਮਸਜਿਦ ਬਾਰੇ 'ਰਾਮ ਕੇ ਨਾਮ', ਖ਼ਾਲਿਸਤਾਨ ਲਹਿਰ ਬਾਰੇ 'ਉਨ੍ਹਾਂ ਮਿੱਤਰਾਂ ਦੀ ਯਾਦ ਪਿਆਰੀ', ਨਰਮਦਾ ਬਚਾਓ ਘੋਲ ਬਾਰੇ 'ਨਰਮਦਾ ਡਾਇਰੀ', 'ਪਿਤਾ-ਪੁੱਤਰ ਤੇ ਧਰਮਯੁੱਧ' ਚਰਚਾ ਵਿਚ ਰਹੀਆਂ ਹਨ। ਉਹ ਅਪਣੀਆਂ ਫ਼ਿਲਮਾਂ ਰਾਹੀਂ ਹਿੰਦੂਤਵੀ ਫਿਰਕਾਪ੍ਰਸਤੀ ਅਤੇ ਸੱਤਾ ਦੇ ਜ਼ੁਲਮਾਂ ਖਿਲਾਫ ਲਗਾਤਾਰ ਆਵਾਜ਼ ਬੁਲੰਦ ਕਰਦੇ ਰਹੇ ਹਨ। ਉਨ੍ਹਾਂ ਦੇ ਸੰਘਰਸ਼ ਭਰੇ ਸਫ਼ਰ ਕਰਕੇ ਉਨ੍ਹਾਂ ਨੂੰ 'ਗੁਰੀਲਾ ਫਿਲਮਸਾਜ਼' ਕਿਹਾ ਜਾਂਦਾ ਹੈ। 'ਵਾਰ ਐਂਡ ਪੀਸ' (ਜੰਗ ਤੇ ਅਮਨ) ਫ਼ਿਲਮ ਬਾਰੇ ਪੇਸ਼ ਹਨ ਉਨ੍ਹਾਂ ਦੇ ਵਿਚਾਰ:*

**ਅਮਰੀਕੀ ਫ਼ਿਲਮ ਆਲੋਚਕ ਜੇ ਹੋਬਰਮੈਨ ਨੇ ਕਿਤੇ ਕਿਹਾ ਸੀ ਕਿ 'ਵਾਰ ਐਂਡ ਪੀਸ' (ਜੰਗ ਤੇ ਅਮਨ) ਕਿਆਮਤ ਦੇ ਦਿਨ ਨੂੰ ਮਨੁੱਖ ਦੇ ਚਿਹਰੇ ਦਾ ਦਰਦ ਦਰਸਾਉਂਦੀ ਹੈ। ਇਸ ਬਾਰੇ ਤੁਹਾਡਾ ਕੀ ਕਹਿਣਾ ਹੈ?**

-ਇਹ ਫ਼ਿਲਮ ਤੁਹਾਨੂੰ ਇਹ ਅਹਿਸਾਸ ਦਿਵਾਉਂਦੀ ਹੈ ਕਿ ਕੋਈ 'ਘੱਲੂਘਾਰਾ' ਕਦੇ ਵੀ ਹੋ ਸਕਦਾ ਹੈ, ਕਿਸੇ ਵੀ ਥਾਂ 'ਤੇ।...ਅਤੇ ਪਰਮਾਣੂ ਬਟਨ ਦਬਾਉਣ ਵਾਲਾ ਬੰਦਾ ਕੋਈ ਜਾਣਿਆ-ਪਛਾਣਿਆ ਵੀ ਹੋ ਸਕਦਾ ਹੈ।

**ਤੁਹਾਡਾ ਪਰਿਵਾਰ ਆਜ਼ਾਦੀ ਦੇ ਸੰਘਰਸ਼ ਵਿਚ ਅਹਿੰਸਾਵਾਦੀ/ਗਾਂਧੀਵਾਦੀ ਰਾਹ 'ਤੇ ਤੁਰਿਆ ਸੀ। ਇਸ ਨੇ 'ਵਾਰ ਐਂਡ ਪੀਸ' ਉਤੇ ਵੀ ਕੋਈ ਪ੍ਰਭਾਵ ਪਾਇਆ?**

-ਪਰਮਾਣੂ ਵਿਰੋਧੀ ਦਸਤਾਵੇਜ਼ੀ ਰਿਲੀਜ਼ ਸਮੇਂ ਮੈਨੂੰ ਪਤਾ ਸੀ ਕਿ ਮੈਨੂੰ ਰਾਸ਼ਟਰ ਵਿਰੋਧੀ ਵਜੋਂ ਦੇਖਿਆ ਜਾਵੇਗਾ ਪਰ ਮੇਰੇ ਪਰਿਵਾਰ ਦੀ ਆਜ਼ਾਦੀ ਸੰਘਰਸ਼ ਵਿਚ ਸ਼ਮੂਲੀਅਤ ਕਰਕੇ ਵਿਰੋਧੀਆਂ ਲਈ ਮੈਨੂੰ ਗ਼ੱਦਾਰ ਲਿਖਣਾ/ਆਖਣਾ ਐਨਾ ਸੌਖਾ ਨਹੀਂ ਸੀ। ਫ਼ਿਲਮ ਵਿਚਲਾ ਗਾਂਧੀਵਾਦੀ ਨਜ਼ਰੀਆ ਇਸ ਲਈ ਹੈ ਕਿਉਂਕਿ ਫ਼ਿਲਮ ਦਰਸਾਉਂਦੀ ਹੈ ਕਿ ਅਹਿੰਸਾ ਨਾਲ ਆਜ਼ਾਦੀ ਪ੍ਰਾਪਤ ਕਰਨ ਦਾ ਦਾਅਵਾ ਕਰਨ ਵਾਲਾ ਇਹ ਦੇਸ਼ ਭਾਰਤ ਹੁਣ ਪਰਮਾਣੂ ਹਥਿਆਰਾਂ ਨਾਲ ਲੈਸ ਹੋਣ 'ਤੇ ਮਾਣ ਕਰ ਰਿਹਾ ਹੈ।

**ਤੁਸੀਂ ਆਪਣੀ ਫ਼ਿਲਮ ਵਿਚ ਪਰਮਾਣੂ ਅਜ਼ਮਾਇਸ਼ ਨੇੜਲੇ ਖੇਤਰਾਂ ਵਿਚ ਵਸਦੇ ਲੋਕਾਂ ਨਾਲ ਮੁਲਾਕਾਤਾਂ ਕੀਤੀਆਂ ਹਨ। ਜ਼ਾਹਿਰ ਹੈ ਕਿ ਸਰਕਾਰ ਨੇ ਇਨ੍ਹਾਂ ਲੋਕਾਂ ਦੀ ਅਗਿਆਨਤਾ ਦਾ ਸ਼ੋਸ਼ਣ ਕੀਤਾ। ਇਨ੍ਹਾਂ ਲੋਕਾਂ ਨਾਲ ਹੋਈਆਂ ਗੱਲਾਂ-ਬਾਤਾਂ ਦੌਰਾਨ ਤੁਹਾਡੇ ਜ਼ਿਹਨ ਵਿਚ ਕੀ ਉਥਲ-ਪੁਥਲ ਚੱਲ ਰਹੀ ਸੀ?**


-ਮੇਰੇ ਲਈ ਅਸਲੀ ਅਗਿਆਨਤਾ ਤਾਂ ਪੜ੍ਹੇ-ਲਿਖੇ ਅਮੀਰਾਂ ਦੀ ਹੈ; ਅਨਪੜ੍ਹ ਪੇਂਡੂ/ਦਿਹਾਤੀਆਂ ਦੀ ਇਸ ਅਗਿਆਨਤਾ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਇਨ੍ਹਾਂ ਲੋਕਾਂ ਨੂੰ ਕਾਹਦਾ ਉਲਾਂਭਾ? ਕਾਮਾ ਜਮਾਤ ਕੋਲ ਜਾਣਕਾਰੀ ਦੀ ਘਾਟ ਤਾਂ ਹੈ ਪਰ ਸਿਆਣਪ ਅਤੇ ਮਾਨਵਤਾ ਦੀ ਨਹੀਂ। ਇਕ ਵਾਰ ਇਨ੍ਹਾਂ ਲੋਕਾਂ ਨੂੰ ਪਰਮਾਣੂ ਹਥਿਆਰਾਂ ਦੇ ਨੁਕਸਾਨ ਪਤਾ ਲਗਦੇ ਨੇ ਤਾਂ ਤੁਰੰਤ ਇਸ ਦੇ ਵਿਰੋਧੀ ਹੋ ਜਾਂਦੇ ਨੇ। ਅਮੀਰ ਇਸ ਤਰ੍ਹਾਂ ਨਹੀਂ ਸੋਚਦੇ। ਇਹੋ ਅਸਲੀ ਅਗਿਆਨਤਾ ਹੈ। ਫ਼ਿਲਮ ਵਿਚ ਜੋ ਤੁਸੀਂ ਦੇਖਦੇ ਹੋ, ਉਹ ਸਾਫ਼ ਦਿਲ ਪੇਂਡੂਆਂ ਦਾ ਉਨ੍ਹਾਂ ਦੀ ਜ਼ਮੀਨ ਉਤੇ ਕੀਤੀ ਪਰਮਾਣੂ ਅਜ਼ਮਾਇਸ਼ ਬਾਰੇ ਨਜ਼ਰੀਆ ਹੈ। ਮਸਲਨ, ਪੋਖਰਨ ਕੋਲ ਦਾ ਇਕ ਬਜ਼ੁਰਗ ਪੇਂਡੂ ਕਹਿੰਦਾ ਹੈ ਕਿ "ਉਹ (ਸ਼ਹਿਰੀ) ਚੰਦ 'ਤੇ ਜਾਣਾ ਚਾਹੁੰਦੇ ਨੇ; ਮੈਂ ਜ਼ਮੀਨ 'ਤੇ ਰਹਿਣਾ ਚਾਹੁੰਦਾ ਹਾਂ।"

**ਤੁਹਾਡਾ ਤਰਕ ਹੈ ਕਿ ਪਰਮਾਣੂ ਹਥਿਆਰ ਸਾਨੂੰ ਸੁਰੱਖਿਅਤ ਨਹੀਂ ਕਰਦੇ?**

-ਬੰਬ ਬਣਾਉਣ ਨਾਲ ਭਾਰਤ ਦੀ ਸੁਰੱਖਿਆ ਵਿਚ ਕੋਈ ਵਾਧਾ ਨਹੀਂ ਹੋਇਆ। ਇਸ ਨੇ ਪਾਕਿਸਤਾਨ ਨਾਲ ਪਰਮਾਣੂ ਹਥਿਆਰਾਂ ਦੀ ਦੌੜ ਨੂੰ ਤੀਲੀ ਲਾ ਦਿੱਤੀ ਹੈ ਜੋ ਬੰਬ ਬਦਲੇ ਬੰਬ, ਮਿਜ਼ਾਇਲ ਬਦਲੇ ਮਿਜ਼ਾਇਲ ਮੇਲ ਰਿਹਾ ਹੈ। ਇਸ ਨਾਲ ਚੀਨ ਜਿਸ ਨੇ ਪਹਿਲਾਂ ਸਾਨੂੰ ਕਦੇ ਖ਼ਤਰਾ ਨਹੀਂ ਸਮਝਿਆ ਅਤੇ ਕਦੇ ਪਰਮਾਣੂ ਨਿਸ਼ਾਨੇ ਭਾਰਤ ਵੱਲ ਨਹੀਂ ਸਾਧੇ, ਨੇ ਵੀ ਇਸ ਪਾਸੇ ਧਿਆਨ ਦਿੱਤਾ ਹੈ ਅਤੇ ਜੰਗੀ ਸਾਮਾਨ ਦਾ ਮੂੰਹ ਸਾਡੇ ਵੱਲ ਕਰ ਲਿਆ ਹੈ। ਬੰਬ ਕਿਸੇ ਅਮੀਰ ਦੀ ਲੋੜ ਤਾਂ ਹੋ ਸਕਦੀ ਹੈ ਜਿਸ ਨੇ ਰੋਟੀ ਅਤੇ ਮਕਾਨ ਦਾ ਮਸਲਾ ਸੁਲਝਾ ਲਿਆ ਹੈ ਅਤੇ ਹੁਣ ਜਿਹੜਾ 'ਸੁਪਰਪਾਵਰ' ਦਾ ਆਹੁਦਾ ਚਾਹੁੰਦਾ ਹੈ।

**ਤੁਸੀਂ ਕਿਹਾ ਹੈ ਕਿ ਭਾਰਤ 'ਵੱਡੇ ਭਾਈ' ਅਮਰੀਕਾ ਦੀ ਨਕਲ ਕਰ ਰਿਹਾ ਹੈ। ਇਸ ਦਾ ਕੀ ਮਤਲਬ ਹੋਇਆ ਭਲਾ?**

-ਇਸ ਵੇਲੇ ਸਾਡਾ ਸਾਰਾ ਪਰਮਾਣੂ ਤਾਣਾ-ਬਾਣਾ ਪਰਮਾਣ ਮਹਾਂਸ਼ਕਤੀ ਬਣਨ 'ਤੇ ਮੁਤਾਬਕ ਕੀਤਾ ਜਾ ਰਿਹਾ ਹੈ। ਅਸੀਂ ਸੋਚਦੇ ਹਾਂ ਕਿ ਇਹ ਠੀਕ ਵੀ ਹੈ ਕਿਉਂਕਿ ਅਮਰੀਕਾ ਵੀ ਇਹੀ ਕਰ ਰਿਹਾ ਹੈ। ਇਹ ਦਰਅਸਲ ਅਸਫਲ ਰਾਜਸੱਤਾ ਦੇ ਸੁਪਨੇ ਹਨ ਜੋ 'ਮਹਾਨਤਾ' ਦੇ ਸੌਖੇ ਰਾਹ ਲੱਭ ਰਹੀ ਹੈ। ਫਿਰ ਵੀ ਤੁਸੀਂ ਕਹਿੰਦੇ ਹੋ ਕਿ ਭਾਰਤ ਨੇ ਆਪਣਾ ਪਰਮਾਣੂ ਟੀਚਾ ਸਭਿਆਚਾਰਕ ਭੇਤ ਰੱਖ ਕੇ ਨੇਪਰੇ ਚਾੜ੍ਹਿਆ। ਸਾਰਾ ਪਰਮਾਣੂ ਪ੍ਰੋਗਰਾਮ ਗੁਪਤ ਤੌਰ 'ਤੇ ਕੀਤਾ ਗਿਆ, ਭਾਰਤ ਦੇ ਲੋਕਾਂ ਦੀ ਸਲਾਹ ਲਏ ਬਗੈਰ। ਕਿਸੇ ਦੀ ਵੀ ਇਜ਼ਾਜਤ ਨਹੀਂ ਲਈ ਗਈ। ਮੁੱਠੀਭਰ ਲੋਕਾਂ ਨੇ ਫੈਸਲਾ ਕੀਤਾ ਕਿ ਭਾਰਤ ਦਾ ਭਵਿੱਖ ਇਹ ਹੋਵੇਗਾ। ਅਮਰੀਕਾ ਵਿਚ ਵੀ ਇਵੇਂ ਹੀ ਹੋਇਆ ਸੀ ਅਮਰੀਕੀ ਨਾਗਰਿਕਾਂ ਨੂੰ ਕਿਸੇ ਨੇ ਨਹੀਂ ਸੀ ਪੁੱਛਿਆ। ਉਹ ਬੱਸ ਗਏ ਅਤੇ ਹੀਰੋਸ਼ੀਮਾ ਤੇ ਨਾਗਾਸਾਕੀ ਉਤੇ ਬੰਬ ਸੁੱਟ ਦਿੱਤੇ। ਇਸ ਬਾਰੇ ਕਿਸੇ ਨੂੰ ਕੁਝ ਵੀ ਨਹੀਂ ਪਤਾ ਸੀ। ਭਾਣਾ ਵਰਤਣ ਤੋਂ ਬਾਅਦ ਹੀ ਪਤਾ ਲੱਗਿਆ। ਉਦੋਂ ਫਿਰ ਆਮ ਲੋਕ ਕੀ ਕਰਦੇ? ਉਨ੍ਹਾਂ ਨੇ ਆਪੋ-ਆਪਣੇ ਵਿਤ ਅਨੁਸਾਰ ਵਿਰੋਧ ਕੀਤਾ।...ਅਸੀਂ ਮਾਣ ਮਹਿਸੂਸ ਕਰਦੇ ਹਾਂ ਕਿ ਅਸੀਂ ਵੀ ਉਨ੍ਹਾਂ ਲੋਕਾਂ ਦੇ ਨਕਸ਼-ਏ-ਕਦਮ 'ਤੇ ਚੱਲ ਰਹੇ ਹਾਂ ਜਿਹੜੇ ਬੰਬ ਬਣਾਉਂਦੇ ਨੇ, ਸੋਚਣ ਵਾਲੀ ਗੱਲ ਤਾਂ ਵਿਚੋਂ ਇਹ ਹੈ।





ਜਾਪਾਨ ਵਿਚ ਸੁਨਾਮੀ ਦੀ ਲਪੇਟ ਵਿਚ ਆਇਆ ਪਰਮਾਣੂ ਰਿਐਕਟਰ

**2005 ਵਿਚ ਪਾਕਿਸਤਾਨ ਵਿਚ ਤੁਹਾਡੀ ਫਿਲਮ ਦਿਖਾਉਣ ਤੋਂ ਬਾਅਦ ਕਿਸੇ ਟੀ.ਵੀ. ਚੈਨਲ 'ਤੇ ਵਿਚਾਰ-ਚਰਚਾ ਵਿਚ ਤੁਹਾਨੂੰ ਬੁਲਾਇਆ ਗਿਆ ਸੀ। ਇਸ ਤਰ੍ਹਾਂ ਦੀ ਕੋਈ ਵਿਚਾਰ-ਚਰਚਾ ਜਾਂ ਮੁਲਾਕਾਤ ਕਿਸੇ ਭਾਰਤੀ ਟੀ.ਵੀ. ਚੈਨਲ 'ਤੇ ਵੀ ਹੋਈ ਸੀ?**

-ਹੈਰਾਨ ਹੋ ਗਏ ਨਾ ਤੁਸੀਂ ਵੀ। ਪਾਕਿਸਤਾਨ ਨੂੰ ਆਮ ਕਰਕੇ ਤਾਨਾਸ਼ਾਹ (ਫ਼ੌਜੀ) ਸਟੇਟ ਕਿਹਾ ਜਾਂਦਾ ਹੈ ਅਤੇ ਭਾਰਤ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ। ਫਿਰ ਵੀ ਕਿਸੇ ਭਾਰਤੀ ਟੀ.ਵੀ. ਚੈਨਲ ਨੇ 'ਵਾਰ ਐਂਡ ਪੀਸ' ਨਹੀਂ ਦਿਖਾਈ। ਨਾ ਇਸ 'ਤੇ ਕੋਈ ਵਿਚਾਰ-ਚਰਚਾ ਕਰਵਾਈ। ਸੁਪਰੀਮ ਕੋਰਟ ਵਿਚ ਕੇਸ ਜਿੱਤਣ ਤੋਂ ਬਾਅਦ ਅੰਤ ਨੂੰ ਇਹ ਦੂਰਦਰਸ਼ਨ 'ਤੇ ਦਿਖਾਈ ਗਈ ਪਰ ਵਿਚਾਰ-ਚਰਚਾ ਕੋਈ ਨਹੀਂ ਕਰਵਾਈ ਗਈ। ਉਧਰ ਜਿਸ ਪਾਕਿਸਤਾਨੀ ਚੈਨਲ ਨੇ ਇਹ ਫ਼ਿਲਮ ਦਿਖਾਈ, ਉਨ੍ਹਾਂ (ਸਰਕਾਰ) ਨੇ ਇਸ ਨੂੰ ਸਮਾਂ ਦਿੱਤਾ, ਇਸ ਦੇ ਇਸ਼ਤਿਹਾਰ ਦਿੱਤੇ। ਚਾਰ ਦਿਨ ਇਸ ਨੂੰ ਚਲਾਇਆ। ਹਰ ਦਿਨ ਵਿਚਾਰ-ਚਰਚਾ ਵੀ ਕੀਤੀ ਗਈ। ਚੰਗੀ ਗੱਲ ਸੀ ਇਹ। ਉਹ ਪ੍ਰੋਗਰਾਮ ਇੰਨਾ ਮਕਬੂਲ ਹੋਇਆ ਕਿ 3 ਵਾਰ ਇਸ ਨੂੰ ਦੁਹਰਾਇਆ ਵੀ ਗਿਆ।...ਤੇ ਭਾਰਤ ਵਿਚ ਕਿਸੇ ਵੀ ਪ੍ਰਾਈਵੇਟ ਟੀ.ਵੀ. ਚੈਨਲ ਨੇ ਇਸ ਦੀ ਬਾਤ ਨਾ ਪੁੱਛੀ। ਸਾਰੇ ਪਾਸੇ ਆਵਾ ਊਤਿਆ ਪਿਆ ਹੈ। ਚੈਨਲ ਉਸ ਚੀਜ਼ ਵਿਚ ਦਿਲਚਸਪੀ ਨਹੀਂ ਰੱਖਦੇ ਜੋ ਲੋਕਾਂ ਨੂੰ ਸੋਚਣ ਲਾਉਂਦੀ ਹੋਵੇ। ਇਸ ਦੀ ਥਾਂ ਸੀ.ਈ.ਓ. ਅਤੇ ਉਨ੍ਹਾਂ ਦੇ ਰੱਖੇ ਪਿਆਦੇ ਤੈਅ ਕਰਦੇ ਨੇ ਕਿ ਲੋਕ ਕੀ ਸੋਚਣ? ਟੀ.ਵੀ. 'ਤੇ ਵਿਚਾਰ-ਚਰਚਾ ਰੌਲਾ-ਰੱਪੇ ਤੋਂ ਬਿਨਾ ਕੁਝ ਨਹੀਂ ਹੈ। ਸਾਡੇ ਦੇਸ਼ ਵਿਚ ਚਿਰਾਂ ਤੋਂ ਚੱਲ ਰਹੀਆਂ ਕਦਰਾਂ-ਕੀਮਤਾਂ ਦੀ ਆਲੋਚਨਾ ਸੁਣਨ ਲਈ ਬਹੁਤੇ ਲੋਕ ਹੀ ਤਿਆਰ ਨਹੀਂ ਹੈ। ਹੋਣਾ ਇਹ ਚਾਹੀਦਾ ਹੈ ਜਿਹੜੀਆਂ ਕਦਰਾਂ-ਕੀਤਮਾਂ ਮਨੁੱਖਤਾ ਨੂੰ ਖਾ ਰਹੀਆਂ ਹਨ, ਉਹ ਛੱਡ ਦੇਣੀਆਂ ਚਾਹੀਦੀਆਂ ਹਨ। ਨਵੀਂ ਪੀੜ੍ਹੀ ਨੂੰ ਅਸੀਂ ਕੁਝ ਤਾਂ ਚੰਗਾ ਦੇਈਏ, ਘੱਟੋ-ਘੱਟ ਇਸ ਨੂੰ ਸੋਚਣ ਤਾਂ ਲਾਈਏ। ਅਗਲਾ ਕੰਮ ਇਹ ਪੀੜ੍ਹੀ ਆਪੇ ਕਰ ਲਵੇਗੀ।

**ਇਸ ਖੇਤਰ ਵਿਚ ਤੁਸੀਂ ਤਕਰੀਬਨ 4 ਦਹਾਕਿਆਂ ਤੋਂ ਕੰਮ ਕਰ ਰਹੇ ਹੋ। ਇਸ ਸਮੇਂ ਦੌਰਾਨ ਭਾਰਤੀ ਸਿਨੇਮਾ ਵਿਚ ਕੀ-ਕੁਝ ਤਬਦੀਲੀ ਹੋਈ ਹੈ?**

-ਕਿਸੇ ਫ਼ਿਲਮ ਦੀ ਡਿਸਟਰੀਬਿਊਸ਼ਨ ਵੇਲੇ ਹਾਲ ਓਨਾ ਹੀ ਮਾੜਾ ਹੈ ਜਿੰਨਾ 35-40 ਸਾਲ ਪਹਿਲਾਂ ਸੀ। ਗੰਭੀਰ ਸਿਨਮੇ ਲਈ ਮਾਮੂਲੀ ਜਿਹੀ ਜਗ੍ਹਾ ਹੈ। ਅਸਲ ਵਿਚ ਡਿਸਟਰੀਬਿਊਸ਼ਨ ਦੇ ਤਾਣੇ-ਬਾਣੇ ਦੇ ਸੰਚਾਲਕਾਂ ਨੇ ਬੌਧਿਕ ਦਸਤਾਵੇਜ਼ੀ ਦੀ ਸਮਰੱਥਾ ਅਤੇ ਮਾਰ ਕਦੇ ਨਹੀਂ ਸਮਝੀ। ਫਿਰ ਵੀ ਮੈਨੂੰ ਲਗਦਾ ਹੈ ਕਿ ਚੰਗਾ ਸਮਾਂ ਬਹੁਤਾ ਦੂਰ ਨਹੀਂ ਹੈ। ਮਾਈਕਲ ਮੂਰ ਨੇ ਅਮਰੀਕਾ ਵਿਚ ਪਹਿਲ ਕੀਤੀ। ਭਾਰਤ ਵੀ ਉਹਦੇ ਨਾਲ ਰਲ ਰਿਹਾ ਹੈ।

**ਤੁਸੀਂ ਕਿਹਾ ਸੀ ਕਿ "ਪਰਮਾਣੂ ਜੰਗ ਦਾ ਕੋਈ ਅੰਤ ਨਹੀਂ ਹੈ, ਭਾਵੇਂ ਅਸੀਂ ਅੱਜ ਹੀ ਇਸ ਦਾ ਅੰਤ ਕਰਨ ਬਾਰੇ ਫੈਸਲਾ ਕਰ ਲਈਏ।" ਇਸ ਬਾਰੇ ਕੋਈ ਟਿੱਪਣੀ?**

-ਅਸੀਂ ਪਹਿਲਾਂ ਹੀ ਰੇਡੀਓਐਕਟਿਵ ਪਦਾਰਥਾਂ ਦੀ ਭਾਰੀ ਖੇਪ ਜਮ੍ਹਾਂ ਕਰ ਚੁੱਕੇ ਹਾਂ। ਇਸ ਲਈ ਜੇ ਕੋਈ ਚਮਤਕਾਰ ਹੋ ਜਾਵੇ ਅਤੇ ਅਸੀਂ ਹੋਰ ਬੰਬ ਜਾਂ ਪਰਮਾਣੂ ਊਰਜਾ ਨਾ ਬਣਾਈਏ, ਫਿਰ ਵੀ ਪਹਿਲਾਂ ਹੀ ਬਹੁਤ ਨੁਕਸਾਨ ਹੋ ਚੁੱਕਿਆ ਹੈ। ਜੋ ਰੇਡੀਓਐਕਟਿਵ ਪਦਾਰਥ ਅਸੀਂ ਬਣਾ ਚੁੱਕੇ ਹਾਂ, ਇਸ ਤੋਂ ਪਿੱਛਾ ਛੁਡਾਉਣਾ ਅਸੰਭਵ ਹੈ ਅਤੇ ਇਹ ਕਰੋੜਾਂ ਸਾਲਾਂ ਤੱਕ ਧਰਤੀ ਨੂੰ ਪ੍ਰਦੂਸ਼ਿਤ ਕਰਦਾ ਰਹੇਗਾ। ਹੁਣ ਤਾਂ ਅਸੀਂ ਸਿਰਫ ਇੰਨਾ ਹੀ ਕਰ ਸਕਦੇ ਹਾਂ ਕਿ ਹੋਰ ਬਣਾਉਣ ਤੋਂ ਤੌਬਾ ਕਰ ਲਈਏ।


Vista
CCTV TECHNOLOGY
A leader of worldwide CCTV surveillance
Now buy Vista Products
Www.ezchase.com
(Division of vista cctv tech.)
Protect Your home and Business
Now 700 T.V. Line HD Camera available
PRO PACKAGE
$599
ADVANCE PACKAGE
$1199
READY TO INSTALL
14 years old experience in cctv tech.
We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV
on your iPhone!
3G
Mobile
Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF
MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP


BAY AREA CULTURAL AND SPORTS ASSOCIATION PRESENTS
SANJOSE VAISAKHI MELA-2011
ਸੈਨਹੋਜ਼ੇ ਵਿਸਾਖੀ ਮੇਲਾ
EVERGREEN HIGH SCHOOL NEAR GURDWARA
3300 Quimby Road San Jose, CA 95148
FREE ENTRY
• APRIL 30,2011. SATURDAY • 11am-7pm
FREE PARKING
ਮੈਨੀ ਸਿੰਘ
'ਕਬੱਡੀ ਫੇਮ'
ਜਤਿੰਦਰ ਜਰਗੀਆਂ
'ਨਿਸ਼ਾਨਾ ਫੇਮ'
ਸੁਖਦੇਵ ਸਾਹਿਲ
'ਨੈਣਾ ਵਾਲਾ ਤੀਰ'
ਬਲਜੀਤ ਮਾਲਵਾ
'ਫੜ ਲੈ ਗੱਡੀ ਦੀ ਚਾਬੀ'
ਸਤਵਿੰਦਰ ਬਿੱਟੀ
'ਗੱਭਰੂ ਫੇਮ'
U.S.A. KABADDI FEDERATION
Participating Clubs :
* San Jose/Modesto
* Fresno
* Yuba City
* Los Banos
* Sacramento
* Stockton/Lodi
* Hayward
* Bakersfield
Cultural Stage:
Jaswant Shaad
Sports Stage:
Sukhwinder Singh
SanJose Gurdwara
Murrillo Av
Evergreen High School
Quimby Rd.
Ruby Av
for more information
Jasvinder S. Sohal : 408.391.7013
Jasvir S. Powar : 408.416.7200
Satwinder S.Saran : 408.624.7857
Inderjit Singh : 510.490.4678
email : lgsohal@yahoo.com
ਬੇ- ਏਰੀਆ ਦਾ ਸਭ ਤੋ ਵੱਡਾ ਪਰਿਵਾਰਕ ਮੇਲਾ
Thanks to our sponsors & participants and whole greater bay Punjabi Community